ਨਵੀਨ

# ਪੰਜਾਬੀ ਵਿਆਕਰਣ

## ਭਾਗ 3.




## ਕਰਮ ਸਿੰਘ ਗੰਗਾਵਾਲਾ

ਸੰਨ 1966 ਮੁੱਲ [illegible] ਰੁ: [illegible] ਪੈਸੇ

[illegible]

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸਭ ਹੱਕ ਰਾਖਵੇਂ ਹਨ ।

# ਨਵੀਨ ਪੰਜਾਬੀ ਵਿਆਕਰਣ

ਭਾਗ 3

## ਸਣੇ ਮੁਹਾਵਰਿਆਂ ਆਦਿ ਦੇ

ਜਿਸਨੂੰ
ਪੈੱਪਸੂ ਸਰਕਾਰ ਦੇ ਮਹਿਕਮਾ ਤਾਲੀਮ ਨੇ ਸਰਕੁਲ ਨੰਬਰ 600,
ਤ੍ਰੀਕ 24 ਅਗਸਤ ਸੰਨ 1950 ਦੁਆਰਾ ਅਤੇ-
ਪੰਜਾਬ ਯੂਨੀਵਰਸਿਟੀ ਨੇ ਹਾਈ ਕਲਾਸਾਂ ਤੇ ਗਿਆਨੀ-ਵਿੱਦਵਾਨੀ
ਲਈ ਟੈੱਕਸਟ-ਬੁਕ ਪਰਵਾਨ ਕੀਤਾ ।

ਕਰਤਾ ਤੇ ਪ੍ਰਕਾਸ਼ਕ

**ਮਾਸਟਰ ਕਰਮ ਸਿੰਘ ਰੰਗਾਵਾਲਾ**

ਰੰਗਾਵਾਲਾ ਬਿਲਡਿੰਗ, ਖ਼ਾਲਸਾ ਕਾਲਜ, ਅੰਮ੍ਰਿਤਸਰ

'ਸਪੈਸ਼ਲ ਪ੍ਰੈੱਸ' ਬਜ਼ਾਰ ਧੋਬੀਆਂ ਅੰਮ੍ਰਿਤਸਰ ਵਿੱਚ ਛਪਿਆ ।
ਪ੍ਰਿੰਟਰ-ਮਹਿੰਦਰ ਸਿੰਘ

18ਵੀਂ ਵਾਰ ਮੁੱਲ ਸਣੇ ਜਿਲਦ [illegible]

REVISED Rs. 5-00

Sri Satguru Jagjit Singh Ji Elibrary NamdhariElibrary@gmail.com

# ਸਮਰਪਨ

ਮੈਂ ਇਸ ਪੁਸਤਕ ਨੂੰ ਬੜੇ ਪ੍ਰੇਮ ਨਾਲ ਪੰਜਾਬੀ ਦੇ ਵਾਧੇ ਦੇ
ਚਾਹਵਾਨ ਤੇ ਪੰਥ ਦੇ ਉੱਘੇ ਵਿੱਦਵਾਨ ਸ੍ਰੀਮਾਨ
ਸਰਦਾਰ ਬਹਾਦਰ ਭਾਈ ਜੋਧ ਸਿੰਘ ਜੀ, ਐਮ. ਏ.
ਪ੍ਰਿੰਸੀਪਲ, ਖ਼ਾਲਸਾ ਕਾਲਜ,
ਅੰਮ੍ਰਿਤਸਰ ਦੀ ਸੇਵਾ ਵਿੱਚ
ਭੇਟ ਕਰਦਾ ਹਾਂ।

ਕਰਮ ਸਿੰਘ ਗੰਗਾਵਾਲਾ

Sri Satguru Jagjit Singh Ji Elibrary NamdhariElibrary@gmail.com

# ਤਤਕਰਾ


| ਵਿਸ਼ਾ | ਪੰਨੇ |
|---|---|
| **ਉਥਾਨਕਾ** | 1 |
| ਵਿਆਕਰਣ ਤੇ ਉਸ ਦੇ ਭਾਗ | 3 |
| **ਵਰਣਬੋਧ** | 4 |
| ਅੱਖਰ | 4 |
| ਲਗਾਂ | 5 |
| ਲਗਾਖਰ | 7 |
| ਲਗਾਂ ਤੇ ਸੁਰ | 8 |
| ਸ਼ਬਦ-ਜੋੜਾਂ ਦੇ ਨੇਮ | 11 |
| **ਸ਼ਬਦਬੋਧ** | 33 |
| ਸ਼ਬਦ-ਵੰਡ | 33 |
| ਸ਼ਬਦ-ਰੂਪਾਂਤਰ | 35 |
| ਸ਼ਬਦ-ਰਚਨਾ | 36 |
| ਨਾਉਂ | 37 |
| ਵਿਸ਼ੇਸ਼ਣ | 56 |
| ਪੜਨਾਉਂ | 70 |
| ਕਿਰਿਆ | 80 |
| ਕਿਰਿਆ-ਵਿਸ਼ੇਸ਼ਣ | 107 |
| ਸੰਬੰਧਕ | 110 |
| ਯੋਜਕ | 113 |
| ਵਿਸਮਿਕ | 120 |
| ਪਦਵੰਡ ਸੰਬੰਧੀ ਮੱਤਾਂ | 121 |
| ਸ਼ਬਦ-ਰਚਨਾ | 123 |
| ਸਮਾਸ | 123 |
| ਅਗੇਤਰ | 125 |
| ਪਿਛੇਤਰ | 127 |


Sri Satguru Jagjit Singh Ji Elibrary NamdhariElibrary@gmail.com

135

ਵਾਕਬੋਧ 135
ਵਾਕ-ਰਚਨਾ ਦੇ ਨੇਮ 135
(ੳ) ਅਧਿਕਾਰ 138
(ਅ) ਮੇਲ 144
(ੲ) ਕ੍ਰਮ 150
ਵਾਕ-ਵੰਡ 150
ਸਾਧਾਰਣ ਵਾਕ 156
ਸੰਯੁਕਤ ਵਾਕ 159
ਮਿਸਰਿਤ ਵਾਕ 164
ਵਿਸਰਾਮ ਚਿੰਨ੍ਹ 171
ਵਾਕ-ਵਟਾਂਦਰਾ 187
ਵਾਕ-ਜੋੜ 191
ਵਾਕ-ਤੋੜ 192
ਵਾਕੰਸ਼, ਮੁਹਾਵਰੇ ਤੇ ਅਖਾਣ 194
ਸਾਧਾਰਣ ਵਾਕੰਸ਼ਾਂ ਦੀ ਖ਼ਾਸ ਠੁੱਕ 197
ਮੁਹਾਵਰੇ ਦੀ ਖ਼ਾਸ ਠੁੱਕ 197
ਅਖਾਣਾਂ ਦੀ ਖ਼ਾਸ ਠੁੱਕ 197
ਚੋਣਵੇਂ ਮੁਹਾਵਰੇ ਤੇ ਉਨ੍ਹਾਂ ਦੇ ਅਰਥ 216
ਬਹੁ-ਅਰਥਕ ਸ਼ਬਦ 222
ਚੋਣਵੇਂ ਅਖਾਣ 234
ਜੋੜ-ਭੇਦਾਵਲੀ

---

**REMEMBER**

"By practice we can learn something of a language but not much.

The study of garmmar helps us to learn a language intelligently, to avoid making mistakes and to explain and correct mistakes made by ourselves and others."

Scholars tell us that the grammars of various languages are alike in many respects. Therefore if we intelligently learn the grammar of one language, say our mother tongue, it becomes easy to study the grammar of a foreign tongue."

Sri Satguru Jagjit Singh Ji Elibrary NamdhariElibrary@gmail.com

ਨਵੀਨ

# ਪੰਜਾਬੀ ਵਿਆਕਰਣ

## ਭਾਗ 3

—o—

## ਉਥਾਨਕਾ

ਮਨੁੱਖ ਵਿੱਚ ਜੋ ਸੋਚਣ-ਸਮਝਣ ਦੀ ਸ਼ਕਤੀ ਹੈ, ਉਹਨੂੰ **ਮਨ** ਆਖਦੇ ਹਨ; ਅਤੇ ਮਨ ਦੀਆਂ ਸੋਚਾਂ-ਵਿਚਾਰਾਂ ਜਾਂ ਫੁਰਨਿਆਂ ਨੂੰ **ਭਾਵ** ਕਿਹਾ ਜਾਂਦਾ ਹੈ।

ਮਨੁੱਖ ਆਪਣੇ ਮਨ ਦੇ ਭਾਵਾਂ ਨੂੰ ਸਪਸ਼ਟ ਤੌਰ ਪੁਰ ਦੋ ਤਰ੍ਹਾਂ ਹੀ ਪਰਗਟ ਕਰ ਸਕਦਾ ਹੈ–ਇੱਕ **ਬੋਲ ਕੇ**; ਤੇ ਦੂਜੇ **ਲਿਖ ਕੇ**। ਸੋ–

ਕਿਸੇ ਦੇਸ ਦੇ ਵਸਨੀਕ ਆਪਣੇ ਭਾਵਾਂ ਨੂੰ ਆਪੋ ਵਿੱਚੀ ਪਰਗਟ ਕਰਨ ਲਈ ਜੋ ਜੋ 'ਸਪਸ਼ਟ ਬੋਲ' ਬੋਲਦੇ ਜਾਂ ਲਿਖਦੇ ਹਨ, ਓਹਨਾਂ ਸਾਰਿਆਂ ਬੋਲਾਂ ਨੂੰ ਰਲਾ ਕੇ ਉਸ ਦੇਸ ਦੀ **ਬੋਲੀ** ਜਾਂ **ਭਾਸ਼ਾ** ਆਖਦੇ ਹਨ।

ਭਾਵੇਂ ਜੰਮਦਿਆਂ ਕਿਸੇ ਵੀ ਮਨੁੱਖ ਨੂੰ ਕੋਈ ਵੀ ਬੋਲੀ ਨਹੀਂ ਆਉਂਦੀ, ਪਰ ਹਰ ਮਨੁੱਖ ਆਪਣੀ ਬਾਲ-ਅਵਸਥਾ ਵਿੱਚ ਉਹ ਬੋਲੀ ਸਭ ਤੋਂ ਪਹਿਲਾਂ ਆਪਣੇ ਆਪ ਸਿੱਖ ਜਾਂਦਾ ਹੈ, ਜੋ ਉਹਦੀ ਮਾਤਾ ਤੇ ਆਲੇ-ਦੁਆਲੇ ਦੇ ਹੋਰ ਸੰਬੰਧੀ ਬੋਲਦੇ ਹੋਣ; ਇਸ ਲਈ ਇਹ ਮੁੱਢਲੀ ਬੋਲੀ ਉਹਦੀ **ਆਪਣੀ** ਜਾਂ **ਮਾਤ੍ਰੀ ਬੋਲੀ** ਅਖਵਾਂਦੀ ਹੈ, ਜੋ ਉਹਦੇ ਲਈ ਸਭ ਤੋਂ ਸੌਖੀ ਤੇ ਬੜੀ ਮਿੱਠੀ ਹੁੰਦੀ ਹੈ। ਸੋ–

ਜਿਹੜੀ ਬੋਲੀ ਪੰਜਾਬ ਦੇਸ ਦੇ ਜੰਮ-ਪਲ ਲੋਕ ਸਭ ਤੋਂ ਪਹਿਲਾਂ ਆਪਣੀ ਬਾਲ-ਅਵਸਥਾ ਵਿੱਚ ਆਪਣੀ ਮਾਤਾ ਆਦਿ ਦੀ ਸੰਗਤ ਵਿੱਚ ਰਹਿ ਕੇ ਆਪਣੇ ਆਪ ਸਿੱਖ ਜਾਂਦੇ ਹਨ, ਓਹੋ ਉਨ੍ਹਾਂ ਦੀ **ਮਾਤ੍ਰੀ ਬੋਲੀ** ਹੈ, ਜੋ ਦੇਸ ਦੇ ਨਾਉਂ ਪੁਰ **ਪੰਜਾਬੀ** ਅਖਵਾਂਦੀ ਹੈ ਤੇ ਅਸਾਂ ਪੰਜਾਬੀਆਂ ਲਈ ਸਭ ਤੋਂ ਸੌਖੀ ਤੇ ਬੜੀ ਮਿੱਠੀ ਹੈ।

Sri Satguru Jagjit Singh Ji Elibrary NamdhariElibrary@gmail.com

ਹਰ ਦੇਸ ਦੀ ਬੋਲੀ ਦੇ 'ਦੋ' ਭੇਦ ਹੁੰਦੇ ਹਨ-ਇਕ ਨੂੰ **ਬੋਲਚਾਲ ਦੀ ਬੋਲੀ** ਆਖਦੇ ਹਨ, ਤੇ ਦੂਜੇ ਨੂੰ **ਕਿਤਾਬੀ** ਜਾਂ **ਸਾਹਿੱਤਕ ਬੋਲੀ** ਕਿਹਾ ਜਾਂਦਾ ਹੈ। ਦੁਹਾਂ ਵਿੱਚ ਭੇਦ ਇਹ ਹੈ ਕਿ:-

**ਬੋਲਚਾਲ ਦੀ ਬੋਲੀ** ਤਾਂ ਕਿਸੇ ਵੀ ਦੇਸ ਵਿੱਚ ਸਭਨੀਂ ਥਾਈਂ ਇੱਕੋ ਜੇਹੀ ਨਹੀਂ ਬੋਲੀ ਜਾਂਦੀ ਤੇ ਲੋਕੀਂ ਆਖਦੇ ਹਨ-"ਬੋਲੀ ਬਾਰਾਂ ਕੋਹਾਂ ਤੇ ਬਦਲ ਜਾਂਦੀ ਹੈ"। ਪਰ ਇਹਦੇ ਉਲਟ ਉੱਥੋਂ ਦੀ **ਕਿਤਾਬੀ ਬੋਲੀ** ਸਾਰੇ ਹੀ ਦੇਸ ਵਿੱਚ ਇੱਕੋ ਜੇਹੀ ਹੁੰਦੀ ਹੈ ਤੇ ਬਾਰਾਂ-ਬਾਰਾਂ ਕੋਹਾਂ ਤੇ ਬਦਲਣ ਵਾਲੀ ਨਹੀਂ ਹੁੰਦੀ। ਇਸ ਦਾ ਕਾਰਨ ਇਹ ਹੈ ਕਿ-

ਬੋਲਚਾਲ ਦੀ ਬੋਲੀ ਦੇ ਜੋ ਕਈ ਇੱਕ ਦੇਸਾਂਤਰੀ ਭੇਦ ਹੁੰਦੇ ਹਨ, ਉਨ੍ਹਾਂ ਵਿੱਚ ਕਿਸੇ **ਇੱਕ ਹੀ ਭੇਦ ਨੂੰ ਦੇਸ ਦੀ ਕਿਤਾਬੀ ਬੋਲੀ** ਬਣਾਇਆ ਜਾਂਦਾ ਹੈ, ਤੇ ਉਸ ਵਿੱਚ ਹੋਰ 'ਦੇਸਾਂਤਰੀ' ਜਾਂ 'ਇਲਾਕਾਈ' ਭੇਦਾਂ ਦੇ ਵਰਤਣ ਦੀ 'ਆਮ ਖੁੱਲ੍ਹ' ਨਹੀਂ ਹੁੰਦੀ।

ਉਦਾਹਰਣ ਲਈ ਵੇਖੋ ਕਿ ਬੋਲਚਾਲ ਵਿੱਚ ਤਾਂ ਇੱਕੋ ਗੱਲ ਨੂੰ ਪੰਜਾਬ ਦੇ ਭਿੰਨ-ਭਿੰਨ ਇਲਾਕਿਆਂ ਵਿੱਚ ਭਿੰਨ-ਭਿੰਨ ਤਰ੍ਹਾਂ ਨਾਲ ਕਿਹਾ ਜਾਂਦਾ ਹੈ; ਜਿਵੇਂ-

| | |
|---|---|
| ਮੈਂ ਉਹਨੂੰ ਵੇਖਣ ਜਾਵਾਂਗਾ। | (ਮਾਝਾ) |
| ਮੈਂ ਉਹਨੂੰ ਦੇਖਣ ਜਾਊਂਗਾ। | (ਮਾਲਵਾ) |
| ਮੈਂ ਉਸਾਂਹ ਵੇਖਣ ਵੈਸਾਂ। | (ਲਹਿੰਦਾ) |
| ਮੈਂ ਉਸ ਕੀ ਵੇਖਣ ਜਾਸਾਂ। | (ਪੋਠੋਹਾਰ) |
| ਮੈਂ ਉਕੂ ਡੇਖਣ ਵਦਿਸ਼ਾਂ। | (ਮੁਲਤਾਨ) |

ਪਰ **ਕਿਤਾਬੀ ਪੰਜਾਬੀ** ਵਿੱਚ ਇਹ ਸਾਰੇ ਰੂਪ ਪਰਵਾਨ ਨਹੀਂ ਹੁੰਦੇ ਤੇ ਕੇਵਲ ਪਹਿਲਾ ਹੀ ਰੂਪ ਵਰਤਿਆ ਜਾਂਦਾ ਹੈ, ਜੋ **ਮਾਝੇ ਦੀ ਬੋਲੀ** ਦਾ ਹੈ; ਕਿਉਂਕਿ ਕਿਤਾਬੀ ਪੰਜਾਬੀ ਦੀ ਨੀਂਹ ਵਿੱਦਵਾਨਾਂ ਨੇ ਮਾਝੇ ਦੀ ਬੋਲੀ ਦੇ ਆਧਾਰ ਤੇ ਰੱਖੀ ਹੈ।

ਸੂਚਨਾ-ਚੇਤੇ ਰੱਖੋ ਕਿ ਕਿਤਾਬੀ ਬੋਲੀ ਆਪਣੀ ਆਧਾਰ-ਰੂਪ ਬੋਲਚਾਲ ਦੀ ਬੋਲੀ ਨਾਲੋਂ ਬਹੁਤ ਸਾਫ਼, ਸੁਧਰੀ ਹੋਈ ਤੇ ਵਿੱਦਵਾਨਾਂ ਦੇ ਬੰਨ੍ਹੇ ਹੋਏ ਖ਼ਾਸ-ਖ਼ਾਸ ਨੇਮਾਂ ਅਨੁਸਾਰ ਹੀ ਰਹਿੰਦੀ ਹੈ, ਜਾਂ ਇਉਂ ਸਮਝੋ ਕਿ ਬੋਲਚਾਲ ਦੀ ਬੋਲੀ ਆਮ ਲੋਕਾਂ ਦੀ ਹੁੰਦੀ ਹੈ ਤੇ ਕਿਤਾਬੀ ਬੋਲੀ ਦੇ ਮਾਲਕ ਵੱਡੇ-ਵੱਡੇ ਵਿੱਦਵਾਨ

Sri Satguru Jagjit Singh Ji Elibrary NamdhariElibrary@gmail.com

ਹੁੰਦੇ ਹਨ। ਉਦਾਹਰਣ ਲਈ ਵੇਖੋ ਕਿ–

ਬੋਲਚਾਲ ਦੀ ਬੋਲੀ ਵਿੱਚ 'ਅਕਤਾਲੀ', 'ਹਨੇਰਾ' ਤੇ 'ਨਸ਼ਕਾ' ਵਰਗੇ ਕਈ ਸ਼ਬਦ ਬੋਲੇ ਜਾਂਦੇ ਹਨ; ਪਰ ਕਿਤਾਬੀ ਬੋਲੀ ਦੇ ਟਕਸਾਲੀਏ ਓਹਨਾਂ ਨੂੰ ਆਪਣੇ ਨੇਮਾਂ ਅਨੁਸਾਰ ਬਣਾ-ਸੰਵਾਰ ਕੇ ਇਕਤਾਲੀ', 'ਅਨ੍ਹੇਰਾ' ਤੇ 'ਨਕਸ਼ਾ' ਵਾਙੂ ਹੀ ਲਿਖਦੇ-ਪੜ੍ਹਦੇ ਹਨ, ਅਤੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਪਹਿਲਾ 'ਇੱਕ' ਤੇ 'ਚਾਲੀ' ਤੋਂ ਬਣਿਆ ਹੈ, ਨਾ ਕਿ 'ਅੱਕ' ਤੇ 'ਚਾਲੀ' ਤੋਂ; ਅਤੇ ਦੂਜਾ 'ਅੰਨ੍ਹਾ' ਤੋਂ ਨਿਕਲਿਆ ਹੈ, ਨਾ ਕਿ 'ਹੰਨਾ' ਤੋਂ, ਅਥਵਾ, ਅਸਲ ਸ਼ਬਦ 'ਨਕਸ਼ਾ' ਹੈ, 'ਨਸ਼ਕਾ' ਨਹੀਂ।

ਇੱਸੇ ਤਰ੍ਹਾਂ ਕਿਤਾਬੀ ਬੋਲੀ ਦੇ ਰਾਖੇ 'ਜਾਤੀਜ', 'ਸ਼ਕਤਿ', 'ਮੰਦਿਰ', 'ਸਕੂਲਜ਼', 'ਸੈਕੰਡਜ਼', (Seconds) ਤੇ 'ਅਮਲਾ ਵ ਫ਼ਿਅਲਾ' ਵਰਗੇ ਹੋਰਨਾਂ ਬੋਲੀਆਂ ਦੇ ਸ਼ਬਦਾਂ ਨੂੰ ਵੀ 'ਕਿਤਾਬੀ ਪੰਜਾਬੀ' ਵਿੱਚ ਜਿਉਂ ਦਾ ਤਿਉਂ ਨਹੀਂ ਲੈਂਦੇ; ਸਗੋਂ **ਦੇਸ ਦੇ ਆਮ ਕੁਦਰਤੀ ਉੱਚਾਰਣ ਤੇ ਪੰਜਾਬੀ ਬੋਲੀ ਦੇ ਆਪਣੇ ਨੇਮਾਂ ਅਨੁਸਾਰ ਢਾਲ ਕੇ** 'ਜਾਤੀ', 'ਸ਼ਕਤੀ', 'ਮੰਦਰ', 'ਸਕੂਲਾਂ', 'ਸਕਿੰਟਾ' ਤੇ 'ਅਮਲਾ-ਫੈਲਾ' ਵਾਕਰ ਹੀ ਲਿਖਦੇ-ਪੜ੍ਹਦੇ ਹਨ। ਸੋ ਹੁਣ ਇੱਸੇ ਕਿਤਾਬੀ ਪੰਜਾਬੀ ਨੂੰ **ਸ਼ੁੱਧ** ਜਾਂ ***ਠੇਠ ਪੰਜਾਬੀ** ਕਿਹਾ ਜਾਂਦਾ ਹੈ ਤੇ ਪੰਜਾਬੀ ਵਿਆਕਰਣ ਵੀ ਇੱਸੇ ਦਾ ਹੀ ਬਣਾਇਆ ਜਾਂਦਾ ਹੈ।

—0—

# ਵਿਆਕਰਣ ਤੇ ਉਸ ਦੇ ਭਾਗ

1. ਸ਼ੁੱਧ ਪੰਜਾਬੀ ਦੇ ਲਿਖਣ-ਪੜ੍ਹਨ ਵਿੱਚ ਵੱਡੇ-ਵੱਡੇ ਲੇਖਕ ਤੇ ਵਿੱਦ-ਵਾਨ ਲੋਕ ਜਿਨ੍ਹਾਂ ਨੇਮਾਂ ਦਾ ਧਿਆਨ ਰੱਖਦੇ ਹਨ, ਓਹਨਾਂ ਸਾਰਿਆਂ ਨੂੰ ਰਲਾ ਕੇ **ਪੰਜਾਬੀ ਵਿਆਕਰਣ** ਆਖਦੇ ਹਨ।

2. ਜਿਸ ਗੱਲ ਤੋਂ ਪੂਰਾ-ਪੂਰਾ ਅਰਥ ਸਮਝ ਵਿੱਚ ਆ ਜਾਏ, ਉਸ ਨੂੰ **ਪੂਰੀ ਗੱਲ** ਜਾਂ **ਵਾਕ (Sentence)** ਆਖਦੇ ਹਨ; ਜਿਵੇਂ–ਵਿੱਦਿਆ ਸਭ ਤੋਂ ਚੰਗਾ ਧਨ ਹੈ।

3. ਵਾਕ ਦੇ ਜੋ ਹਿੱਸੇ ਇੱਕ ਦੂਜੇ ਤੋਂ ਅੱਡ-ਅਡ ਕਰ ਕੇ ਬੋਲੇ ਅਤੇ

---

*'ਠੇਠ' ਦਾ ਅਰਥ ਹੈ–ਸਾਫ਼ ਜਾਂ ਉਹ ਬੋਲੀ ਜਿਸ ਵਿੱਚ ਰਲਾ ਨਾ ਹੋਵੇ।

Sri Satguru Jagjit Singh Ji Elibrary NamdhariElibrary@gmail.com

ਲਿਖੇ ਜਾਂਦੇ ਹਨ, ਓਹਨਾਂ ਨੂੰ **ਸ਼ਬਦ** (Words) ਆਖਦੇ ਹਨ; ਜਿਵੇਂ- 'ਵਿੱਦਿਆ', 'ਧਨ', 'ਹੈ'।

4. ਬੋਲੇ ਹੋਏ ਸ਼ਬਦ 'ਅਵਾਜ਼ਾਂ' ਥੀਂ ਬਣਦੇ ਹਨ, ਅਤੇ ਲਿਖੇ ਹੋਏ ਸ਼ਬਦ **ਚਿੰਨ੍ਹਾਂ** ਜਾਂ **ਅੱਖਰਾਂ** (Letters) ਥੀਂ।

5. ਅੱਖਰ ਦਾ ਦੂਜਾ ਨਾਉਂ 'ਵਰਣ' ਵੀ ਹੈ। ਸੋ ਅੱਖਰ, ਸ਼ਬਦ ਅਤੇ ਵਾਕ ਕਰਕੇ ਪੰਜਾਬੀ ਵਿਆਕਰਣ ਦੇ ਮੁੱਖ ਭਾਗ ਤਿੰਨ ਹਨ:-

(1) **ਵਰਣਬੋਧ** (Orthography)
(2) **ਸ਼ਬਦਬੋਧ** (Etymology)
(3) **ਵਾਕਬੋਧ** (Syntax)

## ਵਰਣਬੋਧ (Oxthography)

6. **ਵਰਣਬੋਧ** ਵਿਆਕਰਣ ਦਾ ਉਹ ਭਾਗ ਹੈ, ਜਿਸ ਵਿੱਚ 'ਮੂਲ ਚਿੰਨ੍ਹਾਂ' ਦੇ ਰੂਪ ਤੇ ਭੇਦ ਦੱਸ ਕੇ ਓਹਨਾਂ ਥੀਂ 'ਸ਼ਬਦ ਬਣਾਉਣ' ਅਥਵਾ 'ਸ਼ਬਦ-ਜੋੜਾਂ' ਦੇ ਨੇਮ ਦੱਸੇ ਜਾਂਦੇ ਹਨ।

7. ਪੰਜਾਬੀ ਬੋਲੀ ਬਹੁਤੀ ਗੁਰਮੁਖੀ ਚਿੰਨ੍ਹਾਂ ਵਿੱਚ ਹੀ ਲਿਖੀ ਜਾਂਦੀ ਹੈ, ਜੋ ਤਿੰਨ ਪਰਕਾਰ ਦੇ ਹਨ-(ੳ) ਅੱਖਰ; (ਅ) ਲਗਾਂ; ਤੇ (ੲ) ਲਗਾਖਰ।

## (ੳ) ਅੱਖਰ (Letters)

8. ਗੁਰਮੁਖੀ ਦੇ 'ਮੂਲ ਅੱਖਰ' ਪੈਂਤੀ ਹੀ ਹਨ, ਜੋ ਪੰਜਾਂ ਵਰਗਾਂ (Classes) ਤੇ ਦੂਹਾਂ ਟੋਲੀਆਂ (Groups) ਵਿੱਚ ਵੰਡੇ ਹੋਏ ਹਨ :-

| | | | | | | |
|---|---|---|---|---|---|---|
| (1) | ੳ | ਅ | ੲ | ਸ | ਹ | .....ਮੁੱਖ ਟੋਲੀ |
| (2) | ਕ | ਖ | ਗ | ਘ | ਙ | .....ਕਵਰਗ |
| (3) | ਚ | ਛ | ਜ | ਝ | ਞ | .....ਚਵਰਗ |
| (4) | ਟ | ਠ | ਡ | ਢ | ਣ | .....ਟਵਰਗ |
| (5) | ਤ | ਥ | ਦ | ਧ | ਨ | .....ਤਵਰਗ |
| (6) | ਪ | ਫ | ਬ | ਭ | ਮ | .....ਪਵਰਗ |
| (7) | ਯ | ਰ | ਲ | ਵ | ੜ | .....ਅੰਤਮ ਟੋਲੀ |

Sri Satguru Jagjit Singh Ji Elibrary NamdhariElibrary@gmail.com

ਨੋਟ:-ਮੂਲ ਅੱਖਰਾਂ ਦੇ ਹੇਠਾਂ ਬਿੰਦੇ ( . ) ਲਾ ਕੇ ਪੰਜ ਅੱਖਰ ਹੋਰ ਨਵੇਂ ਵੀ ਬਣਾਏ ਗਏ ਹਨ; ਜਿਵੇਂ-

(8) ਸ਼ ਖ਼ ਗ਼ ਜ਼ ਫ਼ .....ਨਵੀਨ ਟੋਲੀ

9. ਙ ਞ ਣ ਨ ਮ-ਏਹਨਾਂ ਪੰਜਾਂ ਅੱਖਰਾਂ ਦੀ ਅਵਾਜ਼ ਨਾਸਾਂ ਵਿਚੋਂ ਹੋ ਕੇ ਨਿਕਲਦੀ ਹੈ; ਇਸ ਲਈ ਏਹਨਾਂ ਨੂੰ **ਅਨੁਨਾਸਿਕ** (Nasals) ਆਖਦੇ ਹਨ।

## (ਅ) ਲਗਾਂ (Vowel Symbols)

10. ਨਿਰੇ ਅੱਖਰਾਂ ਦਾ ਉੱਚਾਰਣ ਆਪਣੇ ਆਪ ਤੋਂ ਨਹੀਂ ਹੋ ਸਕਦਾ; ਇਸ ਲਈ ਜਿਸ ਚਿੰਨ੍ਹ ਜਾਂ ਅਵਾਜ਼ ਦੇ ਲੱਗਣ ਨਾਲ ਅੱਖਰਾਂ ਦਾ ਉੱਚਾਰਣ ਹੋ ਸਕੇ, ਉਸ ਨੂੰ **ਲਗ** ਆਖਦੇ ਹਨ।

11. ਲਗਾਂ ਦਸ ਹਨ, ਜਿਨ੍ਹਾਂ ਦੇ ਨੰਬਰ, ਨਾਉਂ, ਰੂਪ ਤੇ ਉਦਾਹਰਣ ਇਸ ਪਰਕਾਰ ਹਨ:-

| ਨੰਬਰ | ਨਾਉਂ | ਰੂਪ | ਉਦਾਹਰਣ |
|---|---|---|---|
| (1) | ਮੁਕਤਾ | | ਨ |
| (2) | ਕੰਨਾ | ਾ | ਨਾ |
| (3) | ਸਿਹਾਰੀ | ਿ | ਨਿ |
| (4) | ਬਿਹਾਰੀ | ੀ | ਨੀ |
| (5) | ਔਂਕੜ | ੁ | ਨੁ |
| (6) | ਦੁਲੈਂਕੜੇ | ੂ | ਨੂ |
| (7) | ਲਾਂ | ੇ | ਨੇ |
| (8) | ਦੁਲਾਵੀਆਂ | ੈ | ਨੈ |
| (9) | ਹੋੜਾ | ੋ | ਨੋ |
| (10) | ਕਨੌੜਾ | ੌ | ਨੌ |

12. 'ਮੁਕਤਾ ਲਗ' ਕੇਵਲ ਅਵਾਜ਼-ਰੂਪ ਵਿੱਚ ਹੀ ਹੈ। ਇਸ ਦਾ ਚਿੰਨ੍ਹ ਕੋਈ ਨਹੀਂ। ਇੱਸੇ ਨੂੰ ਉਰਦੂ ਵਿੱਚ 'ਜ਼ਬਰ' ਨਾਲ ਤੇ ਰੋਮਨ ਵਿੱਚ 'A' ਨਾਲ ਪਰਗਟ ਕੀਤਾ ਜਾਂਦਾ ਹੈ; ਜਿਵੇਂ-ਮਤ = ਮੱ́ਤ = مَت = Mat।

ਜੇ ਲੋੜ ਅਨੁਸਾਰ ਗੁਰਮੁਖੀ ਵਿਚ ਵੀ ਉਰਦੂ ਦੀ 'ਜ਼ਬਰ' ਵਰਤ ਕੇ 'ਮਤ' ਨੂੰ 'ਮ́ਤ' ਤੇ 'ਮਕਈ' ਨੂੰ 'ਮ́ਕ́ਈ' ਵਾਂਙੂ ਲਿਖ ਸਕਦੇ ਹਾਂ।

Sri Satguru Jagjit Singh Ji Elibrary NamdhariElibrary@gmail.com

13. ਵੇਖੋ ! 'ਮਤ' ਵਿੱਚ 'ਮ' ਨਾਲ ਪਹਿਲੀ ਲਗ ਦੀ ਅਵਾਜ਼ ਰਲੀ ਹੋਈ ਹੈ ਤੇ 'ਤ' ਨਾਲ ਕੋਈ ਲਗ ਨਹੀਂ; ਪਰ ਲਿਖਣ ਵਿੱਚ ਦੋਵੇਂ ਅੱਖਰ ਛੜੇ ਹੀ ਲਿਖੇ ਜਾਂਦੇ ਹਨ ਅਤੇ 'ਮੁਕਤੇ' ਅਖਵਾਂਦੇ ਹਨ। ਸੋ-

ਜਿਸ ਅੱਖਰ ਨਾਲ ਕੋਈ ਲਗ ਨਾ ਹੋਵੇ ਜਾਂ ਪਹਿਲੀ ਲਗ ਹੋਵੇ, ਜੋ ਲਿਖੀ ਨਹੀਂ ਜਾਂਦੀ, ਉਸ ਨੂੰ **ਮੁਕਤਾ ਅੱਖਰ** ਆਖਦੇ ਹਨ; ਜਿਵੇਂ-'ਮਤ' ਵਿੱਚ 'ਮ' ਤੇ 'ਤ'।

14. ਸੰਸਕ੍ਰਿਤ ਵਿੱਚ 'ਲਗ-ਰਹਿਤ' ਅੱਖਰਾਂ ਨਾਲ ਇਹ ਚਿੰਨ੍ਹ ( ੍ ) ਬਣਾਇਆ ਜਾਂਦਾ ਹੈ; ਇਸ ਲਈ ਲੋੜ ਅਨੁਸਾਰ ਅਸੀਂ ਵੀ ਇਹੋ ਚਿੰਨ੍ਹ ਵਰਤ ਕੇ 'ਮਤ' ਨੂੰ 'ਮਤ੍' ਤੇ 'ਸ਼ੁਮ' ਨੂੰ 'ਸ਼ੁਮ੍' ਵਾਕਰ ਲਿਖ ਸਕਦੇ ਹਾਂ।

15. ਕਿਸੇ ਸ਼ਬਦ ਦਾ ਜਿੰਨਾ ਹਿੱਸਾ ਇੱਕੋ ਬੋਲ ਵਿੱਚ ਬੋਲਿਆ ਜਾਵੇ, ਉਸ ਨੂੰ **ਸ਼ਬਦ-ਭਾਗ** ਜਾਂ **ਸ਼ਬਦਾਂਗ** (Syllable) ਆਖਦੇ ਹਨ; ਜਿਵੇਂ-
ਕਰਤਾ = ਕਰ + ਤਾ; ਗੁਜਰਾਤ-ਗੁਜ + ਰਾਤ; ਦੁਸ਼ਟ = ਦੁਸ਼ਟ।

16. ਇੱਕ ਸ਼ਬਦਾਂਗ ਵਿੱਚ 'ਲਗ ਵਾਲਾ' ਅੱਖਰ ਤਾਂ ਇੱਕ ਹੀ ਹੁੰਦਾ ਹੈ; ਪਰ ਹੋਰ ਅੱਖਰ (ਜੇ ਹੋਣ ਤਾਂ) ਲਗ-ਰਹਿਤ ਹੀ ਹੁੰਦੇ ਹਨ; ਜਿਹਾ ਕਿ-'ਦੁਸ਼ਟ' ਇੱਕੋ ਸ਼ਬਦਾਂਗ ਦਾ ਸ਼ਬਦ ਹੈ, ਜਿਸ ਵਿੱਚ ਪਹਿਲਾ ਅੱਖਰ 'ਦੁ' ਲਗ ਵਾਲਾ ਹੈ, ਤੇ ਬਾਕੀ ਦੇ ਦੋਵੇਂ ਅੱਖਰ 'ਸ਼' ਤੇ 'ਟ' ਲਗ-ਰਹਿਤ ਹਨ।

17. ਹਰ ਸ਼ਬਦ ਅਤੇ ਹਰ ਸ਼ਬਦਾਂਗ ਦਾ 'ਅੰਤਲਾ ਮੁਕਤਾ' ਲਗ-ਰਹਿਤ ਹੀ ਹੁੰਦਾ ਹੈ; ਜਿਹਾ ਕਿ-ਕਰਤਾ (ਕਰ + ਤਾ) ਵਿੱਚ 'ਰ'; ਅਤੇ 'ਗੁਜਰਾਤ' (ਗੁਜ + ਰਾਤ) ਵਿੱਚ 'ਜ' ਤੇ 'ਤ'।

18. ਕੋਸ਼ਾਂ ਵਿੱਚ ਸ਼ਬਦਾਂ ਦੇ ਉੱਚਾਰਣ ਸ਼ਬਦਾਂਗ ਨਿਖੇੜਨ ਨਾਲ ਹੀ ਦੱਸੀਦੇ ਹਨ; ਜਿਵੇਂ-ਕਰਤਾਰ (ਕਰ-ਤਾਰ), ਸਿਰਜਨਹਾਰ (ਸਿਰ-ਜਨ-ਹਾਰ), ਅਰਥ (ਅਰਥ), ਵਿਅਰਥ (ਵਿ-ਅਰਥ), ਨਮਸਤੇ (ਨ-ਮਸ-ਤੇ), ਆਦਿ।

19. ਜੇ ਕਿਸੇ ਸ਼ਬਦਾਂਗ ਦੇ ਅੰਤ ਵਿੱਚ ਦੋ 'ਲਗ-ਰਹਿਤ ਮੁਕਤੇ' ਹੋਣ, ਤਾਂ ਅੰਤਲੇ ਤੋਂ ਪਹਿਲੇ ਮੁਕਤੇ ਨਾਲ 'ਹਲ-ਨਿਸ਼ਾਨ' ( ੍ ) ਬਣਾ ਦਿਓ; ਜਿਵੇਂ-ਦੁਸ਼ਟ = ਦੁਸ਼੍ਟ;-ਕਸ਼ਟ = ਕਸ਼੍ਟ; ਅਰਥ = ਅਰ੍ਥ।

Sri Satguru Jagjit Singh Ji Elibrary NamdhariElibrary@gmail.com

## (ੲ) ਲਗਾਖਰ (Consonant S, mbols)

20. ਸ਼ਬਦਾਂ ਦੇ ਉੱਚਾਰਣ ਵਿੱਚ ਸਭ ਤੋਂ ਪਹਿਲਾਂ ਅੱਖਰ ਬੋਲਦੇ ਹਨ, ਫਿਰ ਲਗਾਂ, ਤੇ ਫਿਰ ਲਗਾਖਰ; ਇਸ ਲਈ ਜਿਹੜੇ ਚਿਨ੍ਹ ਹਮੇਸ਼ਾ ਲਗਾਂ ਤੋਂ ਪਿੱਛੋਂ ਹੀ ਆਉਂਦੇ = ਬੋਲਦੇ ਹੋਣ, ਓਹਨਾਂ ਨੂੰ **ਲਗਾਖਰ** ਆਖੀਦਾ ਹੈ, ਜੋ ਗਿਣਤੀ ਵਿਚ ਤਿੰਨ ਹਨ :–

| ਨੰ: | ਨਾਉਂ | ਰੂਪ | ਉਦਾਹਰਣ |
|---|---|---|---|
| (1) | ਬਿੰਦੀ | ਂ | ਭੌਂ (ਭ ੌ ਂ) |
| (2) | ਟਿੱਪੀ | ੰ | ਪਿੰਡ (ਪ ਿ ੰ ਡ) |
| (3) | ਅਧਕ | ੱ | ਦਿੱਲੀ (ਦ ਿ ੱ ਲ ੀ) |

ਵੇਖੋ ! ਸ਼ਬਦ 'ਵੰਗ' ਤੇ 'ਵੱਟਾ' ਵਿੱਚ ਵੀ ਲਗ ਮੁਕਤਾ ਪਹਿਲਾਂ ਹੈ ਤੇ ਲਗਾਖਰ ( ੰ ੱ ) ਪਿੱਛੋਂ ਆਉਂਦੇ ਹਨ; ਕਿਉਂਕਿ 'ਵੰਗ' = ਵਙ੍ਗ ਤੇ 'ਵੱਟਾ' = ਵਟ੍-ਟਾ।

ਨੋਟ (1) ਚੇਤੇ ਰੱਖੋ ਕਿ 'ਬਿੰਦੀ' ਤੇ 'ਟਿੱਪੀ' ਦੀ ਅਵਾਜ਼ ਨਾਸਾਂ ਵਿੱਚੋਂ ਹੋ ਕੇ ਹੀ ਨਿਕਲਦੀ ਹੈ; ਜਿਵੇਂ–'ਕਾਂ' ਤੇ 'ਰੂੰ' ਵਿੱਚ।

ਨੋਟ (2) ਅਧਕ ( ੱ ) ਜਿਸ ਅੱਖਰ ਉੱਤੇ ਲਿਖੀ ਹੋਵੇ, ਉਸ ਤੋਂ ਅਗਲੇ ਅੱਖਰ ਦੀ ਅਵਾਜ਼ ਦੂਹਰੀ ਹੋ ਕੇ ਬੋਲਦੀ ਹੈ; ਜਿਵੇਂ–ਵੱਟਾ (=ਵਟ-ਟਾ) ਵਿੱਚ; ਪਰ ਜਦੋਂ ਕਿਸੇ ਵਰਗ ਦੇ 'ਦੂਜੇ' ਤੇ 'ਚੌਥੇ' ਅੱਖਰ ਤੋਂ ਪਹਿਲਾਂ ਹੋਵੇ, ਤਾਂ ਉਸ ਵਰਗ ਦੇ 'ਪਹਿਲੇ' ਤੇ 'ਤੀਜੇ' ਅੱਖਰ ਦੀ ਅਵਾਜ਼ ਦਿੰਦੀ ਹੈ; ਜਿਹਾ ਕਿ–

ਭੁੱਖਾ = ਭੁਕ੍-ਖਾ = **Bhuk-kha**; ਬੁੱਧੂ = ਬੁਦ੍-ਧੂ = **Bud-dhu.**

--o--

### ਅਭਿਆਸ

(1) ਵਿਆਕਰਣ ਕਿਹਨੂੰ ਆਖਦੇ ਹਨ, ਅਤੇ ਪੰਜਾਬੀ ਵਿਆਕਰਣ ਕਿਹਨੂੰ ? ਵਾਕ ਤੋਂ ਕੀ ਭਾਵ ਹੈ, ਸ਼ਬਦ ਤੋਂ ਕੀ, ਅਤੇ ਅੱਖਰ ਤੋਂ ਕੀ ? ਵਿਆਕਰਣ ਦੇ ਕਿੰਨੇ ਤੇ ਕਿਹੜੇ ਕਿਹੜੇ ਭਾਗ ਹਨ ? ਵਰਣਬੋਧ ਵਿੱਚ ਕੀ ਦੱਸਿਆ ਜਾਂਦਾ ਹੈ, ਸ਼ਬਦਬੋਧ ਵਿੱਚ ਕੀ, ਤੇ ਵਾਕਬੋਧ ਵਿੱਚ ਕੀ ?

(2) ਇਨ੍ਹਾਂ ਸਬਦਾਂ ਵਿੱਚ ਮੁਕਤਾ ਲਗ ਲਿਖ ਕੇ ਦੱਸੋ:–

ਮਈ, ਅਗਸਤ, ਬਿਅਰਥ, ਅਨਰਥ, ਤਾਤਪਰਜ।

(3) ਸ਼ਬਦਾਂਗ ਕਿਹਨੂੰ ਆਖਦੇ ਹਨ ? ਇੱਕ ਸ਼ਬਦਾਂਗ ਵਿੱਚ ਲਗ-ਸਹਿਤ ਅੱਖਰ ਕਿੰਨੇ ਹੁੰਦੇ ਹਨ, ਤੇ ਲਗ-ਰਹਿਤ ਕਿੰਨੇ ? ਨਾਲੇ ਹੇਠਾਂ ਲਿਖੇ

Sri Satguru Jagjit Singh Ji Elibrary NamdhariElibrary@gmail.com

ਸਬਦਾਂ ਵਿੱਚੋਂ ਲਗ-ਰਹਿਤ ਅੱਖਰ ਚੁਣੋ:-

ਸਿਰਜਨਹਾਰ, ਅਕਾਲ ਪੁਰਖ, ਦੋਸਤ, ਅਟਕਲ, ਬਿਅਰਥ ।

(4) ਲਗਾਖਰ ਕਿਹਨੂੰ ਆਖਦੇ ਹਨ, ਓਹ ਕਿੰਨੇ ਤੇ ਕਿਹੜੇ-ਕਿਹੜੇ ਹਨ ? ਨਾਲੇ ਦੱਸੋ ਕਿ ਹੇਠਾਂ ਲਿਖਿਆਂ ਸ਼ਬਦਾਂ ਵਿਚ ਹਰ ਲਗਾਖਰ ਤੋਂ ਪਹਿਲਾਂ ਕਿਹੜੀ-ਕਿਹੜੀ ਲਗ ਹੈ:-

ਹਿੰਦੂ, ਤੂੰਬਾ, ਬਿਅੰਤ, ਊਂਘ, ਬੂੰਦ, ਨਿੱਕਾ, ਵੱਡਾ ।

—0—

# ਲਗਾਂ ਤੇ ਸੁਰ

21. ਜਿਨ੍ਹਾਂ ਛੋਟੀਆਂ-ਛੋਟੀਆ 'ਅਖੰਡ ਅਵਾਜ਼ਾਂ' ਥੀਂ ਸ਼ਬਦ ਬਣਦੇ ਹਨ, ਉਨ੍ਹਾਂ ਨੂੰ **ਮੁੱਢਲੀਆਂ** ਜਾਂ **ਮੂਲ ਅਵਾਜ਼ਾਂ** ਆਖਦੇ ਹਨ; ਅਤੇ ਮੂਲ ਅਵਾਜ਼ਾਂ ਨੂੰ ਲਿਖਤ ਵਿੱਚ ਪਰਗਟ ਕਰਨ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ, ਓਹਨਾਂ ਦਾ ਨਾਉਂ **ਮੂਲ ਚਿੰਨ੍ਹ** ਹੈ; ਜਿਵੇਂ-ਮ ਾ ੲ ੀ।

22. ਮੂਲ ਅਵਾਜ਼ ਦਾ ਉੱਚਾਰਣ ਇਕੱਲਿਆਂ ਹੋ ਸਕੇ, ਤਾਂ ਉਸ ਨੂੰ **ਸੁਰ ਅਵਾਜ਼** (Vowel Sound) ਆਖਦੇ ਹਨ । ਅਤੇ-

(ਅ) ਜਿਸ ਅਵਾਜ਼ ਦਾ ਉੱਚਾਰਣ ਇਕੱਲਿਆਂ ਨਾ ਹੋ ਸਕੇ, ਉਹਨੂੰ **ਵਿਅੰਜਨ ਅਵਾਜ਼** (Consonant Sound) ਕਹਿੰਦੇ ਹਨ; ਜਿਵੇਂ- 'ਖਾ' ਵਿੱਚ ਪਹਿਲੀ ਅਵਾਜ਼ 'ਵਿਅੰਜਨ' ਹੈ, ਜਿਸ ਦੇ ਲਈ 'ਖ' ਵਰਤਿਆ ਹੈ; ਅਤੇ ਦੂਜੀ ਅਵਾਜ਼ 'ਸੁਰ' ਹੈ, ਜਿਸ ਦੇ ਲਈ ਲਗ ' ਾ ' ਹੈ ।

23. ਸੁਰ-ਵਿਅੰਜਨ ਭੇਦ ਕਰਕੇ ਅੱਖਰ ਵੀ ਦੋ ਪਰਕਾਰ ਦੇ ਹਨ- (ੳ) ਸੁਰੀ; ਤੇ (ਅ) ਵਿਅੰਜਨ ।

(ੳ) ਜਿਹੜੇ ਅੱਖਰ ਇਕੱਲਿਆਂ ਤਾਂ ਨਹੀਂ, ਪਰ ਲਗਾਂ ਨਾਲ ਮਿਲ ਕੇ ਸੁਰ ਅਵਾਜ਼ਾਂ ਨੂੰ ਪਰਗਟ ਕਰਦੇ ਹਨ, ਉਨ੍ਹਾਂ ਨੂੰ **ਸੁਰੀ ਅੱਖਰ** ਕਿਹਾ ਜਾਂਦਾ ਹੈ, ਜੋ ਗਿਣਤੀ ਵਿੱਚ ਤਿੰਨ ਹਨ-ੳ, ਅ, ੲ ।

(ਅ) ਜਿਹੜੇ ਅੱਖਰ ਵਿਅੰਜਨ ਅਵਾਜ਼ਾਂ ਨੂੰ ਪਰਗਟ ਕਰਦੇ ਹਨ, ਓਹਨਾਂ ਨੂੰ **ਵਿਅੰਜਨ ਅੱਖਰ** ਆਖਦੇ ਹਨ; ਜਿਵੇਂ-'ਸ' ਤੋਂ 'ੜ' ਤੀਕ ਦੇ ਬੱਤੀ ਅੱਖਰ, ਤੇ ਪੰਜ ਨਵੇਂ ਅੱਖਰ ਸ਼ ਖ਼ ਗ਼ ਜ਼ ਫ਼, ਸਭ, ਵਿਅੰਜਨ ਹਨ ।

Sri Satguru Jagjit Singh Ji Elibrary NamdhariElibrary@gmail.com

ਨੋਟ—ਚੇਤੇ ਰੱਖੋ ਕਿ ਲਗਾਖਰ ਵੀ ਵਿਅੰਜਨ ਹੀ ਹੁੰਦੇ ਹਨ; ਪਰ ਜਿੱਥੇ 'ਵਿਅੰਜਨ ਅੱਖਰ' ਲਗਾਂ ਤੋਂ ਪਹਿਲਾਂ ਆ ਸਕਦੇ ਹਨ, ਉੱਥੇ ਲਗਾਖਰ ਲਗਾਂ ਤੋਂ ਪਹਿਲਾਂ ਕਦੇ ਵੀ ਨਹੀਂ ਆਉਂਦੇ।

24. ਪੰਜਾਬੀ ਵਿੱਚ ਸੁਰ ਅਵਾਜ਼ਾਂ ਦਸ ਹਨ, ਜਿਨ੍ਹਾਂ ਨੂੰ ਇਕੱਲਿਆਂ-ਇਕੱਲਿਆਂ ਦੱਸਣਾ ਹੋਵੇ, ਤਾਂ 'ੳ', 'ਅ', 'ੲ' ਨਾਲ ਲਗਾਂ ਲਾ ਕੇ ਇਸ ਤਰ੍ਹਾਂ ਦੱਸੀਦਾ ਹੈ:—

ਅ ਆ ਇ ਈ ਉ ਊ ਏ ਐ ਓ ਔ

ਪਰ ਜਦੋਂ ਸੁਰ ਅਵਾਜ਼ਾਂ ਵਿਅੰਜਨਾਂ ਨਾਲ ਰਲ ਕੇ ਬੋਲਣ, ਤਾਂ 'ੳ', 'ਅ', 'ੲ' ਉੱਡ ਜਾਂਦੇ ਹਨ; ਜਿਵੇਂ—ਸ੍+ਅ=ਸ; ਸ+ਆ=ਸਾ; ਸ੍+ਇ=ਸਿ; ਸ੍+ਈ=ਸੀ; ਸ੍+ਉ=ਸੁ; ਸ੍+ਊ=ਸੂ; ਸ੍+ਏ=ਸੇ; ਸ+ਓ=ਸੋ; ਸ੍+ਔ=ਸੌ।

ਸੋ ਅਸਲ ਵਿੱਚ ਦੁਹੀਂ ਥਾਈਂ ਲਗਾਂ ਹੀ ਸੁਰ ਅਵਾਜ਼ਾਂ ਨੂੰ ਪਰਗਟ ਕਰਦੀਆਂ ਹਨ ਤੇ 'ੳ', 'ਅ', 'ੲ' ਦਾ ਕੋਈ ਖ਼ਾਸ ਉੱਚਾਰਣ ਨਹੀਂ।

25. ਅ ਆ ਇ ਈ ਉ ਊ ਏ ਐ ਓ ਔ, ਏਹਨਾਂ ਦਸਾਂ ਅੱਖਰਾਂ ਨੂੰ **ਸੁਰ ਅੱਖਰ** ਆਖਦੇ ਹਨ, ਜੋ ਪਰਗਟ ਤਾਂ ਇੱਕ-ਇੱਕ ਆਵਾਜ਼ ਨੂੰ ਕਰਦੇ ਹਨ, ਪਰ ਬਣੇ ਹੋਏ ਦੋ-ਦੋ ਚਿੰਨ੍ਹਾਂ (ਇੱਕ-ਇੱਕ ਅੱਖਰ ਤੇ ਇੱਕ-ਇੱਕ ਲਗ) ਤੋਂ ਹਨ। ਤਾਂ ਤੇ ਅਵਾਜ਼ ਕਰਕੇ 'ਲਗਾਂ' ਤੇ 'ਸੁਰ' ਇੱਕ-ਸਮਾਨ ਹਨ। ਸੋ—

| | | | |
|---|---|---|---|
| ਮੁਕਤਾ | (   )=ਅ | ਕੰਨਾ | ( ਾ )=ਆ |
| ਸਿਹਾਰੀ | ( ਿ )=ਇ | ਬਿਹਾਰੀ | ( ੀ )=ਈ |
| ਔਂਕੜ | ( ੁ )=ਉ | ਦੁਲੈਂਕੜੇ | ( ੂ )=ਊ |
| ਲਾਂ | ( ੇ )=ਏ | ਦੁਲਾਈਆਂ | ( ੈ )=ਐ |
| ਹੋੜਾ | ( ੋ )=ਓ | ਕਨੌੜਾ | ( ੌ )=ਔ |

26. ਚੂੰਕਿ ਲਗਾਂ ਤੇ ਸੁਰਾਂ ਦੀ ਅਵਾਜ਼ ਇੱਕੋ ਜੇਹੀ ਹੈ; ਇਸ ਲਈ ਕਹਿ ਸਕਦੇ ਹਾਂ ਕਿ 'ਬੋਲ' ਸ਼ਬਦ ਨਾਲ 'ੀ' ਜਾਂ 'ਈ' ਲਾਇਆਂ 'ਬੋਲੀ' ਸ਼ਬਦ ਬਣਦਾ ਹੈ।

27. 'ਅ' ਦੇ ਉੱਚਾਰਣ ਵਿੱਚ ਜਿੰਨਾ ਸਮਾਂ ਲੱਗਦਾ ਹੈ, ਉਸ ਨੂੰ **ਮਾਤਰਾ** ਆਖਦੇ ਹਨ। 'ਮਾਤਰਾ' ਦਾ ਅਰਥ ਹੈ—'ਪਰਿਮਾਣ' ਜਾਂ 'ਅੰਦਾਜ਼ਾ'।

28. ਜਿਸ ਸੁਰ ਦਾ ਉੱਚਾਰਣ ਇੱਕ ਮਾਤਰਾ ਦਾ ਹੋਵੇ, ਉਸ ਨੂੰ

Sri Satguru Jagjit Singh Ji Elibrary NamdhariElibrary@gmail.com

ਹਰਸ੍ਵ ਸੁਰ (Short Vowel) ਆਖਦੇ ਹਨ; ਜਿਵੇਂ—ਅ, ਇ, ਉ। ਅਤੇ—

ਜਿਸ ਸੁਰ ਦੇ ਉੱਚਾਰਣ ਵਿੱਚ ਇੱਕ ਮਾਤਰਾ ਤੋਂ ਦੂਣਾ ਸਮਾਂ ਲੱਗੇ, ਉਸ ਨੂੰ ਦੀਰਘ ਸੁਰ (Long Vowel) ਆਖਦੇ ਹਨ; ਜਿਵੇਂ—ਆ, ਈ, ਊ, ਏ, ਐ, ਓ, ਔ।

29. ਮੁਕਤੇ, ਸਿਹਾਰੀ ਤੇ ਔਂਕੜ ਨੂੰ 'ਹਰਸ੍ਵ' ਜਾਂ ਛੋਟੀਆਂ ਲਗਾਂ ਸੱਦਦੇ ਹਨ, ਅਤੇ ਾ ੀ ੂ ੇ ੈ ੋ ੌ ਨੂੰ 'ਦੀਰਘ' ਜਾਂ ਲੰਮੀਆਂ ਲਗਾਂ।

30. ਮੁਕਤੇ, ਸਿਹਾਰੀ ਤੇ ਔਂਕੜ ਵਾਲੇ ਅੱਖਰ ਨੂੰ ਲਘੂ ਆਖਦੇ ਹਨ ਤੇ ਲਘੂ ਦੀ ਇੱਕ ਮਾਤਰਾ ਗਿਣਦੇ ਹਨ।

ਜਿਸ ਅੱਖਰ ਨਾਲ ਕੋਈ ਲੰਮੀ ਲਗ ਹੋਵੇ, ਉਸ ਨੂੰ ਗੁਰੂ ਕਹਿੰਦੇ ਹਨ ਤੇ ਗੁਰੂ ਦੀਆਂ ਦੋ ਮਾਤਰਾਂ ਗਿਣਦੇ ਹਨ।

31. ਲਘੂ ਲਈ ਖੜੀ ਲੀਕ ( । ) ਤੇ ਗੁਰੂ ਲਈ ਇਹ ਨਿਸ਼ਾਨ (ऽ) ਬਣਾਉਂਦੇ ਹਨ; ਜਿਵੇਂ—ਚੇਲਾ= ऽऽ =4 ਮਾਤਰਾਂ; ਕਚਹਿਰੀ=।।।ऽ =5 ਮਾਤਰਾਂ।

32. ਲਘੂ ਨਾਲ ਅਧਕ ( ੱ ) ਜਾਂ ਟਿੱਪੀ ( ੰ ) ਹੋਵੇ, ਤਾਂ ਉਹ ਗੁਰੂ ਹੋ ਜਾਂਦਾ ਹੈ; ਜਿਵੇਂ—ਵੱਟਾ=ऽऽ=4 ਮਾਤਰਾਂ, ਰੰਗ=ऽ।=3 ਮਾਤਰਾਂ। ਅਤੇ ਕਿਤੇ-ਕਿਤੇ ਦੁੱਤ ਤੋਂ ਪਹਿਲਾਂ ਦੇ ਲਘੂ ਨੂੰ ਵੀ ਗੁਰੂ ਸਮਝਿਆ ਜਾਂਦਾ ਹੈ; ਜਿਵੇਂ—'ਅਦ੍ਵੈਤ' ਵਿੱਚ 'ਅ' ਗੁਰੂ ਹੈ।

ਨੋਟ—ਇਸ ਤੋਂ ਬਿਨਾਂ ਕਿਸੇ ਥਾਂ ਵੀ ਲਗਾਖਰਾਂ ਦੀ ਮਾਤਰਾ ਨਹੀਂ ਗਿਣੀ ਜਾਂਦੀ; ਜਿਵੇਂ—'ਰੂੰ', 'ਕਿਉਂ', 'ਭੇਂ' ਤੇ 'ਜੋਂ' ਵਿੱਚੋਂ ਹਰ ਇੱਕ ਦੀਆਂ ਦੋ-ਦੋ ਮਾਤਰਾਂ ਹਨ, ਤਿੰਨ-ਤਿੰਨ ਨਹੀਂ।

### ਅਭਿਆਸ

ਉਦਾਹਰਣ ਦੇ ਕੇ ਭੇਦ ਦੱਸੋ:—ਸੁਰ ਅਵਾਜ਼ ਤੇ ਵਿਅੰਜਨ ਅਵਾਜ਼ ਦਾ; ਸੁਰੀ ਅੱਖਰ ਤੇ ਵਿਅੰਜਨ ਅੱਖਰ ਦਾ; ਵਿਅੰਜਨ ਅੱਖਰ ਤੇ ਲਗਾਖਰ ਦਾ; ਸੁਰ ਅੱਖਰ ਤੇ ਲਗ ਦਾ; ਹਰਸ੍ਵ ਸੁਰ ਤੇ ਦੀਘਰ ਸੁਰ ਦਾ; ਲਘੂ ਅੱਖਰ ਤੇ ਗੁਰੂ ਅੱਖਰ ਦਾ।

Sri Satguru Jagjit Singh Ji Elibrary NamdhariElibrary@gmail.com

# ਸ਼ਬਦ-ਜੋੜਾਂ ਦੇ ਨੇਮ

## (1) ਦੁੱਤ ਅੱਖਰ

33. ਦੋ ਅੱਖਰਾਂ ਦੇ ਸੰਜੋਗ ਥੀਂ ਬਣੇ ਹੋਏ ਅੱਖਰ ਨੂੰ ਦੁੱਤ ਜਾਂ ਸੰਜੋਗੀ ਅੱਖਰ ਆਖਦੇ ਹਨ; ਜਿਵੇਂ–'ਪ੍ਰਭ', 'ਪੜ੍ਹ', 'ਦ੍ਵੈਖ', ਤੇ 'ਕ੍ਰੋਧ' ਵਿੱਚ 'ਪ੍ਰ', 'ੜ੍ਹ', 'ਦ੍ਵੈ' ਤੇ 'ਕ੍ਰੋ' । ਪਰ–

ਇਸ ਨੇਮ ਅਨੁਸਾਰ ਪੰਜਾਬੀ ਵਿੱਚ ਕੇਵਲ ਤਿੰਨ ਅੱਖਰ 'ਹ', 'ਰ' ਤੇ 'ਵ' ਹੀ ਦੁੱਤ ਹੋ ਸਕਦੇ ਹਨ, ਹੋਰ ਨਹੀਂ । ਪੰਜਾਬੀ ਦੀਆਂ ਪੁਸਤਕਾਂ ਵਿੱਚ ਕਿਤੇ-ਕਿਤੇ ਜੋ ਹੋਰ ਅੱਖਰ ਦੁੱਤ ਕੀਤੇ ਹੋਏ ਲਭਦੇ ਹਨ, ਓਹ ਗੁਰਮੁਖੀ ਨੇਮਾਂ ਅਨੁਸਾਰ ਨਹੀਂ; ਸਗੋਂ ਸੰਸਕ੍ਰਿਤ ਤੇ ਹਿੰਦੀ ਨੇਮਾਂ ਅਨੁਸਾਰ ਹਨ; ਅਤੇ ਜੇ ਓਹ ਅਸ਼ੁੱਧ ਨਹੀਂ ਕਹੇ ਜਾ ਸਕਦੇ, ਤਾਂ ਸ਼ੁੱਧ ਵੀ ਨਹੀਂ ਕਹਿਣੇ ਚਾਹੀਦੇ।

34. ਦੁੱਤ ਦਾ ਪਹਿਲਾ ਅੱਖਰ ਲਗ-ਰਹਿਤ ਹੁੰਦਾ ਹੈ, ਤੇ ਜੇ ਦੁੱਤ ਨਾਲ ਕੋਈ ਲਗ ਹੋਵੇ, ਤਾਂ ਉਹ ਦੂਜੇ ਅੱਖਰ ਨਾਲ ਹੀ ਬੋਲਦੀ ਹੈ; ਜਿਹਾ ਕਿ– 'ਕ੍ਰੋਧ' ਵਿੱਚ 'ਕ' ਲਗ-ਰਹਿਤ ਹੈ ਤੇ 'ਹੋੜਾ' ( ੋ ) 'ਰਾਰੇ' ਨਾਲ ਬੋਲਦਾ ਹੈ।

ਇਸ ਨੇਮ ਅਨੁਸਾਰ 'ਕ੍ਰਿਪਾ', 'ਪ੍ਰਸਾਦ' ਤੇ 'ਸ੍ਰੀਮਾਨ' ਦਾ ਉੱਚਾਰਣ 'ਕ੍ਰਿਪਾ' (Kripa), ਪ੍ਰਸਾਦ (Prasad) ਤੇ 'ਸ੍ਰੀ ਮਾਨ, (Sriman) ਹੈ, 'ਕਿਰਪਾ' ਆਦਿ ਨਹੀਂ; ਇਸ ਲਈ ਜੋ 'ਕ੍ਰਿਪਾ' ਆਦਿ ਲਿਖਿਆ ਹੋਵੇ, ਤਾਂ ਉਸ ਨੂੰ 'ਕਿਰਪਾ' ਆਦਿ ਨਾ ਪੜ੍ਹੋ, ਅਤੇ ਕਿਰਪਾ' ਆਦਿ ਬੋਲਦੇ ਹੋਵੋ, ਤਾਂ ਹਿੰਦੀ ਦੀ ਨਕਲ ਕਰ ਕੇ 'ਕ੍ਰਿਪਾ' ਆਦਿ ਨਾ ਲਿਖੋ।

35. ਪੰਜਾਬੀ ਵਿੱਚ ਦੁੱਤ ਤਦ ਹੀ ਬਣ ਸਕਦਾ ਹੈ, ਜਦ ਕਿ ਦੋਵੇਂ ਅੱਖਰ ਰਲ ਕੇ ਬੋਲਦੇ ਹੋਣ; ਜਿਵੇਂ–'ਪ੍ਰਭ', 'ਪੜ੍ਹ' ਤੇ 'ਦ੍ਵੈਖ' ਵਿੱਚ। ਪਰ 'ਸੰਸਕ੍ਰਿਤ' ਵਿੱਚ ਜਿੱਥੇ ਵੀ ਦੋ ਅੱਖਰਾਂ ਦੇ ਵਿਚਕਾਰ ਕੋਈ ਲਗ ਜਾਂ ਸੁਰ ਨਹੀਂ ਰਹਿੰਦਾ, ਉੱਥੇ ਹੀ ਪਹਿਲੇ ਅੱਖਰ ਨੂੰ ਦੂਜੇ ਨਾਲ ਦੁੱਤ ਕਰ ਕੇ ਲਿਖਿਆ ਜਾਂਦਾ ਹੈ; ਸੋ ਇਸ ਨੇਮ ਅਨੁਸਾਰ 'ਦੁਸ਼ਟ', 'ਸ਼ਬਦ', 'ਸੰਸਕ੍ਰਿਤ', ਤੇ 'ਕਰਮ' ਆਦਿ ਦੇ ਰੂਪ ਇਸ ਤਰ੍ਹਾਂ ਬਣਦੇ ਹਨ–दुष्ट, शब्द, संस्कृत, कर्म। ਚੂੰਕਿ ਇਹ ਨੇਮ ਨਿਰਾ ਸੰਸਕ੍ਰਿਤ ਲਿੱਪੀ ਦਾ ਹੈ, ਗੁਰਮੁਖੀ ਅੱਖਰਾਂ ਦਾ ਨਹੀਂ; ਇਸ ਲਈ ਪੰਜਾਬੀ ਵਿੱਚ ਏਹ 'ਕਮੑ' ਆਦਿਕ ਦੁੱਤਾਂ ਵਾਲੇ ਜੋੜ ਕੋਝੇ ਜੇਹੇ ਦਿੱਸਦੇ

Sri Satguru Jagjit Singh Ji Elibrary NamdhariElibrary@gmail.com

ਹਨ ਤੇ ਵਰਤੇ ਨਹੀਂ ਜਾਂਦੇ।

36. ਹੁਣ ਵਿੱਦਵਾਨਾਂ ਨੇ ਪੂਰੇ ਤੌਰ ਤੇ ਮੰਨ ਲਿਆ ਹੈ ਕਿ ਦੁੱਤ ਵਰਤਣੇ 'ਗੁਰਮੁਖੀ' ਅੱਖਰਾਂ ਦਾ ਨੇਮ ਨਹੀਂ, 'ਸੰਸਕ੍ਰਿਤ' ਦਾ ਹੈ; ਕਿਉਂਕਿ:-

(1) ਗੁਰਮੁਖੀ ਅੱਖਰਾਂ ਦੀ ਬਣਾਵਟ ਹੀ ਏਹੋ ਜੇਹੀ ਹੈ ਕਿ ਓਹ ਇੱਕ ਦੂਜੇ ਦੇ ਉੱਪਰ-ਹੇਠਾਂ ਲਿਖੇ ਹੋਏ ਸੁਹਣੇ ਨਹੀਂ ਲੱਗਦੇ ਤੇ ਨਾ ਸ਼ੁੱਧ ਕਰਕੇ ਪੜ੍ਹੇ ਹੀ ਜਾਂਦੇ ਹਨ; ਜਿਹਾ ਕਿ–ਗੁਰਛੰਦ ਦਿਵਾਕਰ ਦੇ ਪ: 758 ਪੁਰ ਲਿਖਿਆ ਹੈ:–

"ਕ੍ਰਿਪਸਾ ਕ੍ਰਿਪਾਰੇ। ਖਿਪਸਾ ਅਖੰਡੇ।"

ਤ੍ਰ ਤ੍ਰ

(2) ਗੁਰਮੁਖੀ ਅੱਖਰ ਇਤਿਹਾਸਿਕ ਤੌਰ ਤੇ ਵੀ ਦੁੱਤਾਂ ਦੇ ਵਿਰੁੱਧ ਹਨ; ਕਿਉਂਕਿ ਸੰਸਕ੍ਰਿਤ, ਪ੍ਰਾਕ੍ਰਿਤ (ਕਿ ਜਿਸ ਤੋਂ ਪੰਜਾਬੀ ਨਿਕਲੀ ਹੈ) ਤੇ ਪੰਜਾਬੀ ਸ਼ਬਦਾਂ ਦਾ ਆਪਸ ਵਿੱਚ ਟਾਕਰਾ ਕਰ ਕੇ ਵੇਖੀਏ, ਤਾਂ ਮਲੂਮ ਹੁੰਦਾ ਹੈ ਕਿ:–

**ਸੰਸਕ੍ਰਿਤ** ਵਿੱਚ ਤਾਂ 'ਕੋਈ ਵੀ ਦੋ ਅੱਖਰ' ਸੰਜੋਗੀ ਬਣ ਸਕਦੇ ਸਨ, ਪਰ ਪ੍ਰਾਕ੍ਰਿਤ ਵਿੱਚ ਨਹੀਂ; ਅਤੇ–

**ਪ੍ਰਾਕ੍ਰਿਤ** ਵਿੱਚ 'ਇੱਕੋ' ਅੱਖਰ ਡਬਲ ਕੀਤਾ ਜਾਂਦਾ ਸੀ ਜਾਂ ਦੋਵੇਂ ਅੱਖਰ 'ਇੱਕੋ ਵਰਗ ਦੇ' ਹੁੰਦੇ ਸਨ; ਅਤੇ–

**ਪੰਜਾਬੀ** ਵਿੱਚ ਇਹ ਹਾਲਤ ਹੈ ਕਿ ਪ੍ਰਾਕ੍ਰਿਤ-ਦੁੱਤਾਂ ਨੂੰ 'ਅਧਕ' ( ੱ ) ਤੇ 'ਟਿੱਪੀ' ( ੰ ) ਦੀ ਵਰਤੋਂ ਨਾਲ ਰੋਕਿਆ ਗਿਆ ਹੈ; ਅਤੇ ਸੰਸਕ੍ਰਿਤ ਦੇ 'ਕਮ੍ਰ' ਆਦਿਕ ਸ਼ਬਦਾਂ ਨੂੰ ਨਿਖੇੜਵੇਂ ਅੱਖਰਾਂ ਵਿੱਚ 'ਕਰਮ' ਵਾਙੂ ਲਿਖਿਆ ਜਾਂਦਾ ਹੈ; ਜਿਹਾ ਕਿ–

ਸੰਸਕ੍ਰਿਤ–पुत्र, हस्त, कर्म, जन्म, अङ्क, अन्त।
ਪ੍ਰਾਕ੍ਰਿਤ–पुत्त, हत्थ, कम्म, जम्म, अङ्क, अन्त।
ਪੰਜਾਬੀ–ਪੁੱਤ, ਹੱਥ, ਕੰਮ, ਜੰਮ, ਅੰਕ, ਅੰਤ।

(3) ਪੰਜਾਬੀਆਂ ਦਾ ਕੁਦਰਤੀ ਉੱਚਾਰਣ ਵੀ ਦੁੱਤਾਂ ਦੇ ਵਿਰੁੱਧ ਹੈ; ਜਿਸ ਕਰਕੇ ਹੋਰਨਾਂ ਬੋਲੀਆਂ ਵਿੱਚੋਂ ਆਏ ਹੋਏ ਓਪਰੇ ਜਾਂ ਪਰਦੇਸੀ ਸ਼ਬਦਾਂ ਦੇ 'ਮੁੱਢਲੇ ਲਗ-ਰਹਿਤ' ਅੱਖਰ ਪੰਜਾਬੀ ਵਿੱਚ ਲਗ-ਸਹਿਤ ਹੋ ਜਾਂਦੇ ਹਨ ਜਾਂ ਓਹਨਾਂ ਦੇ ਪਹਿਲਾਂ 'ਅ', 'ੲ', 'ੳ' ਵਿੱਚੋਂ ਕੋਈ 'ਸ੍ਵਰ' ਲਾਇਆ ਜਾਂਦਾ ਹੈ:–

ਮੂਲ ਰੂਪ–स्थान स्त्री स्तुति कृपा स्टेशन।
ਪੰਜਾਬੀ–ਅਸਥਾਨ, ਇਸਤ੍ਰੀ, ਉਸਤਤੀ, ਕ੍ਰਿਪਾ, ਸਟੇਸ਼ਨ।

Sri Satguru Jagjit Singh Ji Elibrary NamdhariElibrary@gmail.com

37. ਚੂੰਕਿ ਦ੍ਰੁਤ ਅੱਖਰ ਵਰਤਣੇ ਗੁਰਮੁਖੀ ਅੱਖਰਾਂ ਦਾ ਨੇਮ ਨਹੀਂ; ਇਸ ਲਈ ਗੁਰਬਾਣੀ ਦੀਆਂ ਹੇਠਲੀਆਂ ਤੁਕਾਂ ਵਿੱਚ ਤੇ ਹੋਰਨੀਂ ਥਾਈਂ 'ਗ੍ਰੰਥ' ਤੇ 'ਕ੍ਰੋਧ' ਵਰਗੇ ਸ਼ਬਦ ਦੁੱਤਾਂ ਤੋਂ ਬਿਨਾਂ ਲਿਖੇ ਹੋਏ ਵੀ ਸ਼ੁੱਧ ਹਨ; ਜਿਵੇਂ:-

ਅਸਿਖ 'ਗਰੰਥ' ਮੁਖਿ ਵੇਦ ਪਾਠ ॥
ਕਾਮਿ 'ਕਰੋਧਿ' ਨਗਰੁ ਬਹੁ ਭਰਿਆ......॥
'ਇਸਤਰੀ' ਪੁਰਖੈ ਖਟਿਐ ਭਾਉ ॥
ਭਈ 'ਪਰਾਪਤਿ' ਮਾਨੁਖ ਦੇਹੁਰੀਆ ॥
'ਸਿਰੀ' ਗੁਰੂ ਸਾਹਿਬ ਸਭ ਊਪਰਿ.....॥

38. 'ਗੁਰਛੰਦ ਦਿਵਾਕਰ' ਦੇ ਪੰਨੇ 171 ਉੱਤੇ "ਅੰਮ੍ਰਿਤ ਕਰਮੇ। ਅੰਮ੍ਰਿਤ ਧਰਮੇ।" ਨੂੰ ਇਸ ਤਰ੍ਹਾਂ ਲਿਖਿਆ ਹੋਇਆ ਹੈ:-

"ਅੰਮ੍ਰਿਤ ਕਮੇੲ । ਅੰਮ੍ਰਿਤ ਧਮੇੲ ॥"

ਪਰ 'ਅੱਖਰ ਜਿਸ ਤਰਤੀਬ ਨਾਲ ਲਿਖੇ ਹੋਣ, ਉਸੇ ਤਰਤੀਬ ਨਾਲ ਪੜ੍ਹੋ' ਦੇ ਨੇਮ ਅਨੁਸਾਰ 'ਕਮੇੲ' 'ਧਮੇੲ' ਦਾ ਉੱਚਾਰਣ 'ਕਮੇਰ'.'ਧਮੇਰ' ਹੈ, 'ਕਰਮੇ' 'ਧਰਮੇ' ਨਹੀਂ; ਇਸ ਲਈ ਦੁੱਤਾਂ ਦਾ ਏਹ ਨਵਾਂ ਨਮੂਨਾ ਨੇਮ-ਵਿਰੁੱਧ ਹੋਣ ਕਰਕੇ ਅਸ਼ੁੱਧ ਹੈ।

39. 'ਰਾਣਾ ਸੂਰਤ ਸਿੰਘ' ਦੇ ਪੰਨੇ 87, 142 ਤੇ 155 ਤੇ ਲਿਖਿਆ ਹੋਇਆ ਹੈ:-

"ਕੰਨ 'ਚ੍ਹਾਣ' ਸੁਣ ਲੈਣ ਸੁਆਮੀ ਸਿੱਖਿਆ।"
"ਮੈਂ ਜਾਣਾਂ ਇਹ 'ਮ੍ਹੇਰ' ਸੱਚੇ ਰੱਬ ਦੀ।"
"ਸੁਰ ਕੀਤੇ ਸੁਰ ਸਾਫ 'ਟਿ੍ਕਾਣੇ' ਹੋ ਗਈ।"

ਇੱਥੇ 'ਚਾਹਣ', 'ਮੇਹਰ', ਤੇ 'ਟਿਕਾਣੇ' ਦੇ ਜੋੜ ਦੁੱਤਾਂ ਦੇ ਅਸਲੀ ਨੇਮ (ਦੁੱਤ ਦਾ ਪਹਿਲਾ ਅੱਖਰ ਲਗ-ਰਹਿਤ ਹੁੰਦਾ ਹੈ ਤੇ ਦੁੱਤ ਦੀ ਲਗ ਦੂਜੇ ਅੱਖਰ ਨਾਲ ਬੋਲਦੀ ਹੈ) ਦੇ ਵਿਰੁੱਧ ਹੋਣ ਕਰਕੇ ਅਸ਼ੁੱਧ ਹਨ।

### ਅਭਿਆਸ

(1) ਹੇਠਾਂ ਲਿਖੇ ਸ਼ਬਦਾਂ ਨੂੰ ਦੁੱਤਾਂ ਤੋਂ ਬਿਨਾਂ ਲਿਖ ਕੇ ਲਗ-ਰਹਿਤ ਅੱਖਰਾਂ ਨਾਲ ਇਹ ਨਿਸ਼ਾਨ ( ੍ ) ਵਰਤੋ-

ਦੁਸ਼੍ਟ, ਕ੍ਰੋਧ, ਸ਼੍ਰੀਮਾਨ, ਵਿਦ੍ਵਾਨ, ਪ੍ਰਗਟ, ਪ੍ਰਸਾਦਿ, ਕ੍ਰਿਪਾ।

(2) ਹੇਠ ਲਿਖੇ ਸ਼ਬਦਾਂ ਦੇ ਪਰਸਪਰ ਉੱਚਾਰਣ ਵਿੱਚ ਭੇਦ ਦੱਸੋ:-

ਪ੍ਰਗਟ-ਪਰਗਟ; ਪ੍ਰਸਾਦ-ਪਰਸਾਦ; ਸ੍ਥਿਰ-ਸਥਿਰ;
ਸ੍ਨੇਹ-ਸਨੇਹ; ਸ੍ਟੇਸ਼ਨ-ਸਟੇਸ਼ਨ; ਸ੍ਟੂਲ-ਸਟੂਲ ।

(3) ਦੱਸੋ ਦੇਸ ਦੇ ਕੁਦਰਤੀ ਉੱਚਾਰਣ ਅਨੁਸਾਰ ਕਿਹੜੇ ਰੂਪ ਠੀਕ ਹਨ:-

ਕ੍ਰਿਪਾ ਜਾਂ ਕਿਰਪਾ; ਕ੍ਰਿਆ, ਕ੍ਰਿਯਾ ਜਾਂ ਕਿਰਿਆ;
ਸ੍ਰੀਮਾਨ ਜਾਂ ਸਿਰੀਮਾਨ, ਸ੍ਤ੍ਰੀ, ਜਾਂ ਇਸਤਰੀ ।

(4) ਇਨ੍ਹਾਂ ਸ਼ਬਦਾਂ ਵਿੱਚੋਂ ਲਗ-ਰਹਿਤ ਅੱਖਰ ਚੁਣੋ:-

ਕ੍ਰਿਪਾ, ਕਿਰਪਾ, ਸ੍ਰੀਮਾਨ, ਸਿਰੀਮਾਨ, ਪ੍ਰਗਟ, ਪਰਗਟ, ਕ੍ਰਿਆ, ਕਿਰਿਆ, ਸ੍ਟੇਸ਼ਨ, ਸਟੇਸ਼ਨ, ਅਸਟੇਸ਼ਨ ।

(5) ਦਲੀਲ ਦੇ ਕੇ ਦੱਸੋ ਕਿ 'ਟਿ੍ਕਾਣੇ', 'ਮ੍ਹੋਰ' ਤੇ 'ਕਮੇਏ' ਲਿਖਣਾ ਅਸ਼ੁੱਧ ਹੈ, ਅਤੇ 'ਗਰੰਥ', 'ਕਰੋਧ' ਤੇ 'ਪਰਤਾਪ' ਸ਼ੁੱਧ ।

## (2) ਲਗਾਂ

40. ਸੁਰੀ ਅੱਖਰਾਂ ਨਾਲ ਲਗਾਂ ਇਸ ਤਰਾਂ ਲੱਗਦੀਆਂ ਹਨ:-ਮੁਕਤਾ, ਕੰਨਾ, ਦੁਲਾਦੀਆਂ ਤੇ ਕਨੌੜਾ 'ਅ' ਨਾਲ; ਜਿਵੇਂ-ਅ ਆ ਐ ਔ; ਸਿਹਾਰੀ, ਬਿਹਾਰੀ ਤੇ ਲਾਂ 'ੲ' ਨਾਲ; ਜਿਵੇਂ-ਇ, ਈ, ਏ; ਅਤੇ ਔਂਕੜ, ਦੁਲੈਂਕੜੇ ਤੇ ਹੋੜਾ 'ੳ' ਨਾਲ; ਜਿਵੇਂ-ਉ, ਊ, ਓ । ਸੋ ਇਸ ਨੇਮ ਅਨੁਸਾਰ 'ੲੈਸਾ' ਤੇ 'ਅੇਕਮ' ਅਸੁਧ ਹਨ ।

41. ਹੋਰ ਹਰ ਇਕ ਅੱਖਰ ਮੁਕਤਾ ਰੂਪ ਵਿੱਚ ਵਰਤਿਆ ਜਾ ਸਕਦਾ ਹੈ, ਪਰ 'ੳ' ਤੇ 'ੲ' ਕਦੇ ਵੀ ਨਹੀਂ; ਜਿਹਾ ਕਿ-'ਅੱਜ', 'ਜ਼ੀਅ' ਤੇ 'ਰਹ' ਆਦਿਕ ਸਭ ਸ਼ੁੱਧ ਹਨ; ਪਰ 'ੲਲ', 'ੲਟ' ਤੇ 'ੳੱਲੂ' ਤਿੰਨੇ ਅਸ਼ੁੱਧ ।

42. ਕਿਸੇ ਲੰਮੀ ਲਗ ਦੀ ਅਵਾਜ਼ ਲਮੇਰੀ ਹੋ ਕੇ ਨਿਕਲੇ, ਤਾਂ ਉਸ ਦੇ ਅੱਗੇ 'ਅ' ਲਿਖਿਆ ਜਾਂਦਾ ਹੈ; ਜਿਵੇਂ-'ਜੀਅ', 'ਲੋਅ', 'ਲਾਅ' (Law), 'ਸਫ਼ਾਅ' ਤੇ 'ਰੌਅ' ਵਿੱਚ ।

"ਹੈ ਅਸਮਾਨ ਸਫ਼ਾਅ ਨੀਲਾ ਟਹਿਕਦਾ ।"
"ਚਮਕ ਦਮਕ ਦੀ ਰੌਅ ਵਧਦੀ ਜਾਂਵਦੀ ।" (ਰਾਣਾ ਸੂਰਤ ਸਿੰਘ)

Sri Satguru Jagjit Singh Ji Elibrary NamdhariElibrary@gmail.com

ਅਭਿਆਸ

(1) ਕਿਹੜੀਆਂ ਲਗਾਂ 'ੳ' ਨਾਲ, ਕਿਹੜੀਆਂ 'ਅ' ਨਾਲ, ਅਤੇ ਕਿਹੜੀਆਂ 'ੲ' ਨਾਲ ਲੱਗਦੀਆਂ ਹਨ? ਸ਼ਬਦਾਂ ਦੇ ਅੰਤ ਵਿੱਚ 'ਅ' ਕਦੋਂ ਲਿਖਦੇ ਹਨ? ਉਦਾਹਰਣ ਵੀ ਦਿਓ।

(2) ਹੇਠਾਂ ਲਿਖੇ ਸ਼ਬਦਾਂ ਨੂੰ ਸੁੱਧ ਕਰ ਕੇ ਲਿਖੋ ਅਤੇ ਦੱਸੋ ਕਿ ਇਹ ਕਿਉਂ ਅਸੁੱਧ ਹਨ :-

ੲਸ, ੳਸ, ਅਿਨਸਾਫ਼, ਏਸਾ, ਅੀਸਾ,
ਏਨਕ, ਅੇਕੜ, ਏਡਾ, ਅੇਕਾ।

---o---

## (3) ਬਿੰਦੀ ਤੇ ਟਿੱਪੀ

43. ਜਦ ਲਗਾਂ ਦੀ ਅਵਾਜ਼ ਨੱਕੋਂ ਹੋ ਕੇ ਨਿਕਲੇ, ਤਾਂ ਮੁਕਤੇ, ਸਿਹਾਰੀ, ਔਂਕੜ ਤੇ ਦੁਲੈਂਕੜੇ ਨਾਲ 'ਟਿੱਪੀ' ( ੰ ), ਅਤੇ ਬਾਕੀ ਦੀਆਂ ਛੇਆਂ ਲਗਾਂ ( ਾ ੀ ੇ ੈ ੋ ੌ ) ਨਾਲ 'ਬਿੰਦੀ' ( ਂ ) ਲੱਗਦੀ ਹੈ; ਜਿਹਾ ਕਿ:-

ਸੁੱਧ-ਖੰਡ, ਪਿੰਡ, ਸੁੰਢ, ਰੂੰ, ਕਾਂ, ਮੀਂਹ, ਗੇਂਦ, ਹੈਂ, ਭੋਂ, ਜੌਂ।
ਅਸੁੱਧ-ਖਂਡ, ਪਿਂਡ, ਸੁਂਢ, ਰੂਂ, ਕਾੰ, ਮੀੰਹ, ਗੇੰਦ, ਹੈੰ, ਭੋੰ, ਜੌੰ।

ਉਲੰਘਣ-'ੳ' ਨਾਲ ਸਦਾ 'ਬਿੰਦੀ' ( ਂ ) ਹੀ ਲੱਗਦੀ ਹੈ; ਇਸ ਲਈ 'ਇਉਂ' ਤੇ 'ਊਂਘ' ਸੁੱਧ ਹਨ, ਅਤੇ 'ਇਉੰ' ਤੇ 'ਊੰਘ' ਅਸੁੱਧ।

44. ਕਵਿਤਾ ਵਿੱਚ ਮਾਤਰਾਂ ਦੀ ਗਿਣਤੀ ਘਟਾਉਣ ਲਈ 'ਟਿੱਪੀ' ਦੀ ਥਾਂ 'ਬਿੰਦੀ' ਕਰ ਲੈਂਦੇ ਹਨ; ਕਿਉਂਕਿ ਬਿੰਦੀ ਦੀ ਕੋਈ ਮਾਤਰਾ ਨਹੀਂ ਹੁੰਦੀ; ਜਿਹਾ ਕਿ-

"ਰਹੇਂ ਜਿ ਖ਼ਲਕਤ 'ਮਾਂਹਿ' ਖ਼ਲਕਤ ਜੇਡਰਾ।"
"ਧੌਣ ਉਚੇਰੀ 'ਨਾਂਹਿ' ਕੱਢੇਂ ਕਿਸੇ ਤੋਂ।"

(ਰਾਣਾ ਸੂਰਤ ਸਿੰਘ, 11+9 ਮਾਤਰਾਂ)

45. ਅਨੁਨਾਸਿਕ ਅੱਖਰ (ਙ ਞ ਣ ਨ ਮ) ਦੀ ਆਪਣੀ ਅਵਾਜ਼ ਨੱਕ ਵਿੱਚੋਂ ਹੋ ਕੇ ਨਿਕਲਦੀ ਹੈ; ਇਸ ਲਈ **ਸਾਧਾਰਣ ਤੌਰ** ਤੇ, ਇਹਨਾਂ ਅੱਖਰਾਂ ਦੀਆਂ ਲਗਾਂ ਨਾਲ 'ਟਿੱਪੀ' ਜਾਂ 'ਬਿੰਦੀ' ਨਹੀਂ ਲਿਖੀ ਜਾਂਦੀ; ਜਿਹਾ ਕਿ-

ਸੁੱਧ-ਵਾਞੂ, ਉਞੇ, ਹੁਣੇ, ਨਾਨਾ, ਮਾਮਾ, ਰੰਖਣਾ।
ਅਸੁੱਧ-ਵਾਞੂੰ, ਉਞੇਂ, ਹੁਣੇਂ, ਨਾਂਨਾਂ, ਮਾਂਮਾਂ, ਰੱਖਣਾਂ।

Sri Satguru Jagjit Singh Ji Elibrary NamdhariElibrary@gmail.com

**46.** ਅਨੁਨਾਸਿਕ ਅੱਖਰ ਦੀ ਅਵਾਜ਼ ਦਾ ਅਸਰ ਉਸ ਤੋਂ ਪਹਿਲੇ ਤੇ ਅਗਲੇ ਅੱਖਰ ਤੇ ਵੀ ਜਾ ਪੈਂਦਾ ਹੈ; ਇਸ ਲਈ 'ਸਾਧਾਰਣ ਤੌਰ ਤੇ' ਅਨੁਨਾਸਿਕ ਅੱਖਰ ਤੋਂ ਪਹਿਲੇ ਤੇ ਅਗਲੇ ਅੱਖਰ ਦੀਆਂ ਲਗਾਂ ਨਾਲ ਵੀ ਬਿੰਦੀ-ਟਿੱਪੀ ਨਹੀਂ ਲਿਖੀ ਜਾਂਦੀ; ਜਿਹਾ ਕਿ—

ਸ਼ੁੱਧ—ਰਾਮ, ਸ਼ਾਮ, ਸ਼ਾਨ, ਪੀਣਾ, ਪੂਣੀ, ਦੁਨੀਆ।

ਅਸ਼ੁੱਧ—ਰਾਂਮ, ਸ਼ਾਂਮ, ਸ਼ਾਂਨ, ਪੀਂਣਾ ਪੂੰਣੀ, ਦੁਨੀਆਂ।

**47.** ਪਿਛੇਤਰ ਜਿਸ ਰੂਪ ਵਿੱਚ ਹੋਰਨਾਂ ਅੱਖਰਾਂ ਨਾਲ ਲੱਗਦੇ ਹੋਣ, ਅਨੁਨਾਸਿਕ ਅੱਖਰਾਂ ਨਾਲ ਵੀ ਉੱਸੇ ਰੂਪ ਵਿੱਚ ਲੱਗਦੇ ਹਨ; ਜਿਹਾ ਕਿ—

(ੳ) ਸੰਬੋਧਨ ਕਰਨ ਲਈ ਅੰਤਲੇ ਮੁਕਤੇ ਨਾਲ ' ਾ ' ਲੱਗਦਾ ਹੈ, ' ਾਂ ' ਨਹੀਂ; ਜਿਵੇਂ—'ਜੱਟ' ਤੋਂ 'ਜੱਟਾ'; ਇਸ ਲਈ—

ਸ਼ੁੱਧ—ਜੱਟਾ ! ਜੁਆਨਾ ! ਤਰਖਾਣਾ ! ਵਿੱਦਵਾਨਾ !

ਅਸ਼ੁੱਧ—ਜੱਟਾਂ ! ਜੁਆਨਾਂ ! ਤਰਖਾਣਾਂ ! ਵਿੱਦਵਾਨਾਂ !

(ਅ) ਸੰਬੰਧਕੀ ਬਹੁਵਚਨ ਲਈ ਅੰਤਲੇ ਮੁਕਤੇ ਨਾਲ ' ਾਂ ' ਲਾਇਆ ਜਾਂਦਾ ਹੈ, ਕੰਨਾ ( ਾ ) ਨਹੀਂ; ਇਸ ਲਈ—

ਸ਼ੁੱਧ—ਜੱਟਾਂ, ਜੁਆਨਾਂ, ਤਰਖਾਣਾਂ, ਵਿੱਦਵਾਨਾਂ, ਜ਼ਾਲਿਮਾਂ (ਨੇ)

ਅਸ਼ੁੱਧ—ਜੱਟਾ, ਜੁਆਨਾ, ਤਰਖਾਣਾ, ਵਿੱਦਵਾਨਾ, ਜ਼ਾਲਿਮਾ (ਨੇ)

'ਜ਼ਾਲਿਮਾ' ਦਾ ਅਰਥ ਹੈ—ਓਏ ਜ਼ਾਲਿਮਾ !

'ਜ਼ਾਲਿਮਾਂ' ਦਾ ਅਰਥ ਹੈ—ਕਈ ਜ਼ਾਲਿਮ।

(ੲ) ਸੰਬੋਧਨ ਕਰਨ ਲਈ ਅੰਤਲੇ ਕੰਨੇ ( ਾ ) ਦੀ ਥਾਂ 'ਿ ਆ' ਹੋ ਜਾਂਦਾ ਹੈ; ਜਿਵੇਂ 'ਮੁੰਡਾ' ਤੋਂ 'ਮੁੰਡਿਆ'; ਇਸ ਲਈ—

ਸ਼ੁੱਧ—ਮੁੰਡਿਆ ! ਸਿਆਣਿਆ ! ਮਰਦਾਨਿਆ !

ਅਸ਼ੁੱਧ -ਮੁੰਡਿਆਂ ! ਸਿਆਣਿਆਂ ! ਮਰਦਾਨਿਆਂ !

(ਸ) ਸੰਬੰਧਕੀ ਬਹੁਵਚਨ ਲਈ ਅੰਤਲੇ ਕੰਨੇ ( ਾ ) ਦੀ ਥਾਂ 'ਿ ਆਂ' ਹੋ ਜਾਂਦਾ ਹੈ; ਇਸ ਲਈ—

ਸ਼ੁੱਧ—ਮੁੰਡਿਆਂ, ਸਿਆਣਿਆਂ, ਨਿਮਾਣਿਆਂ, ਇਆਣਿਆਂ (ਨੇ)

ਅਸ਼ੁੱਧ—ਮੁੰਡਿਆ, ਸਿਆਣਿਆ, ਨਿਮਾਣਿਆ, ਇਆਣਿਆ (ਨੇ)

'ਸਿਆਣਿਆ' ਦਾ ਅਰਥ ਹੈ—ਓਏ ਸਿਆਣਿਆ !

'ਸਿਆਣਿਆਂ' ਦਾ ਅਰਥ ਹੈ—ਕਈ ਸਿਆਣੇ।

Sri Satguru Jagjit Singh Ji Elibrary NamdhariElibrary@gmail.com

(ਹ) ਭਾਵਾਰਥ (ਮਸਦਰ, Infinitive) ਦੀ ਨਿਸ਼ਾਨੀ 'ਣਾ' ਜਾਂ 'ਨਾ' ਹੈ, 'ਣਾਂ' ਜਾਂ 'ਨਾਂ' ਨਹੀਂ; ਇਸ ਲਈ—

ਸ਼ੁੱਧ—ਲਿਖਣਾ, ਪੜ੍ਹਨਾ, ਸੁੱਜਣਾ, ਖੁੱਭਣਾ।

ਅਸ਼ੁੱਧ—ਲਿਖਣਾਂ, ਪੜ੍ਹਨਾਂ, ਸੁੱਜਣਾਂ, ਖੁੱਭਣਾਂ।

ਵੇਖੋ ! 'ਲਿਖਣ' ਦਾ ਅਰਥ ਹੈ—'ਕਾਨੀ' ਤੇ 'ਲਿਖਣਾਂ' ਦਾ 'ਕਾਨੀਆਂ'। ਇੱਸੇ ਤਰ੍ਹਾਂ 'ਖੁੱਭਣ' ਦਾ ਅਰਥ ਹੈ—'ਚਿੱਕੜ ਵਾਲੀ ਥਾਂ', ਤੇ 'ਖੁੱਭਣਾਂ' ਦਾ ਅਰਥ ਹੈ—'ਚਿੱਕੜ ਵਾਲੀਆਂ ਥਾਵਾਂ'।

(ਕ) ਸਾਧਾਰਣ ਬਹੁਵਚਨ ਲਈ ਅੰਤਲੇ ਕੰਨੇ ( ਾ ) ਦੀ ਥਾਂ ( ੇ ) ਹੋ ਜਾਂਦੀ ਹੈ, 'ਲਾਂ-ਬਿੰਦੀ, ( ੇਂ ) ਨਹੀਂ; ਇਸ ਲਈ—

ਸ਼ੁੱਧ—ਧੇਲੇ, ਦਾਣੇ, ਮਖਾਣੇ, ਕਾਨੇ, ਪਜਾਮੇ, ਮਾਮੇ।

ਅਸ਼ੁੱਧ—ਧੇਲੇਂ, ਦਾਣੇਂ, ਮਖਾਣੇਂ, ਕਾਨੇਂ, ਪਜਾਮੇਂ, ਮਾਮੇਂ।

(ਖ) ਅਨਿਸਚਿਤ ਭੂਤਕਾਲ (ਮਾਜ਼ੀ ਮੁਤਲਿਕ, Past Indefinite Tense) ਲਈ 'ਧਾਤੂ' ਨਾਲ 'ਿ ਆ' ਲੱਗਦਾ ਹੈ 'ਿ ਆਂ' ਨਹੀਂ; ਇਸ ਲਈ—

ਸ਼ੁੱਧ—ਭਰਿਆ, ਸੁਣਿਆ, ਮੰਨਿਆ, ਗਿਣਿਆ, ਜੰਮਿਆ।

ਅਸ਼ੁੱਧ—ਭਰਿਆਂ, ਸੁਣਿਆਂ, ਮੰਨਿਆਂ, ਗਿਣਿਆਂ, ਜੰਮਿਆਂ।

ਪਰ ਜਦੋਂ ਇਹ ਰੂਪ ਕਿਰਿਆ ਨਹੀਂ ਹੁੰਦਾ, 'ਕਿਰਿਆ-ਫਲ' ਜਾਂ 'ਨਾਉਂ' ਹੁੰਦਾ ਹੈ, ਤਾਂ ਅੰਤ ਵਿੱਚ ਬਿੰਦੀ ( ਂ ) ਜ਼ਰੂਰ ਲਗਦੀ ਹੈ; ਇਸ ਲਈ ਹੇਠਾਂ ਲਿਖੇ ਵਾਕਾਂ ਵਿਚ ਬਿੰਦੀ ਦੀ ਵਰਤੋਂ ਠੀਕ ਹੈ:—

(1) ਐਵੇਂ 'ਭਰਿਆਂ (ਭਰਨ ਨਾਲ) ਕੀ ਬਣਦਾ ਹੈ ?

(2) ਨਾਮ ਦੇ 'ਸੁਣਿਆਂ' (ਸੁਣਨ ਨਾਲ) ਤੇ 'ਮੰਨਿਆਂ' (ਮੰਨਣ ਨਾਲ) ਗਤੀ ਹੋ ਜਾਂਦੀ ਹੈ।

(ਗ) ਵੇਖੋ ! ਹੇਠਾਂ ਲਿਖਿਆਂ ਵਾਕਾਂ ਵਿੱਚ ਜਦੋਂ ਕਿਰਿਆ 'ਤੂੰ' ਤੇ 'ਮੈਂ' ਨਾਲ ਲੱਗਦੀਆਂ ਹਨ, ਤਾਂ ਓਹਨਾਂ ਦੇ ਅੰਤ ਵਿੱਚ ਬਿੰਦੀ ( ਂ ) ਜ਼ਰੂਰ ਲੱਗਦੀ ਹੈ, ਪਰ ਹੋਰਨੀਂ ਥਾਈਂ ਬਿੰਦੀ ਨਹੀਂ ਹੁੰਦੀ; ਇਸ ਲਈ—

| ਸ਼ੁੱਧ | ਅਸ਼ੁੱਧ |
|---|---|
| ਜੇ ਤੂੰ ਸੁਣੇਂ, ਮੰਨੇਂ। | ਜੇ ਤੂੰ ਸੁਣੇ, ਮੰਨੇ। |
| ਭਾਈ ! ਤੂੰ ਸੁਣੀਂ ਮੰਨੀਂ। | ਭਾਈ ! ਤੂੰ ਸੁਣੀ, ਮੰਨੀ। |
| ਜੇ ਮੈਂ ਸੁਣਾਂ, ਮੰਨਾਂ। | ਜੇ ਮੈਂ ਸੁਣਾ, ਮੰਨਾ। |

Sri Satguru Jagjit Singh Ji Elibrary NamdhariElibrary@gmail.com

| | |
|---|---|
| ਜੇ ਉਹ ਸੁਣੇ, ਮੰਨੇ । | ਜੇ ਉਹ ਸੁਣੇਂ, ਮੰਨੇਂ । |
| ਜੇ ਤੁਸੀਂ ਸੁਣੋ, ਮੰਨੋ । | ਜੇ ਤੁਸੀਂ ਸੁਣੋਂ, ਮੰਨੋਂ । |

'ਸੁਣੇ, ਦਾ ਅਰਥ ਹੈ–ਉਹ ਸੁਣੇ ।

'ਸੁਣੇਂ' ਦਾ ਅਰਥ ਹੈ–ਜੇ ਤੂੰ ਸੁਣੇਂ ।

'ਸੁਣੀ' ਦਾ ਅਰਥ ਹੈ–ਉਸ ਨੇ ਸੁਣੀ ।

'ਸੁਣੀਂ' ਦਾ ਅਰਥ ਹੈ–ਤੂੰ ਸੁਣੀਂ ।

ਇੱਸੇ ਤਰ੍ਹਾਂ ਹੋਰ ਵੀ ਕਈ ਨੇਮ ਹਨ, ਜਿਨ੍ਹਾਂ ਦਾ ਧਿਆਨ ਰੱਖਣ ਨਾਲ ਸ਼ੁੱਧ ਜੋੜ ਲਿਖੇ ਜਾਂ ਸਕਦੇ ਹਨ ।

48. ਕਈਆਂ ਸ਼ਬਦਾਂ ਦੇ ਜੋੜ 'ਆਮ ਵਰਤੋਂ' ਕਰਕੇ ਮੁਕੱਰਰ ਹੋ ਗਏ ਹਨ; ਇਸ ਲਈ–

| ਸ਼ੁੱਧ | ਅਸ਼ੁੱਧ |
|---|---|
| ਨਾ (=ਨਹੀਂ), ਨੀ, ਨੂੰ । | ਨਾਂ (=ਨਹੀਂ), ਨੀਂ, ਨੂ । |
| ਨਾਂ (=ਨਾਉਂ), ਨੌਂ (੯) । | ਨਾ (=ਨਾਉਂ), ਨੌ (੯) । |
| ਮਾਂ, ਮੈਂ, ਮੈਨੂੰ ਮੈਥੋਂ । | ਮਾ, ਮੈ, ਮੈਂਨੂੰ, ਮੈਂਥੋਂ । |
| ਤੈਨੂੰ, ਤੈਥੋਂ, ਨੌਵਾਂ, ਨੌਮੀ । | ਤੈਂਨੂੰ, ਤੈਂਥੋਂ, ਨੌਂਵਾਂ, ਨੌਂਮੀ । |
| ਕਹਿੰਦੇ ਨੇਂ, ਉਸ ਨੇ । | ਕਹਿੰਦੇ ਨੇ, ਉਸ ਨੇਂ । |
| ਨਾਉਂ, ਨਾਂਵ, ਨਾਵਾਂ । | ਨਾਂਉਂ, ਨਾਵ, ਨਾਂਵਾਂ । |
| ਬਿਨਾਂ, ਸਮਾਂ (=ਵੇਲਾ) । | ਬਿਨਾ, ਸਮਾ (=ਵੇਲਾ) । |

## ਅਭਿਆਸ

(1) 'ਟਿੱਪੀ' ਕਿਹੜੀਆਂ ਲਗਾਂ ਨਾਲ ਲੱਗਦੀ ਹੈ, ਅਤੇ 'ਬਿੰਦੀ' ਕਿਹੜੀਆਂ ਨਾਲ ? ਉਦਾਹਰਣ ਦੇ ਕੇ ਦੱਸੋ ।

(2) ਹੇਠਾਂ ਲਿਖੇ ਸ਼ਬਦਾਂ ਦੇ ਜੋੜ ਦੋਸ਼ ਦੱਸ ਕੇ ਸੋਧੋ:–

ਹੱਸਣਾਂ, ਖਾਣਾਂ, ਮਾਂਮਾ, ਵਿੱਦਵਾਂਨ, ਪਿੰਡ, ਸੁੰਘ, ਪੇਂਜਾ, ਮੈਂਨੂੰ, ਤੈਂਥੋਂ, ਮਾਂਵਾਂ, ਕਾਨੇਂ, ਸ਼ੈਤਾਨੋਂ, ਸੁਣੋਂ, ਉਸ ਨੇਂ ਸੁਣਿਆ, ਜੇ ਤੂੰ ਪੈਸੇ ਗਿਣੇਂ, ਉਸ ਨੇਂ ਪੱਟੀ ਲਿਖੀ ।

(3) ਇਨ੍ਹਾਂ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ ਤੇ ਅਰਥ ਦੱਸੋ:–

ਸੂਰਮਿਆ, ਸੂਰਮਿਆਂ, ਸੁਣਿਆ, ਸੁਣਿਆਂ, ਸੁਣੇ, ਸੁਣੇਂ, ਸੁਣੀ, ਸੁਣੀਂ, ਲਿਖਣਾਂ, ਲਿਖਣਾ, ਖੁੱਭਣਾਂ, ਖੁੱਭਣਾ, ਜ਼ਾਲਿਮਾ, ਜ਼ਾਲਿਮਾਂ ।

—o—

Sri Satguru Jagjit Singh Ji Elibrary NamdhariElibrary@gmail.com

## (4) ਅਧਕ ( ੱ )

49. ਅਨੁਨਾਸਿਕ ਅੱਖਰਾਂ ਤੋਂ ਪਹਿਲਾਂ 'ਬਿੰਦੀ-ਟਿੱਪੀ' ਤੇ 'ਅਧਕ' ਇਕੋ ਕੰਮ ਦਿੰਦੀਆਂ ਹਨ; ਜਿਹਾ ਕਿ:-

ਇਨਾ=ਇੱਨਾ; ਉਂਨਾ=ਉੱਨਾ; ਉਂਵੇ=ਉੱਵੇ; ਕੰਢਣੀ=ਕੱਢਣੀ, ਜੰਮ=ਜੱਮ; ਮੁਕੰਮਲ=ਮੁਕੱਮਲ।

ਪਰ 'ਇੱਨਾ', 'ਉੱਨਾ', ਤੇ 'ਉੱਵੇ' ਆਦਿਕ ਦੋ-ਚਾਰ ਸ਼ਬਦਾਂ ਤੋਂ ਬਿਨਾਂ ਹੋਰਥੇ ਇਹ ਵਟਾਂਦਰਾ ਚੰਗਾ ਨਹੀਂ ਲੱਗਦਾ; ਇਸ ਲਈ ਆਮ ਤੌਰ ਤੇ 'ਜੱਮ', 'ਕੱਮ', 'ਕੱਨ' ਤੇ 'ਕੱਢਣੀ' ਆਦਿ ਦੀ ਥਾਂ 'ਜੰਮ', 'ਕੰਮ', 'ਕੰਨ' ਤੇ 'ਕੰਢਣੀ' ਵਰਗੇ ਜੋੜ ਹੀ ਚੰਗੇ ਸਮਝੇ ਜਾਂਦੇ ਹਨ।

50. ਪੰਜਾਬੀ ਦੀਆਂ ਪੁਸਤਕਾਂ ਵਿੱਚ 'ਸੱਚਾ' ਤੇ 'ਸਚਾ' ਅਤੇ 'ਹੱਥ' ਤੇ 'ਹਥ' ਦੁਹਾਂ ਤਰ੍ਹਾਂ ਦੇ ਜੋੜ ਵਰਤੇ ਜਾਂਦੇ ਅਤੇ ਸ਼ੁੱਧ ਸਮਝੇ ਜਾਂਦੇ ਹਨ; ਪਰ ਜਿੱਥੇ ਅਧਕ ਨਾ ਲਿਖਣ ਕਰਕੇ ਭੁਲੇਖਾ ਪੈ ਜਾਂਦਾ ਹੋਵੇ, ਉੱਥੇ ਇਸ ਦਾ ਲਿਖਣਾ ਜ਼ਰੂਰੀ ਹੈ; ਕਿਉਂਕਿ ਪੰਜਾਬੀ ਵਿੱਚ ਬਹੁਤ ਸਾਰੇ ਸ਼ਬਦ ਐਸੇ ਵੀ ਹਨ ਕਿ ਉਨ੍ਹਾਂ ਵਿੱਚ ਅਧਕ ਲਿਖੀ ਜਾਏ ਤਾਂ ਅਰਥ ਹੋਰ ਹੁੰਦੇ ਹਨ, ਜੇ ਨਾ ਲਿਖੀ ਜਾਏ ਤਾਂ ਹੋਰ; ਜਿਹਾ ਕਿ–

ਸੁੱਕਾ–ਜੋ ਗਿੱਲਾ ਨਾ ਹੋਵੇ। (ਵਿਸ਼ੇਸ਼ਣ)
ਸੁਕਾ–ਜਿਵੇਂ, ਕੱਪੜੇ ਸੁਕਾ ਲੈ। (ਕਿਰਿਆ)
ਬੱਚਾ–ਛੋਟਾ ਬਾਲ। (ਨਾਉਂ)
ਬਚਾ–ਜਿਵੇਂ, ਦੋ ਪੈਸੇ ਬਚਾ ਲੈ। (ਕਿਰਿਆ)
ਸੱਜਾ–ਖੱਬੇ ਦਾ ਉਲਟ। (ਵਿਸ਼ੇਸ਼ਣ)
ਸਜਾ–ਜਿਵੇਂ, ਕਮਰੇ ਨੂੰ ਸਜਾ ਲੈ। (ਕਿਰਿਆ)
ਮੁਸਲਾ–ਮੁਸਲਮਾਨ। (ਨਿੰਦਾਵਾਚਕ)
ਮੁਸੱਲਾ–ਚੂੜ੍ਹੀ, ਜਿਸ ਤੇ ਨਿਮਾਜ਼ ਪੜ੍ਹਦੇ ਹਨ।
ਮਨ–ਜਿਵੇਂ, ਮੇਰਾ ਮਨ ਪਰਸੰਨ ਹੈ। (ਨਾਉਂ)
ਮੰਨ (ਮੱਨ)–ਜਿਵੇਂ, ਮੇਰਾ ਕਿਹਾ ਮੰਨ ਲੈ। (ਕਿਰਿਆ)
ਧਨ–ਦੌਲਤ (ਤਨ, ਮਨ, ਧਨ)।
ਧੰਨ (ਧੱਨ)–ਸ਼ਾਬਾਸ਼; ਜਿਵੇਂ, ਧੰਨ ਜਨਮ ਹੈ!
ਸਨ–ਜਿਵੇਂ, ਓਹ ਬਿਮਾਰ ਸਨ। (ਕਿਰਿਆ)

Sri Satguru Jagjit Singh Ji Elibrary NamdhariElibrary@gmail.com

ਸੰਨ (ਸੱਨ)–ਸਾਲ, ਸੰਮਤ; ਇੱਕ ਬਿਮਾਰੀ। (ਨਾਉਂ)

51. ਅਧਕ ( ੱ ) 'ਮੁਕਤੇ', 'ਸਿਹਾਰੀ' ਤੇ 'ਔਂਕੜ' ਦੇ ਉਪਰੰਤ ਤਾਂ ਆਉਂਦੀ ਹੈ, ਪਰ 'ਲੰਮੀਆਂ ਲਗਾਂ' ਦੇ ਉਪਰੰਤ ਨਹੀਂ ਸੋਭਦੀ; ਇਸ ਲਈ 'ਸੱਚ', 'ਨਿੱਤ' ਤੇ 'ਉੱਠ' ਆਦਿਕ ਵਿੱਚ ਤਾਂ ਅਧਕ ( ੱ ) ਦੀ ਵਰਤੋਂ ਠੀਕ ਹੈ; ਪਰ 'ਬੋੱਲੀ', 'ਬੋੱਕਾ', 'ਆੱਲੂ', 'ਦਾੱਦਾ' ਤੇ 'ਮਾੱਮਾ' ਆਦਿਕ ਵਿੱਚ ਸੋਭਦੀ ਨਹੀਂ।

52. ਪ੍ਰੇਰਣਾਰਥਕ ਕਿਰਿਆ ਵਿੱਚ ਮੂਲ ਕਿਰਿਆ ਦੀ 'ਅਧਕ' ਜਾਂ 'ਟਿੱਪੀ' ਨਹੀਂ ਰਹਿੰਦੀ; ਜਿਹਾ ਕਿ–

| ਮੂਲ ਕਿਰਿਆ | ਪ੍ਰੇਰਣਾਰਥਕ ਕਿਰਿਆ |
|---|---|
| ਕੱਟਣਾ | ਕਟਾਉਣਾ, ਕਟਵਾਉਣਾ |
| ਖਿੱਚਣਾ | ਖਿਚਾਉਣਾ, ਖਿਚਵਾਉਣਾ |
| ਬੰਨ੍ਹਣਾ | ਬਨ੍ਹਾਉਣਾ, ਬਨ੍ਹਵਾਉਣਾ |

### ਅਭਿਆਸ

(1) ਦੱਸੋ ਅਧਕ ਦੀ ਵਰਤੋਂ ਸੰਬੰਧੀ ਮੁੱਖ ਨੇਮ ਕਿਹੜੇ ਕਿਹੜੇ ਹਨ ?

(2) ਉਦਾਹਰਣ ਦੇ ਕੇ ਸਿੱਧ ਕਰੋ ਕਿ ਅਨੁਨਾਸਿਕ ਅੱਖਰਾਂ ਤੋਂ ਪਹਿਲਾਂ 'ਅਧਕ ਤੇ 'ਟਿੱਪੀ-ਬਿੰਦੀ' ਇੱਕੋ ਕੰਮ ਦਿੰਦੀਆਂ ਹਨ।

(3) ਦੱਸੋ ਹੇਠਾਂ ਲਿਖੇ ਸ਼ਬਦਾਂ ਦੇ ਕਿਹੜੇ ਰੂਪ ਚੰਗੇ ਹਨ ਤੇ ਕਿਉਂ:–

ਮੰਨ–ਮੱਨ, ਧੰਨ- ਧੱਨ, ਕੰਮ–ਕੱਮ, ਜੰਮ–ਜੱਮ।

(4) ਦਸ ਸ਼ਬਦ ਏਹੋ ਜੇਹੇ ਦੱਸੋ, ਜਿਨ੍ਹਾਂ ਵਿੱਚ ਅਧਕ ਲਿਖੀਏ ਤਾਂ ਅਰਥ ਹੋਰ ਹੋਣ, ਜੇ ਨਾ ਲਿਖੀਏ ਤਾਂ ਹੋਰ।

(5) ਦੱਸੋ, ਹੇਠਾਂ ਲਿਖੇ ਸਬਦਾਂ ਦੇ ਅਰਥਾਂ ਵਿੱਚ ਪਰਸਪਰ ਕੀ ਭੇਦ ਹੈ:–

ਸੱਜਾ–ਸਜਾ, ਮੰਨ–ਮਨ, ਵੱਟਾ–ਵਟਾ, ਅੱਜੇ–ਅਜੇ, ਭੁੱਲਾ–ਭੁਲਾ, ਬੱਚਾ–ਬਚਾ, ਸੁੱਕਾ–ਸੁਕਾ।

(6) ਹੇਠਾਂ ਲਿਖੇ ਸ਼ਬਦਾਂ ਦੇ ਜੋੜ ਦੋਸ਼ ਦੱਸ ਕੇ ਸੋਧੋ:–

ਮੰਨਾਉਣਾ, ਗੁੰਨ੍ਹਾਉਣਾ, ਉੱਠਾਉਣਾ,
ਕਾੱਨੀ, ਗਾੱਨੀ, ਤੇੱਲੀ, ਚਾੱਕੂ।

—o—

Sri Satguru Jagjit Singh Ji Elibrary NamdhariElibrary@gmail.com

## (5) ਯ ਤੇ ਵ

53. ਉਰਦੂ ਵਿੱਚ 'ਯੇ' ਤੇ 'ਵਾਉ' ਅਤੇ ਹਿੰਦੀ ਵਿੱਚ 'ਯ' ਤੇ 'ਵ' ਸੁਰਾਂ ਦਾ ਕੰਮ ਵੀ ਦਿੰਦੇ ਹਨ ਅਤੇ ਓਦੋਂ ਯ=ਇ+ਅ, ਜਾਂ ਇ+ਉ; ਤੇ 'ਵ'=ਉ+ਅ, ਹੁੰਦਾ ਹੈ; ਜਿਵੇਂ –

ਪਯ਼ਾਰਾ=ਪਿਆਰਾ; ਆਯਾ=ਆਇਆ; ਕਯੋਂ=ਕਿਉਂ;

ਸ੍ਵਾਮੀ=ਸੁਆਮੀ; ਦ੍ਵਾਰਾ=ਦੁਆਰਾ; ਸ੍ਵਾਸ=ਸੁਆਸ ।

54. 'ਯ' ਤੇ 'ਵ' ਦੀ ਇਹ ਸੁਰੀ ਵਰਤੋਂ ਕਦੇ-ਕਦੇ ਪੰਜਾਬੀ ਵਿੱਚ ਵੀ ਹੁੰਦੀ ਹੈ ਅਤੇ ਹਾਲੀਂ ਬੰਦ ਨਹੀਂ ਹੋਈ; ਪਰ ਚੇਤੇ ਰੱਖੋ ਕਿ ਇਹ ਵਰਤੋਂ ਗੁਰਮੁਖੀ ਅੱਖਰਾਂ ਦੇ ਆਪਣੇ ਨੇਮਾਂ ਅਨੁਸਾਰ ਨਹੀਂ; ਕਿਉਂਕਿ–

(1) ਗੁਰਮੁਖੀ ਵਿੱਚ ਕੋਈ ਅੱਖਰ 'ਦੋ-ਸੁਰਾ' ਨਹੀਂ ਤੇ ਸ਼ਬਦ-ਜੋੜਾਂ ਦਾ ਮੁੱਖ ਨੇਮ "ਜੇਹਾ ਬੋਲੇ, ਤੇਹਾ ਲਿਖੋ" ਹੈ; ਇਸ ਲਈ 'ਪਯ਼ਾਰਾ' ਤੇ 'ਦ੍ਵਾਰਾ' ਵਰਗੇ ਜੋੜ ਇਸ ਨੇਮ ਅਨੁਸਾਰ ਤਦ ਹੀ ਸ਼ੁੱਧ ਹੋ ਸਕਦੇ ਹਨ, ਜਦ ਕਿ ਏਹਨਾਂ ਦੇ ਉੱਚਾਰਣ ਵਿੱਚ ਕੋਈ ਅਵਾਜ਼ 'ਯਾ' ਜਾਂ 'ਵਾ' ਕਰਕੇ ਨਿਕਲਦੀ ਹੋਵੇ, ਪਰ ਅਜੇਹਾ ਹੈ ਨਹੀਂ ।

(2) ਪੰਜਾਬੀ ਵਿੱਚ ਚੌਰੂਪੇ ਨੇਮ ਅਨੁਸਾਰ ਮੂਲ ਰੂਪ ਦਾ ਅੰਤਲਾ 'ਕੰਨਾ' (ਾ) ਜਾਂ ਅੰਤਲਾ 'ਿ ਆ' ਅਗਲਿਆਂ ਤਿੰਨਾਂ ਰੂਪਾਂ ਵਿੱਚ ਤਰਤੀਬ ਵਾਰ 'ੇ' 'ੀ' ਤੇ 'ੀ ਆਂ' ਨਾਲ ਬਦਲ ਜਾਂਦਾ ਹੈ; ਜਿਵੇਂ —

| | | | |
|---|---|---|---|
| ਘੋੜਾ | ਘੋੜੇ | ਘੋੜੀ | ਘੋੜੀਆਂ |
| ਦੌੜਿਆ | ਦੌੜੇ | ਦੌੜੀ | ਦੌੜੀਆਂ |
| ਆਇਆ | ਆਏ | ਆਈ | ਆਈਆਂ |
| ਹੋਇਆ | ਹੋਏ | ਹੋਈ | ਹੋਈਆਂ |

ਇਸ ਲਈ ਪੰਜਾਬੀ ਦੇ ਇਸ ਨੇਮ ਅਨੁਸਾਰ 'ਤਾਯਾ', 'ਆਯਾ', ਤੇ 'ਹੋਯਾ' ਦੇ ਰੂਪ ਇਸ ਪਰਕਾਰ ਹੋਣਗੇ:–

| | | | |
|---|---|---|---|
| ਤਾਯਾ | ਤਾਯੇ | ਤਾਯੀ | ਤਾਯੀਆਂ |
| ਆਯਾ | ਆਯੇ | ਆਯੀ | ਆਯੀਆਂ |
| ਹੋਯਾ | ਹੋਯੇ | ਹੋਯੀ | ਹੋਯੀਆਂ |

ਪਰ ਸਾਤੇ ਲਿਖੇ ਅਨੁਸਾਰ ਵਿੱਦਵਾਨਾਂ ਨੇ ਮੰਨ ਲਿਆ ਹੈ ਕਿ 'ਆਯੇ', 'ਆਯੀ' ਤੇ 'ਆਯੀਆਂ' ਵਰਗੇ ਜੋੜ 'ਆਏ' ਤੇ 'ਆਈਆਂ' ਨਾਲੋਂ ਕਿਸੇ ਹਾਲਤ

Sri Satguru Jagjit Singh Ji Elibrary NamdhariElibrary@gmail.com

ਵਿੱਚ ਵੀ 'ਚੰਗੇ' ਅਤੇ 'ਉੱਚਾਰਣ ਅਨੁਸਾਰ' ਨਹੀਂ ਹਨ; ਇਸ ਲਈ ਮੂਲ ਨੇਮ (ਜੇਹਾ ਬੋਲੋ, ਤੇਹਾ ਲਿਖੋ) ਨੂੰ ਭੰਗ ਕਰ ਕੇ 'ਹੋਯੇ' ਤੇ ‡'ਆਯਾ' ਵਰਗੇ ਜੋੜਾਂ ਦਾ ਆਸਰਾ ਲੈਣਾ ਠੀਕ ਨਹੀਂ।

55. ਹਾਂ, 'ਕਵੀਆਂ ਨੂੰ ਖ਼ਾਸ ਅਧਿਕਾਰ ਪ੍ਰਾਪਤ ਹੈ ਕਿ ਓਹ ਇਸ ਤਰ੍ਹਾਂ ਦੇ ਜੋੜਾਂ ਨਾਲ ਮਾਤਰਾਂ ਦੀ ਗਿਣਤੀ ਤੇ ਗਣਾਂ ਦੇ ਰੂਪ ਲਿਖਤ ਵਿੱਚ ਠੀਕ ਕਰ ਲੈਣ; ਜਿਹਾ ਕਿ–

"ਉੱਤੋਂ ਛਾਈ ਠੰਢ, ਛਾਯਾ ਸੰਘਣੀ।"
"ਹੋਲਾ ਹੋਯਾ ਆਪ, ਪੈਂਡਾ ਏਕੁਰਾਂ।"
[ਰਾਣਾ ਸੂਰਤ ਸਿੰਘ]

ਇਹ ਛੰਦ 11+9 ਮਾਤਰਾਂ ਦਾ ਹੈ; ਜੇ ਇੱਥੇ 'ਛਾਇਆ' ਤੇ 'ਹੋਇਆ' ਵਾਙੂ ਲਿਖੀਏ, ਤਾਂ 'ਲਿਖਤ' ਵਿੱਚ ਭਾਵੇਂ ਇੱਕ-ਇੱਕ ਮਾਤਰਾ ਵਧ ਜਾਂਦੀ ਹੈ, ਪਰ ਉੱਚਾਰਣ ਵਿੱਚ ਕੋਈ ਫ਼ਰਕ ਨਹੀਂ ਪੈਂਦਾ।

56. 'ਗਯਾਨੀ', 'ਵਯਾਕਰਣ' ਤੇ 'ਅਭਯਾਸ' ਆਦਿਕ ਜੋੜ ਤਾਂ 'ਯ' ਦੀ 'ਸ਼ੁਧੀ ਵਰਤੋਂ' ਅਨੁਸਾਰ ਸ਼ੁੱਧ ਹਨ; ਪਰ ਏਹਨਾਂ ਨੂੰ 'ਗਿਯਾਨੀ', 'ਵਿਯਾਕਰਣ' ਤੇ 'ਅਭਿਯਾਸ' ਕਰਕੇ ਲਿਖਣਾ ਬਿਲਕੁਲ ਅਸ਼ੁੱਧ ਹੈ। ਹਾਂ, ਜੇ ਪਹਿਲੇ ਅੱਖਰ ਨਾਲ 'ਸਿਹਾਰੀ' ਵਰਤੀਏ, ਤਾਂ ਅੱਗੇ 'ਅ' ਲਿਖਣਾ ਹੀ ਠੀਕ ਹੈ; ਜਿਹਾ ਕਿ–'ਗਿਆਨੀ', 'ਵਿਆਕਰਣ' ਤੇ 'ਅਭਿਆਸ'।

57. ਸੰਸਕ੍ਰਿਤ ਸ਼ਬਦਾਂ ਦਾ ਮੁੱਢਲਾ, ਵਿੱਚਲਾ ਤੇ ਅੰਤਲਾ 'ਯ' ਪੰਜਾਬੀ ਵਿੱਚ ਬਹੁਤੀ ਥਾਈਂ 'ਜ' ਹੋ ਜਾਂਦਾ ਹੈ; ਜਿਹਾ ਕਿ–

ਯੋਗੀ = ਜੋਗੀ; ਸੰਯੋਗ = ਸੰਜੋਗ; ਯਮ = ਜਮ;
ਯਜਮਾਨ = ਜਜਮਾਨ; ਸੂਰਯ = ਸੂਰਜ; ਆਦਿਕ।

58. ਸੰਸਕ੍ਰਿਤ ਸ਼ਬਦਾਂ ਦਾ ਅੰਤਲਾ 'ਯ' (ਜੇ ਸ੍ਵਰ ਹੋਵੇ ਤਾਂ) ਪੰਜਾਬੀ ਵਿੱਚ ਗਿਰ ਜਾਂਦਾ ਹੈ ਜਾਂ ਕਿਸੇ 'ਲਗ-ਸ੍ਵਰ' ਨਾਲ ਬਦਲ ਜਾਂਦਾ ਹੈ; ਜਿਹਾ ਕਿ–

ਯਗਯ = ਜੱਗ; ਪੂਜਯ = ਪੂਜ, ਸਰਬਗਯ = ਸ਼ਰਬੱਗ;
ਵਿਦਯਾਲਯ = ਵਿਦਿਆਲਾ; ਹਿਮਾਲਯ = ਹਿਮਾਲਾ;

---

‡ਇੱਸੇ ਤਰ੍ਹਾਂ 'ਘੋੜੀਆਂ', 'ਚਿੜੀਆਂ' ਤੇ 'ਬਿੱਲੀਆਂ', ਆਦਿ ਨੂੰ ਹਿੰਦੀ ਨੇਮਾਂ ਅਨੁਸਾਰ 'ਘੋੜਿਯਾਂ', 'ਚਿੜਿਯਾਂ' ਤੇ 'ਬਿੱਲਿਯਾਂ', ਆਦਿ ਲਿਖਣਾ ਵੀ ਠੀਕ ਨਹੀਂ।

Sri Satguru Jagjit Singh Ji Elibrary NamdhariElibrary@gmail.com

ਸਮਯ = ਸਮਾਂ; ਭਯ = ਭਉ ਜਾਂ ਭੈ; ਜਯ = ਜੈ; ਦ੍ਵਯ = ਦ੍ਵੈ।

59. 'ਵ' ਦੀ ਥਾਂ 'ਉ' ਹੋ ਜਾਂਦਾ ਹੈ; ਜਿਹਾ ਕਿ–

ਅਵਗੁਣ = ਅਉਗੁਣ (ਔਗੁਣ); ਕਵਣ = ਕਉਣ (ਕੌਣ,);
ਨਾਂਵ = ਨਾਉਂ; ਜੀਵ = ਜੀਉ; ਆਵਣਾ = ਆਉਣਾ;
ਸੁਹਾਵਣਾ = ਸੁਹਾਉਣਾ; ਭਾਂਵਦਾ = ਭਾਉਂਦਾ।

ਅਭਿਆਸ

(1) ਇਨ੍ਹਾਂ ਸ਼ਬਦਾਂ ਨੂੰ 'ਯ' ਤੇ 'ਵ' ਤੋਂ ਬਿਨਾਂ ਲਿਖੋ:–
ਗਯਾਨ, ਧਯਾਨ, ਵਿਦਯਾਲਾ, ਦਯਾਲੂ।
ਜ੍ਵਾਰ, ਦ੍ਵਾਰਾ, ਸ੍ਵਾਮੀ, ਸ੍ਵਾਲ, ਸ੍ਵਾਨ।

(2) ਹੇਠਾਂ ਲਿਖੇ ਸ਼ਬਦਾਂ ਦੇ ਜੋੜ ਦੋਸ਼ ਦੱਸ ਕੇ ਸੋਧੋ:–
ਬਿਯਾਪ, ਸੁਵਾਮੀ, ਧਿਯਾਨ, ਦੁਵਾਰਾ।

(3) ਹੇਠਾਂ ਲਿਖੇ ਸਬਦਾਂ ਦੇ ਪੰਜਾਬੀ ਰੂਪ ਦੱਸੋ:–
ਸੂਰਯ, ਹਿਮਾਲਯ, ਭਯ, ਜਯ, ਅਧਯਾਯ,
ਸਰਬਗਯ, ਰਾਜਯ. ਭਾਗਯ, ਮਧਯ।

(4) ਦਲੀਲ ਦੇ ਕੇ ਦੱਸੋ ਕਿ 'ਪਯਾਰਾ', 'ਆਯਾ', 'ਦ੍ਵਾਰਾ' ਤੇ 'ਸ੍ਵਾਮੀ' ਵਰਗੇ ਜੋੜ ਗੁਰਮੁਖੀ ਅੱਖਰਾਂ ਦੇ ਆਪਣੇ ਨੇਮਾਂ ਅਨੁਸਾਰ ਨਹੀਂ ਹਨ।

(5) ਉਦਾਹਰਣ ਦੇ ਕੇ ਸਿੱਧ ਕਰੋ ਕਿ ਪੰਜਾਬੀ ਵਿੱਚ 'ਵ' ਦਾ 'ਉ' ਹੋ ਜਾਂਦਾ ਹੈ, ਅਤੇ ਕਵਿਤਾ ਵਿੱਚ 'ਯ' ਤੇ 'ਵ' ਦੀ ਸ੍ਵਗੀ ਵਰਤੋਂ ਵੀ ਕੀਤੀ ਜਾਂਦੀ ਹੈ।

—o—

## (6) ਹ

60. 'ਮੁਕਤਾ ਲਗ' ਦੇ ਉਪਰੰਤ ਲਗ-ਰਹਿਤ 'ਹ' ਦੀ ਅਵਾਜ਼ ਇਸ ਤਰ੍ਹਾਂ ਨਿਕਲਦੀ ਹੈ, ਜਿਵੇਂ 'ਸਤਹ', 'ਫ਼ਤਹ' ਤੇ 'ਸੁਬਹ' ਵਿੱਚ।

61. ਠੇਠ ਪੰਜਾਬੀ ਦੇ ਇਲਾਕੇ ਵਿੱਚ 'ਪੇਹਲਾ', 'ਪੇਹਰ' ਤੇ 'ਰੈਹਣਾ' ਵਾਕਰ ਕੋਈ ਨਹੀਂ ਬੋਲਦਾ; ਸਗੋਂ ਸਾਰੇ 'ਪਹਿਲਾਂ', 'ਪਹਿਰ' ਤੇ 'ਰਹਿਣ' ਵਾਙੂ ਹੀ ਬੋਲਦੇ ਹਨ; ਇਸ ਲਈ ਹੇਠਾਂ ਲਿਖੇ ਪਹਿਲੀ ਸਤਰ ਦੇ ਜੋੜ ਸ਼ੁੱਧ ਹਨ ਤੇ ਬਾਕੀ ਦੇ ਅਸ਼ੁੱਧ:–

Sri Satguru Jagjit Singh Ji Elibrary NamdhariElibrary@gmail.com

| | | | | | |
|---|---|---|---|---|---|
| ਪਹਿਲਾ | ਪਹਿਰ | ਰਹਿਣਾ | ਕਹਿਣਾ | ਕਹਿੰਦਾ | ਰਹਿੰਦਾ |
| ਪੈਹਲਾ | ਪੈਹਰ | ਰੈਹਣਾ | ਕੈਹਣਾ | ਕੈਂਹਦਾ | ਰੈਂਹਦਾ |
| ਪਹਲਾ | ਪਹਰ | ਰਹਣਾ | ਕਹਣਾ | ‡ਕੰਹਦਾ | ਰੰਹਦਾ |

ਨੋਟ–ਚੇਤੇ ਰੱਖੋ ਕਿ 'ਪਹਲਾ' ਦਾ ਉੱਚਾਰਣ ਹੋਰ ਹੈ ਤੇ 'ਪਹਿਲਾ' ਦਾ ਹੋਰ; ਨਾਲੇ ਪਦ-ਜੋੜ-ਕਾਨਫ੍ਰੰਸ ਨੇ ਫੈਸਲਾ ਕੀਤਾ ਹੈ ਕਿ ਜੇ ਕੋਈ ਕਵਿਤਾ ਵਿੱਚ ਮਾਤਰਾਂ ਦੀ ਗਿਣਤੀ ਪੂਰੀ ਕਰਨ ਲਈ 'ਕਹਿੰਦਾ', 'ਬਹਿੰਦਾ', ਤੇ 'ਰਹਿੰਦਾ' ਨੂੰ ਟਿੱਪੀ ਦੀ ਥਾਂ ਬਿੰਦੀ ( ਂ ) ਵਰਤ ਕੇ 'ਕਹਿਂਦਾ', 'ਬਹਿਂਦਾ' ਤੇ 'ਰਹਿਂਦਾ' ਫਾਕਰ ਲਿਖੇ, ਤਦ ਵੀ ਠੀਕ ਹੈ।

62. 'ਕਨੇੜੇ' ਵਾਲੇ ਵਿਅੰਜਨਾਂ ਦੇ ਉਪਰੰਤ ਲਗ-ਰਹਿਤ 'ਹੁ' ਦੀ ਅਵਾਜ਼ ਠੀਕ ਤਰ੍ਹਾਂ ਨਹੀਂ ਜੁੜਦੀ; ਇਸ ਲਈ ਹੇਠਾਂ ਲਿਖੇ ਪਹਿਲੇ ਜੋੜ ਸ਼ੁੱਧ ਹਨ ਤੇ ਦੂਜੇ ਅਸ਼ੁੱਧ:–

ਸ਼ੁੱਧ–ਬਹੁਤਾ, ਮਹੁਰਾ, ਵਹੁਟੀ, ਕਹੁ, ਰਹੁ, ਸਹੁੰ।

ਅਸ਼ੁੱਧ–ਬੋਹਤਾ, ਸੋਹਰਾ, ਵੋਹਟੀ, ਕੋਹ, ਰੋਹ, ਸੌਂਹ।

63. 'ਹ' ਦੀ ਅਵਾਜ਼ ਕਿਸੇ ਹੋਰ ਅੱਖਰ ਨਾਲ ਰਲ ਕੇ ਬੋਲੇ, ਤਾਂ 'ਹ' ਨੂੰ ਉਸ ਅੱਖਰ ਦੀ ਪੈਰੀਂ ਲਿਖਦੇ ਹਨ; ਜਿਵੇਂ–'ਪੜ੍ਹ' ਤੇ 'ਬੰਨ੍ਹ' ਵਿੱਚ।

64. ਮੂਲ ਧਾਤੂ (Root) ਦਾ ਪੈਰ ਵਾਲਾ 'ਹ' ਉਸ ਤੋਂ ਬਣੀਆਂ ਕਿਰਿਆ ਵਿੱਚ ਜਿਉਂ ਦਾ ਤਿਉਂ ਪੈਰ ਵਿੱਚ ਹੀ ਲਿਖਣਾ ਠੀਕ ਹੈ; ਜਿਵੇਂ–

'ਪੜ੍ਹ' ਤੋਂ ਪੜ੍ਹਨਾ, ਪੜ੍ਹਾਉਣਾ, ਪੜ੍ਹਦਾ ਹੈ, ਪੜ੍ਹੇਗਾ।
'ਬੰਨ੍ਹ' ਤੋਂ ਬੰਨ੍ਹਣਾ, ਬਨ੍ਹਾਉਣਾ, ਬੰਨ੍ਹਦਾ ਹੈ, ਬੰਨ੍ਹੇਗਾ।
'ਠਿੱਲ੍ਹ' ਤੋਂ ਠਿਲ੍ਹਣਾ, ਠੇਲ੍ਹਣਾ, ਠਿਲ੍ਹਦਾ ਹੈ, ਠਿਲ੍ਹੇਗਾ।
'ਖੁਲ੍ਹ' ਤੋਂ ਖੁਲ੍ਹਣਾ, ਖੋਲ੍ਹਣਾ, ਖੋਲ੍ਹਿਆ ਹੈ, ਖੋਲ੍ਹੇਗਾ।

ਵੇਖੋ ! 'ਖੋਲ੍ਹਿਆ' ਦੀ ਥਾਂ 'ਖੋਹਲਿਆ' ਲਿਖੀਏ, ਤਾਂ ਇਸ ਦਾ ਉੱਚਾਰਣ 'ਖੋਲ੍ਹਿਆ' ਨਾਲੋਂ 'ਖੋਹ ਲਿਆ' ਦੇ ਬਹੁਤ ਨੇੜੇ ਹੋ ਜਾਂਦਾ ਹੈ; ਇਸ ਲਈ 'ਖੋਲ੍ਹਿਆ' ਦੀ ਥਾਂ 'ਖੋਹਲਿਆ' ਕਦੇ ਨਾ ਲਿਖੋ।

65. ਪੰਜਾਬੀ ਵਿੱਚ ਬਹੁਤ ਸਾਰੇ ਸ਼ਬਦ ਏਹੋ ਜੇਹੇ ਵੀ ਹਨ ਕਿ ਓਹਨਾਂ ਵਿੱਚ ਪੈਰ ਵਾਲਾ 'ਹ' ਲਿਖੀਏ ਤਾਂ ਅਰਥ ਹੋਰ ਹੁੰਦੇ ਹਨ, ਜੇ ਨਾ ਲਿਖੀਏ ਤਾਂ ਹੋਰ; ਜਿਹਾ ਕਿ–

‡"ਰੋ ਰੋ ਕੰਹਦੀ, ਹਾਇ ! ਇਹ ਕੀ ਵਰਤਿਆ !" (ਰਾਣਾ ਸੂਰਤ ਸਿੰਘ)

Sri Satguru Jagjit Singh Ji Elibrary NamdhariElibrary@gmail.com

ਸੰਨ–ਸੰਮਤ, ਸਾਲ; ਇੱਕ ਬਿਮਾਰੀ ।
ਸੰਨ੍ਹ–ਚੋਰ ਦੀ ਕੀਤੀ ਹੋਈ ਕੰਧ ਵਿੱਚ ਮੋਰੀ ।
ਸਿਲ–ਇੱਕ ਰੋਗ ਛਾਤੀ ਦਾ, ਖਈ ਰੋਗ ।
ਸਿਲ੍ਹ–ਨਮੀ, ਤਰੀ (ਸਿਲ੍ਹ ਚੜ੍ਹਨੀ) ।
ਕੰਨਾ–ਲਗ ਕੰਨਾ ( ਾ ) ।
ਕੰਨ੍ਹਾ–ਕੰਧਾ, ਮੋਢਾ ।
ਕਲ–ਮਸ਼ੀਨ ।
ਕਲ੍ਹ–ਅਗਲਾ ਦਿਨ, ਪਿੱਛਲਾ ਦਿਨ ।
ਕੜਨਾ–ਕੱਸ ਕੇ ਬੰਨ੍ਹਣਾ ।
ਕੜ੍ਹਨਾ–ਉਬਲਣਾ, ਤਪਣਾ (ਜਿਵੇਂ ਦੁੱਧ ਕੜ੍ਹਨਾ)
ਗਲ–ਕੰਠ, ਗਿੱਚੀ ।
ਗਲ੍ਹ–ਮੂੰਹ ਦਾ ਸੱਜਾ ਜਾਂ ਖੱਬਾ ਪਾਸਾ ।
ਗੜ–ਵੱਡਾ ਤੇ ਨਿਗਰ ਫੋੜਾ ।
ਗੜ੍ਹ–ਕਿਲਾ, ਕੋਟ ।

66. ਹੇਠਾਂ ਲਿਖੇ ਪੜਨਾਵਾਂ ਵਿੱਚ ਤਾਂ ਪੈਰ ਵਾਲਾ 'ਹ' ਹੁੰਦਾ ਹੈ, ਪਰ ਵਿਸ਼ੇਸ਼ਣਾਂ ਵਿੱਚ ਨਹੀਂ; ਜਿਵੇਂ–

ਪੜਨਾਉਂ–ਇਨ੍ਹਾਂ, ਉਨ੍ਹਾਂ, ਜਿਨ੍ਹਾਂ, ਕਿਨ੍ਹਾਂ, ਇਨ੍ਹੀਂ, ਉਨ੍ਹੀਂ, ਜਿਨ੍ਹੀਂ ।
ਵਿਸ਼ੇਸ਼ਣ–ਇੰਨਾ, ਉੱਨਾ, ਜਿੰਨਾ, ਕਿੰਨਾ, ਇੰਨੀ, ਉੱਨੀ, ਜਿੰਨੀ ।
ਉਨ੍ਹੀਂ = ਉਨ੍ਹਾਂ ਨੇ । ਉੱਨੀ = ਉਤਨੀ ਜਾਂ 19 ।
ਜਿਨ੍ਹੀਂ = ਜਿਨ੍ਹਾਂ ਨੇ । ਜਿੰਨੀ = ਜਿਤਨੀ ।

67. ਉੱਚਾਰਣ ਦੇ ਜ਼ੋਰ (Accent) ਨਾਲ 'ਹ' ਤੋਂ ਪਹਿਲੇ ਅੱਖਰ ਦੀ 'ਸਿਹਾਰੀ' ਦੀ 'ਲਾਂ' ਅਤੇ 'ਔਂਕੜ' ਦਾ 'ਹੋੜਾ' ਹੋ ਜਾਂਦਾ ਹੈ; ਜਿਵੇਂ–'ਇਹ' ਤੋਂ 'ਏਹ', 'ਅਜਿਹਾ' ਤੋਂ 'ਅਜੇਹਾ'; ਅਤੇ 'ਉਹ' ਤੋਂ 'ਓਹ'; ਇਸ ਲਈ ਇਹ ਦੋਵੇਂ ਰੂਪ (ਇਹ–ਏਹ, ਅਜਿਹਾ–ਅਜੇਹਾ, ਉਹ–ਓਹ) ਸੁੱਧ ਹਨ ।

68. ਸਾਡੇ ਲਿਖੇ ਅਨੁਸਾਰ ਹੀ ਪਦ-ਜੋੜ-ਕਾਨਫ੍ਰੰਸ ਨੇ ਫ਼ੈਸਲਾ ਕੀਤਾ ਹੈ ਕਿ ਹੇਠਾਂ ਲਿਖਿਆਂ ਵਿੱਚੋਂ ਪਹਿਲੇ ਜੋੜ (ਸਿਹਾਰੀ ਤੇ ਔਂਕੜ ਵਾਲੇ) ਸੁੱਧ ਹਨ ਤੇ ਦੂਜੇ ਅਸੁੱਧ:–

ਸੁੱਧ–ਮਿਹਨਤ, ਸਿਹਰਾ, ਕਿਹੜਾ, ਜਿਹੜਾ, ਸੁਹਬਤ, ਮੁਹਲਤ, ਸੁਹਣਾ, ਮੁਹਰਾ, ਮੁਹਕਮ ।

Sri Satguru Jagjit Singh Ji Elibrary NamdhariElibrary@gmail.com

ਅਸ਼ੁੱਧ–ਮੇਹਮਤ, ਸੇਹਰਾ, ਕੇਹੜਾ, ਜੇਹੜਾ, ਸੋਹਬਤ, ਮੌਹਲਤ, ਸੋਹਣਾ, ਮੋਹਰਾ, ਮੋਹਕਮ ।

ਨੋਟ–'ਫੋਹ' 'ਕੋਹ' ਤੇ 'ਖੋਹ' ਵਿੱਚ ਅਤੇ ਏਹਨਾਂ ਤੋਂ ਬਣੀਆਂ ਕਿਰਿਆਂ ਵਿੱਚ 'ਲਾਂ' ਤੇ 'ਹੋੜਾ' ਲਿਖਣਾ ਠੀਕ ਹੈ; ਇਸ ਲਈ–

ਸ਼ੁੱਧ–ਫੋਹਣਾ, ਫੋਂਹਦਾ ਹੈ, ਕੋਹਣਾ, ਕੋਹੇਗਾ, ਖੋਹਣਾ, ਖੋਹੇਗਾ ।
ਅਸ਼ੁੱਧ–ਫ਼ਿਹਣਾ, ਫ਼ਿੰਹਦਾ ਹੈ, ਕੁਹਣਾ, ਕੁਹੇਣਾ, ਖੁਹਣਾ, ਖੁਹੇਂਗਾ ।

69. ਉਰਦੂ-ਫ਼ਾਰਸੀ ਦੇ ਜਿਨ੍ਹਾਂ ਸ਼ਬਦਾਂ ਦੇ ਅੰਤ ਵਿੱਚ 'ਹਾਏ ਮੁਖ਼ਤਫ਼ੀ' (ਜੋ ਬਹੁਵਚਨ ਵਿੱਚ ਗਿਰ ਜਾਂਦੀ ਹੈ) ਹੋਵੇ, ਉਨ੍ਹਾਂ ਨੂੰ ਗੁਰਮੁਖੀ ਵਿੱਚ ਲਿਖੀਏ, ਤਾਂ ਅੰਤ ਵਿੱਚ 'ਹ' ਨਹੀਂ ਲਿਖੀਦਾ, ਸਗੋਂ 'ਕੰਨਾ' ( ਾ ) ਲਿਖਿਆ ਜਾਂਦਾ ਹੈ; ਜਿਵੇਂ–

ਉਰਦੂ–تختہ-نقشہ-ملکہ-بندہ

ਗੁਰਮੁਖੀ–ਤਖ਼ਤਾ, ਨਕਸ਼ਾ, ਮਲਕਾ; ਬੰਦਾ ।

ਅਭਿਆਸ

(1) ਹੇਠਾਂ ਲਿਖਿਆਂ ਸਬਦਾਂ ਨੂੰ ਦੋਸ਼ ਦੱਸ ਕੇ ਸੋਧੋ:–
ਕੁਹਣਾ, ਸੁਬਹ, ਬੰਹਦੇ, ਬੋਹਤ, ਸੌਂਹ,
ਠੇਹਲਣਾ, ਖੁਹਣਾ, ਕੁਹਣਾ, ਨਕਸ਼ਹ ।

(2) ਵਾਕਾਂ ਵਿੱਚ ਵਰਤ ਕੇ ਅਰਥ-ਭੇਦ ਦੱਸੋ:–
ਜਿੱਨਾ-ਜਿਨ੍ਹਾਂ, ਇੱਨੀ-ਇਨ੍ਹੀਂ, ਗੜ–ਗੜ੍ਹ, ਕਲ–ਕਲ੍ਹ,
ਪੜਦਾ-ਪੜ੍ਹਦਾ, ਕਾਨ–ਕਾਨ੍ਹ, ਕੰਨਾ–ਕੰਨ੍ਹਾ, ਕੜਨਾ–ਕੜ੍ਹਨਾ,
ਨੰਨਾ–ਨੰਨ੍ਹਾ, ਖਲ੍ਹਿਆ–ਖੇਹਲਿਆ ।

(3) ਦੱਸੋ, ਕਿਹੜੇ ਰੂਪ ਸ਼ੁੱਧ ਹਨ ਤੇ ਕਿਉਂ:–
ਮਿਹਨਤ–ਮੇਹਨਤ, ਸੁਹਣਾ–ਸੋਹਣਾ,
ਜਿਹੜਾ–ਜੇਹੜਾ, ਅਜਿਹਾ–ਅਜੇਹਾ ।

## (7) ਣ ਤੇ ਨ

70. ਵੇਖੋ ! ਹੇਠਾਂ ਲਿਖੇ ਸ਼ਬਦਾਂ ਵਿੱਚ ਪਹਿਲੇ ਰੂਪ ਸ਼ੁੱਧ ਹਨ ਤੇ ਦੂਜੇ ਅਸ਼ੁੱਧ:–

ਸ਼ੁੱਧ–ਖਾਣਾ, ਪੀਣਾ, ਹੱਸਣਾ, ਰੋਣਾ, ਬੋਲਣਾ ।
ਅਸ਼ੁੱਧ–ਖਾਨਾ, ਪੀਨਾ, ਹੱਸਨਾ, ਰੋਨਾ, ਬੋਲਨਾ ।

Sri Satguru Jagjit Singh Ji Elibrary NamdhariElibrary@gmail.com

ਕਿਉਂਕਿ ਪੰਜਾਬੀ ਵਿੱਚ 'ਭਾਵਾਰਥ' (ਮਸਦਰ, Infinitive mood) ਦੀ ਨਿਸ਼ਾਨੀ 'ਣਾ' ਹੈ, 'ਨਾ' ਨਹੀਂ। ਹਾਂ, ਜਿੱਥੇ 'ਧਾਤੂ' (Root) ਦੇ ਅੰਤ ਵਿੱਚ 'ਰ', 'ੜ', 'ਣ' ਮੁਕਤਾਲੇ ਜਾਂ ਏਹਨਾਂ ਦੀ ਪੈਰੀਂ 'ਹ' ਹੋਵੇ, ਉੱਥੇ 'ਣਾ' ਦੀ ਥਾਂ 'ਨਾ' ਹੋ ਜਾਂਦਾ ਹੈ; ਇਸ ਲਈ-

ਸ਼ੁੱਧ-ਕਰਨਾ, ਲੜਨਾ, ਸੁਣਨਾ, ਵਰ੍ਹਨਾ, ਪੜ੍ਹਨਾ।

ਅਸ਼ੁੱਧ-ਕਰਣਾ, ਲੜਣਾ, ਸੁਣਣਾ, ਵਰ੍ਹਣਾ, ਪੜ੍ਹਣਾ।

ਨੋਟ-ਚੇਤੇ ਰੱਖੋ ਕਿ ਏਹਨਾਂ 'ਨਾ-ਅੰਤ' ਭਾਵਾਰਥਾਂ ਦੇ 'ਪ੍ਰੇਰਣਾਰਥਕ ਰੂਪਾਂ' ਵਿੱਚ ਫਿਰ 'ਨਾ' ਦੀ ਥਾਂ 'ਣਾ' ਹੋ ਜਾਂਦਾ ਹੈ; ਜਿਵੇਂ-'ਕਰਨਾ' ਤੋਂ 'ਕਰਾਉਣਾ', 'ਡਰਨਾ' ਤੋਂ 'ਡਰਾਉਣਾ', 'ਲੜਨਾ' ਤੋਂ 'ਲੜਾਉਣਾ', 'ਫੜਨਾ' 'ਤੋਂ ਫੜਾਉਣਾ'।

71. ਪੰਜਾਬੀ ਵਿੱਚ ਕਈ ਸ਼ਬਦ ਅਜੇਹੇ ਵੀ ਹਨ ਕਿ ਓਹਨਾਂ ਵਿੱਚ 'ਣ' ਲਿਖੀਏ ਤਾਂ ਅਰਥ ਹੋਰ ਹੁੰਦੇ ਹਨ, ਜੇ 'ਨ' ਲਿਖੀਏ ਤਾਂ ਹੋਰ; ਜਿਹਾ ਕਿ:-

ਮਣ-ਚਾਲੀਆਂ ਸੇਰਾਂ ਦਾ ਤੋਲ।

ਮਨ-ਸੋਚਣ ਵਾਲੀ ਸ਼ਕਤੀ, ਆਤਮਾ, ਦਿਲ।

ਸਣ-ਇਕ ਬੂਟਾ, ਜਿਸ ਦੇ ਰੇਸ਼ੇ ਤੋਂ ਰੱਸੇ ਆਦਿ ਬਣਦੇ ਹਨ।

ਸਨ-ਹੋਣਾ ਦਾ ਭੂਤ ਕਾਲ; ਜਿਵੇਂ-ਓਹ ਬਿਮਾਰ ਸਨ।

ਕਾਣੀ-ਇੱਕ ਅੱਖ ਵਾਲੀ।

ਕਾਨੀ-ਲਿਖਣ, ਕਲਮ।

ਕਾਣ-ਕਸਰ, ਵਿੰਗ, ਖ਼ੁਸ਼ਾਮਦ।

ਕਾਨ ਤਿੰਨਾਂ ਕਰਮਾਂ ਦਾ ਮਾਪ।

ਹਾਣੀ-ਹਾਣ ਦਾ, ਇੱਕੋ ਉਮਰ ਦਾ।

ਹਾਨੀ-ਨੁਕਸਾਨ, ਘਾਟਾ; ਹੱਤਕ।

ਜਾਨ-ਜਿੰਦ, ਪ੍ਰਾਣ, ਮਨ, ਰੂਹ। (ਨਾਉਂ)

ਜਾਣ-ਜਿਵੇਂ, ਤੂੰ ਜਾਣ। ਓਹ ਚਲੇ ਜਾਣ। (ਕਿਰਿਆ)

ਨੋਟ-ਚੇਤੇ ਰੱਖੋ ਕਿ 'ਹੁਣ' ਨੂੰ 'ਹੁਨ', 'ਜਣਾ' ਨੂੰ 'ਜਨਾ', ਤੇ 'ਕ਼ਾਣਾ' ਨੂੰ 'ਕਾਨਾ' ਲਿਖਣਾ ਠੀਕ ਨਹੀਂ।

---

*ਜੇ ਅੰਤਲਾ ਅੱਖਰ ਮੁਕਤਾ ਨਾ ਹੋਵੇ, ਤਾਂ 'ਣਾ' ਹੀ ਲੱਗਦਾ ਹੈ, 'ਨਾ' ਨਹੀਂ; ਜਿਵੇਂ-ਰੋਣਾ, ਪ੍ਰੋਣਾ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

(1) ਉਦਾਹਰਣ ਦੇ ਕੇ ਦੱਸੋ ਕਿ ਭਾਵਾਰਥ ਦੇ ਅੰਤ ਵਿੱਚ 'ਣਾ' ਕਦੋਂ ਹੁੰਦਾ ਹੈ, ਤੇ 'ਨਾ' ਕਦੋਂ ? ਨਾਲੇ ਹੇਠਾਂ ਲਿਖੇ ਸ਼ਬਦਾਂ ਨੂੰ ਦੋਸ਼ ਦੱਸ ਕੇ ਸੋਧੋ:-

ਸੋਚਨਾ, ਲਿਖਨਾ, ਜਾਣਣਾ, ਤੁਰਣਾ,

ਚੜ੍ਹਣਾ, ਰੋਨਾ, ਪ੍ਰੋਨਾ, ਲੜਣਾ, ਵਰ੍ਹਣਾ।

(2) ਏਹਨਾਂ ਸ਼ਬਦਾਂ ਨੂੰ ਵਾਕਾਂ ਵਿੱਚ ਵਰਤ ਕੇ ਏਹਨਾਂ ਦਾ ਪਰਸਪਰ ਅਰਥ-ਭੇਦ ਦੱਸੋ:-

ਭਿੰਨ ਭਿੰਨ-ਭਿਣ ਭਿਣ; ਜਾਨੀ-ਜਾਣੀ; ਕਾਨਾ- ਕਾਣਾ;

ਸਨ-ਸਣ; ਹਾਣੀ-ਹਾਨੀ; ਮਨ-ਮਣ; ਕਾਨੀ ਕਾਣੀ।

(3) ਹੇਠਾਂ ਲਿਖੇ ਧਾਤੂਆਂ ਦੇ ਭਾਵਾਰਥ ਲਿਖ ਕੇ ਦੱਸੋ-

ਪੜ੍ਹ, ਲਿਖ, ਸੁਣ, ਬੋਲ, ਗਿਣ, ਕਾੜ੍ਹ, ਸੋਚ, ਕਰ।

## (8) ਫੁਟਕਲ ਨੇਮ

72 ਹੁਣ ਕੁਝ ਕੁ ਹੋਰ ਨੇਮ ਦੱਸੇ ਜਾਂਦੇ ਹਨ, ਜਿਨ੍ਹਾਂ ਦੀ ਵਰਤੋਂ ਨਾਲ ਅਸੁੱਧ ਜੋੜਾਂ ਤੋਂ ਪੂਰੇ ਤੌਰ ਤੇ ਬਚ ਜਾਈਦਾ। ਹੈ ਸੋ ਚੇਤੇ ਰੱਖੋ ਕਿ:-

(1) ਕਨੌੜੇ ਦੀ ਅਵਾਜ਼ 'ਮੁਕਤਾ ਲਗ' ਤੇ 'ਉ' ਦੇ ਬਰਾਬਰ ਹੈ; ਜਿਸ ਕਰਕੇ 'ਕਉਣ' ਤੇ 'ਕੌਣ' ਦੋਵੇਂ ਰੂਪ ਸੁੱਧ ਹਨ। ਪਰ ਬਚਤੀ ਢੰਗ 'ਕਨੌੜੇ ਵਾਲਾ' ਹੈ; ਇਸ ਲਈ ਹੁਣ 'ਕਉਣ', 'ਚਉਥਾ', 'ਭਉਣਾ' ਤੇ 'ਦਉੜ' ਦੀ ਥਾਂ 'ਕੌਣ', 'ਚੌਥਾ', 'ਭੌਣਾ' ਤੇ 'ਦੌੜ' ਵਾਕਰ ਲਿਖਣਾ ਹੀ ਠੀਕ ਹੈ।

(2) ਵੇਖੋ ! 'ਖਿਡਾਉਣਾ', 'ਭਾਉਣਾ' ਤੇ 'ਪਾਉਣਾ' ਵਰਗੇ ਸ਼ਬਦਾਂ ਨੂੰ 'ਖਿਡੌਣਾ', 'ਭੌਣਾ, ਤੇ 'ਪੌਣਾ' ਵਾਕਰ ਲਿਖਣਾ ਅਸੁੱਧ ਹੈ; ਕਿਉਂਕਿ 'ਕਨੌੜੇ' ਦੀ ਅਵਾਜ਼ 'ਕੰਨੇ' ( ਾ ) ਤੇ 'ਉ' ਦੇ ਬਰਾਬਰ ਨਹੀਂ ਹੁੰਦੀ; ਨਾਲੇ ਵੇਖੋ ਕਿ:-

ਖਿਡਾਉਣਾ-ਖੇਡਣ ਦਾ ਕੰਮ ਕਰਾਉਣਾ, ਜੀ ਲਾਉਣਾ।

ਖਡੌਣਾ-ਖੇਡਣ ਦੀ ਚੀਜ਼ (ਲਾਟੂ ਆਦਿਕ)।

ਭਾਉਣਾ-ਮਨ ਨੂੰ ਚੰਗਾ ਲੱਗਣਾ, ਪਸੰਦ ਆਉਣਾ।

ਭੌਣਾ-ਫਿਰਨਾ, ਘੁੰਮਣਾ।

ਪਾਉਣਾ-ਅੰਦਰ ਰੱਖਣਾ, ਬਣਾਉਣਾ (ਮਕਾਨ)।

ਪੌਣਾ-ਕਿਸੇ ਚੀਜ਼ ਦਾ ਤਿੰਨ-ਚੁਥਾਈ ਹਿੱਸਾ।

Sri Satguru Jagjit Singh Ji Elibrary NamdhariElibrary@gmail.com

(3) ਵੇਖੋ ! ਪਦ-ਜੋੜ-ਕਾਨਫ਼੍ਰੰਸ ਨੇ ਫ਼ੈਸਲਾ ਕੀਤਾ ਹੈ ਕਿ ਹੇਠਾਂ ਲਿਖੇ ਸ਼ਬਦਾਂ ਦੇ ਪਹਿਲੇ ਰੂਪ ਹੀ ਸ਼ੁੱਧ ਹਨ:-

ਸ਼ੁੱਧ–ਨਾਇਣ, ਨਾਇਬ, ਕਾਇਦਾ, ਫ਼ਾਇਦਾ, ਸ਼ਾਇਦ।
ਅਸ਼ੁੱਧ–ਨੈਣ, ਨੈਬ, ਕੈਦਾ, ਫ਼ੈਦਾ, ਸ਼ੈਦ।
ਸ਼ੁੱਧ–ਇਕੱਠ, ਇਸ਼ਨਾਨ, ਇਤਬਾਰ, ਇਮਾਨ, ਇਮਲੀ।
ਅਸ਼ੁੱਧ–ਅਕੱਠ, ਅਸ਼ਨਾਨ, ਅਤਬਾਰ, ਅਮਾਨ, ਅਮਲੀ।

ਕਾਰਨ ਇਹ ਹੈ ਕਿ ਸ਼ਬਦਾਂ ਨੂੰ ਪੰਜਾਬੀ ਬਣਾਉਣ ਦਾ ਭਾਵ ਇਹ ਉੱਕਾ ਹੀ ਨਹੀਂ ਕਿ ਓਹਨਾਂ ਨੂੰ ਖ਼ਾਹ-ਮਖ਼ਾਹ ਹੀ ਵਿਗਾੜ ਕੇ ਬੋਲਿਆ ਜਾਂ ਲਿਖਿਆ ਜਾਏ; ਨਾਲੇ ਵੇਖੋ ਕਿ:-

ਇਮਾਨ = ਧਰਮ। ਅਮਾਨ = ਅਮਾਨਤ ਰੱਖੀ ਹੋਈ ਚੀਜ਼।
ਇਮਲੀ = ਇੱਕ ਰੁੱਖ ਤੇ ਉਸ ਦੀ ਫਲੀ।
ਅਮਲੀ = ਅਮਲ ਖਾਣ ਵਾਲਾ (ਅਫ਼ੀਮੀ, ਪੋਸਤੀ)।

(4) ਬੋਲ-ਚਾਲ ਵਿੱਚ ਤਾਂ 'ਸਿਹਾਰੀ' ਵਾਲੇ ਅੱਖਰ ਦਾ 'ਮੁਕਤਾ' ਹੋ ਜਾਂਦਾ ਹੈ; ਪਰ ਕਿਤਾਬੀ ਪੰਜਾਬੀ ਵਿੱਚ ਜਿੱਥੇ 'ਮੰਦਿਰ', 'ਕਠਿਨ', 'ਹਾਕਿਮ' ਤੇ 'ਖ਼ਾਲਿਸ' ਦੀ ਥਾਂ 'ਮੰਦਰ', 'ਕਠਨ', 'ਹਾਕਮ' ਤੇ 'ਖ਼ਾਲਸ' ਲਿਖਣਾ ਸ਼ੁੱਧ ਸਮਝਿਆ ਜਾਂਦਾ ਹੈ, ਉੱਥੇ ਵਿੱਦਵਾਨਾਂ ਦੀ ਰਾਇ ਵਿੱਚ 'ਧਾਰਮਿਕ', 'ਸੰਬੰਧਿਤ', 'ਖਿਡਾਉਣਾ' ਤੇ 'ਦਿਵਾਉਣਾ' ਦੀ ਥਾਂ 'ਧਾਰਮਕ', 'ਸੰਬੰਧਤ' 'ਖਡਾਉਣਾ' ਤੇ 'ਦਵਾਉਣਾ' ਲਿਖਣਾ ਅਸ਼ੁੱਧ ਹੈ। ਸੋ ਇਸ ਸੰਬੰਧ ਵਿੱਚ ਇਸ ਤੋਂ ਬਿਨਾਂ ਕੋਈ ਹੋਰ ਨੇਮ ਨਹੀਂ ਬਣ ਸਕਦਾ ਕਿ ਜਿਸ ਰੂਪ ਦੀ ਵਰਤੋਂ ਆਮ ਹੋ ਜਾਵੇ, ਓਹੋਓ ਸ਼ੁੱਧ ਹੈ ਤੇ ਦੂਜਾ ਅਸ਼ੁਧ।

(5) ਸੰਸਕ੍ਰਿਤ ਸ਼ਬਦਾਂ ਦੀ 'ਅੰਤਲੀ ਸਿਹਾਰੀ ਪੰਜਾਬੀ ਵਿੱਚ 'ਗਿਰ' ਜਾਂਦੀ ਹੈ ਜਾਂ 'ਬਿਹਾਰੀ' ਹੋ ਜਾਂਦੀ ਹੈ; ਜਿਵੇਂ-

ਸੰਸਕ੍ਰਿਤ–ਸ਼ਕਤਿ, ਗਤਿ, ਹਰਿ, ਬੁਧਿ, ਰੀਤਿ।
ਪੰਜਾਬੀ–ਸ਼ਕਤੀ, ਗਤੀ, ਹਰੀ, ਬੁੱਧ–ਬੁੱਧੀ, ਰੀਤ–ਰੀਤੀ।

(6) ਸੰਸਕ੍ਰਿਤ ਦਾ ' ' (ਕ੍ਸ਼) ਪੰਜਾਬੀ ਵਿੱਚ 'ਛ' ਜਾਂ 'ਖ' ਹੋ ਜਾਂਦਾ ਹੈ; ਜਿਹਾ ਕਿ:-

ਸੰਸਕ੍ਰਿਤ–ਅਕ੍ਸ਼ਰ, ਲਕ੍ਸ਼ਣ, ਕ੍ਸ਼ਤ੍ਰੀ, ਕ੍ਸ਼ਿਮਾ।
ਪੰਜਾਬੀ–ਅੱਛਰ–ਅੱਖਰ, ਲੱਛਣ–ਲੱਖਣ, ਖੱਤ੍ਰੀ–ਛੱਤੀ, ਖਿਮਾ।

Sri Satguru Jagjit Singh Ji Elibrary NamdhariElibrary@gmail.com

ਨੋਟ–'ਕ੍ਸ਼' ਦੀ ਥਾਂ 'ਖ੍ਛ' ਵਰਤ ਕੇ 'ਰਖ੍ਛਾ', 'ਖਿ੍ਛਮਾ' ਤੇ 'ਲਖ੍ਛਣ' ਲਿਖਣਾ ਬਿਲਕੁਲ ਅਸ਼ੁੱਧ ਹੈ।

(7) ਕਈ ਲੋਕ 'ਘ' 'ਝ', 'ਢ', 'ਧ' ਤੇ 'ਭ' ਦੀ ਥਾਂ ਕ੍ਰਮ ਨਾਲ 'ਗ', 'ਜ' 'ਡ' 'ਦ' ਤੇ 'ਬ' ਲਿਖ ਕੇ ਅਰਥ ਦਾ ਅਨਰਥ ਕਰ ਦਿੰਦੇ ਹਨ; ਜਿਵੇਂ:–

'ਮਘਰ' ਨੂੰ 'ਮਗਰ'; 'ਉੱਘ-ਸੁੱਘ' ਨੂੰ 'ਉੱਗ-ਸੁੱਗ'; 'ਸੁੱਝਣਾ' ਨੂੰ 'ਸੁੱਜਣਾ'; 'ਗੁੱਝਾ' ਨੂੰ 'ਗੁੱਜਾ'; 'ਬਾਝ' ਨੂੰ 'ਬਾਜ', 'ਵੱਢੀ' ਨੂੰ 'ਵੱਡੀ'; 'ਕੰਢਾ' ਨੂੰ 'ਕੰਡਾ'; 'ਸਾਢੇ ਤਿੰਨ' ਨੂੰ 'ਸਾਡੇ ਤਿੰਨ'; 'ਖਾਧ ਖ਼ੁਰਾਕ' ਨੂੰ 'ਖਾਦ ਖ਼ੁਰਾਕ'; 'ਸਿੱਧਾ ਸਾਦਾ' ਨੂੰ 'ਸਿੱਦਾ ਸਾਦਾ'; 'ਗਰਭ' ਨੂੰ 'ਗਰਬ'; 'ਗੋਭੀ' ਨੂੰ 'ਗੋਬੀ'; 'ਟੋਭਾ' ਨੂੰ 'ਟੋਬਾ' ਵਾਂਙੂ ਬਿਲਕੁਲ ਅਸ਼ੁੱਧ ਲਿਖਦੇ ਹਨ।

(8) ਠੇਠ ਪੰਜਾਬੀ ਦੇ ਕਈਆਂ ਸ਼ਬਦਾਂ ਦੇ ਮੁੱਢਲੇ 'ਸ੍ਵਰ' ਪੱਛਮੀ ਪੰਜਾਬੀ ਵਿੱਚ 'ਹ' ਨਾਲ ਬਦਲ ਜਾਂਦੇ ਹਨ; ਜਿਹਾ ਕਿ–

ਠੇਠ ਪੰਜਾਬੀ–ਇੱਕ, ਇੱਲ, ਊਠ, ਉਧਾਰ।
ਪੱਛਮੀ ਪੰਜਾਬੀ–ਹਿੱਕ, ਹਿੱਲ, ਹੂੰਠ, ਹੁਧਾਰ।

ਪਰ ਕਿਤਾਬੀ ਬੋਲੀ ਵਿੱਚ ਆਮ ਤੌਰ ਤੇ ਏਹ 'ਹ' ਵਾਲੇ ਰੂਪ ਪਰਵਾਨ ਨਹੀਂ ਹੁੰਦੇ ਤੇ ਅਸ਼ੁੱਧ ਸਮਝੇ ਜਾਂਦੇ ਹਨ।

(9) ਪੰਜਾਬੀ ਵਿੱਚ 'ਸ' ਦਾ 'ਹ' ਹੋ ਜਾਂਦਾ ਹੈ; ਇਸ ਲਈ ਹੇਠਾਂ ਲਿਖੇ ਸ਼ਬਦਾਂ ਦੇ ਦੋਵੇਂ ਦੋਵੇਂ ਰੂਪ ਸ਼ੁੱਧ ਹਨ:–

ਨਿਸਚਾ–ਨਿਹਚਾ; ਨਿਸਫਲ–ਨਿਹਫਲ; ਕਾਸ ਦਾ–ਕਾਹਦਾ;
ਤੁਸਾਡਾ–ਤੁਹਾਡਾ; ਉਸ ਦਾ–ਉਹਦਾ; ਸਾਸ–ਸਾਹ‡।

(10) ਵੇਖੋ! 'ਸ਼ੇਰ', 'ਸ਼ਹੀਦ' ਤੇ 'ਸ਼ਰਮ' ਆਦਿਕ ਸ਼ਬਦਾਂ ਨੂੰ ਪੁਰਾਤਨ ਪੰਜਾਬੀ ਦੇ ਨੇਮਾਂ ਅਨੁਸਾਰ 'ਸੇਰ', 'ਸਹੀਦ' ਤੇ 'ਸਰਮ' ਜਾਂ ਮਾਝੇ ਦੇ ਅਨਪੜ੍ਹ ਲੋਕਾਂ ਦੇ ਉੱਚਾਰਣ ਅਨੁਸਾਰ 'ਛੇਰ', 'ਛਹੀਦ' ਤੇ 'ਛਰਮ' ਕਰਕੇ

---

‡ਹੋਰ ਵੇਖੋ! ਇੱਕ + ਸੱਤਰ = ਇੱਕ + ਹੱਤਰ = ਇਕਹੱਤਰ; ਛੇ + ਸੱਤਰ = ਛੇ + ਹੱਤਰ = ਛਿਹੱਤਰ; ਇੱਕ + ਸੱਠ ਇੱਕ + ਹੱਠ = ਇਕਾਹਠ; ਸੱਤ + ਸੱਠ = ਸੱਤ + ਹੱਠ = ਸਤਾਹਠ।

Sri Satguru Jagjit Singh Ji Elibrary NamdhariElibrary@gmail.com

ਲਿਖਣਾ-ਪੜ੍ਹਨਾ ਅਸ਼ੁੱਧ ਹੈ । ਸੋ ਵਿੱਦਵਾਨਾਂ ਦੇ ਉੱਚਾਰਣ ਵਿੱਚ ਜਿੱਥੇ 'ਸ਼' ਬੋਲਦਾ ਹੋਵੇ, ਉੱਥੇ 'ਸ਼' ਹੀ ਲਿਖੋ, 'ਸ' ਜਾਂ 'ਛ' ਨਹੀਂ ।

(11) ਵੇਖੋ ! ਪਿੰਡਾਂ ਦੇ ਲੋਕ 'ਕਾਲਾ', 'ਧੌਲਾ' ਤੇ 'ਕੂਲਾ' ਆਦਿਕ ਸ਼ਬਦਾਂ ਦੇ 'ਲ' ਦਾ ਉੱਚਾਰਣ ਆਮ 'ਲ' ਵਾਕਰ (ਜੀਭ ਨੂੰ ਉੱਤਲਿਆਂ ਦੰਦਾਂ ਨਾਲ ਲਾ ਕੇ) ਨਹੀਂ ਕਰਦੇ; ਸਗੋਂ ਉੱਤਲਿਆਂ ਦੰਦਾਂ ਤੇ ਤਾਲੂ ਦੀ ਵਿਚਕਾਰਲੀ ਥਾਂ ਤੇ ਜੀਭ ਲਾਉਂਦੇ ਹਨ । ਸੋ ਇਸ ਉੱਚਾਰਣ ਨੂੰ ਪਰਗਟ ਕਰਨ ਲਈ 'ਲ' ਦੇ ਹੇਠਾਂ ਬਿੰਦਾ ( . ) ਲਾ ਕੇ 'ਕਾਲ਼ਾ', 'ਧੌਲ਼ਾ' ਤੇ 'ਕੂਲ਼ਾ' ਵਾਕਰ ਲਿਖ ਸਕਦੇ ਹਾਂ । ਪਰ 'ਕਿਤਾਬੀ ਬੋਲੀ' ਵਿੱਚ ਹਾਲਾਂ ਤੀਕ ਇਸ ਬਿੰਦੇ ਵਾਲੇ ਲੱਲੇ ( ਲ਼ ) ਦੀ ਵਰਤੋਂ ਨਹੀਂ ਹੋਈ; ਇਸ ਲਈ 'ਕਾਲਾ', 'ਧੌਲਾ' ਤੇ 'ਕੂਲਾ' ਆਦਿਕ ਜੋੜ ਹੀ ਸ਼ੁੱਧ ਹਨ ।

(12) ਕਿਤੇ-ਕਿਤੇ 'ਵ' ਦਾ 'ਬ' ਹੋ ਜਾਂਦਾ ਹੈ; ਜਿਹਾ ਕਿ–ਵਿੱਦਿਆ–ਬਿੱਦਿਆ, ਵਿਆਕਰਣ–ਬਿਆਕਰਣ, ਵੇਚਣਾ–ਬੇਚਣਾ । ਪਰ ਦੁਆਬੇ ਦੇ ਉੱਚਾਰਣ ਅਨੁਸਾਰ ਹਰ ਥਾਂ 'ਵ' ਦਾ 'ਬ' ਕਰ ਦੇਣਾ ਕਿਤਾਬੀ ਬੋਲੀ ਵਿਚ ਪਰਵਾਨ ਨਹੀਂ; ਜਿਹਾ ਕਿ–

ਸ਼ੁੱਧ–ਵੀਹ, ਵਿੱਚ, ਵਸੂਲ, ਵੱਸੋਂ, ਵਖਰਾ, ਵਖਿਆਨ ।

ਅਸ਼ੁੱਧ–ਬੀਹ, ਬਿੱਚ, ਬਸੂਲ, ਬੱਸੋਂ, ਬੱਖਰਾ, ਬਖਿਆਨ ।

(13) ਵੇਖੋ ! 'ਪੰਜਵਾਂ, 'ਸੱਤਵਾਂ' ਤੇ 'ਜੁੜਵਾਂ' ਆਦਿਕ ਸ਼ਬਦਾਂ ਨੂੰ ਦੁਆਬੇ ਦੇ ਲੋਕ 'ਪੰਜਮਾਂ', 'ਸੱਤਮਾਂ', ਤੇ 'ਜੁੜਮਾਂ' ਵਾਕਰ ਬੋਲਦੇ ਹਨ; ਪਰ 'ਕਿਤਾਬੀ ਬੋਲੀ' ਵਿੱਚ ਇਸ ਤਰ੍ਹਾਂ 'ਵ' ਦਾ 'ਮ' ਕਰ ਦੇਣਾ ਅਸ਼ੁੱਧ ਹੈ ।

(14) ਅੰਗਰੇਜ਼ੀ ਦੇ ਅੱਖਰ (E) ਦੀ ਅਵਾਜ਼ ਕੁਝ ਵੱਖਰੀ ਜੇਹੀ ਹੈ, ਜਿਸ ਦੇ ਲਈ ਪੰਜਾਬੀ ਵਿੱਚ ਕੋਈ ਖ਼ਾਸ 'ਲਗ' ਨਹੀਂ; ਪਰ ਹੁਣ ਦੁਲਾਈਆਂ ( ੈ ) ਨਾਲ ਅੱਧਕ ( ੱ ) ਲਾ ਕੇ ਇਸ ਅਵਾਜ਼ ਨੂੰ ਪਰਗਟ ਕਰਨ ਦਾ ਰਿਵਾਜ ਆਮ ਹੁੰਦਾ ਜਾਂਦਾ ਹੈ; ਜਿਵੇਂ:-

ਹੈੱਡ–Head. ਨੈੱਟ–Net. ਸੈੱਟ Set.

(15) ਪਿਛੇਤਰ 'ਵਾਲਾ' ਆਮ ਤੌਰ ਤੇ ਨਿਖੇੜ ਕੇ ਹੀ ਲਿਖਿਆ ਜਾਂਦਾ ਹੈ; ਜਿਵੇਂ:–ਲਿਖਣ ਵਾਲੇ, ਪੜ੍ਹਨ ਵਾਲਿਆਂ, ਆਦਿਕ; ਪਰ ਹੁਣ ਕਿਤੇ ਕਿਤੇ ਇਸ ਨੂੰ ਜੋੜ ਵੀ ਦਿੰਦੇ ਹਨ; ਜਿਹਾ ਕਿ–

ਦੁੱਧਵਾਲਾ, ਟਾਂਗੇਵਾਲਾ, ਲਿਖਣਵਾਲਾ, ਪੜ੍ਹਨਵਾਲਿਆਂ ।

Sri Satguru Jagjit Singh Ji Elibrary NamdhariElibrary@gmail.com

(16) ਕਈ ਲੋਕ 'ਧਾਤੂ' ਦੇ ਅੰਤ ਵਿੱਚ 'ਕੇ' ਨੂੰ ਜੋੜ ਕੇ ਹੀ ਲਿਖਦੇ ਹਨ; ਜਿਹਾ ਕਿ–ਖ ਕੇ, ਨ੍ਹਾਕੇ, ਧੋਕੇ। ਪਰ ਵਿੱਦਵਾਨਾਂ ਦਾ ਫ਼ੈਸਲਾ ਹੈ ਕਿ ਇਸ ਨੂੰ ਨਖੇੜ ਹੀ ਲਿਖਣਾ ਚੰਗਾ ਹੈ; ਜਿਹਾ ਕਿ–ਖਾ ਕੇ, ਨ੍ਹਾ ਕੇ, ਧੋ ਕੇ, ਹਸਾ ਕੇ, ਸੁਣਾ ਸੁਣਾ ਕੇ, ਰੋ ਰੋ ਕੇ।

(17) ਚੇਤੇ ਰੱਖੋ ਕਿ 'ਭਵਿੱਖਤ ਕਾਲ' ਦੀ ਨਿਸ਼ਾਨੀ 'ਗਾ' ਨੂੰ ਜੋੜ ਕੇ ਹੀ ਲਿਖਣਾ ਠੀਕ ਹੈ, ਨਿਖੇੜ ਲਿਖਣਾ ਠੀਕ ਨਹੀਂ। ਸੋ–

ਸ਼ੁੱਧ–ਖਾਏਗਾ, ਨ੍ਹਾਉਣਗੇ, ਪੜ੍ਹਨਗੀਆਂ।

ਅਸ਼ੁੱਧ–ਖਾਏ ਗਾ, ਨ੍ਹਾਉਣ ਗੇ, ਪੜ੍ਹਨ ਗੀਆਂ।

(18) ਪਦ-ਜੋੜ-ਕਾਨਫ਼੍ਰੰਸ ਦਾ ਫ਼ੈਸਲਾ ਹੈ ਕਿ 'ਅਮਰਿਤਸਰ', 'ਅੰਮਰਤਸਰ' ਤੇ 'ਅੰਬਰਸਰ' ਆਦਿਕ ਜੋੜਾਂ ਨੂੰ ਛੱਡ ਕੇ ਅੱਗੋਂ ਲਈ ਇੱਕੋ 'ਅੰਮ੍ਰਿਤਸਰ' ਹੀ ਲਿਖਿਆਂ ਜਾਇਆ ਕਰੇ।

(19) ਕਵਿਤਾ ਵਿੱਚ ਕਿਸੇ ਸ਼ਬਦ ਦਾ ਕੋਈ ਅੱਖਰ ਛੱਡਣਾ ਪਵੇ, ਤਾਂ ਉਸ ਦੀ ਥਾਂ 'ਫੁੱਟ-ਮਰੋੜੀ' ਜਾਂ 'ਉੱਚਾ ਕਾਮਾ' ( ' ) ਜ਼ਰੂਰ ਲਿਖੋ; ਜਿਵੇਂ– ਵਿੱਚੋਂ = 'ਚੋਂ; ਇਕੱਠ = 'ਕੱਠ।

(20) ਕਿਸੇ ਸ਼ਬਦ ਦਾ ਕੁਝ ਹਿੱਸਾ ਪਹਿਲੀ ਸਤਰ ਦੇ ਅੰਤ ਵਿੱਚ ਅਤੇ ਬਾਕੀ ਦਾ ਹਿੱਸਾ ਦੂਜੀ ਸਤਰ ਦੇ ਅਰੰਭ ਵਿੱਚ ਲਿਖਣਾ ਪਵੇ, ਤਾਂ ਪਹਿਲੇ ਹਿੱਸੇ ਦੇ ਅੱਗੇ ਹੇਠਾਂ ਲਿਖੇ ਨੇਮਾਂ ਅਨੁਸਾਰ ਇਹ ਨਿਸ਼ਾਨੀ ( - ) ਜਿਸ ਨੂੰ 'ਜੋੜਨੀ' ਆਖਦੇ ਹਨ, ਜ਼ਰੂਰ ਬਣਾਓ:–

(ੳ) ਸਮਾਸੀ ਸ਼ਬਦਾਂ (Compounds) ਦੇ ਮੂਲ ਖੰਡ ਨਿਖੇੜੋ; ਜਿਵੇਂ–'ਚਿੜੀ-ਮਾਰ' ਤੇ 'ਸਤ-ਸੰਗੀ' ਵਾਕਰ ਲਿਖਣਾ ਤਾਂ ਠੀਕ ਹੈ, ਪਰ 'ਚਿ-ੜੀਮਾਰ' ਤੇ 'ਸਤ-ਸੰਗੀ' ਕਰਕੇ ਲਿਖਣਾ ਅਸ਼ੁੱਧ।

(ਅ) ਉਤਪੰਨ ਸ਼ਬਦਾਂ ਦੇ ਅਗੇਤਰ 'ਪਿਛੇਤਰ' ਤੇ 'ਮੂਲ ਸ਼ਬਦ' ਪੂਰੇ ਰੂਪ ਵਿੱਚ ਹੀ ਨਿਖੇੜਨੇ ਚਾਹੀਦੇ ਹਨ; ਜਿਵੇਂ–

ਸ਼ੁੱਧ–ਕੁ-ਸੰਗੀ', ਨਿਰ-ਦੋਸ਼', 'ਧਨ-ਵਾਨ'।

ਅਸ਼ੁੱਧ–'ਕੁਸੰ-ਗੀ', 'ਨਿ-ਰਦੋਸ਼', 'ਧਨਵਾ-ਨ'।

(ੲ) ਮੂਲ ਸ਼ਬਦਾਂ ਦੇ 'ਸ਼ਬਦਾਂਗ' ਨਿਖੇੜਨੇ ਚਾਹੀਦੇ ਹਨ। ਸੋ–

ਸ਼ੁੱਧ–ਮਦ-ਰਾਸ, ਗੁਜ-ਰਾਤ, ਕੁਰ-ਸੀ, ਤਖ਼-ਤੀ।

ਅਸ਼ੁੱਧ–ਮ-ਦਰਾਸ, ਗੁ-ਜਰਾਤ, ਕੁ-ਰਸੀ, ਤ-ਖ਼ਤੀ।

Sri Satguru Jagjit Singh Ji Elibrary NamdhariElibrary@gmail.com

# ਦੂਜਾ ਭਾਗ

## ਸ਼ਬਦਬੋਧ (Etymology)

**73. ਸ਼ਬਦਬੋਧ** ਵਿਆਕਰਣ ਦਾ ਉਹ ਭਾਗ ਹੈ, ਜਿਸ ਵਿੱਚ ਸ਼ਬਦਾਂ ਦੀ ਵੰਡ, ਰੂਪਾਂਤਰ ਤੇ ਰਚਨਾ ਦਾ ਵਰਣਨ ਹੁੰਦਾ ਹੈ।

## (ੳ) ਸ਼ਬਦ-ਵੰਡ

74. 'ਅਰਥ' ਕਰਕੇ ਪੰਜਾਬੀ ਬੋਲੀ ਦੇ ਸਾਰੇ ਸ਼ਬਦ ਅੱਠਾਂ ਸ੍ਰੇਣੀਆਂ ਵਿੱਚ ਵੰਡੇ ਹੋਏ ਹਨ। ਇਨ੍ਹਾਂ ਹੀ ਅੱਠਾਂ ਸ਼ਬਦ-ਸ੍ਰੇਣੀਆਂ ਨੂੰ **ਅੱਠ ਸ਼ਬਦ-ਭੇਦ** ਜਾਂ **ਅੱਠ ਵਾਕ-ਅੰਗ** (Eight Parts of Speech) ਆਖਦੇ ਹਨ, ਜਿਨ੍ਹਾਂ ਦੇ ਨੰਬਰ, ਨਾਉਂ ਤੇ ਲੱਛਣ ਇਸ ਪਰਕਾਰ ਹਨ :-

(1) ਜਿਸ ਸ਼ਬਦ ਨੂੰ ਸੁਣਿਆਂ-ਪੜ੍ਹਿਆਂ ਕਿਸੇ ਵਸਤੂ* ਦਾ ਖ਼ਿਆਲ ਆਵੇ, ਉਹਨੂੰ ਨਾਉਂ (Noun) ਆਖਦੇ ਹਨ; ਜਿਹਾ ਕਿ-ਰਾਵਣ, ਹਾਥੀ, ਸੂਰਜ, ਦੁੱਧ, ਘਿਉ, ਖੰਡ, ਸ਼ਕਰ, ਮੌਤ, ਮਿਠਾਸ, ਕੁੜੱਤਣ।

(2) ਜਿਹੜਾ ਸ਼ਬਦ ਕਿਸੇ ਨਾਉਂ ਦੀ ਥਾਂ ਵਰਤਿਆ ਜਾਵੇ, ਉਸ ਨੂੰ **ਪੜਨਾਉਂ** (Pronoun) ਆਖਦੇ ਹਨ; ਜਿਹਾ ਕਿ-ਮੈਂ, ਤੂੰ ਉਹ, ਕੌਣ, ਕੀ, ਕਿਹੜਾ।

(3) ਜਿਹੜਾ ਸ਼ਬਦ ਕਿਸੇ ਨਾਉਂ ਜਾਂ ਪੜਨਾਉਂ ਦੇ ਅਰਥਾਂ ਨੂੰ

---

*ਇਸ ਪੁਸਤਕ ਵਿੱਚ 'ਵਸਤੂ' ਸ਼ਬਦ ਸਭਨਾਂ 'ਦੇਹਧਾਰੀ' ਤੇ 'ਦੇਹ-ਰਹਿਤ' ਵਸਤਾਂ ਲਈ ਸਾਂਝਾ ਵਰਤਿਆ ਗਿਆ ਹੈ। ਸੋ 'ਹਾਥੀ' ਵੀ ਇੱਕ ਵਸਤੂ ਹੈ ਤੇ 'ਮਿਠਾਸ' ਵੀ।

Sri Satguru Jagjit Singh Ji Elibrary NamdhariElibrary@gmail.com

ਆਮ ਤੋਂ ਖ਼ਾਸ ਬਣਾਵੇ, ਉਹਨੂੰ **ਵਿਸ਼ੇਸ਼ਣ** (Adjective) ਆਖਦੇ ਹਨ; ਜਿਹਾ ਕਿ–'ਅਰਬੀ–ਘੋੜਾ' ਵਿੱਚ 'ਅਰਬੀ' ਤੇ 'ਠੰਡਾ ਜਲ' ਵਿੱਚ 'ਠੰਡਾ'।

(4) ਜਿਹੜਾ ਸ਼ਬਦ ਕਿਸੇ ਵਸਤੂ ਦੇ 'ਕੰਮ' ਨੂੰ 'ਕਾਲ–ਸਹਿਤ' ਪਰਗਟ ਕਰੇ, ਉਹਨੂੰ **ਕਿਰਿਆ** (Verb) ਆਖਦੇ ਹਨ; ਜਿਹਾ ਕਿ–ਆਇਆ ਸੀ, ਪੜ੍ਹਦਾ ਹੈ, ਲਿਖੇਗਾ।

(5) ਜਿਹੜਾ ਸ਼ਬਦ ਕਿਸੇ 'ਕਿਰਿਆ' ਜਾਂ 'ਵਿਸ਼ੇਸ਼ਣ' ਦੇ ਅਰਥਾਂ ਵਿੱਚ ਵਿਸ਼ੇਸ਼ਤਾ ਉਤਪੰਨ ਕਰੇ, ਉਸ ਨੂੰ **ਕਿਰਿਆ-ਵਿਸ਼ੇਸ਼ਣ** (Adverb) ਆਖਦੇ ਹਨ; ਜਿਹਾ ਕਿ–'ਛੇਤੀ ਚਲੋ' ਵਿੱਚ 'ਛੇਤੀ' ਤੇ 'ਬਹੁਤ ਚੰਗਾ ਮੁੰਡਾ' ਵਿੱਚ 'ਬਹੁਤ'।

ਨੋਟ–ਜਿਹੜਾ ਸ਼ਬਦ ਕਿਸੇ 'ਕਿਰਿਆ–ਵਿਸ਼ੇਸ਼ਣ' ਦੇ ਅਰਥਾਂ ਵਿੱਚ ਵਿਸ਼ੇਸ਼ਤਾ ਉਤਪੰਨ ਕਰੇ, ਉਹਨੂੰ ਵੀ 'ਕਿਰਿਆ–ਵਿਸ਼ੇਸ਼ਣ ਹੀ ਕਿਹਾ ਜਾਂਦਾ ਹੈ; ਜਿਹਾ ਕਿ–'ਬਹੁਤ ਛੇਤੀ ਚਲੋ' ਵਿੱਚ 'ਬਹੁਤ'।

(6) ਜਿਹੜਾ ਸ਼ਬਦ ਕਿਸੇ ਨਾਉਂ ਜਾਂ ਪੜਨਾਉਂ ਨਾਲ ਆ ਕੇ ਉਹਦਾ ਅਰਥ-ਸੰਬੰਧ ਵਾਕ ਦੀ ਕਿਰਿਆ ਜਾਂ ਹੋਰਨਾਂ ਸ਼ਬਦਾਂ ਨਾਲ ਪਰਗਟ ਕਰੇ, ਉਹਨੂੰ **ਸੰਬੰਧਕ** (Post Position) ਆਖਦੇ ਹਨ; ਜਿਹਾ ਕਿ–ਨੇ, ਨੂੰ, ਨਾਲ, ਤੋਂ, ਰਾਹੀਂ, ਦਾ, ਦੇ, ਦੀ, ਦੀਆਂ।

(7) ਜਿਹੜਾ ਸ਼ਬਦ ਦੋ ਵਾਕਾਂ ਜਾਂ ਸ਼ਬਦਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ **ਯੋਜਕ** (Conjunction) ਆਖਦੇ ਹਨ; ਜਿਹਾ ਕਿ–ਅਤੇ, ਅਰ, ਪਰ, ਸਗੋਂ, ਚਾਹੇ...ਚਾਹੇ, ਜੇ...ਤਾਂ।

(8) ਜਿਹੜਾ ਸ਼ਬਦ ਕਿਸੇ ਨੂੰ ਬੁਲਾਉਣ ਸਮੇਂ ਜਾਂ ਅਸਚਰਜਤਾ ਆਦਿਕ ਮਨ ਦੇ ਕਿਸੇ ਵਲਵਲੇ ਨੂੰ ਪਰਗਟ ਕਰਨ ਲਈ ਬਦੋਬਦੀ ਮੂੰਹ ਥੀਂ ਨਿਕਲ ਜਾਵੇ, ਉਸ ਨੂੰ **ਵਿਸਮਿਕ** (Interjection) ਆਖਦੇ ਹਨ; ਜਿਹਾ ਕਿ–ਓਏ ! ਹੇ ! ਨੀ ! ਆਹਾ ! ਵਾਹ ਵਾਹ ! ਹਾਏ ਹਾਏ।

Sri Satguru Jagjit Singh Ji Elibrary NamdhariElibrary@gmail.com

# (ਅ) ਸ਼ਬਦ-ਰੂਪਾਂਤਰ

75. ਅਰਥ-ਭੇਦ ਕਰਕੇ ਸ਼ਬਦਾਂ ਦੇ ਉੱਚਾਰਣ ਜਾਂ ਰੂਪ ਵਿੱਚ ਜੋ ਅਦਲਾ-ਬਦਲੀ ਹੁੰਦੀ ਹੈ, ਉਹਨੂੰ **ਰੂਪਾਂਤਰ** (Declention) ਆਖਦੇ ਹਨ, ਜੋ ਪੰਜਾਬੀ ਵਿੱਚ ਪੰਜ ਪਰਕਾਰ ਦਾ ਹੈ:–(1) ਲਿੰਗ ਕਰਕੇ; (2) ਵਚਨ ਕਰਕੇ; (3) ਕਾਰਕ ਜਾਂ ਕਾਰਕਰੂਪ ਕਰਕੇ; (4) ਕਾਲ ਕਰਕੇ; ਤੇ (5) ਪੁਰਖ ਕਰਕੇ।

ਏਹਨਾਂ ਵਿੱਚੋਂ ਤਿੰਨ ਪਰਕਾਰ ਦਾ ਰੂਪਾਂਤਰ 'ਨਾਵਾਂ', 'ਪੜਨਾਵਾਂ' ਤੇ 'ਵਿਸ਼ੇਸਣਾਂ' ਵਿੱਚ ਹੁੰਦਾ ਹੈ, ਅਥਵਾ, ਲਿੰਗ ਕਰਕੇ, ਵਚਨ ਕਰਕੇ ਤੇ ਕਾਰਕ ਜਾਂ ਕਾਰਕਰੂਪ ਕਰਕੇ; ਅਤੇ ਚਾਰ ਪਰਕਾਰ ਦਾ 'ਕਿਰਿਆ' ਵਿੱਚ, ਅਥਵਾ, ਲਿੰਗ ਕਰਕੇ, ਵਚਨ ਕਰਕੇ, ਕਾਲ ਕਰਕੇ ਤੇ ਪੁਰਖ ਕਰਕੇ। ਪਰ ਬਾਕੀ ਦਿਆਂ ਚਹੁੰਆਂ ਸ਼ਬਦ-ਭੇਦਾਂ (ਕਿਰਿਆ-ਵਿਸ਼ੇਸ਼ਣਾਂ, ਸੰਬੰਧਕਾਂ, ਯੋਜਕਾਂ ਤੇ ਵਿਸਮਿਕਾਂ) ਦੇ ਰੂਪ ਵਿੱਚ ਕੋਈ ਤਬਦੀਲੀ ਕਦੇ ਹੁੰਦੀ ਹੀ ਨਹੀਂ (ਸਿਵਾਏ ਸੰਬੰਧਕ 'ਦਾ' ਦੇ)।

ਇਸ ਲਈ ਰੂਪਾਂਤਰ ਅਨੁਸਾਰ ਪੰਜਾਬੀ ਬੋਲੀ ਦੇ ਸਾਰੇ ਸ਼ਬਦ ਤਿੰਨਾਂ ਸ੍ਰੇਣੀਆਂ ਵਿੱਚ ਵੰਡੇ ਜਾਂਦੇ ਹਨ:–

(1) ਜਿਨ੍ਹਾਂ ਸ਼ਬਦਾਂ ਦੇ ਰੂਪ ਲਿੰਗ, ਵਚਨ ਤੇ ਕਾਰਕ ਜਾਂ ਕਾਰਕਰੂਪ ਕਰਕੇ ਤਾਂ ਬਦਲਦੇ ਹੋਣ, ਪਰ 'ਕਾਲ' ਕਰਕੇ ਨਹੀਂ, ਓਹਨਾਂ ਨੂੰ **ਸੰਗਿਆ** ਕਿਹਾ ਜਾਂਦਾ ਹੈ।

ਇਸ ਤਰ੍ਹਾਂ ਰੂਪਾਂਤਰ ਕਰਕੇ ਨਾਉਂ, ਪੜਨਾਉਂ ਤੇ ਵਿਸ਼ੇਸ਼ਣ, ਏਹ ਤਿੰਨੇ, 'ਸੰਗਿਆ' ਹੀ ਹੁੰਦੇ ਹਨ।

(2) ਜਿਨ੍ਹਾਂ ਸ਼ਬਦਾਂ ਦੇ ਰੂਪ ਲਿੰਗ, ਵਚਨ ਤੇ ਕਾਲ ਕਰਕੇ ਤਾਂ ਬਦਲਦੇ ਹੋਣ, ਪਰ ਕਾਰਕ ਜਾਂ ਕਾਰਕਰੂਪ ਕਰਕੇ ਨਹੀਂ, ਓਹਨਾਂ ਨੂੰ **ਕਿਰਿਆ** ਆਖਦੇ ਹਨ।

ਵੇਖੋ! ਅਰਥ ਕਰਕੇ 'ਕਿਰਿਆ' ਦਾ ਲੱਛਣ ਹੋਰ ਹੈ ਤੇ ਰੂਪਾਂਤਰ ਕਰਕੇ ਹੋਰ।

(3) ਜਿਨ੍ਹਾਂ ਸ਼ਬਦਾਂ ਦੇ ਰੂਪ ਕਦੇ ਬਦਲਦੇ ਹੀ ਨਹੀਂ, ਓਹਨਾਂ ਨੂੰ **ਅੱਵਿਆ** (ਨਾ ਬਦਲਣ ਵਾਲੇ–Inclinables) ਆਖਦੇ ਹਨ।

ਸੋ ਰੂਪਾਂਤਰ ਕਰਕੇ ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਤੇ ਵਿਸਮਿਕ, ਏਹ ਚਾਰੇ, 'ਅੱਵਿਆ' ਹੀ ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

# (ੲ) ਸ਼ਬਦ-ਰਚਨਾ

76. ਰਚਨਾ ਜਾਂ ਬਣਾਵਟ ਅਨੁਸਾਰ ਸ਼ਬਦਾਂ ਦੀਆਂ ਮੁੱਖ ਸ੍ਰੇਣੀਆਂ ਤਿੰਨ ਹੀ ਹਨ–(1) ਮੂਲ ਸ਼ਬਦ; (2) ਉਤਪੰਨ ਸ਼ਬਦ; ਤੇ (3) ਸਮਾਸੀ ਸ਼ਬਦ।

(1) ਜਿਹੜਾ ਸ਼ਬਦ ਕਿਸੇ ਹੋਰ ਸ਼ਬਦ ਤੋਂ ਨਾ ਬਣਿਆ ਹੋਵੇ, ਉਹਨੂੰ **ਮੂਲ ਸ਼ਬਦ** (Primitive) ਆਖਦੇ ਹਨ; ਜਿਹਾ ਕਿ–ਵੈਰ, ਬਾਲ, ਰੋਗ।

(2) ਜਿਹੜਾ ਸ਼ਬਦ ਕਿਸੇ ਮੂਲ ਸ਼ਬਦ ਨਾਲ 'ਅਗੇਤਰ', 'ਪਿਛੇਤਰ' ਜਾਂ 'ਦੋਵੇਂ' ਲਾ ਕੇ ਬਣਾਇਆ ਗਿਆ ਹੋਵੇ, ਉਹਨੂੰ **ਉਤਪੰਨ ਸ਼ਬਦ** (Derivative) ਆਖਦੇ ਹਨ; ਜਿਹਾ ਕਿ-ਨਿਰਵੈਰ (=ਨਿਰ-ਵੈਰ), ਬਾਲਪਣ (=ਬਾਲ-ਪਣ), ਅਰੋਗਤਾ (=ਅ-ਰੋਗ-ਤਾ)।

(3) ਜਿਹੜਾ ਸ਼ਬਦ ਦੋ ਜਾਂ ਵਧੀਕ ਸ਼ਬਦਾਂ ਦੇ ਸੰਜੋਗ ਥੀਂ ਬਣਿਆ ਹੋਵੇ, ਉਹਨੂੰ **ਸਮਾਸੀ ਸ਼ਬਦ** (Compound word) ਆਖਦੇ ਹਨ; ਜਿਹਾ ਕਿ– ਚਿੜੀ-ਮਾਰ, ਸਤ-ਸੰਗੀ, ਜਨਮ-ਰੋਗ, ਦੇਸ-ਨਿਕਾਲਾ।

—o—

Sri Satguru Jagjit Singh Ji Elibrary NamdhariElibrary@gmail.com

# ਪਹਿਲਾ ਅਧਿਆਇ

## (ਨਾਉਂ)

## (1 ਨਾਵਾਂ ਦੀ ਵੰਡ

77. ਜਿਸ ਸ਼ਬਦ ਨੂੰ ਸੁਣਿਆਂ-ਪੜ੍ਹਿਆਂ ਕਿਸੇ ਵਸਤੂ ਦਾ ਖ਼ਿਆਲ ਆਵੇ, ਉਸ ਨੂੰ **ਨਾਉਂ** ਆਖਦੇ ਹਨ; ਜਿਵੇਂ—ਹਾਥੀ, ਗੰਨਾ, ਮਿਠਾਸ, ਸੋਨਾ, ਦੁੱਧ, ਫ਼ੌਜ।

78. ਨਾਉਂ ਪੰਜ ਪਰਕਾਰ ਦੇ ਹਨ-

(1) ਜਿਹੜਾ ਨਾਉਂ ਕੇਵਲ ਇੱਕ ਹੀ ਵਸਤੂ ਲਈ ਵਰਤਿਆ ਜਾਏ, ਉਸ ਨੂੰ **ਖ਼ਾਸ ਨਾਉਂ** (Proper Noun) ਆਖਦੇ ਹਨ; ਜਿਵੇਂ ਰਾਵੀ, ਲਾਹੌਰ, ਪੰਜਾਬ, ਸ਼ੇਰ, ਰਣਜੀਤ ਸਿੰਘ।

(2) ਜਿਹੜਾ ਨਾਉਂ ਗਿਣਨ-ਯੋਗ ਚੀਜ਼ਾਂ ਦੀ ਸਾਰੀ ਜਾਤੀ ਲਈ ਤੇ ਉਸ ਜਾਤੀ ਦੀ ਹਰ ਇੱਕ ਚੀਜ਼ ਲਈ ਸਾਂਝਾ ਹੋਵੇ, ਉਸ ਨੂੰ **ਜਾਤੀ ਨਾਉਂ** (Common Noun) ਆਖਦੇ ਹਨ; ਜਿਵੇਂ—ਮਨੁੱਖ, ਗਊ, ਪਹਾੜ, ਦਰਿਆ, ਕੁਰਸੀ, ਮੇਜ਼।

(3) ਜਿਹੜਾ ਨਾਉਂ ਅੱਡ-ਅੱਡ ਵਸਤਾਂ ਦੇ ਸਮੂਹ ਜਾਂ ਇਕੱਠ ਲਈ ਵਰਤਿਆ ਜਾਏ, ਉਸ ਨੂੰ **ਇਕੱਠਵਾਚਕ ਨਾਉਂ** (Collective Noun), ਆਖਦੇ ਹਨ; ਜਿਵੇਂ—ਇੱਜੜ, ਫ਼ੌਜ, ਜਮਾਤ, ਕਮੇਟੀ।

(4) ਜਿਹੜਾ ਨਾਉਂ ਕਿਸੇ ਏਹੋ ਜੇਹੇ ਪਦਾਰਥ ਨੂੰ ਪਰਗਟ ਕਰੇ, ਜਿਸ ਨੂੰ (ਗਿਣਿਆ ਨਹੀਂ ਸਗੋਂ) ਤੋਲਿਆ ਜਾਂ ਮਿਣਿਆ ਜਾਂਦਾ ਹੋਵੇ, ਉਸ ਨੂੰ **ਪਦਾਰਥਵਾਚਕ ਨਾਉਂ** (Material Moun) ਆਖਦੇ ਹਨ; ਜਿਹਾ ਕਿ—ਸੋਨਾ, ਚਾਂਦੀ, ਦੁੱਧ, ਪਾਣੀ, ਰੇਤ, ਮਿੱਟੀ, ਆਦਿਕ।

(5) ਜਿਹੜਾ ਨਾਉਂ ਕਿਸੇ ਦੇਹ-ਰਹਿਤ ਵਸਤੂ ਨੂੰ ਪਰਗਟ ਕਰੇ, ਉਹਨੂੰ **ਭਾਵਵਾਚਕ ਨਾਉਂ** (Abstract Noun) ਆਖਦੇ ਹਨ; ਜਿਵੇਂ-ਮਿਠਾਸ, ਕੁੜੱਤਣ, ਚੋਰੀ, ਲੜਾਈ, ਝਗੜਾ, ਜੁਆਨੀ, ਬੁਢੇਪਾ, ਤਪ।

Sri Satguru Jagjit Singh Ji Elibrary NamdhariElibrary@gmail.com

78. ਵੇਖੋ ! ਅਰਥ ਕਰਕੇ ਇੱਕੋ ਨਾਉਂ 'ਜਾਤੀ' ਜਾਂ 'ਪਦਾਰਥ-ਵਾਚਕ' ਹੋ ਸਕਦਾ ਹੈ; ਜਿਵੇਂ:–

ਅੱਜ ਉਸ ਨੇ ਇੱਕੋ 'ਮੱਛੀ' ਫੜੀ ਹੈ। (ਜਾਤੀ)

ਅੱਜ ਉਸ ਨੇ 'ਮੱਛੀ' (=ਮੱਛੀ ਦਾ ਮਾਸ) ਨਹੀਂ ਖਾਧੀ। (ਪਦਾਰਥਵਾਚਕ)

ਅਭਿਆਸ

1. ਨਾਉਂ ਕਿਹਨੂੰ ਆਖਦੇ ਹਨ ? ਨਾਉਂ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ ? ਹਰ ਇੱਕ ਦਾ ਲੱਛਣ ਤੇ ਦੋ-ਦੋ ਉਦਾਹਰਣ ਵੀ ਦੱਸੋ।
2. ਇਨ੍ਹਾਂ ਵਾਕਾਂ ਵਿੱਚੋਂ ਨਾਉਂ ਚੁਣ ਕੇ ਉਨ੍ਹਾਂ ਦਾ ਪਰਕਾਰ ਦੱਸੋ:–
   ਚੰਦੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਹਿੰਦੂ ਗਊ ਨੂੰ ਮਾਤਾ ਕਹਿੰਦੇ ਹਨ। ਵਿੱਦਿਆ ਸਭ ਤੋਂ ਉੱਤਮ ਧਨ ਹੈ। ਭੀੜ ਵਿੱਚ ਨਾ ਜਾਓ।

—o—

# (2) ਨਾਵਾਂ ਦਾ ਰੂਪਾਂਤਰ

80. ਨਾਵਾਂ ਵਿੱਚ ਤਿੰਨ ਤਰ੍ਹਾਂ ਦਾ ਰੂਪਾਂਤਰ ਹੁੰਦਾ ਹੈ–(ੳ) ਲਿੰਗ ਕਰਕੇ; (ਅ) ਵਚਨ ਕਰਕੇ; ਤੇ (ੲ) ਕਾਰਕ ਜਾਂ ਕਾਰਕਰੂਪ ਕਰਕੇ।

## (ੳ) ਲਿੰਗ

81. ਸ਼ਬਦਾਂ ਵਿੱਚ ਜੋ ਜ਼ਨਾਨੇ-ਮਰਦਾਵੇਂ ਬੋਲ ਦਾ ਭੇਦ ਹੁੰਦਾ ਹੈ, ਉਹਨੂੰ **ਲਿੰਗ** ਆਖਦੇ ਹਨ। ਪੰਜਾਬੀ ਵਿੱਚ ਲਿੰਗ ਦੋ* ਹਨ–(ੳ) ਪੁਲਿੰਗ; ਤੇ (ਅ) ਇਸਤ੍ਰੀ ਲਿੰਗ।

ਲੱਛਣ–ਜਿਹੜਾ ਸ਼ਬਦ ਮਰਦਾਵੇਂ ਬੋਲ ਦਾ ਹੋਵੇ, ਉਹ **ਪੁਲਿੰਗ**, ਤੇ ਜਿਹੜਾ ਜ਼ਨਾਨੇ ਬੋਲ ਦਾ ਹੋਵੇ, ਉਹ **ਇਸਤ੍ਰੀ ਲਿੰਗ** ਕਹਾਉਂਦਾ ਹੈ, ਜਿਹਾ ਕਿ–

---

*ਵਿਆਕਰਣ-ਸੁਧਾਰਕ ਕਮੇਟੀ ਨੇ ਸਾਡੇ ਲਿਖੇ ਅਨੁਸਾਰ ਹੀ ਫੈਸਲਾ ਕੀਤਾ ਹੈ ਕਿ ਪੜਨਾਵਾਂ, ਵਿਸ਼ੇਸ਼ਣਾਂ ਤੇ ਕਿਰਿਆਂ ਦੀ ਤਰ੍ਹਾਂ 'ਨਾਵਾਂ' ਦੇ ਵੀ ਕੇਵਲ ਦੋ ਹੀ ਲਿੰਗ ਹਨ, ਵਧੀਕ ਨਹੀਂ।

Sri Satguru Jagjit Singh Ji Elibrary NamdhariElibrary@gmail.com

ਪੁਲਿੰਗ—ਘੋੜਾ, ਸੋਟਾ, ਚੰਗਾ, ਬੈਠਾ, ਕਿਹੜਾ।
ਇ: ਲਿੰਗ ਘੋੜੀ, ਸੋਟੀ, ਚੰਗੀ, ਬੈਠੀ, ਕਿਹੜੀ।

ਨੋਟ—ਲਿੰਗ ਕਰਕੇ ਕੇਵਲ ਸੰਗਿਆ ਅਤੇ ਕਿਰਿਆ ਦਾ ਹੀ ਰੂਪਾਂਤਰ ਹੁੰਦਾ ਹੈ, ਔਵਿਆਂ ਦਾ ਨਹੀਂ।

# 82. ਲਿੰਗ ਪਛਾਣਨ ਦੇ ਨੇਮ

ਨੇਮ (1) ਨਰਾਂ ਦੇ ਨਾਉਂ 'ਪੁਲਿੰਗ' ਤੇ ਮਦੀਨਾਂ ਦੇ ਨਾਉਂ 'ਇਸਤ੍ਰੀ ਲਿੰਗ' ਹੁੰਦੇ ਹਨ; ਜਿਹਾ ਕਿ—

ਪੁਲਿੰਗ—ਘੋੜਾ, ਹਾਥੀ, ਕਬੂਤਰ, ਬਲਦ, ਰਾਜਾ, ਮੁੰਡਾ।
ਇ: ਲਿੰਗ—ਘੋੜੀ, ਹਾਥਣੀ, ਕਬੂਤਰੀ, ਗਊ, ਰਾਣੀ, ਕੁੜੀ।

ਨੇਮ (2) ਸਭ ਕੰਨਾ-ਅੰਤ ਕਿਰਿਆਂ 'ਪੁਲਿੰਗ' ਤੇ ਬਿਹਾਰੀ-ਅੰਤ ਕਿਰਿਆਂ 'ਇਸਤ੍ਰੀ ਲਿੰਗ' ਹੁੰਦੀਆਂ ਹਨ; ਜਿਵੇਂ—

ਪੁਲਿੰਗ—ਆਇਆ, ਬੈਠਾ, ਜਾਵੇਗਾ, ਹੱਸਦਾ ਹੈ, ਰੋਂਦਾ ਸੀ।
ਇ. ਲਿੰ:—ਆਈ, ਬੈਠੀ, ਜਾਵੇਗੀ, ਹੱਸਦੀ ਹੈ, ਰੋਂਦੀ ਸੀ।

ਨੋਟ—ਸੰਸਰਗੀ ਜਾਂ ਸਹਾਇਕ ਕਿਰਿਆ 'ਸੀ' ਵਿੱਚ ਲਿੰਗ-ਭੇਦ ਨਹੀਂ ਹੁੰਦਾ; ਜਿਵੇਂ—ਮੁੰਡਾ ਬਿਮਾਰ ਸੀ। ਕੁੜੀ ਬਿਮਾਰ ਸੀ।

ਨੇਮ (3) ਸਭ ਤਰ੍ਹਾਂ ਦੇ 'ਨਾਵਾਂ' ਦਾ ਲਿੰਗ ਪਛਾਣਨ ਲਈ ਪੱਕਾ ਨੇਮ ਇਹ ਹੈ ਕਿ ਸ਼ੁੱਧ ਬੋਲੀ ਅਨੁਸਾਰ ਜਿਹੜਾ ਨਾਉਂ 'ਕੰਨਾਂ-ਅੰਤ' ਕਿਰਿਆ ਨਾਲ ਵਰਤਿਆ ਜਾਂਦਾ ਹੋਵੇ, ਉਹ ਪੁਲਿੰਗ; ਅਤੇ ਜਿਹੜਾ ਨਾਉਂ 'ਬਿਹਾਰੀ-ਅੰਤ' ਕਿਰਿਆ ਨਾਲ ਵਰਤਿਆ ਜਾਂਦਾ ਹੋਵੇ, ਉਹ ਇਸਤ੍ਰੀ ਲਿੰਗ ਹੁੰਦਾ ਹੈ; ਜਿਹਾ ਕਿ—'ਬਾਜ਼ ਉੱਡਦਾ ਹੈ। ਪਹਾੜ ਦਿੱਸਦਾ ਹੈ।' ਵਿੱਚ 'ਬਾਜ਼' ਤੇ 'ਪਹਾੜ' ਪੁਲਿੰਗ ਹਨ; ਅਤੇ 'ਇੱਲ ਉੱਡਦੀ ਹੈ। ਕੁਰਸੀ ਟੁੱਟ ਗਈ।' ਵਿੱਚ 'ਇੱਲ' ਤੇ 'ਕੁਰਸੀ' ਇਸਤ੍ਰੀ ਲਿੰਗ ਹਨ।

ਨੇਮ (4) ਸਭ 'ਕੰਨਾ-ਅੰਤ' ਵਿਸ਼ੇਸ਼ਣ ਪੁਲਿੰਗ ਹੁੰਦੇ ਹਨ, ਅਤੇ ਜਿਨ੍ਹਾਂ ਵਿਸ਼ੇਸ਼ਣਾਂ ਦੇ ਅੰਤ ਵਿੱਚ 'ਕੰਨਾ' ਨਾ ਹੋਵੇ, ਓਹਨਾਂ ਦਾ ਲਿੰਗ ਆਪਣੇ ਵਿਸ਼ੇਸ਼ ਦੇ ਅਨੁਸਾਰ ਹੁੰਦਾ ਹੈ; ਜਿਵੇਂ:—

ਪੁਲਿੰਗ—ਕਾਲਾ (ਘੋੜਾ); ਕਸ਼ਮੀਰੀ (ਧੁੱਸਾ)।
ਇ: ਲਿੰਗ—ਕਾਲੀ (ਘੋੜੀ); ਕਸ਼ਮੀਰੀ (ਲੋਈ)।

Sri Satguru Jagjit Singh Ji Elibrary NamdhariElibrary@gmail.com

ਨੇਮ (5) ਸਭ ਕੰਨਾ-ਅੰਤ 'ਪੜਨਾਉਂ' ਪੁਲਿੰਗ ਹੁੰਦੇ ਹਨ; ਜਿਵੇਂ–ਜਿਹੜਾ, ਕਿਹੜਾ; ਅਤੇ ਜਿਨ੍ਹਾਂ ਪੜਨਾਵਾਂ ਦੇ ਅੰਤ ਵਿੱਚ 'ਕੰਨਾ' ਨਾ ਹੋਵੇ, ਓਹਨਾਂ ਦਾ ਲਿੰਗ ਆਪਣੇ ਅਗਰਗਾਮੀ (ਨਾਉਂ) ਅਨੁਸਾਰ ਹੁੰਦਾ ਹੈ; ਜਿਹਾ ਕਿ–

ਪੁਲਿੰਗ–ਮੁੰਡਾ ਬਿਮਾਰ ਹੈ। 'ਉਹ' ਰੋਂਦਾ ਹੈ।

ਇ: ਲਿੰ:–ਕੁੜੀ ਬਿਮਾਰ ਹੈ। 'ਉਹ' ਰੋਂਦੀ ਹੈ।

ਨੋਟ:–ਭਾਵੇਂ ਬਹੁਤ ਸਾਰੇ ਕੰਨਾ-ਅੰਤ ਨਾਉਂ ਪੁਲਿੰਗ ਹੀ ਹੁੰਦੇ ਹਨ, ਪਰ ਸਾਰੇ ਨਹੀਂ; ਜਿਹਾ ਕਿ–ਮਾਤਾ, ਦਵਾ, ਹਵਾ ਤੇ ਸੁੰਦਰਤਾ ਆਦਿਕ ਸਭ ਇਸਤ੍ਰੀ ਲਿੰਗ ਹਨ।

# 83. ਇਸਤ੍ਰੀ ਲਿੰਗ ਬਣਾਉਣ ਦੇ ਨੇਮ

ਨੇਮ (1) ਕਈ 'ਮੁਕਤਾ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ 'ਬਿਹਾਰੀ' ਵਧਾਇਆਂ ਬਣਦਾ ਹੈ; ਜਿਵੇਂ–

| ਪੁਲਿੰਗ | ਇ: ਲਿੰਗ | ਪੁਲਿੰਗ | ਇ: ਲਿੰਗ |
|---|---|---|---|
| ਜੱਟ | ਜੱਟੀ | ਲੁਹਾਰ | ਲੁਹਾਰੀ |
| ਪਠਾਣ | ਪਠਾਣੀ | ਬ੍ਰਹਮਣ | ਬ੍ਰਹਮਣੀ |
| ਗੁੱਜਰ | ਗੁੱਜਰੀ | ਪੁੱਤਰ | ਪੁੱਤਰੀ |
| ਦਾਸ | ਦਾਸੀ | ਤਰਖਾਣ | ਤਰਖਾਣੀ |
| ਦੇਵ | ਦੇਵੀ | ਚਮਾਰ | ਚਮਾਰੀ |
| ਪਹਾੜ | ਪਹਾੜੀ | ਬਘਿਆੜ | ਬਘਿਆੜੀ |
| ਮੱਝ | ਮੱਝੀ | ਹਰਨ | ਹਰਨੀ |
| ਕਬੂਤਰ | ਕਬੂਤਰੀ | ਬਾਂਦਰ | ਬਾਂਦਰੀ |
| ਥਾਲ | ਥਾਲੀ | ਕੋਲ | ਕੋਲੀ |
| ਪੱਗੜ | ਪੱਗੜੀ | ਥੰਮ੍ਹ | ਥੰਮ੍ਹੀ |
| ਤੱਕੜ | ਤੱਕੜੀ | ਸਿਰ | ਸਿਰੀ |

ਨੇਮ (2) ਕਈ 'ਮੁਕਤਾ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ 'ਣੀ' ਜਾਂ 'ਨੀ' ਵਧਾਇਆਂ ਬਣਦਾ ਹੈ; ਜਿਵੇਂ–

Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| ਸੰਤ | ਸੰਤਣੀ | ਭਗਤ | ਭਗਤਣੀ |
| ਸਾਧ | ਸਾਧਣੀ | ਮਹੰਤ | ਮਹੰਤਣੀ |
| ਸਿੱਖ | ਸਿੱਖਣੀ | ਮਲਾਹ | ਮਲਾਹਣੀ |
| ਰਾਗ | ਰਾਗਣੀ | ਉਸਤਾਦ | ਉਸਤਾਦਣੀ |
| ਨੱਟ | ਨੱਟਣੀ | ਸਰਾਫ਼ | ਸਰਾਫ਼ਣੀ |
| ਭੱਟ | ਭੱਟਣੀ | ਭੇਡ | ਭੇਡਣੀ |
| ਊਠ | ਊਠਣੀ | ਰਿੱਛ | ਰਿੱਛਣੀ |
| ਸੱਪ | ਸੱਪਣੀ | ਨਾਗ | ਨਾਗਣੀ |
| ਰਾਜਪੂਤ | ਰਾਜਪੂਤਣੀ | ਭੀਲ | ਭੀਲਣੀ |
| ਮੋਰ | ਮੋਰਨੀ | ਫ਼ਕੀਰ | ਫ਼ਕੀਰਨੀ |
| ਸ਼ੇਰ | ਸ਼ੇਰਨੀ | ਸੂਰ | ਸੂਰਨੀ |

ਨੇਮ (3) ਕਈ 'ਮੁਕਤਾ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ ' ਾ ' ਤੇ 'ਣੀ' ਵਧਾਇਆਂ ਬਣਦਾ ਹੈ; ਜਿਵੇਂ–

| | | | |
|---|---|---|---|
| ਜੇਠ | ਜਿਠਾਣੀ | ਦੇਉਰ | ਦਿਰਾਣੀ |
| ਪੰਡਿਤ | ਪੰਡਤਾਣੀ | ਮਿਸ਼ਰ | ਮਿਸ਼ਰਾਣੀ |
| ਪ੍ਰੋਹਤ | ਪ੍ਰੋਹਤਾਣੀ | ਮਾਸਟਰ | ਮਾਸਟਰਾਣੀ |
| ਮਿਹਤਰ | ਮਿਹਤਰਾਣੀ | ਨੌਕਰ | ਨੌਕਰਾਣੀ |

ਨੋਟ–ਇਸ ਨੇਮ ਵਿੱਚ ਅੰਤਲੇ ਮੁਕਤੇ ਤੋਂ ਪਹਿਲੇ ਅੱਖਰ ਦੀ 'ਲਗ' ਉੱਡ ਜਾਂਦੀ ਹੈ; ਜਿਵੇਂ–'ਪੰਡਿਤ' ਤੋਂ 'ਪੰਡਤਾਣੀ'; ਜਾਂ ਲੰਮੀ ਲਗ ਛੋਟੀ ਹੋ ਜਾਂਦੀ ਹੈ; ਜਿਵੇਂ–'ਜੇਠ' ਤੋਂ 'ਜਿਠਾਣੀ'।

ਨੇਮ (4) ਕੁਝਕੁ 'ਮੁਕਤਾ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ 'ੜੀ' ਵਧਾਇਆਂ ਬਣਦਾ ਹੈ; ਜਿਵੇਂ–

ਪੁਲਿੰਗ–ਬਾਲ, ਲਾਲ, ਸੰਦੂਕ, ਬੁਲਾਕ।
ਇ: ਲਿੰਗ–ਬਾਲੜੀ, ਲਾਲੜੀ, ਸੰਦੂਕੜੀ, ਬੁਲਾਕੜੀ।

ਨੇਮ (5) ਜਿਨ੍ਹਾਂ ਪੁਲਿੰਗ ਨਾਵਾਂ ਦੇ ਅੰਤ ਵਿੱਚ 'ਕੰਨਾ' ( ਾ ) ਹੋਵੇ, ਓਹਨਾਂ ਦਾ ਇਸਤ੍ਰੀ ਲਿੰਗ 'ਕੰਨੇ' ਦੀ ਥਾਂ 'ਬਿਹਾਰੀ' ( ੀ ) ਕੀਤਿਆਂ ਬਣਦਾ ਹੈ; ਜਿਵੇਂ–

ਪੁਲਿੰਗ–ਚਾਚਾ, ਮਾਮਾ, ਸੋਟਾ, ਘੋੜਾ, ਪੱਖਾ, ਚਰਖਾ।
ਇ: ਲਿੰਗ–ਚਾਚੀ, ਮਾਮੀ, ਸੋਟੀ, ਘੋੜੀ, ਪੱਖੀ, ਚਰਖੀ।

ਨੋਟ—ਇਹ ਨੇਮ 'ਕੰਨਾ-ਅੰਤ' ਪੜਨਾਵਾਂ, ਵਿਸ਼ੇਸ਼ਣਾਂ ਤੇ ਕਿਰਿਆਂ ਪੁਰ ਵੀ ਘਟਦਾ ਹੈ; ਜਿਵੇਂ—

ਪੜਨਾਉਂ—ਜਿਹੜਾ ਤੋਂ ਜਿਹੜੀ; ਕਿਹੜਾ ਤੋਂ ਕਿਹੜੀ।
ਵਿਸ਼ੇਸ਼ਣ—ਚੰਗਾ ਤੋਂ ਚੰਗੀ; ਚਿੱਟਾ ਤੋਂ ਚਿੱਟੀ।
ਕਿਰਿਆ—ਬੈਠਾ ਤੋਂ ਬੈਠੀ; ਆਇਆ ਤੋਂ ਆਈ।

ਨੇਮ (6) ਕੁਝਕੁ 'ਕੰਨਾ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ 'ਕੰਨੇ' ( ਾ ) ਦੀ ਥਾਂ 'ਨ' ਜਾਂ 'ਣ' ਕੀਤਿਆਂ ਬਣਦਾ ਹੈ; ਜਿਵੇਂ—

| | | | |
|---|---|---|---|
| ਕਸੇਰਾ | ਕਸੇਰਨ | ਭਠਿਆਰਾ | ਭਠਿਆਰਨ |
| ਦੁਆਬੀਆ | ਦੁਆਬਣ | ਪਹਾੜੀਆ | ਪਹਾੜਨ |
| ਪਿਸ਼ੌਰੀਆ | ਪਿਸ਼ੌਰਨ | ਲਾਹੌਰੀਆ | ਲਾਹੌਰਨ |
| ਨਿਆਰੀਆ | ਨਿਆਰਨ | ਪੱਠੋਹਾਰੀਆ | ਪੱਠੋਹਾਰਨ |

ਨੇਮ (7) 'ਬਿਹਾਰੀ-ਅੰਤ' ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ 'ਬਿਹਾਰੀ' ਨੂੰ 'ਮੁਕਤਾ' ਜਾਂ 'ਸਿਹਾਰੀ' ਕਰ ਕੇ 'ਣ' ਜਾਂ 'ਨ' ਵਧਾਇਆਂ ਬਣਦਾ ਹੈ, ਜਿਵੇਂ—

| | | | |
|---|---|---|---|
| ਤੇਲੀ | ਤੇਲਣ | ਮਾਲੀ | ਮਾਲਣ |
| ਧੋਬੀ | ਧੋਬਣ | ਗੁਆਂਢੀ | ਗੁਆਂਢਣ |
| ਮਾਛੀ | ਮਾਛਣ | ਮੋਚੀ | ਮੋਚਣ |
| ਦਰਜ਼ੀ | ਦਰਜ਼ਣ | ਪਟਵਾਰੀ | ਪਟਵਾਰਨ |
| ਗਿਆਨੀ | ਗਿਆਨਣ | ਧਿਆਨੀ | ਧਿਆਨਣ |
| ਹਾਲੀ | ਹਾਲਣ | ਇਸ਼ਨਾਨੀ | ਇਸ਼ਨਾਣ |
| ਨਾਈ | ਨਾਇਣ | ਕਸਾਈ | ਕਸਾਇਣ |
| ਸੁਦਾਈ | ਸੁਦਾਇਣ | ਅਰਾਈਂ | ਅਰਾਇਣ |

ਉਲੰਘਣ—ਕਿਤੇ ਕਿਤੇ ਅੰਤਲੀ 'ਬਿਹਾਰੀ' ਦੀ ਥਾਂ 'ਣੀ', 'ਨੀ' ਜਾਂ 'ਆਣੀ' ਵੀ ਹੋ ਜਾਂਦਾ ਹੈ; ਜਿਹਾ ਕਿ—

| | | | |
|---|---|---|---|
| ਹਾਥੀ | ਹਾਥਣੀ | ਪਤੀ | ਪਤਨੀ |
| ਖੱਤਰੀ | ਖਤਰਾਣੀ | ਸਾਂਸੀ | ਸਾਂਸਿਆਣੀ |
| ਸੇਠੀ | ਸੇਠਿਆਣੀ | ਕੋਹਲੀ | ਕੋਹਲਿਆਣੀ |

ਨੇਮ (8) ਜਿਨ੍ਹਾਂ ਪੁਲਿੰਗ ਨਾਵਾਂ ਦੇ ਅੰਤ ਵਿੱਚ 'ਦੁਲੈਂਕੜੇ' ਜਾਂ 'ਔਂਕੜ' ਹੋਵੇ, ਓਹਨਾਂ ਦਾ ਇਸਤ੍ਰੀ ਲਿੰਗ 'ਆਣੀ', 'ਵਾਣੀ' ਜਾਂ 'ਣੀ' ਵਧਾਇਆਂ ਬਣਦਾ ਹੈ; ਜਿਵੇਂ—

Sri Satguru Jagjit Singh Ji Elibrary NamdhariElibrary@gmail.com

ਹਿੰਦੂ–ਹਿੰਦੂਆਣੀ; ਹਿੰਦਵਾਣੀ ।

ਸਾਊ–ਸੁਆਣੀ ਕਾਉਂ–ਕਾਉਂਣੀ ।

ਨੇਮ (9) ਕਈਆਂ ਪੁਲਿੰਗ ਨਾਵਾਂ ਦਾ ਇਸਤ੍ਰੀ ਲਿੰਗ ਕੋਈ ਹੋਰ ਹੀ ਸ਼ਬਦ ਹੁੰਦਾ ਹੈ; ਜਿਹਾ ਕਿ–

| | | | |
|---|---|---|---|
| ਮੁੰਡਾ | ਕੁੜੀ | ਪੁਰਖ | ਇਸਤ੍ਰੀ |
| ਪਿਤਾ | ਮਾਤਾ | ਮਰਦ | ਜ਼ਨਾਨੀ |
| ਬਾਪ | ਮਾਂ | ਭਰਤਾ | ਵਹੁਟੀ |
| ਪਿਉ | ਮਾਂ | ਗਭਰੂ | ਤ੍ਰੀਮਤ |
| ਬਲਦ | ਗਊ | ਸੰਢਾ | ਮਹਿਂ- |
| ਬੈਲ | ਗਾਂ | | ਮੱਝ |
| ਸਾਂਢੂ | ਸਾਲੀ | ਪੁੱਤਰ | ਧੀ, ਨੂੰਹ |
| ਜੁਆਈ | ਧੀ | ਦੇਉ | ਪਰੀ |
| ਸਾਹਬ | ਮੇਮ | ਫੁੱਫੜ | ਭੂਆ |
| ਨਵਾਬ | ਬੇਗਮ | ਰਾਜਾ | ਰਾਣੀ |
| ਜਿਠੁੱਤਰ | ਜਿਠੀਅ | ਦਿਰੁੱਤਰ | ਦਿਰੀਅ |
| ਭਰਾ | ਭੈਣ | ਪਾਤਸ਼ਾਹ | ਮਲਕਾ |

# ਲਿੰਗ ਸੰਬੰਧੀ ਹੋਰ ਵਿਚਾਰਾਂ

84. ਕਿਸੇ ਸ਼ਬਦ ਦੇ ਮਗਰ 'ਸਿੰਘ', 'ਦਾਸ', 'ਚੰਦ', 'ਰਾਮ', 'ਦੇਵ', 'ਨਾਥ', 'ਰਾਉ', 'ਦੁਲੈਂਕੜੇ' ( ੂ ), 'ਖ਼ਾਨ', 'ਸ਼ਾਹ' ਤੇ 'ਅਲੀ' ਆਦਿ ਲਾਇਆਂ ਮਨੁੱਖਾਂ ਦੇ ਪੁਲਿੰਗ ਨਾਉਂ ਬਣਦੇ ਹਨ; ਅਤੇ 'ਕੌਰ', 'ਦੇਵੀ', 'ਵੰਤੀ', 'ਹੋੜਾ' ( ੋ ), 'ਬੇਗਮ', 'ਬੀ' 'ਬਾਨੋ' ਤੇ 'ਭਰੀ' ਆਦਿ ਲਾਇਆਂ ਇਸਤ੍ਰੀ ਲਿੰਗ; ਜਿਹਾ ਕਿ–

ਪੁਲਿੰਗ–ਰਾਮ ਸਿੰਘ, ਰਾਮੂ, ਜੈ ਚੰਦ, ਨੂਰ ਖ਼ਾਨ ।

ਇ: ਲਿੰਗ–ਰਾਮ ਕੌਰ, ਰਾਮੋ, ਜੈ ਵੰਤੀ, ਨੂਰ ਭਰੀ ।

85. ਵੱਖੋ ਵੱਖਰਿਆਂ ਭਾਵਾਂ ਅਨੁਸਾਰ 'ਮਨੁੱਖਾਂ' ਦੇ ਬਾਜ਼ਿਆਂ ਨਾਵਾਂ ਦੇ ਦੋ-ਦੋ ਇਸਤ੍ਰੀ ਲਿੰਗ ਜਾਂ ਪੁਲਿੰਗ ਵੀ ਹੁੰਦੇ ਹਨ; ਜਿਵੇਂ–

Sri Satguru Jagjit Singh Ji Elibrary NamdhariElibrary@gmail.com

| | | | | | |
|---|---|---|---|---|---|
| ਪੁਲਿੰਗ | ਵਹੁਟੀ | ਸਮਪਦਵੀ | ਇ: ਲਿੰਗ | ਪਤੀ | ਸਮਪਦਵੀ |
| ਪੰਡਿਤ | ਪੰਡਤਾਣੀ | ਪੰਡਿਤਾ | ਭੈਣ | ਭਣਵਈ | ਭਰਾ |
| ਭਰਾ | ਭਰਜਾਈ | ਭੈਣ | ਸਾਲੀ | ਸਾਂਢੂ | ਸਾਲਾ |
| ਪੁੱਤਰ | ਨੂੰਹ | ਪੁੱਤ੍ਰੀ, ਧੀ | ਨੂੰਹ | ਪੁੱਤਰ | ਜੁਆਈ |

86. ਕੁਝਕੁ ਪੁਲਿੰਗ ਨਾਉਂ ਐਸੇ ਵੀ ਹਨ, ਜੋ ਬਣਦੇ ਹੀ ਇਸਤ੍ਰੀ ਲਿੰਗ ਨਾਵਾਂ ਤੋਂ ਹਨ; ਜਿਵੇਂ—

ਇ: ਲਿੰਗ—ਮਾਸੀ, ਫੁੱਫੀ, ਭੈਣ, ਨਿਨਾਣ
ਪੁਲਿੰਗ-ਮਾਸੜ, ਫੁੱਫੜ, ਭਣਵਈਆ ਨਿਨਾਣਵਈਆ

87. ਕਈ ਇਸਤ੍ਰੀ ਲਿੰਗ ਨਾਉਂ ਸਾਧਾਰਣ ਅਕਾਰ ਦੀਆਂ ਚੀਜ਼ਾਂ ਨੂੰ ਅਤੇ ਓਹਨਾਂ ਦੇ ਪੁਲਿੰਗ ਨਾਉਂ ਸਾਧਾਰਣ ਤੋਂ ਵੱਡੇ ਅਕਾਰ ਦੀਆਂ ਚੀਜ਼ਾਂ ਪਰਗਟ ਕਰਦੇ ਹਨ; ਜਿਵੇਂ—

ਇ: ਲਿੰਗ—ਪਗੜੀ, ਤੱਕੜੀ, ਪੋਥੀ, ਹੱਟੀ, ਛੱਤਰੀ, ਸਿੱਪੀ।
ਪੁਲਿੰਗ—ਪੱਗੜ, ਤੱਕੜ, ਪੋਥਾ, ਹੱਟ, ਛੱਤਰ, ਸਿੱਪ।

88. ਸਹੁਰੇ ਸਾਕ ਦੇ ਕਈ ਪੁਲਿੰਗ ਨਾਵਾਂ ਦੇ ਅੰਤ ਵਿੱਚ 'ਅਹਰਾ' ਤੇ ਇਸਤ੍ਰੀ ਲਿੰਗ ਨਾਵਾਂ ਦੇ ਅੰਤ ਵਿੱਚ 'ਹਸ' ਹੁੰਦਾ ਹੈ; ਜਿਵੇਂ—

ਪੁਲਿੰਗ—ਦਦਿਔਹਰਾ ਨਨਿਔਹਰਾ, ਫੁਫਿਔਹਰਾ।
ਇ: ਲਿੰਗ—ਦਦੇਹਸ ਨਨੇਹਸ ਫੁਫੇਹਸ।

89. ਕਈ ਸ਼ਬਦ ਆਪਣੇ ਆਪ ਵਿੱਚ ਹੀ ਪੁਲਿੰਗ ਜਾਂ ਇਸਤ੍ਰੀ ਲਿੰਗ ਹੁੰਦੇ ਹਨ ਤੇ ਓਹਨਾਂ ਦੇ ਟਾਕਰੇ ਦਾ ਇਸਤ੍ਰੀ ਲਿੰਗ ਜਾਂ ਪੁਲਿੰਗ ਹੁੰਦਾ ਹੀ ਨਹੀਂ ; ਜਿਹਾ ਕਿ—

ਪੁਲਿੰਗ—ਆਸਮਾਨ, ਤਾਰਾ, ਚੰਦ, ਕ੍ਰੋਧ, ਲੋਭ, ਤੇਲ
ਇ: ਲਿੰਗ—ਧਰਤੀ ਹਵਾ, ਅੱਗ, ਸ਼ਾਂਤੀ, ਇੱਟ, ਰੇਤ

ਨੋਟ—'ਮੁੰਡੀ' ਇੱਕ ਬੂਟੀ ਦਾ ਨਾਉਂ ਹੈ ਤੇ ਆਪਣੇ ਆਪ ਵਿੱਚ ਇਸਤ੍ਰੀ ਲਿੰਗ ਹੈ; ਪਰ ਏਹਨੂੰ 'ਮੁੰਡਾ' ਸ਼ਬਦ ਦਾ ਇਸਤ੍ਰੀ ਲਿੰਗ ਨਹੀਂ ਕਹਿ ਸਕਦੇ; ਕਿਉਂਕਿ 'ਮੁੰਡਾ' ਤੇ 'ਮੁੰਡੀ' ਦੋਵੇਂ ਇੱਕੋ ਜ਼ਾਤ ਦੀਆਂ ਵਸਤਾਂ ਦੇ ਨਾਉਂ ਨਹੀਂ ਹਨ।

90. ਕਈ ਸ਼ਬਦ ਐਸੇ ਵੀ ਹਨ, ਜੇ ਪੁਲਿੰਗ ਹੋਣ ਤਾਂ ਹੋਰ ਅਰਥ ਦੇਂਦੇ ਹਨ; ਜੇ ਇਸਤ੍ਰੀ ਲਿੰਗ ਹੋਣ ਤਾਂ ਹੋਰ; ਜਿਹਾ ਕਿ—

Sri Satguru Jagjit Singh Ji Elibrary NamdhariElibrary@gmail.com

ਫ਼ੁੱਟ (ਪੁਲਿੰਗ)–ਇਕ ਮਾਪ, ਗਜ਼ ਦਾ ਤੀਜਾ ਹਿੱਸਾ।

ਫੁੱਟ (ਇ: ਲਿੰਗ)–ਨਾ-ਇਤਫਾਕੀ; ਇੱਕ ਤਰ੍ਹਾਂ ਦਾ ਖ਼ਰਬੂਜ਼ਾ।

ਹਾਰ (ਪੁਲਿੰਗ) ਗਲ ਦਾ ਹਾਰ, ਮਾਲਾ, ਕੰਠੀ।

ਹਾਰ (ਇ: ਲਿੰਗ)–ਜਿੱਤ ਦੇ ਉਲਟ, ਅਧੀਨਗੀ।

ਛਲ (ਪੁਲਿੰਗ)–ਧੋਖਾ, ਫ਼ਰੇਬ।

ਛੱਲ (ਇ: ਲਿੰਗ)–ਪਾਣੀ ਦੀ ਲਹਿਰ।

ਵਾਰ (ਪੁਲਿੰਗ)–ਹਮਲਾ, ਕੋਈ ਦਿਨ (ਸੋਮਵਾਰ ਆਦਿਕ)।

ਵਾਰ (ਇ: ਲਿੰਗ)–ਵਾਰੀ, ਵਡਿਆਈ ਦਾ ਗੀਤ।

ਛਲੀ (ਪੁਲਿੰਗ)–ਛਲ ਕਰਨ ਵਾਲਾ, ਫ਼ਰੇਬੀ।

ਛੱਲੀ (ਇ: ਲਿੰਗ)–ਸਿੱਟਾ, ਸ਼ਹਿਦ ਦਾ ਛੱਤਾ।

ਨੋਟ–ਕਈ ਨਾਉਂ ਐਸੇ ਵੀ ਹਨ, ਜੋ ਠੇਠ ਪੰਜਾਬੀ ਤੇ ਪੱਛਮੀ ਪੰਜਾਬੀ ਵਿੱਚ ਭਿੰਨ-ਭਿੰਨ ਲਿੰਗਾਂ ਵਿੱਚ ਵਰਤੇ ਜਾਂਦੇ ਹਨ; ਜਿਵੇਂ––

ਠੇਠ ਪੰਜਾਬੀ ਵਿੱਚ ਕਹਿੰਦੇ ਹਨ–"ਤੰਦ ਟੁੱਟ ਗਿਆ। ਸੰਦੂਕ ਬਣ ਗਿਆ। ਥਾਂ ਵਿਕ ਗਿਆ। ਦੂਜਾ ਐਡੀਸ਼ਨ ਛਪ ਗਿਆ। ਉਸ ਗਹੁ ਨਹੀਂ ਕੀਤਾ। ਇਸ ਪੁਸਤਕ ਦਾ ਡੀਲ-ਡੌਲ ਬੜਾ ਸੁਹਣਾ ਹੈ।" (ਪੁਲਿੰਗ)

ਪਰ ਪੱਛਮੀ ਪੰਜਾਬ ਵਾਲੇ ਬੋਲਦੇ ਹਨ–"ਤੰਦ ਟੁੱਟ ਗਈ। ਸੰਦੂਕ ਬਣ ਗਈ। ਥਾਂ ਵਿਕ ਗਈ। ਦੂਜੀ ਐਡੀਸ਼ਨ ਛਪ ਗਈ। ਉਸ ਗਹੁ ਨਹੀਂ ਕੀਤੀ। ਇਸ ਪੁਸਤਕ ਦੀ ਡੀਲ-ਡੌਲ ਬੜੀ ਸੁਹਣੀ ਹੈ।" (ਇ: ਲਿੰਗ)

ਇਸ ਲਈ ਕਿਤਾਬੀ ਪੰਜਾਬੀ ਵਿੱਚ ਲਿਖਾਰੀ ਲੋਕ ਆਪਣੇ ਹੀ ਉੱਚਾਰਣ ਅਨੁਸਾਰ ਇਨ੍ਹਾਂ ਨੂੰ ਪੁਲਿੰਗ ਜਾਂ ਇਸਤ੍ਰੀ ਲਿੰਗ ਕਰਕੇ ਵਰਤ ਲੈਂਦੇ ਹਨ ਤੇ ਕੋਈ ਭੁੱਲ ਨਹੀਂ ਸਮਝਦੇ।

### ਅਭਿਆਸ

1. ਲਿੰਗ ਕਿੰਨੇ ਤੇ ਕਿਹੜੇ ਕਿਹੜੇ ਹਨ? ਪੁਲਿੰਗ ਕਿਹਨੂੰ ਆਖਦੇ ਹਨ, ਅਤੇ ਇਸਤ੍ਰੀ ਲਿੰਗ ਕਿਹਨੂੰ? ਸ਼ਬਦਾਂ ਦੇ ਲਿੰਗ ਪਛਾਣਨ ਲਈ ਕੀ ਕੀ ਨੇਮ ਹਨ? ਅਤੇ ਉਹ ਕਿਹੜੇ ਸ਼ਬਦ ਹਨ, ਜੋ ਸਦਾ ਪੁਲਿੰਗ ਜਾਂ ਸਦਾ ਇਸਤ੍ਰੀ ਲਿੰਗ ਰਹਿੰਦੇ ਹਨ? ਨਾਲੇ ਉਦਾਹਰਣਾਂ ਸਹਿਤ ਦੱਸੋ ਕਿ ਪੁਲਿੰਗ ਤੋਂ ਇਸਤ੍ਰੀ ਲਿੰਗ ਬਣਾਉਣ ਦੇ ਕੀ ਕੀ ਨੇਮ ਹਨ? ਹੇਠਾਂ ਲਿਖੇ ਪੁਲਿੰਗ ਸ਼ਬਦਾਂ ਦੇ ਇਸਤ੍ਰੀ ਲਿੰਗ, ਅਤੇ ਇਸਤ੍ਰੀ ਲਿੰਗ ਸ਼ਬਦਾਂ

Sri Satguru Jagjit Singh Ji Elibrary NamdhariElibrary@gmail.com

ਦੇ ਪੁਲਿੰਗ ਦੱਸੋ:-

ਬੱਕਰਾ, ਤੇਲੀ, ਮਹਿੰ, ਸੱਪਣੀ, ਹਾਥੀ, ਈਸਾਈ, ਨੱਟ, ਭੈਣ, ਸਾਲੀ, ਸੰਦੂਕ, ਸਿੱਪੀ, ਪੱਗੜੀ, ਜਾਵੇਗੀ, ਹੱਸਦਾ ਹੈ, ਪੜ੍ਹਿਆ ਹੋਇਆ, ਕਾਲਾ, ਸੁਹਣਾ, ਛੋਟੀ, ਵੱਡੀ।

2. 'ਹਾਰ', 'ਵਾਰ' ਤੇ 'ਫੁੱਟ' ਪੁਲਿੰਗ ਹੋਣ ਤਾਂ ਕੀ ਅਰਥ ਦੇਂਦੇ ਹਨ, ਜੇ ਇਸਤ੍ਰੀ ਲਿੰਗ ਹੋਣ ਤਾਂ ਕੀ ?
3. ਦਲੀਲ ਦੇ ਕੇ ਦੱਸੋ ਜੁ ਕਿਉਂ 'ਮੁੰਡਾ', 'ਦੱਰਾ' ਤੇ 'ਧੇਲਾ' ਦਾ ਇਸਤ੍ਰੀ ਲਿੰਗ 'ਮੁੰਡੀ', 'ਦਰੀ' ਤੇ 'ਧੇਲੀ' ਨਹੀਂ ਹੋ ਸਕਦੇ।
4. ਹੇਠਾਂ ਲਿਖੇ ਦੋ-ਦੋ ਸ਼ਬਦਾਂ ਦਾ ਅਰਥ-ਭੇਦ ਦੱਸੋ:-

ਫੁੱਫੀ–ਫੁਫੇਹਸ, ਨਾਨੀ–ਨਨੇਹਸ, ਮਾਮੀ–ਮਮੇਹਸ, ਪੰਡਿਤਾ–ਪੰਡਤਾਣੀ ਉਪਦੇਸ਼ਕ–ਉਪਦੇਸ਼ਕਾ।

5. ਦੱਸੋ ਹੇਠਾਂ ਲਿਖੇ ਸ਼ਬਦ ਠੇਠ ਪੰਜਾਬੀ ਵਿੱਚ ਕਿਹੜੇ ਲਿੰਗ ਦੇ ਹਨ ਤੇ ਪੱਛਮੀ ਪੰਜਾਬੀ ਵਿੱਚ ਕਿਹੜੇ ਲਿੰਗ ਦੇ: -

ਸੰਦੂਕ, ਗਹੁ, ਥਾਂ, ਤੰਦ, ਐਡੀਸ਼ਨ, ਡੀਲ-ਡੌਲ।

# (ਅ) ਵਚਨ

**91.** ਸ਼ਬਦਾਂ ਦਾ ਜੋ ਰੂਪਾਂਤਰ ਵਸਤਾਂ ਦੇ ਇੱਕ ਜਾਂ ਇੱਕ ਤੋਂ ਵਧੀਕ ਹੋਣ ਦੇ ਭੇਦ ਦਾ ਵਾਚਕ ਹੋਵੇ, ਉਸ ਨੂੰ **ਵਚਨ** ਆਖਦੇ ਹਨ। ਪੰਜਾਬੀ ਵਿੱਚ ਦੋ ਵਚਨ ਹਨ-(ੳ) ਇੱਕਵਚਨ; ਤੇ (ਅ) ਬਹੁਵਚਨ।

ਲੱਛਣ-ਸ਼ਬਦਾਂ ਦਾ ਜੋ ਰੂਪ ਕੇਵਲ ਇੱਕ ਹੀ ਵਸਤੂ ਦਾ ਵਾਚਕ ਹੋਵੇ, ਉਸ ਨੂੰ **ਇੱਕਵਚਨ,** ਅਤੇ ਜਿਹੜਾ ਰੂਪ ਇੱਕ ਥੀਂ ਵਧੀਕ ਵਸਤਾਂ ਦਾ ਵਾਚਕ ਹੋਵੇ, ਉਸ ਨੂੰ **ਬਹੁਵਚਨ** ਆਖਦੇ ਹਨ; ਜਿਵੇਂ-

ਘੋੜਾ, ਮੁੰਡਾ (ਇੱਕਵਚਨ)। ਘੋੜੇ, ਮੁੰਡੇ (ਬਹੁਵਚਨ)

**92.** ਵਚਨ ਕਰਕੇ 'ਸੰਗਿਆ' ਅਤੇ 'ਕਿਰਿਆ' ਵਿੱਚ ਹੀ ਰੂਪਾਂਤਰ ਹੁੰਦਾ ਹੈ, ਅੱਵਿਆਂ ਵਿੱਚ ਨਹੀਂ।

Sri Satguru Jagjit Singh Ji Elibrary NamdhariElibrary@gmail.com

# 93. ਵਚਨ ਬਣਾਉਣ ਦੇ ਨੇਮ

ਨੇਮ (1) 'ਕੰਨਾ-ਅੰਤ' 'ਪੁਲਿੰਗ' ਸ਼ਬਦਾਂ ਦਾ ਬਹੁਵਚਨ 'ਕੰਨੇ' ਦੀ ਥਾਂ 'ਲਾਂ' ਕੀਤਿਆਂ ਬਣਦਾ ਹੈ, ਜਿਹਾ ਕਿ:-

| | ਨਾਉਂ | ਵਿਸ਼ੇਸ਼ਣ | ਪੜਨਾਉਂ | ਸੰਬੰਧਪਦ | ਕਿਰਿਆ |
|---|---|---|---|---|---|
| ਇੱਕਵਚਨ- | ਘੋੜਾ, | ਕਾਲਾ, | ਜਿਹੜਾ, | ਤੇਰਾ, | ਬੈਠਾ। |
| ਬਹੁਵਚਨ- | ਘੋੜੇ, | ਕਾਲੇ, | ਜਿਹੜੇ, | ਤੇਰੇ, | ਬੈਠੇ। |

ਉਲੰਘਣ-ਰੂਪ ਕਰਕੇ 'ਆਤਮਾ', 'ਖ਼ੁਦਾ', 'ਭਰਾ', 'ਦਰਿਆ' ਤੇ 'ਪਿਤਾ' ਆਦਿਕ ਸ਼ਬਦਾਂ ਦੇ ਇੱਕਵਚਨ ਤੇ ਬਹੁਵਚਨ ਵਿੱਚ ਕੁਝ ਭੇਦ ਨਹੀਂ ਹੁੰਦਾ; ਜਿਵੇਂ-

ਇੱਕਵਚਨ-ਇੱਕ 'ਭਰਾ'; ਇੱਕ 'ਦਰਿਆ'।
ਬਹੁਵਚਨ-ਕਈ 'ਭਰਾ'; ਕਈ 'ਦਰਿਆ'।

ਨੇਮ (2) ਜਿਨ੍ਹਾਂ 'ਪੁਲਿੰਗ' ਨਾਵਾਂ, ਪੜਨਾਵਾਂ ਤੇ ਵਿਸ਼ੇਸ਼ਣਾਂ ਦੇ ਅੰਤ ਵਿੱਚ 'ਕੰਨਾ' ( ਾ ) ਨਹੀਂ ਹੁੰਦਾ, ਓਹਨਾਂ ਦਾ ਇੱਕਵਚਨ ਤੇ ਬਹੁਵਚਨ ਰੂਪ ਇੱਕੋ ਜਿਹਾ ਹੁੰਦਾ ਹੈ ਅਤੇ ਓਹਨਾਂ ਦਾ ਵਚਨ-ਭੇਦ ਇੱਕ ਦੂਜੇ ਦੇ ਸੰਬੰਧ ਨਾਲ ਜਾਂ ਕਿਰਿਆ ਦੀ ਸਹਾਇਤਾ ਨਾਲ ਜਾਣਿਆ ਜਾਂਦਾ ਹੈ; ਜਿਵੇਂ-

ਇੱਕਵ:-'ਹਰਨ' ਦੌੜਦਾ ਹੈ। 'ਹਾਥੀ' ਚਰਦਾ ਹੈ। 'ਕਾਉਂ' ਬੋਲਦਾ ਹੈ।
ਬਹੁਵ:-'ਹਰਨ' ਦੌੜਦੇ ਹਨ। 'ਹਾਥੀ' ਚਰਦੇ ਹਨ। 'ਕਾਉਂ' ਬੋਲਦੇ ਹਨ।

ਨੋਟ-ਏਹੋ ਜੇਹੇ ਪੁਲਿੰਗ' ਨਾਵਾਂ ਨਾਲ 'ਲੋਕ', 'ਜਨ' ਜਾਂ ਕੋਈ ਬਹੁਵਚਨੀ ਸੰਖਿਅਕ ਲਾ ਦੇਈਏ, ਤਾਂ ਓਹ ਬਹੁਵਚਨ ਹੋ ਜਾਂਦੇ ਹਨ; ਜਿਵੇਂ- ਸੰਤ ਲੋਕ, ਸਾਧੂ ਜਨ, ਤਿੰਨ ਮਨੁੱਖ, ਸਾਰੇ ਦਿਨ, ਕਈ ਪਹਾੜ।

ਨੇਮ (3) ਜਿਨ੍ਹਾਂ 'ਇਸਤ੍ਰੀ 'ਲਿੰਗ' ਸ਼ਬਦਾਂ ਦੇ ਅੰਤ ਵਿੱਚ 'ਬਿਹਾਰੀ', 'ਔਂਕੜ', 'ਦੁਲੈਂਕੜੇ', 'ਹੋੜਾ' ਜਾਂ 'ਕਨੌੜਾ' ਹੋਵੇ, ਉਨ੍ਹਾਂ ਦਾ ਬਹੁਵਚਨ 'ਆਂ' ਵਧਾਇਆ ਬਣਦਾ ਹੈ; ਜਿਵੇਂ-

| | ਨਾਉ | ਪੜਨਾਉਂ | ਵਿਸ਼ੇਸ਼ਣ | ਸੰਬੰਧਪਦ | ਕਿਰਿਆ |
|---|---|---|---|---|---|
| ਇੱਕਵਚਨ- | ਘੋੜੀ, | ਜਿਹੜੀ, | ਕਾਲੀ, | ਤੇਰੀ, | ਬੈਠੀ। |
| ਬਹੁਵਚਨ- | ਘੋੜੀਆਂ, | ਜਿਹੜੀਆਂ, | ਕਾਲੀਆਂ, | ਤੇਰੀਆਂ, | ਬੈਠੀਆਂ। |

Sri Satguru Jagjit Singh Ji Elibrary NamdhariElibrary@gmail.com

ਇੱਕਵਚਨ ਨਾਉਂ–ਵਿਹੁ, ਗਊ, ਕਨਸੋ, ਰੋ ।

ਬਹੁਵਚਨ ਨਾਉਂ–ਵਿਹੁਆਂ, ਗਊਆਂ, ਕਨਸੋਆਂ, ਰੋਆਂ ।

ਉਲੰਘਣ–ਜਿਹੜੇ 'ਬਿਹਾਰੀ-ਅੰਤ' ਵਿਸ਼ੇਸ਼ਣ ਕਿਸੇ 'ਕੰਨਾ-ਅੰਤ' ਵਿਸ਼ੇਸ਼ਣ ਤੋਂ ਬਣ ਹੋਏ ਨਹੀਂ ਹੁੰਦੇ, ਓਹਨਾਂ ਦਾ ਰੂਪ ਕਦੇ ਨਹੀਂ ਬਦਲਦਾ; ਜਿਵੇਂ–

ਇੱਕਵਚਨ–ਅਰਬੀ (ਘੋੜੀ), ਪਹਾੜੀ (ਬੱਕਰੀ) ।

ਬਹੁਵਚਨ–ਅਰਬੀ (ਘੋੜੀਆਂ), ਪਹਾੜੀ (ਬੱਕਰੀਆਂ) ।

ਨੇਮ (4) ਜਿਨ੍ਹਾਂ 'ਇਸਤ੍ਰੀ-ਲਿੰਗ' ਨਾਵਾਂ ਦੇ ਅੰਤ ਵਿੱਚ 'ਮੁਕਤਾ' ਹੋਵੇ, ਓਹਨਾਂ ਦਾ ਬਹੁਵਚਨ ' ਾਂ ' ਵਧਾਇਆ ਬਣਦਾ ਹੈ; ਜਿਵੇਂ–

ਇੱਕਵਚਨ–ਸਲੇਟ, ਗੇਂਦ, ਬਾਂਹ, ਰੂਹ, ਲੱਤ ।

ਬਹੁਵਚਨ–ਸਲੇਟਾਂ, ਗੇਂਦਾਂ, ਬਾਹਾਂ, ਰੂਹਾਂ, ਲੱਤਾਂ ।

ਨੋਟ–ਜੇ ਅੰਤ ਵਿੱਚ 'ਹ' ਹੋਵੇ, ਤਾਂ ਕਦੇ ਕਦੇ 'ਵਾਂ' ਵੀ ਵਧਾਉਂਦੇ ਹਨ; ਜਿਵੇਂ–'ਬਾਂਹ' ਤੋਂ 'ਬਾਹਵਾਂ' ।

ਨੇਮ (5) ਕੰਨਾਂ-ਅੰਤ 'ਇਸਤ੍ਰੀ ਲਿੰਗ' ਨਾਵਾਂ ਦਾ ਬਹੁਵਚਨ 'ਵਾਂ' ਜਾਂ 'ਈਂ' ਵਧਾਉਣ ਨਾਲ ਬਣਦਾ ਹੈ; ਜਿਵੇਂ–

ਇਕਵਚਨ:–ਹਵਾ, ਦਵਾ, ਰਾ, ਬਲਾ ।

ਬਹੁਵਚਨ:–ਹਵਾਵਾਂ, ਹਵਾਈਂ; ਦਵਾਵਾਂ, ਦਵਾਈਂ; ਰਾਵਾਂ, ਬਲਾਵਾਂ ।

ਨੋਟ–ਕਦੇ ਕਦੇ ਕੰਨਾ-ਅੰਤ 'ਇਸਤ੍ਰੀ ਲਿੰਗ' ਨਾਵਾਂ ਨਾਲ ਕੇਵਲ ਬਿੰਦੀ ( ਂ ) ਹੀ ਵਧਾਉਂਦੇ ਹਨ; ਜਿਵੇਂ–'ਕਿਰਿਆ' ਤੋਂ 'ਕਿਰਿਆਂ' 'ਕਥਾ' ਤੋਂ 'ਕਥਾਂ' ।

ਨੇਮ (6) ਜਿਨ੍ਹਾਂ 'ਇਸਤ੍ਰੀ ਲਿੰਗ' ਨਾਵਾਂ ਦੇ ਅੰਤ ਵਿੱਚ 'ਬਿੰਦੀ' ( ਂ ) ਜਾਂ 'ਟਿੱਪੀ' ( ੰ ) ਹੋਵੇ, ਓਹਨਾਂ ਦਾ ਬਹੁਵਚਨ 'ਬਿੰਦੀ-ਟਿੱਪੀ' ਨੂੰ ਉਡਾ ਕੇ 'ਵਾਂ' ਜਾਂ 'ਆਂ' ਵਧਾਇਆਂ ਬਣਦਾ ਹੈ; ਜਿਵੇਂ–

ਇੱਕਵਚਨ–ਮਾਂ, ਗਾਂ, ਸੋਂ, ਮਹਿ, ਜੂੰ, ਭੋਂ ।

ਬਹੁਵਚਨ–ਮਾਵਾਂ, ਗਾਵਾਂ, ਸੋਆਂ, ਮਹੀਆਂ, ਜੂਆਂ, ਭੋਆਂ ।

ਨੋਟ–'ਗਾਂ' ਦਾ ਬਹੁਵਚਨ 'ਗਾਈਂ' ਵੀ ਹੁੰਦਾ ਹੈ ।

# ਵਚਨ ਸੰਬੰਧੀ ਹੋਰ ਵਿਚਾਰਾਂ

94. ਇੱਕਵਚਨ ਨਾਵਾਂ ਨਾਲ ਕੋਈ 'ਆਦਰ-ਵਾਚਕ' ਸ਼ਬਦ (ਸ੍ਰੀਮਾਨ, ਜੀ, ਹੋਰੀਂ, ਮਹਾਰਾਜ, ਸਾਹਿਬ, ਆਦਿਕ) ਲਾ ਦੇਈਏ, ਤਾਂ ਓਹ ਬਹੁਵਚਨ ਹੋ ਜਾਂਦੇ ਹਨ; ਜਿਵੇਂ-ਗੁਰੂ ਜੀ ਆਏ ਸਨ। ਬਾਬੂ ਸਾਹਿਬ ਚਲੇ ਗਏ ਹਨ।

95. ਗ੍ਰੰਥ-ਕਰਤਾ, ਲੇਖਕ, ਐਡੀਟਰ, ਕਵੀ ਤੇ ਵੱਡੇ ਲੋਕ ਆਪਣੇ ਲਈ ਇੱਕਵਚਨ ਦੀ ਥਾਂ ਬਹੁਵਚਨੀ ਸ਼ਬਦ ਵਰਤਦੇ ਹਨ; ਜਿਵੇਂ-

'ਅਸਾਂ' ਇਹ ਲੇਖ ਸੋਚ ਕੇ ਲਿਖਿਆ ਹੈ। (ਇੱਕ ਲੇਖਕ)

'ਅਸੀਂ' ਅੱਜ ਦਫ਼ਤਰ ਨਹੀਂ ਜਾਵਾਂਗੇ। (ਇੱਕ ਅਫ਼ਸਰ)

96. ਕਈ ਵਿਸ਼ੇਸ਼ਣ ਐਸੇ ਹਨ, ਜਿਨ੍ਹਾਂ ਦੇ ਇੱਕਵਚਨ ਤੋਂ 'ਮਿਕਦਾਰ' ਅਤੇ ਬਹੁਵਚਨ ਤੋਂ 'ਗਿਣਤੀ' ਪਰਗਟ ਹੁੰਦੀ ਹੈ; ਜਿਵੇਂ-

ਇੱਕਵਚਨ (ਮਿਕਦਾਰ)-ਸਾਰਾ, ਥੋੜਾ, ਬਹੁਤਾ (ਆਟਾ)।

ਬਹੁਵਚਨ (ਗਿਣਤੀ)-ਸਾਰੇ, ਥੋੜੇ, ਬਹੁਤੇ (ਪੈਸੇ)।

97. ਸ਼ਬਦ 'ਇੱਕ' ਇੱਕਵਚਨ ਹੋਵੇ, ਤਾਂ 'ਨਿਸਚਿਤ ਗਿਣਤੀ' ਨੂੰ ਪਰਗਟ ਕਰਦਾ ਹੈ; ਜੇ ਬਹੁਵਚਨ ਹੋਵੇ, ਤਾਂ ਅਨਿਸਚਿਤ ਗਿਣਤੀ' ਨੂੰ; ਜਿਵੇਂ-

ਇੱਕਵਚਨ (ਨਿਸਚਿਤ)-'ਇੱਕ' ਮੁੰਡਾ ਗ਼ੈਰਹਾਜ਼ਰ ਸੀ।

ਬਹੁਵਚਨ (ਅਨਿਸਚਿਤ)-'ਇੱਕ' ਹੱਸਦੇ ਹਨ, 'ਇੱਕ' ਰੋਂਦੇ ਹਨ।

98. ਕਈ ਬਹੁਵਚਨ ਨਾਉਂ ਐਸੇ ਹਨ, ਜਿਨ੍ਹਾਂ ਦਾ ਇੱਕਵਚਨ ਹੁੰਦਾ ਹੀ ਨਹੀਂ; ਜਿਹਾ ਕਿ-ਮਾਪੇ, ਲੋਕ।

99. 'ਦੋ' ਤੇ 'ਦੋ ਤੋਂ ਵਧੀਕ' ਗਿਣਤੀ ਨੂੰ ਦੱਸਣ ਵਾਲੇ ਵਿਸ਼ੇਸ਼ਣ 'ਬਹੁਵਚਨ' ਹੁੰਦੇ ਹਨ, ਅਤੇ 'ਕ੍ਰਮਵਾਚਕ' ਸਦਾ ਇੱਕਵਚਨ ਹੀ ਰਹਿੰਦੇ ਹਨ; ਜਿਵੇਂ-

ਬਹੁਵਚਨ-'ਦੋ' ਮੁੰਡੇ, 'ਤਿੰਨ' ਮਹੀਨੇ, 'ਅੱਠ' ਵਰ੍ਹੇ।

ਇੱਕਵਚਨ-'ਦੂਜਾ' ਮੁੰਡਾ, 'ਤੀਜਾ' ਮਹੀਨਾ, 'ਅੱਠਵਾਂ' ਵਰ੍ਹਾ।

### ਅਭਿਆਸ

1. ਵਚਨ ਕਿਹਨੂੰ ਆਖਦੇ ਹਨ ? ਵਚਨ ਕਿੰਨੇ ਤੇ ਕਿਹੜੇ ਕਿਹੜੇ ਹਨ ? ਵਚਨ ਕਰਕੇ ਕਿਸ ਕਿਸ ਸ਼ਬਦ-ਭੇਦ ਦਾ ਰੂਪਾਂਤਰ ਹੁੰਦਾ ਹੈ ਅਤੇ ਕਿਸ ਕਿਸ਼ ਦਾ ਨਹੀਂ ?

Sri Satguru Jagjit Singh Ji Elibrary NamdhariElibrary@gmail.com

2. ਹੇਠਾਂ ਲਿਖੇ ਸ਼ਬਦਾਂ ਵਿੱਚੋਂ ਜੋ ਇੱਕਵਚਨ ਹਨ, ਓਹਨਾਂ ਦੇ ਬਹੁਵਚਨ, ਤੇ ਜੋ ਬਹੁਵਚਨ ਹਨ, ਓਹਨਾਂ ਦਾ ਇੱਕਵਚਨ ਦੱਸੋ:–
ਤੋਤਾ, ਜੂੰ, ਖ਼ੁਸ਼ਬੋ, ਥਾਂ, ਲਹਿਰ, ਮੁੰਡੇ, ਵੱਡੇ, ਖਾਧੇ, ਜਿਹੜੇ, ਸਾਡੇ, ਥੋੜ੍ਹੇ, ਬਹੁਤਾ, ਧੇਲੀ, ਚੰਗੀਆਂ, ਵੇਖੇ, ਪੜ੍ਹੇ, ਦੋੜੇ।

3, ਹੇਠਾਂ ਲਿਖੇ ਸ਼ਬਦਾਂ ਦੇ ਚਾਰ-ਚਾਰ ਰੂਪ ਲਿਖੋ:–
ਘੋੜਾ, ਚਰਖਾ, ਸਾਡਾ, ਕਿਹੜਾ, ਚੰਗਾ, ਦੌੜਿਆ, ਹੱਸਦਾ ਹੈ।

# (ੲ) ਕਾਰਕ

100. ਨਾਉਂ-ਪੜਨਾਉਂ ਦਾ ਵਾਕ ਦੀ ਕਿਰਿਆ ਤੇ ਹੋਰਨਾਂ ਸ਼ਬਦਾਂ ਨਾਲ ਜੋ ਸੰਬੰਧ ਹੁੰਦਾ ਹੈ, ਉਸ ਨੂੰ ਤੇ ਉਸ ਦੇ ਵਾਚਕ ਰੂਪਾਂਤਰ ਨੂੰ **ਕਾਰਕ** ਆਖਦੇ ਹਨ।

101. ਪੰਜਾਬੀ ਵਿੱਚ ਕਾਰਕ ਅੱਠ ਮੰਨੇ ਗਏ ਹਨ: -

| | | | |
|---|---|---|---|
| ਕਰਤਾ, | ਕਰਮ, | ਕਰਣ, | ਸੰਪ੍ਰਦਾਨ, |
| ਅਪਾਦਾਨ, | ਸੰਬੰਧ, | ਅਧਿਕਰਣ, | ਸੰਬੋਧਨ। |

(1) ਕਿਰਿਆ ਤੋਂ ਜੋ ਕੰਮ ਪਰਗਟ ਹੋਵੇ, ਉਸ ਦੇ ਕਰਨ ਵਾਲੇ ਨੂੰ **ਕਰਤਾ** ਆਖਦੇ ਹਨ; ਜਿਵੇਂ–

'ਮੁੰਡਾ ਰੋਟੀ ਖਾਂਦਾ ਹੈ। ਉਸ ਨੇ ਪਾਣੀ ਨਹੀਂ ਪੀਤਾ।' ਵਿੱਚ 'ਮੁੰਡਾ' ਤੇ 'ਉਸ ਨੇ'।

ਪਛਾਣ–ਕਿਰਿਆ ਨਾਲ 'ਕੌਣ' ਜਾਂ 'ਕਿਸ ਨੇ' ਲਾ ਕੇ ਪ੍ਰਸ਼ਨ ਕਰੋ, ਉੱਤਰ 'ਕਰਤਾ' ਹੋਵੇਗਾ; ਜਿਹਾ ਕਿ–ਕੌਣ ਖਾਂਦਾ ਹੈ? 'ਮੁੰਡਾ'। ਕਿਸ ਨੇ ਪੀਤਾ? 'ਉਸ ਨੇ'।

ਨੋਟ–ਕਰਤਾ ਕਾਰਕ ਦਾ ਚਿੰਨ੍ਹ 'ਨੇ' ਹੈ, ਜੋ ਕਦੇ ਆਉਂਦਾ ਹੈ, ਕਦੇ ਨਹੀਂ।

(2) ਕਿਰਿਆ ਦੇ ਕੰਮ ਦਾ ਫਲ ਕਰਤਾ ਤੋਂ ਛੁੱਟ ਜਿਸ ਦੂਜੀ ਵਸਤੂ ਤੇ ਪਵੇ, ਅਥਵਾ, ਜਿਸ ਦੇ ਉੱਤੇ ਕੰਮ ਕੀਤਾ ਜਾਏ, ਉਸ ਨੂੰ **ਕਰਮ** ਆਖਦੇ ਹਨ; ਜਿਹਾ ਕਿ–
'ਮੁੰਡਾ ਰੋਟੀ ਖਾਂਦਾ ਹੈ। ਉਸ ਨੇ ਫ਼ਕੀਰ ਨੂੰ ਦੁੱਧ ਪਿਆਇਆ।' ਵਿੱਚ 'ਰੋਟੀ', 'ਫ਼ਕੀਰ ਨੂੰ' ਤੇ 'ਦੁੱਧ'।

Sri Satguru Jagjit Singh Ji Elibrary NamdhariElibrary@gmail.com

ਪਛਾਣ–ਕਿਰਿਆ ਨਾਲ 'ਕੀ' ਜਾਂ 'ਕਿਸ ਨੂੰ' ਲਾ ਕੇ ਪ੍ਰਸ਼ਨ ਕਰੋ, ਉੱਤਰ 'ਕਰਮ' ਹੋਵੇਗਾ; ਜਿਵੇਂ–

ਕੀ ਖਾਂਦਾ ਹੈ ? 'ਰੋਟੀ' (ਕਰਮ)।

ਕੀ ਪਿਆਇਆ ? 'ਦੁੱਧ' (ਪਰਧਾਨ ਕਰਮ)।

ਕਿਸ ਨੂੰ ਪਿਆਇਆ ? 'ਫ਼ਕੀਰ ਨੂੰ' (ਅਪਰਧਾਨ ਕਰਮ)।

ਨੋਟ 1–ਦੁਕਰਮਕ ਕਿਰਿਆ ਨਾਲ 'ਕੀ' ਲਾ ਕੇ ਜੋ ਉੱਤਰ ਆਵੇ, ਉਹ **ਪਰਧਾਨ ਕਰਮ,** ਅਤੇ ਜੋ 'ਕਿਸ ਨੂੰ' ਦੇ ਉੱਤਰ ਵਿੱਚ ਆਵੇ, ਉਹ **ਅਪਰਧਾਨ ਕਰਮ** ਅਖਵਾਂਦਾ ਹੈ।

ਨੋਟ–(2)ਕਰਮਕਾਰਕ ਦਾ ਚਿੰਨ੍ਹ ਸੰਬੰਧਕ 'ਨੂੰ' ਹੈ, ਜੋ ਕਦੇ ਆਉਂਦਾ ਹੈ, ਕਦੇ ਨਹੀਂ।

(3) ਕਰਤਾ ਜਿਸ ਸਾਧਨ ਨਾਲ ਕੰਮ ਕਰੇ, ਉਸ ਨੂੰ **ਕਰਣ** ਆਖਦੇ ਹਨ, ਜਿਵੇਂ–'ਸਿਪਾਹੀ ਨੇ ਹਰਨ ਨੂੰ ਤੀਰ ਨਾਲ ਮਾਰਿਆ। ਅਸਾਂ ਇਹ ਗੱਲ ਆਪਣੀਂ ਕੰਨੀਂ ਸੁਣੀ।' ਵਿੱਚ 'ਤੀਰ ਨਾਲ' ਤੇ 'ਕੰਨੀਂ'।

ਨੋਟ–ਕਰਣ ਕਾਰਕ ਦੇ ਚਿੰਨ੍ਹ, ਸੰਬੰਧਕ 'ਨਾਲ', 'ੀਂ', 'ਦੁਆਰਾ' ਤੇ 'ਰਾਹੀਂ' ਆਦਿਕ ਹਨ।

(4) ਕਰਤਾ ਜਿਸ ਦੇ ਲਈ ਕੰਮ ਕਰੇ, ਉਸ ਨੂੰ **ਸੰਪ੍ਰਦਾਨ** ਆਖਦੇ ਹਨ; ਜਿਵੇਂ–'ਨੌਕਰ ਬਾਲਕ ਲਈ ਦੁੱਧ ਲਿਆਇਆ। ਆਓ, ਗੁਰਾਂ ਦੇ ਦਰਸ਼ਨ ਨੂੰ ਚਲੀਏ।' ਵਿੱਚ 'ਬਾਲਕ ਲਈ' ਤੇ 'ਦਰਸ਼ਨ ਨੂੰ'।

ਨੋਟ–ਸੰਪ੍ਰਦਾਨ ਕਾਰਕ ਦੇ ਚਿੰਨ੍ਹ 'ਲਈ', 'ਨੂੰ' ਤੇ 'ਵਾਸਤੇ' ਆਦਿਕ ਹਨ।

(5) ਜਿਸ ਵਸਤੂ ਤੋਂ ਕਿਰਿਆ ਦਾ ਕੰਮ ਅਰੰਭ ਹੋਵੇ ਜਾਂ ਕੋਈ ਚੀਜ਼ ਅੱਡ ਹੋਵੇ, ਉਸ ਨੂੰ **ਅਪਾਦਾਨ** ਆਖਦੇ ਹਨ; ਜਿਵੇਂ–'ਰਾਜਾ ਹਾਥੀ ਤੋਂ ਡਿੱਗ ਪਿਆ। ਮੈਂ ਹੁਣੇ ਲਾਹੌਰੋਂ ਆਇਆ ਹਾਂ।' ਵਿੱਚ 'ਹਾਥੀ ਤੋਂ' ਤੇ 'ਲਾਹੌਰੋਂ'।

ਨੋਟ–ਅਪਾਦਾਨ ਕਾਰਕ ਦੇ ਚਿੰਨ੍ਹ 'ਤੋਂ', 'ਥੋਂ', 'ੋਂ' ਤੇ 'ਓਂ' ਹਨ।

(6) ਇੱਕ ਵਸਤੂ ਦੀ ਜੋ ਦੂਜੀ ਵਸਤੂ ਨਾਲ ਮਾਲਕੀ ਆਦਿ ਦੀ ਸਾਂਝ ਹੁੰਦੀ ਹੈ, ਉਸ ਨੂੰ **ਸੰਬੰਧਕਾਰਕ** ਆਖਦੇ ਹਨ। ਮਾਲਕ ਆਦਿ ਮੁੱਖ ਵਸਤੂ ਨੂੰ **ਸੰਬੰਧੀ** ਤੇ ਮਲਕੀਅਤ ਆਦਿ ਵਿੱਚ ਆਈ ਹੋਈ ਵਸਤੂ ਨੂੰ **ਸੰਬੰਧਮਾਨ** ਕਹਿੰਦੇ ਹਨ; ਜਿਵੇਂ–'ਸਿਪਾਹੀ ਦੀ ਵਰਦੀ' ਵਿੱਚ 'ਸਿਪਾਹੀ'

Sri Satguru Jagjit Singh Ji Elibrary NamdhariElibrary@gmail.com

ਸੰਬੰਧੀ ਹੈ ਤੇ 'ਵਰਦੀ' ਸੰਬੰਧਮਾਨ।

ਨੋਟ–ਇਸ ਦੇ ਚਿੰਨ੍ਹ 'ਦਾ' 'ਦੇ' 'ਦੀ' 'ਦੀਆਂ' ਹਨ, ਜੋ ਪੜਨਾਵਾਂ ਨਾਲ ਮਿਲਣ ਪੁਰ ਕਿਤੇ 'ਰਾ' 'ਰੇ' 'ਰੀ' 'ਰੀਆਂ', ਕਿਤੇ 'ਡਾ' 'ਡੇ' 'ਡੀ' 'ਡੀਆਂ' ਤੇ ਕਿਤੇ 'ਣਾ' 'ਣੇ' 'ਣੀ' 'ਣੀਆਂ' ਦਾ ਰੂਪ ਧਾਰ ਲੈਂਦੇ ਹਨ; ਜਿਵੇਂ–ਮੇਰਾ, ਸਾਡਾ, ਆਪਣਾ, ਆਦਿ ਵਿੱਚ।

(7) ਕਿਰਿਆ ਦਾ ਕੰਮ ਜਿਸ ਥਾਂ ਜਾਂ ਜਿਸ ਵਸਤੂ ਦੇ ਆਸਰੇ ਹੋਵੇ, ਉਸ ਨੂੰ **ਅਧਿਕਰਣ** ਆਖਦੇ ਹਨ; ਜਿਵੇਂ–'ਕੋਠੇ ਉੱਤੇ ਸੌਂ। ਘਰ ਵਿੱਚ ਰਹੁ। ਸਕੂਲੇ ਜਾ। ਲੋਕਾਂ ਦੇ ਘਰੀਂ ਨਾ ਫਿਰ।' ਵਿੱਚ 'ਕੋਠੇ ਉੱਤੇ' 'ਘਰ ਵਿੱਚ' 'ਸਕੂਲੇ' ਤੇ 'ਘਰੀਂ'।

ਨੋਟ–ਇਸ ਕਾਰਕ ਦੇ ਚਿੰਨ੍ਹ 'ਉੱਤੇ', 'ਪੁਰ', 'ਤੇ', 'ਵਿੱਚ' 'ਅੰਦਰ', 'ਕੋਲ', 'ੇ' ਤੇ 'ੀਂ' ਹਨ।

(8) ਸੱਦ ਜਾਂ ਹਾਕ ਮਾਰਨ ਨੂੰ **ਸੰਬੋਧਨ** ਆਖਦੇ ਹਨ; ਅਤੇ ਨਾਉਂ ਦਾ ਜੋ ਰੂਪ ਸੰਬੋਧਨ ਕਰਨ ਲਈ ਵਰਤਿਆ ਜਾਵੇ, ਉਸ ਨੂੰ **ਸੰਬੋਧਨਕਾਰਕ** ਆਖਦੇ ਹਨ; ਜਿਵੇਂ–'ਮੁੰਡਿਆ! ਕੁਝ ਲਿਖ ਪੜ੍ਹ। ਹੇ ਵਾਹਿਗੁਰੂ! ਸਾਨੂੰ ਸੁਮੱਤ ਬਖ਼ਸ਼।' ਵਿੱਚ 'ਮੁੰਡਿਆ' ਤੇ 'ਵਾਹਿਗੁਰੂ'।

ਨੋਟ–ਸੰਬੋਧਨ ਕਾਰਕ ਦੇ ਚਿੰਨ੍ਹ ਦੋ ਤਰ੍ਹਾਂ ਦੇ ਹਨ–

(1) ਹੇ, ਵੇ, ਓਏ, ਨੀ, ਆਦਿਕ 'ਵਿਸਮਿਕ ਸ਼ਬਦ'; ਅਤੇ

(2) 'ਆ', 'ਾ', 'ਓ' 'ੋ', 'ਏ', 'ੇ', ਆਦਿਕ 'ਸੰਬੋਧਨੀ ਪਿਛੇਤਰ'।

# (ਸ) ਕਾਰਕਰੂਪ

103. ਕਾਰਕ-ਚਿੰਨ੍ਹ ਲੱਗਣ ਕਰਕੇ ਨਾਉਂ-ਪੜਨਾਉਂ ਦੇ ਰੂਪਾਂ ਵਿੱਚ ਜੋ ਅਦਲਾ-ਬਦਲੀ ਹੁੰਦੀ ਹੈ, ਉਸ ਨੂੰ **ਕਾਰਕਰੂਪ** ਆਖਦੇ ਹਨ। ਪੰਜਾਬੀ ਵਿੱਚ ਇਹ ਭੇਦ ਚਾਰ ਤਰ੍ਹਾਂ ਦਾ ਹੈ–ਸਾਧਾਰਣ, ਸੰਬੰਧਕੀ, ਸੰਮਿਲਿਤ ਸੰਬੰਧਕੀ ਤੇ ਸੰਬੋਧਨ।

**(1) ਸਾਧਾਰਣ ਰੂਪ** ਉਹ ਹੈ, ਜਿਸ ਦੇ ਨਾਲ ਕੋਈ ਕਾਰਕ-ਚਿੰਨ੍ਹ (ਪਰਗਟ ਜਾਂ ਲੁਪਤ) ਨਾ ਲੱਗਾ ਹੋਵੇ; ਜਿਵੇਂ–

'ਮੁੰਡਾ ਰੋਟੀ ਖਾਂਦਾ ਹੈ।' ਵਿੱਚ 'ਮੁੰਡਾ' ਤੇ 'ਰੋਟੀ' ਸਾਧਾਰਣ ਰੂਪ ਹਨ।

Sri Satguru Jagjit Singh Ji Elibrary NamdhariElibrary@gmail.com

**(2) ਸੰਬੰਧਕੀ ਰੂਪ** ਉਹ ਹੈ, ਜਿਸ ਦੇ ਨਾਲ ਕੋਈ ਸੰਬੰਧਕ (ਪਰਗਟ ਜਾਂ ਲੁਪਤ) ਲੱਗਾ ਹੋਵੇ; ਜਿਵੇਂ—'ਉਸ ਨੇ ਮੁੰਡੇ ਨੂੰ ਸੋਟੀ ਨਾਲ ਮਾਰਿਆ।' ਵਿੱਚ 'ਉਸ', 'ਮੁੰਡੇ' ਤੇ 'ਸੋਟੀ' ਤਿੰਨੇ ਸੰਬੰਧਕੀ ਰੂਪ ਹਨ।

**(3) ਸੰਮਿਲਿਤ ਸੰਬੰਧਕੀ ਰੂਪ** ਉਹ ਹੈ, ਜਿਸ ਦੇ ਨਾਲ ਕੋਈ 'ਸੰਬੰਧ-ਸੂਚਕ ਪਿਛੇਤਰ' (ੇਂ, ੀਂ, ੇ, ਆਦਿ) ਲੱਗਾ ਹੋਇਆ ਹੋਵੇ; ਜਿਵੇਂ—ਲਾਹੌਰੋਂ, ਕੰਨੀਂ, ਘਰੀਂ, ਸਕੂਲੇ, ਧੁੱਪੇ, ਆਦਿਕ ਸਭ ਸੰਮਿਲਿਤ ਸੰਬੰਧਕੀ ਰੂਪ ਹਨ।

**(4) ਸੰਬੋਧਨ ਰੂਪ** ਉਹ ਹੈ, ਜਿਸ ਦੇ ਨਾਲ ਕੋਈ 'ਸੰਬੋਧਨੀ ਪਿਛੇਤਰ' ਜਾਂ 'ਵਿਸਮਿਕ ਸ਼ਬਦ' ਹੋਵੇ; ਜਿਵੇਂ—ਮੁੰਡਿਆ ! (ਦੁਰ) ਕੁੱਤਿਆ ! (ਹੇ) ਵਾਹਿਗੁਰੂ !

# ਕਾਰਕਰੂਪ-ਸਾਧਨਾ

103. ਕਿਸੇ ਸੰਗਿਆ ਸ਼ਬਦ ਦੀ 'ਕਾਰਕਰੂਪ-ਸਾਧਨਾ' ਤੋਂ ਭਾਵ ਉਸ ਦੇ ਓਹ ਸਾਰੇ ਰੂਪ ਤਰਤੀਬਵਾਰ ਦੱਸਣੇ ਹਨ, ਜੋ ਲਿੰਗ, ਵਚਨ ਤੇ ਕਾਰਕਰੂਪ ਕਰਕੇ ਉਹ ਧਾਰਦਾ ਹੈ; ਜਿਵੇਂ – 'ਜੱਟ', 'ਮੁੰਡਾ', 'ਸਹਿਆ' ਤੇ 'ਪਹਾੜੀਆ' ਆਦਿਕ ਦੇ ਕਾਰਕਰੂਪ ਸਾਧ ਕੇ ਹੇਠਾਂ ਲਿਖੇ ਹਨ: —

## ਜੱਟ | ਮੁੰਡਾ

| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|---|
| ਸਾਧਾਰਣ | ਜੱਟ | ਜੱਟ | ਮੁੰਡਾ | ਮੁੰਡੇ |
| ਸੰਬੰਧਕੀ | ਜੱਟ | ਜੱਟਾਂ (ਨੇ) | ਮੁੰਡੇ (ਨੇ) | ਮੁੰਡਿਆਂ |
| ਸੰਬੋਧਨ | ਜੱਟਾ ! | ਜੱਟੋ ! | ਮੁੰਡਿਆ ! | ਮੁੰਡਿਓ ! |

## ਸਹਿਆ | ਪਹਾੜੀਆ

| | | | | |
|---|---|---|---|---|
| ਸਾਧਾਰਣ | ਸਹਿਆ | ਸਹੇ | ਪਹਾੜੀਆ | ਪਹਾੜੀਏ |
| ਸੰਬੰਧਕੀ | ਸਹੇ (ਨੇ) | ਸਹਿਆਂ | ਪਹਾੜੀਏ (ਨੇ) | ਪਹਾੜੀਆਂ |
| ਸੰਬੋਧਨ | ਸਹਿਆ ! | ਸਹਿਓ ! | ਪਹਾੜੀਆ ! | ਪਹਾੜੀਓ ! |

Sri Satguru Jagjit Singh Ji Elibrary NamdhariElibrary@gmail.com

## ਹਊਆ — ਟੋਆ

| | | | | |
|---|---|---|---|---|
| ਸਾਧਾਰਣ | ਹਊਆ | ਹਊਏ | ਟੋਆ | ਟੋਏ |
| ਸੰਬੰਧਕੀ | ਹਊਏ (ਨੇ) | ਹਊਇਆਂ | ਟੋਏ (ਨੂੰ) | ਟੋਇਆਂ |
| ਸੰਬੋਧਨ | ਹਊਇਆ ! | ਹਊਇਓ ! | ਟੋਇਆ ! | ਟੋਇਓ ! |

## ਮਾਲੀ — ਮਾਲਣ

| | | | | |
|---|---|---|---|---|
| ਸਾਧਾਰਣ | ਮਾਲੀ | ਮਾਲੀ | ਮਾਲਣ | ਮਾਲਣਾਂ |
| ਸੰਬੰਧਕੀ | ਮਾਲੀ (ਨੇ) | ਮਾਲੀਆਂ | ਮਾਲਣ (ਨੇ) | ਮਾਲਣਾਂ |
| ਸੰਬੋਧਨ | ਮਾਲੀਆ ! | ਮਾਲੀਓ ! | ਮਾਲਣੇ ! | ਮਾਲਣੋ ! |

## ਸਾਧੂ — ਕਾਉਂ

| | | | | |
|---|---|---|---|---|
| ਸਾਧਾਰਣ | ਸਾਧੂ | ਸਾਧੂ | ਕਾਉਂ | ਕਾਉਂ |
| ਸੰਬੰਧਕੀ | ਸਾਧੂ (ਨੇ) | ਸਾਧੂਆਂ | ਕਾਉਂ (ਨੇ) | ਕਾਵਾਂ |
| ਸੰਬੋਧਨ | ਸਾਧੂਆ ! | ਸਾਧੂਓ ! | ਕਾਵਾਂ ! | ਕਾਵੋਂ ! |

## ਮਾਤਾ — ਧੀ

| | | | | |
|---|---|---|---|---|
| ਸਾਧਾਰਣ | ਮਾਤਾ | ਮਾਤਾਵਾਂ | ਧੀ | ਧੀਆਂ |
| ਸੰਬੰਧਕੀ | ਮਾਤਾ (ਨੇ) | ਮਾਤਾਵਾਂ | ਧੀ (ਨੇ) | ਧੀਆਂ |
| ਸੰਬੋਧਨ | ਮਾਤਾ ! | ਮਾਤਾਓ ! | ਧੀਏ ! | ਧੀਓ ! |

## ਗਊ — ਰੌ

| | | | | |
|---|---|---|---|---|
| ਸਾਧਾਰਣ | ਗਊ | ਗਊਆਂ | ਰੌ | ਰੌਆਂ |
| ਸੰਬੰਧਕੀ | ਗਊ (ਨੂੰ) | ਗਊਆਂ | ਰੌ (ਵਿੱਚ) | ਰੌਆਂ |
| ਸੰਬੋਧਨ | ਗਊਏ ! | ਗਊਓ ! | ਰੌਏ ! | ਰੌਓ ! |

### ਅਭਿਆਸ

1. ਕਾਰਕ ਕਿਸ ਨੂੰ ਆਖਦੇ ਹਨ ? ਕਾਰਕ ਕਿੰਨੇ ਤੇ ਕਿਹੜੇ ਕਿਹੜੇ ਹਨ ? ਹਰ ਇੱਕ ਦਾ ਨਾਉਂ, ਲੱਛਣ, ਚਿੰਨ੍ਹ ਤੇ ਤਿੰਨ ਤਿੰਨ ਉਦਾਹਰਣ ਦੱਸੋ।
2. ਕਾਰਕਰੂਪ ਕਿੰਨੇ ਤੇ ਕਿਹੜੇ ਕਿਹੜੇ ਹਨ ? ਹਰ ਇੱਕ ਦਾ ਲੱਛਣ

Sri Satguru Jagjit Singh Ji Elibrary NamdhariElibrary@gmail.com

ਉਦਾਹਰਣਾਂ ਸਹਿਤ ਦੱਸੋ।

3. ਪੁਲਿੰਗ ਤੇ ਇਸਤ੍ਰੀ ਲਿੰਗ ਨਾਵਾਂ ਦੇ ਕਾਰਕਰੂਪ ਬਣਾਉਣ ਦੇ ਨੇਮ ਉਦਾਹਰਣਾਂ ਸਹਿਤ ਦੱਸੋ, ਅਤੇ ਹੇਠਾਂ ਲਿਖੇ ਨਾਵਾਂ ਦੇ ਕਾਰਕਰੂਪ ਸਾਧੋ:—
ਮਾਤਾ, ਨਦੀ, ਤਾਇਆ, ਬਟੂਆ, ਸਕੂਲ, ਬਾਣੀਆ, ਘੋੜਾ, ਟੱਟੂ।
4. ਨਾਉਂ ਨੂੰ 'ਸੰਬੰਧਮਾਨ' ਕਦੋਂ ਕਿਹਾ ਜਾਂਦਾ ਹੈ, 'ਵਿਸ਼ੇਸ਼' ਕਦੋਂ, ਤੇ 'ਸੰਬੰਧੀ' ਕਦੋਂ ? ਨਾਲੇ ਉਦਾਹਰਣ ਦੇ ਕੇ ਦੱਸੋ ਕਿ ਨਾਉਂ-ਤੁਲ ਕਿਸ ਕਿਸ ਪਰਕਾਰ ਦੇ ਸ਼ਬਦ-ਸਮੂਹ ਹੋ ਸਕਦੇ ਹਨ ?
5. ਹੇਠਾਂ ਲਿਖਿਆਂ ਵਾਕਾਂ ਨੂੰ ਭੁੱਲਾਂ ਦੱਸ ਕੇ ਸੋਧੋ:—
ਮੁੰਡੇ ਅੱਜ ਰੋਟੀ ਨਹੀਂ ਖਾਧੀ। ਚਾਰ ਘੋੜੇ ਨੂੰ ਦਾਣਾ ਧਰੋ! ਲੁਹਾਰ! ਫਾਲਾ ਬਣਾ ਦੇ। ਤੋਤਾ ਦਾ ਰੰਗ ਹਰਾ ਹੁੰਦਾ ਹੈ।

# ਨਾਵਾਂ ਦੀ ਪਦ-ਵੰਡ

104. ਸ਼ਬਦਾਂ ਦੇ ਪਰਕਾਰ, ਰੂਪ ਅਤੇ ਵਾਕ ਦੇ ਹੋਰਨਾਂ ਸ਼ਬਦਾਂ ਨਾਲ ਓਹਨਾਂ ਦਾ ਸੰਬੰਧ ਦੱਸਣ ਨੂੰ **ਪਦ-ਵੰਡ** ਕਰਨਾ ਆਖਦੇ ਹਨ।

105. ਨਾਉਂ ਦੀ ਪਦ-ਵੰਡ ਕ਼ਰਨ ਵਿੱਚ ਉਸ ਦਾ (1) ਪਰਕਾਰ, (2) ਲਿੰਗ, (3) ਵਚਨ, (4) ਕਾਰਕ, (5) ਕਾਰਕਰੂਪ ਤੇ (6) ਵਾਕ ਦੇ ਹੋਰਨਾਂ ਸ਼ਬਦਾਂ ਨਾਲ ਸੰਬੰਧ ਦੱਸਿਆ ਜਾਂਦਾ ਹੈ; ਜਿਹਾ ਕਿ—

ਰਾਹ ਵਿੱਚ ਰਾਮ ਸਿੰਘ ਨੇ ਜੱਥੇ ਨੂੰ ਚਾਹ ਪਿਆਈ।

ਰਾਹ—ਨਾਉਂ, ਜਾਤੀ, ਪੁਲਿੰਗ, ਇੱਕਵਚਨ, ਅਧਿਕਰਣ ਕਾਰਕ, ਸੰਬੰਧਕੀ ਰੂਪ, ਕਿਰਿਆ 'ਪਿਆਈ' ਦਾ ਅਧਿਕਰਣ ਤੇ ਸੰਬੰਧਕ 'ਵਿੱਚ' ਦਾ ਸੰਬੰਧੀ।

ਰਾਮ ਸਿੰਘ—ਨਾਉਂ, ਖ਼ਾਸ, ਪੁਲਿੰਗ, ਇੱਕਵਚਨ, ਕਰਤਾਕਾਰਕ, ਸੰਬੰਧਕੀ ਰੂਪ, ਕਿਰਿਆ 'ਪਿਆਈ' ਦਾ ਕਰਤਾ ਤੇ ਸੰਬੰਧਕ 'ਨੇ' ਦਾ ਸੰਬੰਧੀ।

ਜੱਥੇ—ਨਾਉਂ, ਇਕੱਠਵਾਚਕ, ਪੁਲਿੰਗ, ਇੱਕਵਚਨ, ਕਰਮ ਕਾਰਕ' ਸੰਬੰਧਕੀ ਰੂਪ, ਕਿਰਿਆ 'ਪਿਆਈ' ਦਾ ਅਪਰਧਾਨ ਕਰਮ ਤੇ ਸੰਬੰਧਕ 'ਨੂੰ' ਦਾ ਸੰਬੰਧੀ।

ਚਾਹ—ਨਾਉਂ, ਪਦਾਰਥਵਾਚਕ, ਇਸਤ੍ਰੀ ਲਿੰਗ, ਇੱਕਵਚਨ, ਕਰਮ ਕਾਰਕ, ਸਾਧਾਰਣ ਰੂਪ, ਕਿਰਿਆ 'ਪਿਆਈ' ਦਾ ਪਰਧਾਨ ਕਰਮ।

Sri Satguru Jagjit Singh Ji Elibrary NamdhariElibrary@gmail.com

# ਦੂਜਾ ਅਧਿਆਇ

## ਵਿਸ਼ੇਸ਼ਣ

106. ਜੋ ਸ਼ਬਦ ਕਿਸੇ ਨਾਉਂ ਜਾਂ ਪੜਨਾਉਂ ਦੀ ਵਰਤੋਂ ਨੂੰ ਆਮ ਤੋਂ ਖ਼ਾਸ ਬਣਾਵੇ, ਉਸ ਨੂੰ **ਵਿਸ਼ੇਸ਼ਣ** ਆਖਦੇ ਹਨ, ਅਤੇ ਉਸ ਨਾਉਂ-ਪੜਨਾਉਂ ਨੂੰ **ਵਿਸ਼ੇਸ਼** ਕਿਹਾ ਜਾਂਦਾ ਹੈ; ਜਿਹਾ ਕਿ–'ਕਾਲਾ ਘੋੜਾ' ਵਿੱਚ 'ਕਾਲਾ' ਵਿਸ਼ੇਸ਼ਣ ਹੈ ਤੇ 'ਘੋੜਾ' ਵਿਸ਼ੇਸ਼ ।

107. ਵਿਸ਼ੇਸ਼ਣ ਦੋ ਤਰ੍ਹਾਂ ਵਰਤੇ ਜਾਂਦੇ ਹਨ:–

(ੳ) 'ਵਿਸ਼ੇਸ਼ ਨਾਲ'–ਜਦ ਕਿ ਵਿਸ਼ੇਸ਼ਣ ਕਿਰਿਆ ਦੀ ਸਹਾਇਤਾ ਤੋਂ ਬਿਨਾਂ ਹੀ 'ਵਿਸ਼ੇਸ਼ ਵਸਤੂ' ਦਾ ਗੁਣ ਆਦਿਕ ਦੱਸੇ; ਜਿਵੇਂ–'ਕਾਲਾ' ਘੋੜਾ ।

(ਅ) 'ਕਿਰਿਆ ਨਾਲ'–ਜਦ ਕਿ ਵਿਸ਼ੇਸ਼ਣ 'ਵਿਸ਼ੇਸ਼ ਵਸਤੂ' ਦਾ ਗੁਣ ਆਦਿਕ ਕਿਰਿਆ ਦੀ ਸਹਾਇਤਾ ਨਾਲ ਦੱਸੇ; ਜਿਵੇਂ–ਇਹ ਘੋੜਾ 'ਕਾਲਾ' ਹੈ । ਇਸ ਹਾਲਤ ਵਿੱਚ ਵਿਸ਼ੇਸ਼ਣ 'ਵਿਸ਼ੇਸ਼ ਤੋਂ ਪਿੱਛੋਂ' ਹੀ ਆਉਂਦਾ ਹੈ ।

108. ਵਿਸ਼ੇਸ਼ਣ ਪੰਜ ਪਰਕਾਰ ਦੇ ਹਨ–

1. ਗੁਣਵਾਚਕ;
2. ਸੰਖਿਅਕ;
3. ਪਰਿਮਾਣਵਾਚਕ;
4. ਨਿਸਚੇਵਾਚਕ;
5. ਪੜਨਾਵੀਂ ।

## (1) ਗੁਣਵਾਚਕ ਵਿਸ਼ੇਸ਼ਣ

109. ਜੋ ਵਿਸ਼ੇਸ਼ਣ ਕਿਸੇ ਵਸਤੂ ਦਾ ਗੁਣ-ਔਗੁਣ ਦੱਸੇ, ਉਸ ਨੂੰ **ਗੁਣਵਾਚਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ–ਕਾਲਾ, ਚੰਗਾ, ਗੁਆਊ, ਪੜ੍ਹਿਆ (ਮਨੁੱਖ), ਚਲਦੀ (ਗੱਡੀ), ਬੰਗਾਲੀ (ਬਾਬੂ), ਪਹਾੜੀ (ਬੱਕਰੀ) ।

110. ਏਹਨਾਂ ਵਿਸ਼ੇਸ਼ਣਾਂ ਦੇ ਰੂਪਾਂਤਰ ਸੰਬੰਧੀ ਏਹ ਨੇਮ ਹਨ:–

ਨੇਮ (1) ਕੰਨਾ-ਅੰਤ ਗੁਣਵਾਚਕਾਂ ਦੇ ਰੂਪ, ਲਿੰਗ, ਵਚਨ ਤੇ ਕਾਰਕਰੂਪ

Sri Satguru Jagjit Singh Ji Elibrary NamdhariElibrary@gmail.com

ਕਰਕੇ ਕੰਨਾ-ਅੰਤ ਨਾਵਾਂ ਵਾਕਰ ਹੀ ਬਦਲਦੇ ਹਨ; ਜਿਹਾ ਕਿ–

| ਕਾਰਕਰੂਪ | ਪੁਲਿੰਗ | | ਇਸਤ੍ਰੀ ਲਿੰਗ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਕਾਲਾ | ਕਾਲੇ | ਕਾਲੀ | ਕਾਲੀਆਂ |
| | ਘੋੜਾ | ਘੋੜੇ | ਘੋੜੀ | ਘੋੜੀਆਂ |
| ਸੰਬੰਧਕੀ | ਕਾਲੇ | ਕਾਲਿਆਂ | ਕਾਲੀ | ਕਾਲੀਆਂ |
| | ਘੋੜੇ | ਘੋੜਿਆਂ | ਘੋੜੀ | ਘੋੜੀਆਂ |
| ਸੰਬੋਧਨ | ਕਾਲਿਆ | ਕਾਲਿਓ | ਕਾਲੀਏ | ਕਾਲੀਓ |
| | ਘੋੜਿਆ ! | ਘੋੜਿਓ ! | ਘੋੜੀਏ ! | ਘੋੜੀਓ ! |

ਨੇਮ (2) ਜਿਨ੍ਹਾਂ ਗੁਣਵਾਚਕਾਂ ਦੇ ਅੰਤ ਵਿੱਚ ਕੰਨਾ ਨਾ ਹੋਵੇ, ਓਹਨਾਂ ਦੇ ਰੂਪ ਲਿੰਗ, ਵਚਨ ਤੇ ਕਾਰਕਰੂਪ ਕਰਕੇ ਨਹੀਂ ਬਦਲਦੇ; ਜਿਹਾ ਕਿ–ਉੱਪਰਲੇ ਨਕਸ਼ੇ ਵਿਚ ਵਿਸ਼ੇਸ਼ਣ 'ਕਾਲਾ' ਦਿਆਂ ਸਾਰਿਆਂ ਰੂਪਾਂ ਦੀ ਥਾਂ 'ਅਰਬੀ', 'ਕੁਮੈਤ' ਜਾਂ 'ਵੈਲਰ' ਦਾ ਇੱਕੋ ਰੂਪ ਹੀ ਆ ਸਕਦਾ ਹੈ।

ਉਲੰਘਣ–ਕਦੇ ਕਦੇ 'ਮੁਕਤਾ-ਅੰਤ' ਤੇ 'ਬਿਹਾਰੀ–ਅੰਤ' ਵਿਸ਼ੇਸ਼ਣਾਂ ਦੇ ਰੂਪ ਲਿੰਗ, ਵਚਨ ਤੇ ਕਾਰਕਰੂਪ ਕਰਕੇ ਬਦਲਦੇ ਵੀ ਹਨ; ਜਿਹਾ ਕਿ–

| ਕਾਰ ਕਰੂਪ | ਪੁਲਿੰਗ | | ਇਸਤ੍ਰੀ ਲਿੰਗ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਗ਼ਰੀਬ | ਗਰੀਬ | ਗ਼ਰੀਬਣੀ | ਗਰੀਬਣੀਆਂ |
| | ਮੁੰਡਾ | ਮੁੰਡੇ | ਕੁੜੀ | ਕੁੜੀਆਂ |
| ਸੰਬੰਧਕੀ | ਗ਼ਰੀਬ | ਗ਼ਰੀਬਾਂ | ਗ਼ਰੀਬਣੀ | ਗ਼ਰੀਬਣੀਆਂ |
| | ਮੁੰਡੇ | ਮੁੰਡਿਆਂ | ਕੁੜੀ | ਕੁੜੀਆਂ |
| ਸੰਬੋਧਨ | ਗ਼ਰੀਬਾ | ਗ਼ਰੀਬੋ | ਗ਼ਰੀਬਣੀਏ | ਗ਼ਰੀਬਣੀਓ |
| | ਮੁੰਡਿਆ ! | ਮੁੰਡਿਓ ! | ਕੁੜੀਏ ! | ਕੁੜੀਓ ! |
| ਸਾਧਾਰਣ | ਭਰਮੀ | ਭਰਮੀ | ਭਰਮਣ | ਭਰਮਣਾਂ |
| | ਮਨੁੱਖ | ਮਨੁੱਖ | ਇਸਤ੍ਰੀ | ਇਸਤ੍ਰੀਆਂ |
| ਸੰਬੰਧਕੀ | ਭਰਮੀ | ਭਰਮੀਆਂ | ਭਰਮਣ | ਭਰਮਣਾਂ |
| | ਮਨੁੱਖ | ਮਨੁੱਖਾਂ | ਇਸਤ੍ਰੀ | ਇਸਤ੍ਰੀਆਂ |
| ਸੰਬੋਧਨ | ਭਰਮੀਆ | ਭਰਮੀਓ | ਭਰਮਣੇ | ਭਰਮਣੋ |
| | ਮਨੁੱਖਾ ! | ਮਨੁੱਖੋ ! | ਇਸਤ੍ਰੀਏ ! | ਇਸਤ੍ਰੀਓ ! |

Sri Satguru Jagjit Singh Ji Elibrary NamdhariElibrary@gmail.com

ਇਸ ਦੇ ਹੋਰ ਉਦਾਹਰਣ 'ਪਾਪੀ', 'ਧਰਮੀ' ਤੇ 'ਪ੍ਰੇਮੀ' ਹਨ।

ਨੇਮ (3) ਵਿਸ਼ੇਸ਼ਣ ਦੇ ਨਾਲ ਵਿਸ਼ੇਸ਼ ਨਾ ਹੋਵੇ, ਤਾਂ ਉਸ ਦੇ ਅੰਤ ਵਿੱਚ ਭਾਵੇਂ ਕੀ ਹੋਵੇ, ਉਸ ਦਾ ਰੂਪ ਲਿੰਗ, ਵਚਨ ਤੇ ਕਾਰਕਰੂਪ ਕਰਕੇ ਬਦਲ ਜਾਂਦਾ ਹੈ; ਜਿਵੇਂ—

| ਕਾਰਕਰੂਪ | ਪੁਲਿੰਗ | | ਇਸਤ੍ਰੀ ਲਿੰਗ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਲੋਭੀ | ਲੋਭੀ | ਲੋਭਣ | ਲੋਭਣਾਂ |
| ਸੰਬੰਧਕੀ | ਲੋਭੀ | ਲੋਭੀਆਂ | ਲੋਭਣ | ਲੋਭਣਾਂ |
| ਸੰਬੋਧਨ | ਲੋਭੀਆ ! | ਲੋਭੀਓ ! | ਲੋਭਣੇ ! | ਲੋਭਣੋ ! |

ਨੋਟ—ਸੰਮਿਲਿਤ ਸੰਬੰਧਕੀ ਰੂਪ ਵਿਸ਼ੇਸ਼ਣਾਂ ਦਾ ਵੀ ਹੁੰਦਾ ਹੈ; ਜਿਵੇਂ—'ਮੰਦੀ" ਕੰਮੀਂ ਪਿਆਰਿਆ, ਸਰਪਰ ਮੰਦਾ ਹੋਇ।

111. ਪੁਲਿੰਗ ਬਹੁਵਚਨ ਸੰਬੰਧਕੀ ਰੂਪ ਦੀ ਥਾਂ ਹੁਣ ਪੁਲਿੰਗ ਇੱਕਵਚਨ ਸੰਬੰਧਕੀ ਰੂਪ ਵੀ ਵਰਤਿਆਂ ਜਾਂਦਾ ਹੈ; ਜਿਹਾ ਕਿ—

'ਚੰਗਿਆਂ' ਕੰਮਾਂ ਦਾ ਫਲ ਚੰਗਾ, 'ਮੰਦਿਆਂ' ਕੰਮਾਂ ਦਾ ਫ਼ਲ ਮੰਦਾ।

ਦੀ ਥਾਂ

'ਚੰਗੇ' ਕੰਮਾਂ ਦਾ ਫਲ ਚੰਗਾ, 'ਮੰਦੇ' ਕੰਮਾਂ ਦਾ ਫਲ ਮੰਦਾ।

## ਤੁਲਨਾ

112 ਕਿਸੇ ਇੱਕ ਗੁਣ ਕਰਕੇ ਦੋ ਜਾਂ ਵਧੀਕ ਵਸਤਾਂ ਦੇ ਟਾਕਰਾ ਕਰਨ ਨੂੰ 'ਤੁਲਨਾ' ਆਖਦੇ ਹਨ।

113. ਤੁਲਨਾ ਕਰਕੇ ਗੁਣਵਾਚਕ ਵਿਸ਼ੇਸ਼ਣਾਂ ਦੀਆਂ ਤਿੰਨ ਅਵਸਥਾਂ ਹੁੰਦੀਆਂ ਹਨ—ਸਾਧਾਰਣ, ਅਧਿਕਤਰ ਤੇ ਅਧਿਕਤਮ।

(1) ਜਦ ਤੁਲਨਾ ਨਹੀਂ ਹੁੰਦੀ, ਤਾਂ ਵਿਸ਼ੇਸ਼ਣ **ਸਾਧਾਰਣ ਅਵਸਥਾ** ਵਿੱਚ ਕਿਹਾ ਜਾਂਦਾ ਹੈ; ਜਿਹਾ ਕਿ—ਇਹ ਮੁੰਡਾ 'ਚੰਗਾ' ਹੈ।

(2) ਜਦ ਤੁਲਨਾ ਦੋ ਵਸਤਾਂ ਵਿੱਚ ਹੋਵੇ ਅਤੇ ਇੱਕ ਨੂੰ ਦੂਜੀ ਨਾਲੋਂ ਅਧਿਕ ਦੱਸਿਆ ਜਾਵੇ, ਤਾਂ ਵਿਸ਼ੇਸ਼ਣ **ਅਧਿਕਤਰ ਅਵਸਥਾ** ਵਿੱਚ ਕਿਹਾ ਜਾਂਦਾ ਹੈ; ਜਿਵੇਂ—ਇਹ ਮੁੰਡਾ ਹਰਨਾਮ ਸਿੰਘ ਤੋਂ 'ਚੰਗਾ' ਹੈ। ਇਹ ਮੁੰਡਾ ਹਰਨਾਮ ਸਿੰਘ ਤੋਂ 'ਚੰਗੇਰਾ' ਹੈ। ਇਹ ਸੋਟੀ ਉਸ ਛਤਰੀ ਨਾਲੋਂ 'ਛੁਟੇਰੀ' ਹੈ।

Sri Satguru Jagjit Singh Ji Elibrary NamdhariElibrary@gmail.com

(3) ਜਦ ਦੋ ਤੋਂ ਵਧੀਕ ਵਸਤਾਂ ਵਿੱਚ ਤੁਲਨਾ ਹੋਵੇ ਅਤੇ ਇੱਕ ਨੂੰ ਸਭਨਾਂ ਨਾਲੋਂ ਅਧਿਕ ਦੱਸਿਆ ਜਾਵੇ, ਤਾਂ ਵਿਸ਼ੇਸ਼ਣ **ਅਧਿਕਤਮ ਅਵਸਥਾ** ਵਿੱਚ ਸਮਝਿਆ ਜਾਂਦਾ ਹੈ; ਜਿਵੇਂ—ਇਹ ਮੁੰਡਾ ਸਾਰਿਆਂ ਨਾਲੋਂ 'ਚੰਗਾ' ਹੈ।

114. ਉੱਪਰਲੇ ਉਦਾਹਰਣਾਂ ਤੋਂ ਪਰਤੀਤ ਹੁੰਦਾ ਹੈ ਕਿ:—

(ੳ) ਅਧਿਕਤਰ ਤੇ ਅਧਿਕਤਮ ਅਵਸਥਾ ਵਿੱਚ ਵਿਸ਼ੇਸ਼ਣ ਤੋਂ ਪਹਿਲਾਂ ਸੰਬੰਧਕ 'ਤੋਂ' ਜਾਂ 'ਨਾਲੋਂ' ਜ਼ਰੂਰ ਹੁੰਦਾ ਹੈ: ਅਤੇ ਕਿਤੇ ਕਿਤੇ—

(ਅ) ਅਧਿਕਤਰ ਅਵਸਥਾ ਵਿੱਚ ਕੰਨਾ-ਅੰਤ ਵਿਸ਼ੇਸ਼ਣ ਦੇ ਅੰਤਲੇ ਕੰਨੇ ( ਾ ) ਦੀ ਥਾਂ 'ਲਾਂ' ( ੇ ) ਤੇ 'ਰਾ' ਕੀਤਾ ਜਾਂਦਾ ਹੈ; ਜਿਵੇਂ—ਚੰਗਾ ਤੋਂ ਚੰਗੇਰਾ; ਵੱਡਾ ਤੋਂ ਵਡੇਰਾ; ਬੁੜ੍ਹਾ ਤੋਂ ਬੁਢੇਰਾ; ਉੱਚਾ ਤੋਂ ਉਚੇਰਾ; ਚਿੱਟਾ ਤੋਂ ਚਿਟੇਰਾ; ਪਤਲਾ ਤੋਂ ਪਤਲੇਰਾ।

115. ਜਿਨ੍ਹਾਂ ਸ਼ਬਦਾਂ ਦਾ ਰੂਪ ਸਾਧਿਆ ਜਾ ਸਕੇ, ਓਹਨਾਂ ਨੂੰ **ਸਾਧ**, ਅਤੇ ਜਿਨ੍ਹਾਂ ਦਾ ਰੂਪ ਨਾ ਸਾਧਿਆ ਜਾ ਸਕੇ, ਓਹਨਾਂ ਨੂੰ **ਅਸਾਧ** ਆਖਿਆ ਜਾਂਦਾ ਹੈ; ਜਿਵੇਂ—ਵਿਸ਼ੇਸ਼ਣ 'ਕਾਲਾ' ਸਾਧ ਹੈ, ਤੇ 'ਕੁਮੈਤ' ਅਸਾਧ।

ਅਭਿਆਸ

1. ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ਅਤੇ ਵਿਸ਼ੇਸ਼ ਕਿਸ ਨੂੰ ? ਵਿਸ਼ੇਸ਼ਣਾਂ ਦੀ ਵਰਤੋਂ ਕਿੰਨੀ ਤਰ੍ਹਾਂ ਹੁੰਦੀ ਹੈ ? ਵਿਸ਼ੇਸ਼ਣ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ ? ਗੁਣਵਾਚਕ ਵਿਸ਼ੇਸ਼ਣ ਕੀ ਦੱਸਦੇ ਹਨ ? ਅਸਾਧ ਕਿਸ ਨੂੰ ਆਖਦੇ ਹਨ ਤੇ ਸਾਧ ਕਿਸ ਨੂੰ ? ਨਾਲੇ ਦੱਸੋ ਕਿ ਕਿਹੜੇ ਗੁਣਵਾਚਕ ਅਸਾਧ ਹਨ ਤੇ ਕਿਹੜੇ ਸਾਧ ਹੀ ਹੁੰਦੇ ਹਨ ?
2. ਦੱਸੋ, ਕਦੋਂ ਬਹੁਵਚਨ ਵਿਸ਼ੇਸ਼ ਦੇ ਨਾਲ ਵਿਸ਼ੇਸ਼ਣ ਇੱਕਵਚਨ ਹੀ ਲਾਇਆ ਜਾਂਦਾ ਹੈ।
3. ਤੁਲਨਾ ਕਿਸ ਨੂੰ ਆਖਦੇ ਹਨ ? ਤੁਲਨਾ ਕਰਕੇ ਵਿਸ਼ੇਸ਼ਣਾਂ ਦੀਆਂ ਤਿੰਨ ਅਵਸਥਾਂ ਕਿਹੜੀਆਂ ਕਿਹੜੀਆਂ ਹਨ ? ਹਰ ਇੱਕ ਦੇ ਤਿੰਨ ਤਿੰਨ ਉਦਾਹਰਣ ਦਿਓ।
4. ਇਨ੍ਹਾਂ ਵਿਸ਼ੇਸ਼ਣਾਂ ਦੇ ਅਧਿਕਤਰ ਰੂਪ ਦੱਸੋ:—
   ਚੰਗਾ, ਮੰਦਾ, ਪਤਲਾ, ਲੰਮਾ, ਉੱਚਾ, ਛੋਟਾ, ਮੋਟਾ।

Sri Satguru Jagjit Singh Ji Elibrary NamdhariElibrary@gmail.com

# (2) ਸੰਖਿਅਕ ਵਿਸ਼ੇਸ਼ਣ

116. ਜੋ ਵਿਸ਼ੇਸ਼ਣ ਵਸਤਾਂ ਦੀ ਗਿਣਤੀ ਜਾਂ ਗਿਣਤੀ ਦਾ ਕ੍ਰਮ ਦੱਸਣ, ਓਹਨਾਂ ਨੂੰ **ਸੰਖਿਅਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ–'ਪੰਜ ਵਰ੍ਹੇ' ਤੇ 'ਪੰਜਵਾਂ ਮਹੀਨਾ' ਵਿੱਚ 'ਪੰਜ' ਤੇ 'ਪੰਜਵਾਂ'।

117. 'ਸੰਖਿਅਕ ਵਿਸ਼ੇਸ਼ਣ' ਸੱਤ ਪਰਕਾਰ ਦੇ ਹਨ:–

(1) ਸਾਧਾਰਣ–ਜੋ ਵਸਤਾਂ ਦੀ ਪੂਰੀ ਪੂਰੀ ਗਿਣਤੀ ਦੱਸਦੇ ਹਨ; ਜਿਵੇਂ–ਇੱਕ, ਦੋ, ਤਿੰਨ, ਪੰਜ, ਸੌ, ਹਜ਼ਾਰ।

(2) ਕ੍ਰਮਵਾਚਕ–ਜੋ ਗਿਣਤੀ ਕਰਕੇ ਕਿਸੇ ਚੀਜ਼ ਦਾ ਨੰਬਰ ਜਾਂ ਦਰਜਾ ਦੱਸਣ; ਜਿਵੇਂ–ਪਹਿਲਾ, ਦੂਜਾ, ਤੀਜਾ, ਪੰਜਵਾਂ, ਸੌਵਾਂ, ਹਜ਼ਾਰਵਾਂ।

(3) ਸਮੁੱਚਤਾ-ਬੋਧਕ–ਜੋ ਵਸਤਾਂ ਦੀ ਸਮੁੱਚੀ ਜਾਂ ਸਾਰੀ ਦੀ ਸਾਰੀ ਗਿਣਤੀ ਨੂੰ ਪਰਗਟ ਕਰਨ; ਜਿਵੇਂ–ਦੋਵੇਂ, ਤਿੰਨੇ, ਚਾਰੇ, ਪੰਜੇ।

(4) ਕਸਰੀ–ਜੋ ਕਿਸੇ ਚੀਜ਼ ਦੇ ਹਿੱਸਿਆਂ ਦੀ ਗਿਣਤੀ ਦੱਸਣ; ਜਿਵੇਂ–ਅੱਧਾ, ਪੌਣਾ, ਤਿੰਨ-ਚੁਥਾਈ, ਸਵਾ, ਡੇਢ, ਸਾਢੇ ਪੰਜ, ਪੌਣੇ ਸੱਤ, ਆਦਿਕ।

(5) ਗੁਣਾਵਾਚਕ–ਜੋ ਇਹ ਦੱਸਣ ਕਿ ਇੱਕ ਚੀਜ਼ ਦੂਜੀ ਚੀਜ਼ ਨਾਲੋਂ ਕਿੰਨੇ ਗੁਣਾ ਹੈ; ਜਿਵੇਂ–ਦੂਣਾ, ਚੌਣਾ, ਪੰਜ ਗੁਣਾ, ਸੌ ਗੁਣਾ।

(6) ਅਨਿਸਚਿਤ–ਜੋ ਚੀਜ਼ਾਂ ਦੀ ਪੂਰੀ ਪੂਰੀ ਗਿਣਤੀ ਦਾ ਨਿਸਚਾ ਨਾ ਦਿਵਾਉਣ; ਜਿਵੇਂ–ਸਾਰੇ, ਬਹੁਤੇ, ਥੋੜੇ।

(7) ਨਿਖੇੜਕ–ਜਿਨ੍ਹਾਂ ਦੁਆਰਾ ਇਹ ਦੱਸਿਆ ਜਾਵੇ ਜੁ ਕਈਆਂ ਚੀਜ਼ਾਂ ਵਿੱਚੋਂ ਹਰ ਵਾਰੀ ਕਿੰਨੀਆਂ ਕਿੰਨੀਆਂ ਚੀਜ਼ਾਂ ਨਿਖੇੜੀਆਂ ਗਈਆਂ ਹਨ; ਜਿਵੇਂ-ਇੱਕ ਇੱਕ, ਦੋ ਦੋ, ਪੰਜ ਪੰਜ, ਹਰ ਇੱਕ, ਹਰ ਦੋ ਦੋ, ਹਰ ਅੱਠ ਅੱਠ।

118. ਸੰਖਿਅਕ ਵਿਸ਼ੇਸ਼ਣਾਂ ਦੇ **ਰੂਪਾਂਤਰ** ਸੰਬੰਧੀ ਨੇਮ ਏਹ ਹਨ:–

## (ੳ) ਸਾਧਾਰਨ ਸੰਖਿਅਕ

ਨੇਮ (1) ਸਾਧਾਰਣ ਸੰਖਿਅਕਾਂ ਦਾ ਰੂਪ ਦੁਹਾਂ ਲਿੰਗਾਂ ਵਿਚ ਇੱਕੋ ਜੇਹਾ ਰਹਿੰਦਾ ਹੈ; ਜਿਵੇਂ–'ਸੱਤ' ਮੁੰਡੇ; 'ਸੱਤ' ਕੁੜੀਆਂ!

ਨੇਮ (2) 'ਇੱਕ' ਸਦਾ ਇੱਕਵਚਨ ਤੇ ਅਸਾਧ ਹੈ; ਬਾਕੀ ਦੇ ਸਾਰੇ ਬਹੁਵਚਨ ਹੁੰਦੇ ਹਨ। ਸੋ 'ਸੱਤ' ਦੀ ਕਾਰਕਰੂਪ-ਸਾਧਨਾ ਇਉਂ ਹੋਵੇਗੀ:–

## ਸੱਤ

| ਕਾਰਕਰੂਪ | ਪੁਲਿੰਗ | ਇਸਤ੍ਰੀ ਲਿੰਗ |
|---|---|---|
| ਸਾਧਾਰਣ | ਸੱਤ ਘੋੜੇ | ਸੱਤ ਘੋੜੀਆਂ |
| ਸੰਬੰਧਕੀ | ਸੱਤਾਂ ਘੋੜਿਆਂ ਨੇ | ਸੱਤਾਂ ਘੋੜੀਆਂ ਨੇ |
| ਸੰਬੋਧਨ | ਸੱਤ ਘੋੜਿਓ ! | ਸੱਤ ਘੋੜੀਓ ! |

# (ਅ) ਕ੍ਰਮਵਾਚਕ ਸੰਖਿਅਕ

ਨੇਮ (3) ਕ੍ਰਮਵਾਚਕ ਸੰਖਿਅਕ ਬਣਾਉਣ ਲਈ ਸਾਧਾਰਣ ਸੰਖਿਅਕ ਨਾਲ 'ਵਾਂ' ਲੱਗਦਾ ਹੈ; ਜਿਵੇਂ–ਪੰਜਵਾਂ, ਛੇਵਾਂ, ਦਸਵਾਂ।

ਨੇਮ (4) ਜੇ ਸਾਧਾਰਣ ਸੰਖਿਅਕ ਦੇ ਅੰਤ ਵਿੱਚ ' ਾ ' ਜਾਂ ' ਾਂ ' ਹੋਵੇ, ਤਾਂ 'ਵਾਂ' ਲਾਉਣ ਤੋਂ ਪਹਿਲਾਂ ਉਸ ' ਾ ' ਜਾਂ ' ਾਂ ' ਨੂੰ ਦੂਰ ਕਰ ਦਿੰਦੇ ਹਨ; ਜਿਵੇਂ–'ਬਵੰਜਾ' ਤੋਂ 'ਬਵੰਜਵਾਂ; 'ਬਾਰਾਂ' ਤੋਂ ਬਾਰ੍ਹਵਾਂ'।

ਨੇਮ (5) ਜੇ ਸਾਧਾਰਣ ਸੰਖਿਅਕ ਦੇ ਅੰਤ ਵਿੱਚ 'ਵੇਂ' ਹੋਵੇ, ਤਾਂ 'ਵੇਂ' ਦਾ 'ਵਾਂ' ਬਣਾਇਆ ਜਾਂਦਾ ਹੈ; ਜਿਵੇਂ–'ਇਕਾਨਵੇਂ' ਤੋਂ 'ਇਕਾਨਵਾਂ'; 'ਸਤਾਨਵੇਂ' ਤੋਂ 'ਸਤਾਨਵਾਂ'

ਉਲੰਘਣ–ਇੱਕ, ਦੋ, ਤਿੰਨ ਤੇ ਚਾਰ ਦੇ ਕ੍ਰਮਵਾਚਕ 'ਪਹਿਲਾ', ਦੂਜਾ, 'ਤੀਜਾ', ਤੇ 'ਚੌਥਾ' ਹਨ।

ਨੇਮ (6) ਕ੍ਰਮਵਾਚਕ ਸੰਖਿਅਕ ਸਦਾ ਇੱਕਵਚਨ ਹੁੰਦੇ ਹਨ ਤੇ ਏਹਨਾਂ ਦੀ ਕਾਰਕਰੂਪ-ਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ; ਜਿਵੇਂ–

## ਦਸਵਾਂ

(ਸਦਾ ਇੱਕਵਚਨ)

| ਕਾਰਕਰੂਪ | ਪੁਲਿੰਗ | ਇਸਤ੍ਰੀ ਲਿੰਗ |
|---|---|---|
| ਸਾਧਾਰਣ | ਦਸਵਾਂ ਮੁੰਡਾ | ਦਸਵੀਂ ਕੁੜੀ |
| ਸੰਬੰਧਕੀ | ਦਸਵੇਂ ਮੁੰਡੇ ਨੇ | ਦਸਵੀਂ ਕੁੜੀ ਨੇ |
| ਸੰਬੋਧਨ | ਦਸਵਿਆਂ ਮੁੰਡਿਆ ! | ਦਸਵੀਏਂ ਕੁੜੀਏ ! |

Sri Satguru Jagjit Singh Ji Elibrary NamdhariElibrary@gmail.com

# (ੲ) ਸਮੁੱਚਤਾ-ਬੋਧਕ ਸੰਖਿਅਕ

ਨੇਮ (7) 'ਇੱਕ' ਤੋਂ 'ਦਸ' ਤੀਕ ਦੇ ਸਮੁੱਚਤਾਬੋਧਕ ਏਹ ਹਨ—ਇੱਕੋ ਹੀ, ਦੋਵੇਂ, ਤਿੰਨੇ, ਚਾਰੇ, ਪੰਜੇ, ਛੀਏ, ਸੱਤੇ, ਅੱਠੇ, ਨੱਵੇਂ, ਦਸੇ।

ਨੇਮ (8) ਸਾਧਾਰਣ ਸੰਖਿਅਕ ਨੂੰ ਦੂਹਰਾ ਕੇ ਵਿੱਚਕਾਰੇ 'ਦਾ' 'ਦੇ' ਜਾਂ 'ਦੀਆਂ' ਲਾਉਣ ਨਾਲ ਉਸ ਦਾ ਸਮੁੱਚਤਾਬੋਧਕ ਬਣ ਜਾਂਦਾ ਹੈ; ਜਿਵੇ—ਇੱਕ ਦਾ ਇੱਕ, ਦੁਹਾਂ ਦੇ ਦੋ, ਤਿਨਾਂ ਦੇ ਤਿੰਨ, ਵੀਹਾਂ ਦੇ ਵੀਹ, ਸੱਠਾਂ ਦੇ ਸੱਠ। ਪਰ—

'ਸੌ', 'ਹਜ਼ਾਰ' ਤੇ 'ਲੱਖ' ਆਦਿਕ ਨੂੰ ਦੂਹਰਾ ਕੇ ਵਿੱਚਕਾਰੇ 'ਦਾ' ਹੀ ਲੱਗਦਾ ਹੈ, 'ਦੇ' ਨਹੀਂ; ਜਿਵੇਂ—ਟੋਕਰੇ ਵਿੱਚ ਸੌ ਅੰਬ ਸਨ, 'ਸੌ ਦਾ ਸੌ' ਹੀ ਖ਼ਰਾਬ ਹੋ ਗਿਆ। ਇੱਸੇ ਤਰ੍ਹਾਂ 'ਹਜ਼ਾਰ ਦਾ ਹਜ਼ਾਰ', ਤੇ 'ਲੱਖ ਦਾ ਲੱਖ' ਬੋਲਦੇ ਹਨ; 'ਸੌ ਦੇ ਸੌ' ਜਾਂ 'ਹਜ਼ਾਰ ਦੇ ਹਜ਼ਾਰ' ਨਹੀਂ।

ਨੇਮ (9) ਸਾਧਾਰਣ ਸੰਖਿਅਕ ਨਾਲ ਕੇਵਲ 'ਹੀ' ਲਾਇਆਂ ਵੀ ਸਮੁੱਚਤਾਬੋਧਕ ਬਣ ਜਾਂਦਾ ਹੈ; ਜਿਵੇਂ—ਇੱਕ ਮੁੰਡਾ ਸੀ, 'ਇੱਕ ਹੀ' ਪਾਸ ਹੋ ਗਿਆ। ਚਾਲੀ ਮੁੰਡੇ ਸਨ, 'ਚਾਲੀ ਹੀ' ਪਾਸ ਹੋ ਗਏ।

ਨੇਮ (10) ਸਮੁੱਚਤਾਬੋਧਕ ਦੀ ਕਾਰਕਰੂਪ-ਸਾਧਨਾ:—

## ਅੱਠੇ ਜਾਂ ਅੱਠਾਂ ਦੇ ਅੱਠ

| ਕਾਰਕਰੂਪ | ਪੁਲਿੰਗ | ਇਸਤ੍ਰੀ ਲਿੰਗ |
|---|---|---|
| ਸਾਧਾਰਣ— | ਅੱਠੇ ਮੁੰਡੇ | ਅੱਠੇ ਕੁੜੀਆਂ |
| | ਅੱਠਾਂ ਦੇ ਅੱਠ ਮੁੰਡੇ | ਅੱਠਾਂ ਦੀਆਂ ਅੱਠ ਕੁੜੀਆਂ |
| ਸੰਬੰਧਕੀ— | ਅੱਠਾਂ ਹੀ ਮੁੰਡਿਆਂ ਨੇ | ਅੱਠਾਂ ਹੀ ਕੁੜੀਆਂ ਨੇ |
| | ਅੱਠਾਂ ਦੇ ਅੱਠਾਂ ਮੁੰਡਿਆਂ ਨੇ | ਅੱਠਾਂ ਦੀਆਂ ਅੱਠਾਂ ਕੁੜੀਆਂ ਨੇ |

# (ਸ) ਕਸਰੀ ਸੰਖਿਅਕ

ਨੇਮ (11) ਜੇ ਪੂਰੀ ਗਿਣਤੀ ਨਾਲੋਂ 'ਚੌਥਾ' ਜਾਂ 'ਅੱਧਾ' ਹਿੱਸਾ ਵਧੀਕ ਹੋਵੇ, ਤਾਂ ਸਾਧਾਰਣ ਸੰਖਿਅਕ ਨਾਲ 'ਸਵਾ' ਤੇ 'ਸਾਢੇ' ਲਾ ਕੇ ਕਸਰੀ ਸੰਖਿਅਕ ਬਣਾਉਂਦੇ ਹਨ; ਜਿਵੇਂ—ਸਵਾ ਤਿੰਨ; ਸਾਢੇ ਤਿੰਨ, ਸਵਾ ਪੰਜ, ਸਾਢੇ ਪੰਜ।

Sri Satguru Jagjit Singh Ji Elibrary NamdhariElibrary@gmail.com

ਪਰ ਜੇ 'ਚੌਥਾ' ਹਿੱਸਾ ਘੱਟ ਹੋਵੇ, ਤਾਂ 'ਪੌਣੇ' ਲਾਉਂਦੇ ਹਨ; ਜਿਵੇਂ—ਪੌਣੇ ਤਿੰਨ, ਪੌਣੇ ਪੰਜ, ਪੌਣੇ ਨੌਂ ।

ਉਲੰਘਣ—ਇੱਕ + ਚੌਥਾ ਹਿੱਸਾ = ਸਵਾ । ਇੱਕ + ਅੱਧਾ = ਡੇਢ । ਦੋ + ਅੱਧਾ = ਢਾਈ ।

ਨੇਮ (12) ਕਸਰੀ ਸੰਖਿਅਕਾਂ ਵਿਚ 'ਸਾਢੇ' ਤੇ 'ਸਵਾ' ਅਸਾਧ ਹਨ; 'ਅੱਧਾ' ਤੇ 'ਪੌਣਾ' ਦੀ ਕਾਰਕਰੂਪ-ਸਾਧਨਾ 'ਕੰਨਾ-ਅੰਤ' ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ; ਜਿਵੇਂ—

### ਅੱਧਾ

| ਕਾਰਕਰੂਪ | ਪੁਲਿੰਗ | ਇਸਤ੍ਰੀ ਲਿੰਗ |
|---|---|---|
| ਸਾਧਾਰਣ | ਅੱਧਾ ਬੇਰ | ਅੱਧੀ ਤਰ |
| ਸੰਬੰਧਕੀ | ਅੱਧੇ ਬੇਰ ਨੂੰ | ਅੱਧੀ ਤਰ ਨੂੰ |
| ਸੰਬੋਧਨ | ਅੱਧਿਆ ਬੇਰਾ ! | ਅੱਧੀਏ ਤਰੇ ! |

## (ਹ) ਗੁਣਾਵਾਚਕ

ਨੇਮ (13) ਗੁਣਾਵਾਚਕ ਸੰਖਿਅਕ ਦੋ ਤਰ੍ਹਾਂ ਬਣਦੇ ਹਨ:—

(ੳ) ਸਾਧਾਰਣ ਸੰਖਿਅਕ ਨਾਲ 'ਗੁਣਾ' ਲਾਇਆਂ; ਜਿਵੇਂ—ਦੋ ਗੁਣਾ ਜਾਂ ਦੂਣਾ, ਤਿੰਨ ਗੁਣਾ ਤਾਂ ਤੀਊਣਾ, ਚਾਰ ਗੁਣਾ ਜਾਂ ਚੌਣਾ ।

(ਅ) 'ਇੱਕ' ਤੋਂ 'ਅੱਠ' ਤੀਕ ਦੇ ਨਾਲ 'ਹਰਾ' ਲਾਇਆਂ; ਜਿਵੇਂ—ਇਕਹਿਰਾ, ਦੂਹਰਾ, ਤੀਹਰਾ, ਚੌਹਰਾ, ਛਿਔਹਰਾ ਤੇ ਅਠੌਹਰਾ; ਅਤੇ—

'ਅੱਠ' ਤੋਂ ਅੱਗੇ ਦੇ ਸਾਧਾਰਣ ਸੰਖਿਅਕਾਂ ਨਾਲ ਕੋਈ 'ਨਾਉਂ' ਜੋੜ ਕੇ ਅੰਤ ਵਿੱਚ 'ਾ' ਜਾਂ 'ਇਆ' ਵਧਾਇਆਂ; ਜਿਵੇਂ—ਨੌਤੰਦਾ (ਧਾਗਾ); ਦਸਤਹਿਆ (ਕੱਪੜਾ) ।

ਨੇਮ (14) ਗੁਣਾਵਾਚਕ ਸੰਖਿਅਕਾਂ ਦੀ ਕਾਰਕਰੂਪ—ਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ; ਜਿਵੇਂ—

Sri Satguru Jagjit Singh Ji Elibrary NamdhariElibrary@gmail.com

## ਧੇਲਾ

| ਕਾਰਕਰੂਪ | ਪੁਲਿੰਗ | | ਇਸਤ੍ਰੀ ਲਿੰਗ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਧੇਲਾ | ਧੇਲੇ | ਧੇਲੀ | ਧੇਲੀਆਂ |
| | ਧਨ | ਪੈਸੇ | ਰਕਮ | ਰਕਮਾਂ |
| ਸੰਬੰਧਕੀ | ਧੇਲੇ | ਧੇਲਿਆਂ | ਧੇਲੀ | ਧੇਲੀਆਂ |
| | ਧਨ ਨੂੰ | ਪੈਸਿਆਂ ਨੂੰ | ਰਕਮ ਨੂੰ | ਰਕਮਾਂ ਨੂੰ |
| ਸੰਬੋਧਨ | ਧੇਲਿਆ | ਧੇਲਿਓ | ਧੇਲੀਏ | ਧੇਲੀਓ |
| | ਧਨਾ ! | ਪੈਸਿਓ ! | ਰਕਮੇ ! | ਰਕਮੋ ! |

# (ਕ) ਅਨਿਸਚਿਤ ਸੰਖਿਅਕ

ਨੇਮ (15) ਅਨਿਸਚਿਤ ਸੰਖਿਅਕਾਂ ਵਿੱਚੋਂ 'ਸਭ', 'ਸਰਬੱਤ', 'ਕਈ', 'ਕੁਝ', 'ਅਨੇਕ' ਤੇ 'ਲਾਂ-ਅੰਤ' ਸ਼ਬਦ ਬਹੁਵਚਨ ਹੁੰਦੇ ਹਨ; ਜਿਵੇਂ—ਸਭ ਜਣੇ, ਅਨੇਕਾਂ ਲੋਕ, ਸਾਰੇ ਮਨੁੱਖ, ਕਈ ਮੁੰਡੇ, ਕੁਝ ਰੁਪਈਏ ।

ਪਰ ਬਾਕੀ ਦੇ ਸਾਰੇ ਦੁਹਾਂ ਵਚਨਾਂ ਵਿੱਚ ਸਮਾਨ ਹੀ ਵਰਤੇ ਜਾਂਦੇ ਹਨ; ਜਿਵੇਂ—ਕੋਈ ਕੋਈ ਮੁੰਡਾ, ਕੋਈ ਕੋਈ ਮੁੰਡੇ ।

ਨੇਮ (16) 'ਕੁਝ' ਤੇ 'ਸਰਬੱਤ' ਅਸਾਧ ਹਨ; ਪਰ ਜਿਨ੍ਹਾਂ ਅਨਿਸਚਿਤ ਸੰਖਿਅਕਾਂ ਦੇ ਅੰਤ ਵਿੱਚ 'ਕੰਨਾ' ਹੁੰਦਾ ਹੈ, ਉਹਨਾਂ ਦੀ ਕਾਰਕਰੂਪ-ਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ, ਅਤੇ ਬਾਕੀਆਂ ਦੀ ਇਉਂ ਹੈ:—

| | ਸਭ | ਕਈ | ਅਨੇਕ |
|---|---|---|---|
| | (ਬਹੁਵਚਨ) | (ਬਹੁਵਚਨ) | (ਬਹੁਵਚਨ) |
| ਸਾਧਾਰਣ | ਸਭ | ਕਈ | ਅਨੇਕ |
| ਸੰਬੰਧਕੀ | ਸਭਨਾਂ ਨੇ | ਕਈਆਂ ਨੇ | ਅਨੇਕਾਂ ਨੇ |
| ਸੰਬੋਧਨ | ਸਭ (ਲੋਕੋ) ! | .............. | .............. |

Sri Satguru Jagjit Singh Ji Elibrary NamdhariElibrary@gmail.com

## ਕੋਈ ਇੱਕ

| | ਕੋਈ | | ਇੱਕ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਕੋਈ | ਕੋਈ | ਇੱਕ | ਇੱਕ |
| ਸੰਬੰਧਕੀ | ਕਿਸੇ ਤੋਂ | ਕਿਨ੍ਹਾਂ ਤੋਂ | ਇੱਕ ਤੋਂ | ਇੱਕਨਾਂ ਤੋਂ |

## ਹੋਰ

| | ਇੱਕਵਚਨ | ਬਹੁਵਚਨ |
|---|---|---|
| ਸ਼ਾਧਾਰਣ | ਹੋਰ | ਹੋਰ, ਹੋਰੀ |
| ਸੰਬੰਧਕੀ | ਹੋਰ ਨੇ | ਹੋਰਨਾਂ, ਹੋਰਾਂ ਨੇ |

ਨੋਟ—'ਹੋਰੀ' ਤੇ 'ਹੋਰਾਂ' ਇੱਕਵਚਨ ਨਾਵਾਂ ਨਾਲ ਆ ਕੇ ਅਦਬ ਪਰਗਟ ਕਰਦੇ ਹਨ; ਜਿਵੇਂ—ਮਾਸਟਰ ਹੋਰੀ ਆਖਦੇ ਹਨ—"ਕਲ੍ਹ ਮੇਰੇ ਭਰਾ ਹੋਰਾਂ ਏਥੇ ਆਉਣਾ ਹੈ।"

# (ਖ) ਨਿਖੇੜਕ ਸੰਖਿਅਕ

ਨੇਮ (18) ਬਹੁਤੇ ਨਿਖੇੜਕ ਸੰਖਿਅਕ 'ਸਾਧਾਰਣ ਸੰਖਿਅਕ' ਨੂੰ ਦੁਹਰਾਇਆਂ ਬਣਦੇ ਹਨ; ਜਿਵੇਂ—ਇੱਕ ਇੱਕ, ਦੋ ਦੋ, ਪੌਣੇ ਤਿੰਨ ਤਿੰਨ, ਸਾਢੇ ਅੱਠ ਅੱਠ, ਪੰਜ ਸੌ ਦਸ ਦਸ।

ਨੇਮ (19) 'ਹਰ' ਵੀ ਨਿਖੇੜਕ ਸੰਖਿਅਕ ਹੈ, ਜੋ ਕਿਸੇ ਨਾਉਂ ਨਾਲ ਇਕੱਲਾ ਵੀ ਆਉਂਦਾ ਹੈ; ਜਿਵੇਂ—ਹਰ ਮੁੰਡੇ ਨੂੰ (= ਇੱਕ ਇੱਕ ਮੁੰਡੇ ਨੂੰ); ਅਤੇ ਦੂਜਿਆਂ ਸੰਖਿਅਕਾਂ ਨਾਲ ਮਿਲ ਕੇ ਵੀ; ਜਿਵੇਂ—ਹਰ ਇੱਕ, ਹਰ ਦੋ ਦੋ, ਹਰ ਪੰਜ ਪੰਜ।

ਨੇਮ (20) 'ਹਰ', 'ਹਰ ਇੱਕ' ਤੇ 'ਇੱਕ ਇੱਕ' ਇੱਕਵਚਨ ਤੇ ਅਸਾਧ ਹਨ; ਬਾਕੀ ਦੇ ਬਹੁਵਚਨ ਹਨ ਤੇ ਇਨ੍ਹਾਂ ਦੀ ਕਾਰਕਰੂਪ-ਸਾਧਨਾ ਸਾਧਾਰਣ ਸੰਖਿਅਕਾਂ ਵਾਕਰ ਹੁੰਦੀ ਹੈ; ਜਿਵੇਂ—ਦੋ ਦੋ ਮੁੰਡੇ (ਸਾਧਾਰਣ) ਦੁਹਾਂ ਦੁਹਾਂ ਮੁੰਡਿਆਂ ਨੂੰ (ਸੰਬੰਧਕੀ)।

Sri Satguru Jagjit Singh Ji Elibrary NamdhariElibrary@gmail.com

ਅਭਿਆਸ

1. ਸੰਖਿਅਕ ਵਿਸ਼ੇਸ਼ਣ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ, ਹਰ ਇਕ ਲੱਛਣ ਤੇ ਚਾਰ ਚਾਰ ਉਦਾਹਰਣ ਦੱਸੋ।
2. ਸਾਧਾਰਣ ਸੰਖਿਅਕ ਤੋਂ ਸਮੁੱਚਤਾਬੋਧਕ, ਗੁਣਾਵਾਚਕ, ਕ੍ਰਮਵਾਚਕ, ਅਨਿਸਚਿਤ ਤੇ ਨਿਖੇੜਕ ਸੰਖਿਅਕ ਕਿਸ ਕਿਸ ਤਰ੍ਹਾਂ ਬਣਦੇ ਹਨ? ਉਦਾਹਰਣ ਵੀ ਦਿਓ।
3. ਦੱਸੋ, ਕਿਹੜੇ ਕਿਹੜੇ ਸੰਖਿਅਕ ਸਦਾ ਇੱਕਵਚਨ ਤੇ ਕਿਹੜੇ ਸਦਾ ਬਹੁਵਚਨ ਹੁੰਦੇ ਹਨ? ਹਰ ਭਾਂਤ ਦੇ ਸੰਖਿਅਕ ਵਿਸ਼ੇਸ਼ਣਾਂ ਦੀ ਕਾਰਕਰੂਪ ਸਾਧਨਾ ਕਿਸ ਕਿਸ ਪਰਕਾਰ ਹੁੰਦੀ ਹੈ?
4. ਹੇਠਾਂ ਲਿਖੇ ਸੰਖਿਅਕਾਂ ਦੇ ਰੂਪ ਸਾਧ ਕੇ ਦੱਸੋ:–
ਪੰਜ, ਪੌਣੇ ਪੰਜ, ਪੰਜੇ, ਪੰਜਾਂ ਦੇ ਪੰਜ, ਪੰਜ ਗੁਣਾ, ਤੀਹਰਾ, ਪੰਜਵਾਂ, ਪੰਜਕੁ, ਪੰਜ ਪੰਜ, ਹੋਰ, ਸਭ, ਕੋਈ।
5. ਹੇਠਾਂ ਲਿਖੇ ਸਾਧਾਰਣ ਸੰਖਿਅਕਾਂ ਦੇ ਕ੍ਰਮਵਾਚਕ, ਸਮੁੱਚਤਾਬੋਧਕ, ਗੁਣਾਵਾਚਕ ਤੇ ਨਿਖੇੜਕ ਸੰਖਿਅਕ ਦੱਸੋ:–
ਇੱਕ, ਦੋ, ਛੇ, ਨੌਂ, ਪੰਦਰਾਂ, ਅਠਾਈ, ਸਤਾਨਵੇਂ।

# (3) ਪਰਿਮਾਣਵਾਚਕ ਵਿਸ਼ੇਸ਼ਣ

**119.** ਪਰਿਮਾਣਵਾਚਕ ਵਿਸ਼ੇਸ਼ਣ ਵਸਤਾਂ ਦੀ ਮਿਣਤੀ ਜਾਂ ਮਾਪ-ਤੋਲ ਦੱਸਦੇ ਹਨ; ਜੇ ਪੂਰਾ ਪੂਰਾ ਮਾਪ-ਤੋਲ ਦੱਸਣ, ਤਾਂ **ਨਿਸਚਿਤ ਪਰਿਮਾਣਵਾਚਕ**; ਜਿਵੇਂ–ਸੇਰ ਭਰ, ਗਜ਼ ਭਰ; ਅਤੇ ਜੇ ਪੂਰਾ ਪੂਰਾ ਮਾਪ-ਤੋਲ ਨਾ ਦੱਸਣ, ਤਾਂ **ਅਨਿਸਚਿਤ ਪਰਿਮਾਣਵਾਚਕ** ਕਹਾਉਂਦੇ ਹਨ; ਜਿਵੇਂ–ਥੋੜਾ, ਬਹੁਤਾ, ਸਾਰਾ, ਚੋਖਾ, ਕੁਝ, (ਗੁੜ), ਬਹੁਤਾ ਜਾਂ ਬਹੁਤੇਰਾ (ਧਨ), ਹੋਰ (ਗੁੜ) ਆਦਿਕ।

**120.** ਚੇਤੇ ਰੱਖੋ ਕਿ:–

(1) ਪਰਿਮਾਣਵਾਚਕ ਨਾਵਾਂ ਨਾਲ 'ਭਰ' ਜੋੜ ਕੇ ਜਾਂ ਪਹਿਲਾਂ ਕੋਈ ਸਾਧਾਰਣ ਸੰਖਿਅਕ ਲਾ ਕੇ 'ਨਿਸਚਿਤ ਪਰਿਮਾਣਵਾਚਕ ਵਿਸ਼ੇਸ਼ਣ' ਬਣਾਉਂਦੇ ਹਨ; ਜਿਵੇਂ–ਸੇਰ ਭਰ (ਦੁੱਧ), ਦੋ ਮਣ (ਆਟਾ), ਪੰਜ ਗਜ਼ (ਖੱਦਰ)।

ਨੋਟ–ਇੱਥੇ 'ਭਰ' = ਇੱਕ। 'ਸੇਰ ਭਰ' = ਇੱਕ ਸੇਰ।

(2) ਕਈ ਵਾਰੀ 'ਜ਼ਰਾ' ਨਾਲ 'ਕੁ', 'ਥੋੜਾ' ਨਾਲ 'ਜਿਹਾ', ਤੇ

Sri Satguru Jagjit Singh Ji Elibrary NamdhariElibrary@gmail.com

'ਬਹੁਤ' ਨਾਲ 'ਸਾਰਾ' ਵੀ ਆਉਂਦਾ ਹੈ; ਜਿਵੇਂ–ਜ਼ਰਾਕੁ, ਥੋੜਾ ਜਿਹਾ, ਬਹੁਤ ਸਾਰਾ (ਗੁੜ)।

(3) ਪਰਿਮਾਣਵਾਚਕ ਵਿਸੇਸ਼ਣ ਇੱਕਵਚਨ ਹੀ ਹੁੰਦੇ ਹਨ; ਜੇ ਬਹੁਵਚਨ ਹੋਣ, ਤਾਂ ਸੰਖਿਅਕ ਹੋ ਜਾਂਦੇ ਹਨ; ਜਿਵੇਂ–

ਪਰਿਮਾਣਵਾਚਕ–ਥੋੜਾ, ਬਹੁਤਾ, ਸਾਰਾ, ਕੁਝ, ਹੋਰ (ਗੁੜ)।

ਸੰਖਿਅਕ–ਥੋੜੇ, ਬਹੁਤੇ, ਸਾਰੇ, ਕੁਝ, ਹੋਰ (ਜਣੇ)।

(4) ਕੰਨਾ-ਅੰਤ ਪਰਿਮਾਣਵਾਚਕਾਂ ਦੀ ਰੂਪ-ਸਾਧਨਾ ਵਿਸ਼ੇਸ਼ਣ 'ਕਾਲਾ' ਦੀ ਤਰ੍ਹਾਂ ਹੁੰਦੀ ਹੈ ਤੇ ਬਾਕੀ ਦੇ ਅਸਾਧ ਹਨ।

ਅਭਿਆਸ

ਹੇਠਾਂ ਲਿਖੇ ਪਰਿਮਾਣਵਾਚਕਾਂ ਦੇ ਰੂਪ ਸਾਧ ਕੇ ਦੱਸੋ:–

ਸਾਰਾ, ਥੋੜਾ ਜਿਹਾ, ਸੇਰ ਭਰ, ਕੁਝ, ਬਹੁਤਾ।

# (4) ਨਿਸਚੇਵਾਚਕ ਵਿਸ਼ੇਸ਼ਣ

121. ਜਿਹੜੇ ਵਿਸ਼ੇਸ਼ਣ ਆਪਣੀ ਵਿਸ਼ੇਸ਼ ਵਸਤੂ ਨੂੰ ਸੈਨਤ ਦੁਆਰਾ ਆਮ ਤੋਂ ਖ਼ਾਸ ਬਣਾਉਣ, ਓਹਨਾਂ ਨੂੰ **ਨਿਸਚੇਵਾਚਕ ਵਿਸ਼ੇਸ਼ਣ** ਆਖਦੇ ਹਨ; ਜਿਵੇਂ–ਇਹ (ਮੇਜ਼), ਉਹ (ਕੁਰਸੀ), ਐਹ (ਮੁੰਡਾ), ਔਹ (ਕੁੜੀ)।

122. 'ਇਹ' ਤੇ 'ਐਹ' **ਨਿਕਟਵਰਤੀ**, ਅਤੇ 'ਉਹ' ਤੇ 'ਔਹ' **ਦੂਰਵਰਤੀ** ਕਹੇ ਜਾਂਦੇ ਹਨ। ਏਹਨਾਂ ਦੀ ਕਾਰਕਰੂਪ-ਸਾਧਨਾ ਇਸ ਪਰਕਾਰ ਹੁੰਦੀ ਹੈ:–

## ਇਹ ਐਹ

| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
|---|---|---|---|---|
| ਸਾਧਾਰਣ | ਇਹ | ਇਹ | ਐਹ | ਐਹ |
| ਸੰਬੰਧਕੀ | ਇਸ | ਇਨ੍ਹਾਂ | ਐਸ | ਐਨ੍ਹਾਂ |

Sri Satguru Jagjit Singh Ji Elibrary NamdhariElibrary@gmail.com

## ਉਹ ਔਹ

| | | | | |
|---|---|---|---|---|
| ਸਾਧਾਰਣ | ਉਹ | ਓਹ | ਔਹ | ਔਹ |
| ਸੰਬੰਧਕੀ | ਉਸ | ਉਨ੍ਹਾਂ | ਔਸ | ਔਹਨਾਂ |

ਨੋਟ–ਉੱਚਾਰਣ ਦੇ ਜ਼ੋਰ ਨਾਲ 'ਇ' ਦੀ 'ੲ' ਤੇ 'ਉ' ਦਾ 'ਓ' ਹੋ ਜਾਂਦਾ ਹੈ; ਜਿਵੇਂ–ਏਹ, ਏਹਨਾਂ, ਓਹ, ਓਸ, ਓਹਨਾਂ।

123. ਚੇਤੇ ਰੱਖੋ ਕਿ ਨਿਸਚੇਵਾਚਕ ਤੇ ਹੋਰ ਹਰ ਤਰ੍ਹਾਂ ਦੇ ਵਿਸ਼ੇਸ਼ਣ ਜਦੋਂ ਨਾਉਂ ਤੋਂ ਬਿਨਾਂ ਆਉਣ, ਤਾਂ ਪੜਨਾਉਂ ਸਮਝੇ ਜਾਂਦੇ ਹਨ; ਜਿਵੇਂ–

| ਵਿਸ਼ੇਸ਼ਣ | ਪੜਨਾਉਂ |
|---|---|
| 'ਇਹ' ਮੁੰਡਾ ਹੱਸਦਾ ਹੈ। | 'ਇਹ' ਹੱਸਦਾ ਹੈ। |
| 'ਉਹ' ਮੁੰਡਾ ਲਿਖਦਾ ਹੈ। | 'ਉਹ' ਲਿਖਦਾ ਹੈ। |
| 'ਦੋ' ਮੁੰਡੇ ਪੜ੍ਹਦੇ ਹਨ। | 'ਦੋ' ਪੜ੍ਹਦੇ ਹਨ, ਦੋ ਲਿਖਦੇ ਹਨ। |
| 'ਕੋਈ' ਮੁੰਡਾ ਖੇਡਦਾ ਹੈ। | 'ਕੋਈ' ਬੈਠਾ ਹੈ, 'ਕੋਈ' ਖੇਡਦਾ ਹੈ। |

## (5) ਪੜਨਾਵੀਂ ਵਿਸ਼ੇਸ਼ਣ

124. ਜੋ ਸ਼ਬਦ ਅਸਲ ਵਿੱਚ ਪੜਨਾਉਂ ਹੋਣ ਜਾਂ ਪੜਨਾਵਾਂ ਤੋਂ ਬਣੇ ਹੋਣ ਅਤੇ ਨਾਵਾਂ ਨਾਲ ਆ ਕੇ ਵਿਸ਼ੇਸ਼ਣ ਦਾ ਕੰਮ ਦੇਣ, ਓਹਨਾਂ ਨੂੰ **ਪੜਨਾਵੀਂ ਵਿਸ਼ੇਸ਼ਣ** ਆਖਦੇ ਹਨ। ਇਹ ਦੋ ਪਰਕਾਰ ਦੇ ਹਨ:–

(1) ਜਿਹੜਾ ਪੜਨਾਉਂ ਆਪਣੇ ਪੜਨਾਵੀਂ ਰੂਪ ਵਿੱਚ ਹੀ ਵਿਸ਼ੇਸ਼ਣ ਹੋ ਜਾਏ, ਉਸ ਨੂੰ 'ਮੂਲਰੂਪ ਪੜਨਾਵੀਂ ਵਿਸ਼ੇਸ਼ਣ' ਆਖਦੇ ਹਨ; ਜਿਵੇਂ–'ਕੌਣ' ਆਦਮੀ, 'ਕਿਹੜਾ' ਪਹਾੜ, 'ਕੀ' ਚੀਜ਼, 'ਜਿਹੜਾ' ਮਨੁੱਖ।

(2) ਜੋ ਸ਼ਬਦ ਕਿਸੇ ਪੜਨਾਉਂ ਤੋਂ ਬਣੇ ਅਤੇ ਵਿਸ਼ੇਸ਼ਣ ਹੋ ਜਾਏ, ਉਸ ਨੂੰ 'ਉਤਪੰਨਰੂਪ ਪੜਨਾਵੀਂ ਵਿਸ਼ੇਸ਼ਣ' ਆਖਦੇ ਹਨ; ਜਿਵੇਂ–ਮੇਰਾ, ਤੇਰਾ, ਇੱਨਾ, ਉੱਨਾ, ਜਿੱਨਾ, ਕਿੱਨਾ, ਇੱਡਾ, ਜਿੱਡਾ, ਕਿੱਡਾ, ਏਹਾ, ਜੇਹਾ, ਕੇਹਾ, ਆਦਿਕ।

125. 'ਮੂਲਰੂਪ ਪੜਨਾਵੀਂ ਵਿਸ਼ੇਸ਼ਣਾਂ' ਦੀ ਰੂਪ-ਸਾਧਨਾ ਪੜਨਾਵਾਂ ਵਾਕਰ ਅਤੇ 'ਉਤਪੰਨਰੂਪ ਪੜਨਾਵੀਂ ਵਿਸ਼ੇਸ਼ਣਾ' ਦੀ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਙੂ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

1. ਨਿਸਚੇਵਾਚਕ ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ? ਨਿਕਟਵਰਤੀ ਕਿਹੜੇ ਹਨ ਅਤੇ ਦੂਰਵਰਤੀ ਕਿਹੜੇ ? 'ਇਹ', 'ਉਹ' ਦੇ ਰੂਪ ਸਾਧੋ, ਅਤੇ ਦੱਸੋ ਜੁ ਕਦੋਂ ਇਹ ਪੜਨਾਉਂ ਸਮਝੇ ਜਾਂਦੇ ਹਨ ?
2. ਪੜਨਾਵੀਂ ਵਿਸ਼ੇਸ਼ਣ ਕਿਸ ਨੂੰ ਆਖਦੇ ਹਨ ? ਉਹ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ ?
3· ਹੇਠਾਂ ਲਿਖੇ ਸ਼ਬਦਾਂ ਦੇ ਰੂਪ ਸਾਧੋ:—
ਮੇਰਾ, ਸਾਡਾ, ਜੇਹਾ, ਕਿੱਡਾ, ਜਿੰਨਾ, ਉੱਨਾ, ਇੱਡਾ।

# (6) ਵਿਸ਼ੇਸ਼ਣਾਂ ਦੀ ਪਦ-ਵੰਡ

126. ਵਿਸ਼ੇਸ਼ਣ ਦੀ ਪਦਵੰਡ ਕਰਨ ਵਿੱਚ ਉਸ ਦਾ (1) ਪਰਕਾਰ; (2) ਲਿੰਗ; (3) ਵਚਨ; (4) ਕਾਰਕਰੂਪ; (5) ਅਵਸਥਾ; ਤੇ (6) ਵਿਸ਼ੇਸ਼ ਦੱਸੋ; ਜਿਵੇਂ—

ਮੇਰੇ ਭਰਾ ਨੇ ਇਸ ਬਾਲਕ ਨੂੰ ਦੋ ਨਵੇਂ ਰੁਮਾਲ ਦਿੱਤੇ।

ਮੇਰੇ—ਵਿਸ਼ੇਸ਼ਣ, ਪੜਨਾਵੀਂ (ਉਤਪੰਨਰੂਪ), ਪੁਲਿੰਗ, ਇੱਕਵਚਨ, ਸੰਬੰਧਕੀ ਰੂਪ; ਲਿੰਗ, ਵਚਨ ਤੇ ਕਾਰਕਰੂਪ ਕਰਕੇ ਆਪਣੇ ਵਿਸ਼ੇਸ਼ 'ਭਰਾ' ਅਨੁਸਾਰ।

ਇਸ—ਵਿਸ਼ੇਸ਼ਣ, ਨਿਸਚੇਵਾਚਕ, ਪੁਲਿੰਗ, ਇੱਕਵਚਨ, ਸੰਬੰਧਕੀ ਰੂਪ; ਲਿੰਗ, ਵਚਨ ਤੇ ਕਾਰਕਰੂਪ ਕਰਕੇ ਆਪਣੇ ਵਿਸ਼ੇਸ਼ 'ਬਾਲਕ' ਅਨੁਸਾਰ।

ਦੋ—ਵਿਸ਼ੇਸ਼ਣ, ਸੰਖਿਅਕ (ਸਾਧਾਰਣ), ਪੁਲਿੰਗ, ਬਹੁਵਚਨ, ਸਾਧਾਰਣ ਰੂਪ; ਲਿੰਗ, ਵਚਨ ਤੇ ਕਾਰਕਰੂਪ ਕਰਕੇ ਆਪਣੇ ਵਿਸ਼ੇਸ਼ 'ਰੁਮਾਲ' ਅਨੁਸਾਰ।

ਅਭਿਆਸ

ਹੇਠਾਂ ਲਿਖੇ ਵਾਕਾਂ ਦੇ ਵਿਸ਼ੇਸ਼ਣਾਂ ਤੇ ਨਾਵਾਂ ਦੀ ਪਦ-ਵੰਡ ਕਰੋ:—

ਵਲਾਇਤੀ ਕੱਪੜਾ ਸੁਹਣਾ ਹੁੰਦਾ ਹੈ ! ਸਾਡੇ ਸਕੂਲ ਦੀ ਤੀਜੀ ਜਮਾਤ ਵਿੱਚ ਅੱਠ ਮੁੰਡੇ ਸਨ ਤੇ ਅੱਠੇ ਪਾਸ ਹੋ ਗਏ ਹਨ। ਰਾਮ ਨੂੰ ਕੁਝ ਪੈਸੇ ਦੇ ਜਾਓ।

—o—

Sri Satguru Jagjit Singh Ji Elibrary NamdhariElibrary@gmail.com

# ਤੀਜਾ ਅਧਿਆਇ

## ਪੜਨਾਉਂ

127. ਜੋ ਸ਼ਬਦ ਕਿਸੇ ਨਾਉਂ ਦੀ ਥਾਂ ਵਰਤਿਆ ਜਾਏ, ਉਸ ਨੂੰ **ਪੜਨਾਉਂ** ਆਖਦੇ ਹਨ; ਜਿਵੇਂ–ਮੈਂ, ਤੂੰ, ਉਹ ।

128. ਪੜਨਾਉਂ ਛੇ ਪਰਕਾਰ ਦੇ ਹਨ:–

(1) ਪੁਰਖਵਾਚਕ; (2) ਨਿਜਵਾਚਕ; (3) ਸੰਬੰਧਵਾਚਕ;
(4) ਪ੍ਰਸ਼ਨਵਾਚਕ; (5) ਨਿਸਚੇਵਾਚਕ; (6) ਅਨਿਸਚਿਤ।

## (1) ਪੁਰਖਵਾਚਕ ਪੜਨਾਉਂ

129. ਗੱਲ-ਕਥ ਕਰਨ ਦੇ ਸੰਬੰਧ ਵਿੱਚ ਤਿੰਨ ਪੁਰਖ ਹੁੰਦੇ ਹਨ:—

(1) ਗੱਲ ਕਰਨ ਵਾਲਾ, ਜਿਸ ਨੂੰ 'ਉੱਤਮ ਪੁਰਖ' ਆਖਦੇ ਹਨ ।
(2) ਜਿਸ ਨਾਲ ਗੱਲ ਕੀਤੀ ਜਾਏ, ਉਹ 'ਮੱਧਮ ਪੁਰਖ' ਅਖਵਾਂਦਾ ਹੈ ।
(3) ਜਿਸ ਦੀ ਬਾਬਤ ਗੱਲ ਕੀਤੀ ਜਾਏ, ਉਸ ਨੂੰ 'ਅਨ ਪੁਰਖ' ਆਖਦੇ ਹਨ ।

130. ਜਿਨ੍ਹਾਂ ਪੜਨਾਵਾਂ ਤੋਂ ਕੇਵਲ ਪੁਰਖ-ਗਿਆਨ ਹੀ ਹੋਵੇ ਤੇ ਕੋਈ ਹੋਰ ਗੱਲ ਪਰਗਟ ਨਾ ਹੋਵੇ, ਓਹਨਾਂ ਨੂੰ **ਪੁਰਖਵਾਚਕ ਪੜਨਾਉਂ** ਆਖਦੇ ਹਨ; ਜਿਵੇਂ–ਮੈਂ, ਅਸੀਂ (ਉੱਤਮ ਪੁਰਖ); ਤੂੰ, ਤੁਸੀਂ (ਮੱਧਮ ਪੁਰਖ); ਉਹ, ਓਹ (ਅਨ ਪੁਰਖ)।

131. 'ਉਤਮ' ਤੇ 'ਮੱਧਮ' ਪੁਰਖ ਦੇ ਪੜਨਾਵਾਂ ਦੀ 'ਕਾਰਕਸਾਧਨਾ' ਇਸ ਤਰ੍ਹਾਂ ਹੁੰਦੀ ਹੈ:–

### ਮੈਂ — ਅਸੀਂ

| ਕਾਰਕ | ਇੱਕਵਚਨ | ਬਹੁਵਚਨ |
|---|---|---|
| ਕਰਤਾ | ਮੈਂ | ਅਸੀਂ, ਅਸਾਂ |
| ਕਰਮ | ਮੈਨੂੰ | ਸਾਨੂੰ |

Sri Satguru Jagjit Singh Ji Elibrary NamdhariElibrary@gmail.com

| | | |
|---|---|---|
| ਕਰਣ | ਮੇਰੇ ਨਾਲ | ਸਾਡੇ ਨਾਲ |
| ਸੰਪ੍ਰਦਾਨ | ਮੇਰੇ ਲਈ | ਸਾਡੇ ਲਈ |
| ਅਪਾਦਾਨ | ਮੈਥੋਂ | ਸਾਥੋਂ |
| ਸੰਬੰਧ | ਮੇਰਾ | ਸਾਡਾ |
| ਅਧਿਕਰਣ | ਮੇਰੇ ਉੱਤੇ | ਸਾਡੇ ਉੱਤੇ |

| | ਤੂੰ | ਤੁਸੀਂ |
|---|---|---|
| ਕਰਤਾ | ਤੂੰ, ਤੈਂ | ਤੁਸੀਂ, ਤੁਸਾਂ |
| ਕਰਮ | ਤੈਨੂੰ | ਤੁਸਾਨੂੰ, ਤੁਹਾਨੂੰ |
| ਕਰਣ | ਤੇਰੇ ਨਾਲ | ਤੁਸਾਡੇ (ਤੁਹਾਡੇ) ਨਾਲ |
| ਸੰਪ੍ਰਦਾਨ | ਤੇਰੇ ਲਈ | ਤੁਸਾਡ (ਤੁਹਾਡੇ) ਲਈ |
| ਅਪਾਦਾਨ | ਤੈਥੋਂ | ਤੁਹਾਥੋਂ |
| ਸੰਬੰਧ | ਤੇਰਾ | ਤੁਸਾਡਾ, ਤੁਹਾਡਾ |
| ਅਧਿਕਰਣ | ਤੇਰੇ ਉੱਤੇ | ਤੁਸਾਡੇ (ਤੁਹਾਡੇ) ਉੱਤੇ |

ਨੋਟ–'ਮੈਂ', 'ਤੈਂ', 'ਅਸਾਂ', 'ਤੁਸਾਂ' ਸੰਬੰਧਕੀ ਰੂਪ ਹਨ, ਜਿਨ੍ਹਾਂ ਨਾਲ 'ਨੇ' ਪਰਗਟ ਤੌਰ ਪੁਰ ਨਹੀਂ ਆਉਂਦਾ, ਲੁਪਤ ਹੀ ਰਹਿੰਦਾ ਹੈ; ਜਿਵੇਂ–

ਸ਼ੁੱਧ–ਮੈਂ, ਤੈਂ, ਅਸਾਂ ਜਾਂ ਤੁਸਾਂ ਇਸ਼ਨਾਨ ਕੀਤਾ ।

ਅਸ਼ੁੱਧ–ਮੈਂ ਨੇ, ਤੈਂ ਨੇ, ਅਸਾਂ ਨੇ ਜਾਂ ਤੁਸਾਂ ਨੇ ਇਸ਼ਨਾਨ ਕੀਤਾ ।

132. ਹੁਣ ਸਾਰਿਆਂ ਪੁਰਖਵਾਚਕ ਪੜਨਾਵਾਂ ਦੀ 'ਕਾਰਕਰੂਪ ਸਾਧਨਾ' ਲਿਖੀ ਜਾਂਦੀ ਹੈ (ਵੇਖੋ ਜੁ ਕਿਹੜਾ ਕਿਹੜਾ ਰੂਪ ਕਿਸ ਕਿਸ ਕਾਰਕ ਵਿੱਚ ਵਰਤਿਆ ਜਾਂਦਾ ਹੈ):–

| | ਮੈਂ | ਤੁਸੀਂ |
|---|---|---|
| ਕਾਰਕਰੂਪ | ਇੱਕਵਚਨ | ਬਹੁਵਚਨ |
| ਸਾਧਾਰਣ | ਮੈਂ | ਅਸੀਂ |
| ਸੰਬੰਧਕੀ | ਮੈਂ, ਮੈ, ਮੇ | ਅਸਾਂ, ਸਾ, ਅਸਾ |

Sri Satguru Jagjit Singh Ji Elibrary NamdhariElibrary@gmail.com

| | ਤੂੰ | ਅਸੀਂ |
|---|---|---|
| ਸਾਧਾਰਣ | ਤੂੰ | ਤੁਸੀਂ |
| ਸੰਬੰਧਕੀ | ਤੈਂ, ਤੈ, ਤੇ | ਤੁਸਾਂ, ਤੁਸਾ, ਤੁਹਾ |

| | ਉਹ | ਓਹ |
|---|---|---|
| ਸਾਧਾਰਣ | ਉਹ | ਓਹ |
| ਸੰਬੰਧਕੀ | ਉਸ, ਉਹ | ਉਨ੍ਹਾਂ, ਓਹਨਾਂ |
| ਸੰਮਿ: ਸੰਬੰਧਕੀ | ਉਨ (ਉਸ ਨੇ), | ਉਨ੍ਹੀਂ (ਉਨ੍ਹਾਂ ਨੇ) |

ਨੋਟ—ਮੱਧਮ ਤੇ ਅਨ ਪੁਰਖ ਨੂੰ ਆਦਰ ਦੇਣ ਲਈ ਜੋ ਪੜਨਾਉਂ ਵਰਤੀਦਾ ਹੈ, ਉਸ ਦਾ ਰੂਪ ਕਦੇ ਨਹੀਂ ਬਦਲਦਾ; ਜਿਵੇਂ—ਆਪ ਨੂੰ (ਤੁਹਾਨੂੰ) ਠੀਕ ਪਤਾ ਹੈ ਕਿ 'ਸ਼ੇਰਿ-ਪੰਜਾਬ' ਜਿੱਧਰ ਗਏ, ਆਪ (ਸ਼ੇਰਿ-ਪੰਜਾਬ) ਨੂੰ ਜਿੱਤ ਹੀ ਪ੍ਰਾਪਤ ਹੋਈ।

**133.** 'ਉਹ', 'ਓਹ', 'ਉਸ' ਤੇ 'ਉਨ੍ਹਾਂ' ਜਾਂ 'ਓਹਨਾਂ' ਕਿਸੇ ਨਾਉਂ ਨਾਲ ਆ ਕੇ 'ਨਿਸਚੇਵਾਚਕ ਵਿਸ਼ੇਸ਼ਣ' ਹੋ ਜਾਂਦੇ ਹਨ; ਜਿਵੇਂ—ਉਹ ਕੁਰਸੀ, ਉਨ੍ਹਾਂ ਮੇਜ਼ਾਂ ਪੁਰ।

## ਅਭਿਆਸ

1. ਪੜਨਾਉਂ ਕਿਸ ਨੂੰ ਆਖਦੇ ਹਨ? ਪੜਨਾਉਂ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ?
2. ਪੁਰਖ ਕਿੰਨੇ ਤੇ ਕਿਹੜੇ ਕਿਹੜੇ ਹਨ? ਹਰ ਇਕ ਦਾ ਲਛਣ ਤੇ ਉਦਾਹਰਣ ਦੱਸੋ।
3. ਹੇਠਾਂ ਲਿਖੇ ਪੜਨਾਵਾਂ ਦੀ ਕਾਰਕਰੂਪ-ਸਾਧਨਾ ਕਰੋ:—
   ਮੈਂ, ਅਸੀਂ, ਤੂੰ, ਤੁਸੀਂ, ਉਹ, ਓਹ।

Sri Satguru Jagjit Singh Ji Elibrary NamdhariElibrary@gmail.com

# (2) ਨਿਜਵਾਚਕ ਪੜਨਾਉਂ

134. ਜੋ ਪੜਨਾਉਂ ਕਰਤਾ ਨਾਲ ਆ ਕੇ ਉਸ ਦੀ ਵਿਸ਼ੇਸ਼ਤਾ ਪਰਗਟ ਕਰੇ ਜਾਂ ਉੱਸੇ ਵਾਕ ਵਿੱਚ ਕਰਤਾ ਦੀ ਥਾਂ ਵਰਤਿਆ ਜਾਏ, ਉਸ ਨੂੰ 'ਅਨੁਸੂਚਕ' ਜਾਂ **ਨਿਜਵਾਚਕ ਪੜਨਾਉਂ** ਆਖਦੇ ਹਨ; ਜਿਵੇਂ-'ਮੈਂ ਆਪ ਉੱਥੇ ਜਾਵਾਂਗਾ।' ਵਿੱਚ 'ਆਪ'; ਕਿਉਂਕਿ ਇਹ ਕਰਤਾ 'ਮੈਂ' ਦੀ ਵਿਸ਼ੇਸ਼ਤਾ ਪਰਗਟ ਕਰਦਾ ਹੈ। ਇੱਸੇ ਤਰ੍ਹਾਂ 'ਮੁੰਡੇ ਆਪਸ ਵਿੱਚ ਝਗੜ ਰਹੇ ਹਨ'। ਵਿੱਚ 'ਆਪਸ' ਨਿਜਵਾਚਕ ਹੈ; ਕਿਉਂਕਿ ਇੱਸੇ ਵਾਕ ਵਿੱਚ ਕਰਤਾ 'ਮੁੰਡੇ' ਦੀ ਥਾਂ ਆਇਆ ਹੈ।

135. ਪੜਨਾਉਂ 'ਆਪ' ਦੀ 'ਕਾਰਕ-ਸਾਧਨਾ' ਇਸ ਪਰਕਾਰ ਹੁੰਦੀ ਹੈ :-

| | ਨਿਜਵਾਚਕ | ਪੁਰਖਵਾਚਕ |
|---|---|---|
| ਕਰਤਾ | ਆਪ | ਆਪ, ਆਪ ਨੇ |
| ਕਰਮ | ਆਪਣੇ ਆਪ ਨੂੰ | ਆਪ ਨੂੰ |
| ਕਰਣ | ਆਪਣੇ ਜਾਂ ਆਪਣੇ ਆਪ ਨਾਲ | ਆਪ ਦੇ ਨਾਲ |
| ਸੰਪ੍ਰਦਾਨ | ਆਪਣੇ ਜਾਂ ਆਪਣੇ ਆਪ ਲਈ | ਆਪ ਦੇ ਲਈ |
| ਅਪਾਦਾਨ | ਆਪਣੇ ਆਪ ਤੋਂ | ਆਪ ਤੋਂ |
| ਸੰਬੰਧ | ਆਪਣਾ, ਆਪੋ ਆਪਣਾ | ਆਪ ਦਾ |
| ਅਧਿਕਰਣ | ਆਪਣੇ ਜਾਂ ਆਪਣੇ ਆਪ ਉੱਤੇ | ਆਪ ਉੱਤੇ |

136. ਸੰਬੰਧਕਾਰਕ ਵਿੱਚ ਨਿਜਵਾਚਕ 'ਆਪਣਾ' ਅਤੇ 'ਆਪੋ ਆਪਣਾ' ਦੀ ਕਾਰਕਰੂਪ-ਸਾਧਨਾ 'ਕੰਨਾ-ਅੰਤ' ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ।

137. 'ਆਪਸ' ਤੋਂ 'ਇੱਕ ਦੂਜੇ' ਦਾ ਅਰਥ ਪਰਗਟ ਹੁੰਦਾ ਹੈ; ਜਿਵੇਂ-'ਆਪਸ ਵਿੱਚ (ਇੱਕ ਦੂਜੇ ਨਾਲ) ਵੈਰ ਨਾ ਰੱਖੋ'। ਇੱਸੇ ਲਈ ਇਸ ਨੂੰ **ਪਰਸਪਰਵਾਚਕ** ਵੀ ਆਖਦੇ ਹਨ। ਇਹ ਸਦਾ ਬਹੁਵਚਨ ਅਤੇ ਸੰਬੰਧਕੀ ਰੂਪ ਵਿੱਚ ਹੀ ਆਉਂਦਾ ਹੈ ਅਤੇ ਕਦੇ ਇਸ ਦੀ ਥਾਂ 'ਆਪੋ' ਵੀ ਹੋ ਜਾਂਦਾ ਹੈ; ਜਿਵੇਂ-ਆਪਸ ਵਿਚ ਜਾਂ ਆਪੋ ਵਿੱਚ ਕਦੇ ਨਾ ਲੜੋ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

1. ਨਿਜਵਾਚਕ ਪੜਨਾਉਂ ਕਿਸ ਨੂੰ ਆਖਦੇ ਹਨ ? ਭਿੰਨ-ਭਿੰਨ ਕਾਰਕਾਂ ਵਿੱਚ ਨਿਜਵਾਚਕ 'ਆਪ' ਤੇ ਪੁਰਖਵਾਚਕ 'ਆਪ' ਦੇ ਕੀ ਕੀ ਰੂਪ ਹੋ ਜਾਂਦੇ ਹਨ ? 'ਆਪਸ' ਦਾ ਕੀ ਅਰਥ ਹੈ ? ਇਹਦੀ ਥਾਂ 'ਆਪੋ' ਨੂੰ ਵਰਤ ਕੇ ਦੱਸੋ।
2. ਉਦਾਹਰਣ ਦੇ ਕੇ ਦੱਸੋ ਕਿ ਨਿਜਵਾਚਕ 'ਆਪ' ਤੇ ਪੁਰਖਵਾਚਕ 'ਆਪ' ਵਿੱਚ ਕੀ ਭੇਦ ਹੈ ?
3. ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤ ਕੇ ਦੱਸੋ ਕਿ ਪੁਰਖਵਾਚਕ ਕਿਹੜੇ ਕਿਹੜੇ ਹਨ ਤੇ ਨਿਜਵਾਚਕ ਕਿਹੜੇ:–
   ਆਪ ਦਾ, ਆਪਣਾ, ਆਪ ਨੇ, ਆਪ, ਆਪੋ ਆਪਣਾ,
   ਆਪ ਨੂੰ, ਆਪਣੇ ਆਪ ਨੂੰ, ਆਪਸ, ਆਪਣੇ।

# (3) ਸੰਬੰਧਵਾਚਕ ਪੜਨਾਉਂ

138. ਜੋ ਸ਼ਬਦ ਪੜਨਾਉਂ ਵੀ ਹੋਣ ਅਤੇ ਯੋਜਕਾਂ ਦੀ ਤਰ੍ਹਾਂ ਇੱਕ ਵਾਕ ਨੂੰ ਦੂਜੇ ਵਾਕ ਨਾਲ ਜੋੜਨ ਵੀ, ਓਹਨਾਂ ਨੂੰ **ਸੰਬੰਧਵਾਚਕ ਪੜਨਾਉਂ** ਆਖਦੇ ਹਨ; ਜਿਵੇਂ—ਜੋ, ਸੋ, ਜਿਹੜਾ।

ਵੇਖੋ ! 'ਸ਼ੇਰ ਨੂੰ ਕੌਣ ਡਰਾਏ। ਸ਼ੇਰ ਸਭਨਾਂ ਥੀਂ ਡਾਢਾ ਹੈ।' ਏਹਨਾਂ ਦੂਹਾਂ ਵਾਕਾਂ ਨੂੰ ਜੋੜ ਕੇ ਇਸ ਤਰ੍ਹਾਂ ਆਖੀਦਾ ਹੈ—'ਸ਼ੇਰ ਨੂੰ ਜੋ (ਜਾਂ ਜਿਹੜਾ) ਸਭਨਾਂ ਥੀਂ ਡਾਢਾ ਹੈ, ਕੌਣ ਡਰਾਏ ?' ਸੋ ਇੱਥੇ ਸ਼ਬਦ 'ਜੋ' ਤੇ 'ਜਿਹੜਾ' ਪੜਨਾਉਂ ਵੀ ਹਨ ਅਤੇ ਦੂਹਾਂ ਵਾਕਾਂ ਨੂੰ ਜੋੜਦੇ ਵੀ ਹਨ; ਇਸ ਲਈ 'ਸੰਬੰਧਵਾਚਕ ਪੜਨਾਉਂ' ਹਨ।

139. ਕਦੇ-ਕਦੇ 'ਜੋ' ਦੇ ਨਾਲ ਦੂਜੇ ਵਾਕ ਵਿੱਚ 'ਸੋ' ਜਾਂ 'ਉਹ' ਵੀ ਆਉਂਦਾ ਹੈ, ਜਿਸ ਨੂੰ **ਅਨੁਸੰਬੰਧ-ਵਾਚਕ ਪੜਨਾਉਂ** ਆਖਦੇ ਹਨ; ਜਿਵੇਂ—"ਜੋ ਆਇਆ 'ਸੋ' ਚਲਸੀ ਸਭ ਕੋ ਆਈ ਵਾਰੀਐ।" ਜੋ ਜ਼ੁਲਮ ਕਰਦਾ ਹੈ, 'ਉਹ' ਅੰਤ ਨੂੰ ਤਬਾਹ ਹੁੰਦਾ ਹੈ।

140. 'ਜਿਹੜਾ' ਦੀ ਕਾਰਕਰੂਪ-ਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ, ਤੇ 'ਜੋ', 'ਸੋ' ਦੀ ਹੇਠਾਂ ਲਿਖੀ ਜਾਂਦੀ ਹੈ:–

Sri Satguru Jagjit Singh Ji Elibrary NamdhariElibrary@gmail.com

| | ਜੋ | | ਸੋ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਜੋ | ਜੋ | ਸੋ | ਸੋ |
| ਸੰਬੰਧਕੀ | ਜਿਸ, ਜਿਹ | ਜਿਨ੍ਹਾਂ | ਤਿਸ, ਤਿਹ | ਤਿਨ੍ਹਾਂ |
| ਸੰ: ਸੰਬੰਧਕੀ | ਜਿਨ | ਜਿਨ੍ਹੀਂ | ਤਿਨ | ਤਿਨ੍ਹੀਂ |

**141.** ਪੁਰਾਤਨ ਪੰਜਾਬੀ ਵਿੱਚ 'ਜੋ' ਤੇ 'ਸੋ' ਦੇ ਹੋਰ ਵੀ ਕਈ ਰੂਪ ਵਰਤੇ ਜਾਂਦੇ ਸਨ; ਜਿਵੇਂ—"ਖਸਮੁ ਵਿਸਾਰਹਿ 'ਤੇ' (=ਸੋ) ਕਮਜਾਤਿ ॥ ਉਤੇ ਉਪਮਾ 'ਤਾ' ਕੀ (=ਤਿਸ ਦੀ) ਕੀਜੈ, 'ਜਾ' ਕਾ (=ਜਿਸ ਦਾ) ਅੰਤੁ ਨ ਪਾਇਆ ॥ ਸਸੈ 'ਸੋਇ' ਸ੍ਰਿਸਟਿ 'ਜਿਨਿ' (=ਜਿਸ ਨੇ) ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਾ ਕਰਹਿ 'ਸੇਈ' ਫਲ ਪਾਵਹਿ 'ਜਿਨਾ' (=ਜਿਨ੍ਹਾਂ ਨੇ) ਸਚੁ ਕਮਾਇਆ।"

(ਗੁਰੂ ਗ੍ਰੰਥ ਸਾਹਿਬ)

ਅਭਿਆਸ

1. ਸੰਬੰਧਵਾਕ ਪੜਨਾਉਂ ਕਿਹਨੂੰ ਆਖਦੇ ਹਨ ? ਓਹ ਕਿਹੜੇ ਕਿਹੜੇ ਹਨ ? 'ਜੋ' ਕਿਸ ਪਰਕਾਰ ਦਾ ਪੜਨਾਉਂ ਹੈ, ਤੇ ਏਹਦੀ ਥਾਂ ਹੋਰ ਕਿਹੜਾ ਪੜਨਾਉਂ ਵਰਤ ਸਕਦੇ ਹਾਂ ? ਉਦਾਹਰਣ ਵੀ ਦਿਓ ! ਨਾਲੇ 'ਜੋ', 'ਸੋ' ਤੇ 'ਜਿਹੜਾ' ਦੀ ਕਾਰਕਰੂਪ-ਸਾਧਨਾ ਕਰੋ ਤੇ ਓਹਨਾਂ ਰੂਪਾਂ ਨੂੰ ਵਾਕਾਂ ਵਿੱਚ ਵਰਤੋ।
2. ਦੋ ਦੋ ਵਾਕਾਂ ਨੂੰ ਸੰਬੰਧਵਾਚਕ ਪੜਨਾਵਾਂ ਦੁਆਰਾ ਜੋੜੋ:—
   ਮੁੰਡੇ ਨੇ ਉਹ ਪੰਖੇਰੂ ਉਡਾ ਦਿੱਤੇ; ਪੰਖੇਰੂ ਦਾਣੇ ਚੁਗਦੇ ਸਨ। ਉਸ ਮੁੰਡੇ ਨੂੰ ਮਾਰ ਪਈ; ਉਸ ਮੁੰਡੇ ਨੇ ਗਾਲ੍ਹਾਂ ਕੱਢੀਆਂ ਸਨ। ਉਹ ਕੁੜੀ ਸਰਲ ਪੜ੍ਹ ਸਕਦੀ ਹੈ; ਉਹ ਕੁੜੀ ਪਿੱਛਲੇ ਮਹੀਨੇ ਪੜ੍ਹਨ ਬੈਠੀ ਸੀ।

## (4) ਪ੍ਰਸ਼ਨਵਾਚਕ ਪੜਨਾਉਂ

**142.** ਜੋ ਸ਼ਬਦ ਪੜਨਾਉਂ ਵੀ ਹੋਵੇ ਅਤੇ ਉਸ ਦੁਆਰਾ ਕੁਝ ਪੁੱਛਿਆ ਵੀ ਜਾਏ, ਉਸ ਨੂੰ **ਪ੍ਰਸ਼ਨਵਾਚਕ ਪੜਨਾਉਂ** ਆਖਦੇ ਹਨ; ਜਿਵੇਂ—ਕੌਣ, ਕੀ, ਕਿਹੜਾ।

Sri Satguru Jagjit Singh Ji Elibrary NamdhariElibrary@gmail.com

ਵੇਖੋ ! 'ਕੁਰਸੀ ਪੁਰ ਰਾਮ ਸਿੰਘ ਬੈਠਾ ਹੈ।' ਨੂੰ ਪੁੱਛਣ ਦਾ ਵਾਕ ਬਣਾਈਏ, ਤਾਂ ਆਖਾਂਗੇ—ਕੁਰਸੀ ਪੁਰ 'ਕੌਣ' ਬੈਠਾ ਹੈ ? ਜਾਂ ਰਾਮ ਸਿੰਘ 'ਕਿਸ' ਪੁਰ ਬੈਠਾ ਹੈ ? ਸੋ ਏਹਨਾਂ ਵਾਕਾਂ ਵਿੱਚ 'ਕੌਣ' ਤੇ 'ਕਿਸ' ਪੜਨਾਂਉਂ ਹਨ; ਕਿਉਂਕਿ ਨਾਉਂ 'ਰਾਮ ਸਿੰਘ' ਤੇ 'ਕੁਰਸੀ' ਦੀ ਥਾਂ ਆਏ ਹਨ ਅਤੇ ਪੁੱਛਣ ਦਾ ਕੰਮ ਵੀ ਦੇਂਦੇ ਹਨ; ਇਸ ਲਈ ਇਹ ਦੋਵੇਂ 'ਪ੍ਰਸ਼ਨਵਾਚਕ ਪੜਨਾਂਉਂ' ਹੋਏ।

143. ਪਰ 'ਕਿਉਂ', 'ਕਦੋਂ' ਤੇ 'ਕਿੱਥੇ' ਆਦਿਕ ਸ਼ਬਦ ਪ੍ਰਸ਼ਨਵਾਚਕ ਪੜਨਾਂਉਂ ਨਹੀਂ ਹੁੰਦੇ; ਸਗੋਂ 'ਕਿਰਿਆ-ਵਿਸ਼ੇਸ਼ਣ' ਹਨ, ਜੋ ਪ੍ਰਸ਼ਨਵਾਚਕ ਪੜਨਾਂਉਂ ਤੋਂ ਬਣੇ ਹੋਏ ਹਨ। ਇੱਸੇ ਤਰ੍ਹਾਂ 'ਕੀ ਰਾਮ ਸਿੰਘ ਕੁਰਸੀ ਤੇ ਬੈਠਾ ਹੈ ?' ਵਿੱਚ ਵੀ 'ਕੀ' ਪੜਨਾਂਉਂ ਨਹੀਂ, ਸਗੋਂ 'ਪ੍ਰਸ਼ਨਵਾਚਕ ਅਵਸਥਾ' ਦਾ 'ਕਿਰਿਆ-ਵਿਸ਼ੇਸ਼ਣ' ਹੈ।

144. 'ਕੌਣ' ਜਾਨਦਾਰਾਂ ਲਈ, 'ਕੀ' ਬੇਜਾਨਾਂ ਲਈ, ਤੇ 'ਕਿਹੜਾ' ਸਭਨਾਂ ਲਈ ਆਉਂਦਾ ਹੈ। ਏਹਨਾਂ ਵਿੱਚੋਂ 'ਕਿਹੜਾ' ਦੀ ਰੂਪਸਾਧਨਾ ਕੰਨਾ-ਅੰਤ ਵਿਸੇਸ਼ਣ 'ਕਾਲਾ' ਵਾਕਰ ਹੁੰਦੀ ਹੈ ਅਤੇ 'ਕੌਣ' ਤੇ 'ਕੀ' ਦੀ ਹੇਠਾਂ ਲਿਖਦੇ ਹਾਂ:—

| | ਕੌਣ | | ਕੀ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਕੌਣ | ਕੌਣ | ਕੀ | ... |
| ਸੰਬੰਧਕੀ | ਕਿਸ, ਕਿਹ | ਕਿਨ੍ਹਾਂ | ਕਾਸ, ਕਾਹ | ... |
| ਸਿ: ਸੰਬੰਧਕੀ | ਕਿਨ | ਕਿਨ੍ਹੀਂ | ...... | ... |

### ਅਭਿਆਸ

1. ਪ੍ਰਸ਼ਨਵਾਚਕ ਪੜਨਾਂਉਂ ਕਿਹਨੂੰ ਆਖਦੇ ਹਨ ਤੇ ਓਹ ਕਿਹੜੇ ਕਿਹੜੇ ਹਨ ? ਨਾਲੇ 'ਕੌਣ', 'ਕੀ' ਤੇ 'ਕਿਹੜਾ' ਦੇ ਰੂਪ ਸਾਧ ਕੇ ਓਹਨਾਂ ਨੂੰ ਵਾਕਾਂ ਵਿੱਚ ਵਰਤੋ।
2. ਹੇਠਾਂ ਲਿਖਿਆਂ ਵਾਕਾਂ ਨੂੰ ਮੁੜ ਲਿਖੋ ਅਤੇ ਮੋਟੇ ਨਾਵਾਂ ਦੀ ਥਾਂ ਪ੍ਰਸ਼ਨਵਾਚਕ ਪੜਨਾਂਉਂ ਵਰਤੋ:—

**ਮੁੰਡਾ** ਖੇਡਦਾ ਹੈ। ਮੇਰੇ ਹੱਥ ਵਿੱਚ **ਪੋਥੀ** ਹੈ। ਓਹਨਾਂ ਵਿੱਚੋਂ **ਕਰਤਾਰ** ਵੱਡਾ ਹੈ ਤੇ **ਹਰਨਾਮ** ਛੋਟਾ। ਇਹ ਕੁਰਸੀ **ਲੋਹੇ** ਦੀ ਹੈ।

Sri Satguru Jagjit Singh Ji Elibrary NamdhariElibrary@gmail.com

# (5) ਨਿਸਚੇਵਾਚਕ ਪੜਨਾਉਂ

**145.** ਸਾਹਮਣੇ ਦੀ ਵਸਤ (ਜਾਂ ਵਸਤਾਂ) ਵੱਲ ਸੈਨਤ ਕਰ ਕੇ ਜੋ ਸ਼ਬਦ ਉਸ ਵਸਤ (ਜਾਂ ਵਸਤਾਂ) ਦੇ ਨਾਉਂ ਦੀ ਥਾਂ ਵਰਤਿਆ ਜਾਏ, ਉਸ ਨੂੰ **ਨਿਸਚੇਵਾਚਕ ਪੜਨਾਉਂ** ਆਖਦੇ ਹਨ। ਨਿਸਚੇਵਾਚਕ ਪੜਨਾਉਂ ਚਾਰ ਹਨ:–'ਨਿਕਟਵਰਤੀ' ਜਾਂ ਨੇੜੇ ਦੀ ਵਸਤੂ ਲਈ–'ਇਹ' ਤੇ 'ਐਹ'; ਦੂਰਵਰਤੀ–'ਉਹ' ਤੇ 'ਔਹ'।

**146.** ਜਦੋਂ ਸਾਹਮਣੇ ਦੀ ਵਸਤੂ ਦਾ ਨਾਉਂ ਨਹੀਂ ਲੈਂਦੇ ਤੇ ਸੈਨਤ ਨਾਲ ਆਖਦੇ ਹਨ–'ਇਹ ਚੰਗੀ ਹੈ। ਉਹ ਖ਼ਰਾਬ ਹੈ।' ਤਾਂ ਸ਼ਬਦ 'ਇਹ' ਤੇ 'ਉਹ' ਨਿਸਚੇਵਾਚਕ ਪੜਨਾਉਂ ਹੁੰਦੇ ਹਨ। ਪਰ ਜਦੋਂ ਉਸ ਦਾ ਨਾਉਂ ਵੀ ਨਾਲ ਬੋਲ ਦੇਂਦੇ ਹਨ; ਜਿਵੇਂ–'ਇਹ ਪੋਥੀ ਚੰਗੀ ਹੈ। ਉਹ ਪੋਥੀ ਖ਼ਰਾਬ ਹੈ।' ਤਾਂ ਸ਼ਬਦ 'ਇਹ' ਤੇ 'ਉਹ' ਪੜਨਾਉਂ ਨਹੀਂ, ਸਗੋਂ ਨਿਸਚੇਵਾਚਕ ਵਿਸ਼ੇਸ਼ਣ ਹੋ ਜਾਂਦੇ ਹਨ।

**147.** ਜਦੋਂ ਪਹਿਲਾਂ ਕਹੇ ਹੋਏ ਦੋ ਨਾਵਾਂ ਵਿੱਚੋਂ ਪਹਿਲੇ ਦੀ ਥਾਂ 'ਉਹ' ਤੇ ਦੂਜੇ ਦੀ ਥਾਂ 'ਇਹ' ਵਰਤਿਆ ਜਾਂਦਾ ਹੈ, ਤਾਂ 'ਉਹ' ਤੇ 'ਇਹ' ਨਿਸਚੇਵਾਚਕ ਪੜਨਾਉਂ ਹੀ ਹੁੰਦੇ ਹਨ; ਜਿਵੇਂ–ਭਾਵੇਂ ਰਾਮ ਤੇ ਹਰਨਾਮ ਦੋਵੇਂ ਸੱਕੇ ਭਰਾ ਹਨ, ਪਰ 'ਇਹ' (= ਹਰਨਾਮ) ਬੜਾ ਸਿਆਣਾ ਤੇ ਉਹ (= ਰਾਮ) ਬੜਾ ਮੂਰਖ ਹੈ।

ਨੋਟ–ਏਹੋ ਜੇਹੇ ਵਾਕਾਂ ਵਿੱਚ 'ਉਹ' ਦੀ ਥਾਂ 'ਪਹਿਲਾ' ਜਾਂ 'ਇੱਕ' ਅਤੇ 'ਇਹ' ਦੀ ਥਾਂ 'ਪਿੱਛਲਾ' ਜਾਂ 'ਦੂਜਾ' ਵੀ ਵਰਤਦੇ ਹਨ; ਜਿਵੇਂ–ਭਾਵੇਂ ਰਾਮ ਤੇ ਹਰਨਾਮ ਦੋਵੇਂ ਸੱਕੇ ਭਰਾ ਹਨ, ਪਰ 'ਇੱਕ' ਜਾਂ 'ਪਹਿਲਾ' ਨਿਰਾ ਮੂਰਖ, ਤੇ 'ਦੂਜਾ' ਜਾਂ 'ਪਿੱਛਲਾ' ਬੜਾ ਸਿਆਣਾ ਹੈ।

**148.** 'ਉਹ' ਓਦੋਂ 'ਪੁਰਖਵਾਚਕ' ਪੜਨਾਉਂ ਹੁੰਦਾ ਹੈ, ਜਦੋਂ ਪਹਿਲਾਂ ਕਹੇ ਹੋਏ ਕਿਸੇ ਨਾਉਂ ਦੀ ਥਾਂ ਆਉਂਦਾ ਹੈ; ਜਿਵੇਂ–ਮੁੰਡਾ ਬਿਮਾਰ ਹੈ, ਉਹ ਰੋਂਦਾ ਹੈ। ਪਰ ਓਦੋਂ 'ਨਿਸਚੇਵਾਚਕ' ਪੜਨਾਉਂ ਬਣ ਜਾਂਦਾ ਹੈ, ਜਦੋਂ ਸਾਹਮਣੇ ਦੀ ਦੂਰਵਰਤੀ ਵਸਤੂ ਲਈ ਵਰਤਿਆ ਜਾਂਦਾ ਹੈ; ਜਿਵੇਂ–ਉਹ ਵਧੀਆ ਹੈ।

**149.** ਸ਼ਬਦ 'ਇਹ' ਜੇਕਰ ਨਿਸਚੇਵਾਚਕ ਵਿਸ਼ੇਸ਼ਣ ਨਾ ਹੋਵੇ, ਤਾਂ ਸਦਾ ਨਿਸਚੇਵਾਚਕ ਪੜਨਾਉਂ ਹੀ ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਨੋਟ–'ਪਹਿਲਾ' ਤੇ 'ਦੂਜਾ' ਦੀ ਕਾਰਕਰੂਪ-ਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਙੂ ਹੁੰਦੀ ਹੈ ਤੇ 'ਇੱਕ' ਅਸਾਧ ਹੈ।

150. ਨਿਸਚੇਵਾਚਕ ਪੜਨਾਵਾਂ ਦੀ ਕਾਰਕਰੂਪ-ਸਾਧਨਾ ਇਸ ਤਰ੍ਹਾਂ ਹੁੰਦੀ ਹੈ:–

| | ਉਹ | | ਔਹ | |
|---|---|---|---|---|
| | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਉਹ | ਓਹ | ਔਹ | ਔਹ |
| ਸੰਬੰਧਕੀ | ਉਸ, ਉਹ | ਓਹਨਾਂ | ਔਸ, ਔਹ | ਔਨ੍ਹਾਂ |
| | ਇਹ | | ਐਹ | |
| ਸਾਧਾਰਣ | ਇਹ | ਏਹ | ਐਹ | ਐਹ |
| ਸੰਬੰਧਕੀ | ਇਸ, ਇਹ | ਏਹਨਾਂ | ਐਸ, ਐਹ | ਐਨ੍ਹਾਂ |

ਅਭਿਆਸ

1. ਨਿਸਚੇਵਾਚਕ ਪੜਨਾਉਂ ਕਿਸ ਨੂੰ ਆਖਦੇ ਹਨ ? ਨਿਕਟਵਰਤੀ ਕਿਹੜੇ ਕਿਹੜੇ ਹਨ, ਤੇ ਦੂਰਵਰਤੀ ਕਿਹੜੇ ਕਿਹੜੇ ?
2. ਹੇਠਾਂ ਲਿਖੇ ਸ਼ਬਦਾਂ ਨੂੰ ਪਹਿਲਾਂ ਵਿਸ਼ੇਸ਼ਣਾਂ ਵਾਙੂ ਤੇ ਫਿਰ ਪੜਨਾਵਾਂ ਵਾਙੂ ਵਰਤੋ:–
   ਇਹ, ਉਹ, ਕੌਣ, ਜੋ, ਪਹਿਲਾ, ਦੂਜਾ, ਇੱਕ, ਪਿੱਛਲਾ।
3. ਹੇਠਾਂ ਲਿਖੇ ਵਾਕਾਂ ਨੂੰ ਦੋਸ਼ ਦੱਸ ਕੇ ਸੋਧੋ:–
   ਗਊ ਤੇ ਘੋੜੇ ਵਿੱਚੋਂ ਇੱਕ ਸੁੰਮਦਾਰ ਜਾਨਵਰ ਹੈ ਤੇ ਦੂਜਾ ਦੁੱਧ ਦੇਣ ਵਾਲਾ। ਪੜ੍ਹਨਾ ਤੇ ਖੇਡਣਾ ਦੋਵੇਂ ਚੰਗੇ ਕੰਮ ਹਨ, ਇਹ ਸਿਆਣਪ ਵਧਾਉਣ ਲਈ ਤੇ ਉਹ ਅਰੋਗਤਾ ਲਈ।

## (6) ਅਨਿਸਚਿਤ ਪੜਨਾਉਂ

151. ਜਿਨ੍ਹਾਂ ਪੜਨਾਵਾਂ ਤੋਂ ਵਸਤਾਂ ਦਾ ਨਿਸਚਿਤ ਜਾਂ ਠੀਕ-ਠੀਕ ਗਿਆਨ ਨਹੀਂ ਹੁੰਦਾ, ਓਹਨਾਂ ਨੂੰ **ਅਨਿਸਚਿਤ ਪੜਨਾਉਂ** ਆਖਦੇ ਹਨ; ਜਿਵੇਂ–ਕੋਈ, ਕੁਝ, ਹੋਰ, ਸਭ, ਸਰਬੱਤ, ਸਾਰੇ, ਬਾਜ਼ੇ, ਅਨੇਕ, ਵਿਰਲੇ, ਬਹੁਤੇ।

152. ਅਨਿਸਚਿਤ ਸੰਖਿਅਕ ਵਿਸ਼ੇਸ਼ਣ ਜਦੋਂ ਨਾਉਂ ਤੋਂ ਬਿਨਾਂ ਆਉਣ, ਤਾਂ ਅਨਿਸਚਿਤ ਪੜਨਾਉਂ ਸਮਝੇ ਜਾਂਦੇ ਹਨ; ਜਿਵੇਂ–ਦਾਨ 'ਸਭ'

Sri Satguru Jagjit Singh Ji Elibrary NamdhariElibrary@gmail.com

ਕਰਦੇ ਹਨ–'ਕੋਈ' ਬਹੁਤਾ, 'ਕੋਈ' ਥੋੜਾ । ਮੇਰੀ ਅੱਖ ਵਿੱਚ 'ਕੁਝ' ਪੈ ਗਿਆ ਹੈ ।

ਨੋਟ (1)–ਕਦੇ-ਕਦੇ ਸਾਧਾਰਣ ਸੰਖਿਅਕਵੀ ਅਨਿਸਚਿਤ ਪੜਨਾਵਾਂ ਵਾਕਰ ਵਰਤੇ ਜਾਂਦੇ ਹਨ; ਜਿਵੇਂ–'ਦੋ ਹੱਸਦੇ ਹਨ, ਦੋ ਰੋਂਦੇ ਹਨ ।' ਵਿੱਚ 'ਦੋ' ।

ਨੋਟ (2)–ਜਦੋਂ ਦੋ ਪੜਨਾਉਂ ਜੁੜ ਕੇ ਆਉਣ, ਤਾਂ ਓਹਨਾਂ ਨੂੰ 'ਸੰਯੁਕਤ ਪੜਨਾਉਂ' ਆਖਦੇ ਹਨ; ਜਿਵੇਂ–ਕੋਈ ਕੋਈ, ਹਰ ਕੋਈ, ਹੋਰ ਕੋਈ, ਹੋਰ ਕਿਹੜਾ ।

ਅਭਿਆਸ

1. ਅਨਿਸਚਿਤ ਪੜਨਾਉਂ ਕਿਹਨੂੰ ਆਖਦੇ ਹਨ ਤੇ ਸੰਯੁਕਤ ਪੜਨਾਉਂ ਕਿਹਨੂੰ ? ਹੇਠਾਂ ਲਿਖੇ ਸ਼ਬਦਾਂ ਨੂੰ ਪਹਿਲਾਂ ਅਨਿਸਚਿਤ ਪੜਨਾਵਾਂ ਵਾਕਰ ਅਤੇ ਫਿਰ ਵਿਸ਼ੇਸ਼ਣਾਂ ਵਾਕਰ ਵਾਕਾਂ ਵਿੱਚ ਵਰਤੋ:–
   ਸਭ, ਕੁਝ, ਕੋਈ, ਸਾਰੇ, ਬਹੁਤ, ਬਾਜ਼ੇ ।
2. ਹੇਠਾਂ ਲਿਖੇ ਅਨਿਸਚਿਤ ਪੜਨਾਵਾਂ ਦੇ ਰੂਪ ਸਾਧੋ:–
   ਸਾਰੇ, ਸਭ, ਕੋਈ, ਅਨੇਕ, ਕੁਝ, ਬਾਜ਼ੇ ।

## ਪੜਨਾਵਾਂ ਦੀ ਪਦਵੰਡ

**153.** ਪੜਨਾਉਂ ਦੀ ਪਦਵੰਡ ਕਰਨ ਵੇਲੇ ਉਸ ਦਾ (1) ਪਰਕਾਰ, (2) ਪੁਰਖ, (3) ਲਿੰਗ, (4) ਵਚਨ, (5) ਕਾਰਕ, (6) ਕਾਰਕਰੂਪ, ਅਤੇ (7) ਹੋਰਨਾਂ ਪਦਾਂ ਨਾਲ ਸੰਬੰਧ ਦੱਸੋ; ਜਿਵੇਂ–

ਚੋਰਾਂ ਨੇ ਇੱਕ ਸਾਧੂ ਨੂੰ ਆਖਿਆ–"ਅਸਾਂ ਉਸ ਆਦਮੀ ਨੂੰ ਜੋ ਤੁਹਾਡੇ ਨਾਲ ਲੜਿਆ ਸੀ, ਚੰਗੀ ਤਰ੍ਹਾਂ ਕੁੱਟਿਆ ਹੈ ।"

ਅਸਾਂ–ਪੜਨਾਉਂ, ਪੁਰਖਵਾਚਕ, ਉੱਤਮ ਪੁਰਖ, ਪੁਲਿੰਗ, ਬਹੁਵਚਨ, ਕਰਤਾ ਕਾਰਕ, ਸਾਧਾਰਣ ਰੂਪ; ਕਿਰਿਆ 'ਕੁੱਟਿਆ ਹੈ' ਦਾ ਕਰਤਾ ਹੈ ਅਤੇ ਨਾਉਂ 'ਚੋਰਾਂ' ਦੀ ਥਾਂ ਆਇਆ ਹੈ ।

ਉਸ–ਪੜਨਾਵੀਂ ਵਿਸ਼ੇਸ਼ਣ ।

ਜੋ–ਪੜਨਾਉਂ, ਸੰਬੰਧਵਾਚਕ, ਅਨ ਪੁਰਖ, ਪੁਲਿੰਗ, ਇੱਕਵਚਨ, ਕਰਤਾ ਕਾਰਕ, ਸਾਧਾਰਣ ਰੂਪ; ਕਿਰਿਆ 'ਕੁੱਟਿਆ ਹੈ' ਦਾ ਕਰਤਾ ਹੈ ਅਤੇ ਨਾਉਂ ਆਦਮੀ ਦੀ ਥਾਂ ਆਇਆ ਹੈ ।

ਤੁਹਾਡੇ–ਪੜਨਾਉਂ, ਪੁਰਖਵਾਚਕ, ਮੱਧਮ ਪੁਰਖ, ਪੁਲਿੰਗ, ਬਹੁਵਚਨ (ਆਦਰਸੂਚਕ), ਕਰਣਕਾਰਕ, ਸੰਬੰਧਕੀ ਰੂਪ; ਸੰਬੰਧਕ 'ਨਾਲ' ਦਾ ਸੰਬੰਧੀ ਹੈ ।

Sri Satguru Jagjit Singh Ji Elibrary NamdhariElibrary@gmail.com

# ਚੌਥਾ ਅਧਿਆਇ

## ਕਿਰਿਆ

154. ਜੋ ਸ਼ਬਦ ਕਿਸੇ ਵਸਤੂ ਦੇ ਕੰਮ ਨੂੰ ਕਾਲ ਸਹਿਤ ਦੱਸੇ, ਉਸ ਨੂੰ **ਕਿਰਿਆ** ਆਖਦੇ ਹਨ; ਜਿਵੇਂ ਆਇਆ, ਪੜ੍ਹਦਾ ਹੈ, ਲਿਖੇਗਾ।

155. ਕੰਮ ਕਰਨ ਵਾਲੇ ਨੂੰ **ਕਰਤਾ** ਆਖਦੇ ਹਨ, ਤੇ ਜਿਸ ਉੱਤੇ ਕੰਮ ਕੀਤਾ ਜਾਏ, ਉਹਨੂੰ **ਕਰਮ**; ਜਿਵੇਂ-'ਰਾਮ ਨੇ ਰਾਵਣ ਨੂੰ ਮਾਰਿਆ।' ਵਿੱਚ 'ਰਾਮ' ਕਰਤਾ ਹੈ ਤੇ 'ਰਾਵਣ' ਕਰਮ।

## ਕਿਰਿਆ ਦੀ ਵੰਡ

156. ਕਿਰਿਆਂ ਦੋ ਪ੍ਰਕਾਰ ਦੀਆਂ ਹਨ-(1) ਅਕਰਮਕ; ਤੇ (2) ਸਕਰਮਕ।

ਜਿਸ ਕਿਰਿਆ ਦਾ ਕਰਮ ਨਾ ਹੋਵੇ, ਕੇਵਲ ਕਰਤਾ ਹੀ ਹੋਵੇ, ਉਸ ਨੂੰ **ਅਕਰਮਕ ਕਿਰਿਆ** ਆਖਦੇ ਹਨ; ਅਤੇ-

ਜਿਸ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ **ਸਕਰਮਕ ਕਿਰਿਆ** ਕਹਿੰਦੇ ਹਨ; ਜਿਵੇਂ-

| ਕਰਤਾ | ਕਰਮ | ਕਿਰਿਆ | ਪਰਕਾਰ |
|---|---|---|---|
| ਮੁੰਡਾ | .. | ਬੈਠਾ ਹੈ। | (ਅਕਰਮਕ) |
| ਮੁੰਡਾ | ਰੋਟੀ | ਖਾਂਦਾ ਹੈ। | (ਸਕਰਮਕ) |

157. ਅਕਰਮਕ ਤੇ ਸਕਰਮਕ ਕਿਰਿਆਂ ਫਿਰ ਦੋ ਦੋ ਪਰਕਾਰ ਦੀਆਂ ਹਨ-(1) ਪੂਰਣ; ਤੇ (2) ਅਪੂਰਣ।

ਜੋ ਅਕਰਮਕ ਕਿਰਿਆ ਕਰਤਾਂ ਨਾਲ ਮਿਲ ਕੇ ਵਾਕ ਨੂੰ ਪੂਰਾ ਕਰ ਲਵੇ, ਉਹ **ਪੂਰਣ ਅਕਰਮਕ**; ਅਤੇ ਜੋ ਪੂਰਾ ਨਾ ਕਰ ਸਕੇ, ਉਹ **ਅਪੂਰਣ ਅਕਰਮਕ** ਅਖਵਾਂਦੀ ਹੈ। ਅਰ ਇੱਸੇ ਤਰ੍ਹਾਂ-

Sri Satguru Jagjit Singh Ji Elibrary NamdhariElibrary@gmail.com

ਜੋ ਸਕਰਮਕ ਕਿਰਿਆ ਕਰਤਾ ਤੇ ਕਰਮ ਦੁਹਾਂ ਨਾਲ ਮਿਲ ਕੇ ਵਾਕ ਪੂਰਾ ਕਰ ਲਵੇ, ਉਹ **ਪੂਰਣ ਸਕਰਮਕ** ਹੈ, ਤੇ ਜੋ ਕਰਤਾ ਤੇ ਕਰਮ ਨਾਲ ਮਿਲ ਕੇ ਵਾਕ ਨੂੰ ਪੂਰਾ ਨਾ ਕਰ ਸਕੇ, ਉਹਨੂੰ **ਅਪੂਰਣ ਸਕਰਮਕ** ਕਹਿੰਦੇ ਹਨ; ਜਿਵੇਂ–

| ਕਰਤਾ | ਕਰਮ | ਕਿਰਿਆ | ਪਰਕਾਰ |
|---|---|---|---|
| ਮੁੰਡਾ | ... | ਬੈਠਾ ਹੈ । | (ਪੂਰਣ ਅਕਰਮਕ) |
| ਮੁੰਡਾ | ... | ਹੋ ਗਿਆ । | (ਅਪੂਰਣ ਅਕਰਮਕ) |
| ਮੁੰਡਾ | ਰੋਟੀ | ਖਾਂਦਾ ਹੈ । | (ਪੂਰਣ ਸਕਰਮਕ) |
| ਅਸੀਂ | ਉਹਨੂੰ | ਸਮਝਦੇ ਹਾਂ । | (ਅਪੂਰਣ ਸਕਰਮਕ) |

158. ਕਰਤਾ ਅਤੇ ਕਰਮ ਤੋਂ ਬਿਨਾਂ ਜਿਹੜਾ ਹੋਰ ਸ਼ਬਦ ਜਾਂ ਵਾਕੰਸ਼ ਅਪੂਰਣ ਕਿਰਿਆ ਨਾਲ ਲਾ ਕੇ ਵਾਕ ਨੂੰ ਪੂਰਾ ਕੀਤਾ ਜਾਵੇ, ਉਸ ਨੂੰ **ਪੂਰਕ** ਆਖਦੇ ਹਨ । ਪਰ–

ਜੇ ਪੂਰਕ ਅਕਰਮਕ ਕਿਰਿਆ ਦਾ ਹੋਵੇ, ਉਹ **ਕਰਤ੍ਰੀ-ਪੂਰਕ** ਅਤੇ ਜੇ ਸਕਰਮਕ ਕਿਰਿਆ ਦਾ ਹੋਵੇ, ਉਹ **ਕਰਮ-ਪੂਰਕ** ਅਖਵਾਂਦਾ ਹੈ; ਜਿਵੇਂ– 'ਮੁੰਡਾ ਬਿਮਾਰ ਹੋ ਗਿਆ ।' ਵਿੱਚ 'ਬਿਮਾਰ' ਕਰਤ੍ਰੀ-ਪੂਰਕ ਹੈ, ਤੇ 'ਅਸੀਂ ਉਹਨੂੰ ਮਹਾਤਮਾ ਸਮਝਦੇ ਹਾਂ ।' ਵਿੱਚ 'ਮਹਾਤਮਾ' ਕਰਮ-ਪੂਰਕ ।

159. ਜਿਸ ਕਿਰਿਆ ਦੇ ਦੋ ਕਰਮ ਹੋਣ, ਉਸ ਨੂੰ **ਦੁਕਰਮਕ** ਆਖਦੇ ਹਨ । ਦੁਕਰਮਕ ਕਿਰਿਆ ਦੇ ਜਿਸ ਕਰਮ ਨਾਲ 'ਨੂੰ' ਨਹੀਂ ਹੁੰਦਾ, ਉਸ ਨੂੰ **ਪਰਧਾਨ ਕਰਮ** ਤੇ ਜਿਸ ਨਾਲ 'ਨੂੰ' ਹੁੰਦਾ ਹੈ, ਉਸਨੂੰ **ਅਪਰਧਾਨ ਕਰਮ** ਆਖਦੇ ਹਨ; ਜਿਵੇਂ–'ਮਾਂ ਪੁੱਤਰ ਨੂੰ ਦੁੱਧ ਪਿਆਉਂਦੀ ਹੈ ।' ਵਿੱਚ 'ਪਿਆਉਂਦੀ ਹੈ' ਦੁਕਰਮਕ ਕਿਰਿਆ, 'ਦੁੱਧ' ਪਰਧਾਨ ਕਰਮ, ਤੇ 'ਪੁੱਤਰ ਨੂੰ' ਅਪਸਧਾਨ ਕਰਮ ਹੈ ।

160. ਜਦੋਂ 'ਸਕਰਮਕ' ਕਿਰਿਆ ਦੁਆਰਾ ਕਰਤਾ ਵਿੱਚ ਕੇਵਲ ਕਿਰਿਆ-ਸ਼ਕਤੀ ਹੀ ਦੱਸਣੀ ਹੋਵੇ, ਤਾਂ ਕਰਮ ਦੀ ਲੋੜ ਨਹੀਂ ਪੈਂਦੀ ਤੇ ਓਦੋਂ ਉਹ 'ਸਕਰਮਕ' ਕਿਤਿਆ 'ਅਕਰਮਕ' ਹੋ ਜਾਂਦੀ ਹੈ; ਜਿਹਾ ਕਿ–ਮੁੰਡਾ ਦੇਖਦਾ ਹੈ । ਇਸ ਦਾ ਅਰਥ ਇਹ ਹੈ ਕਿ ਮੁੰਡੇ ਵਿੱਚ ਦੇਖਣ ਦੀ ਸ਼ਕਤੀ ਹੈ, ਅੰਨ੍ਹਾ ਨਹੀਂ । 'ਕੀ' ਜਾਂ 'ਕਿਸ ਨੂੰ' ਦੇਖਦਾ ਹੈ ? ਇੱਥੇ ਇਹ ਦੱਸਣ ਦੀ ਲੋੜ

Sri Satguru Jagjit Singh Ji Elibrary NamdhariElibrary@gmail.com

ਨਹੀਂ; ਇਸ ਲਈ ਕਰਮ ਤੋਂ ਬਿਨਾਂ ਹੋਣ ਕਰਕੇ ਕਿਰਿਆ 'ਦੇਖਦਾ ਹੈ' 'ਸਕਰਮਕ' ਤੋਂ ਅਕਰਮਕ ਹੋ ਗਈ ਹੈ।

161. ਕਦੇ-ਕਦੇ ਅਕਰਮਕ ਕਿਰਿਆ ਨਾਲ 'ਕਰਮ' ਵਾਂਙੂ ਕੋਈ ਏਹੋ ਜੇਹਾ ਨਾਉਂ ਲਾ ਦੇਂਦੇ ਹਨ, ਜੋ ਉਸੇ ਕਿਰਿਆ ਦੇ ਕੰਮ ਦਾ ਵਾਚਕ ਹੁੰਦਾ ਹੈ, ਤਾਂ ਓਦੋਂ ਉਹ ਅਕਰਮਕ ਕਿਰਿਆ ਸਕਰਮਕ ਹੋ ਜਾਂਦੀ ਹੈ; ਜਿਹਾ ਕਿ–'ਉਹ ਇੱਕੋ ਲੜਾਈ ਲੜਿਆ। ਦੁਸ਼ਮਣ ਕੁੱਤੇ ਦੀ ਮੌਤ ਮੋਇਆ। ਉਹ ਟੇਢੀ ਚਾਲ ਚਲਿਆ।' ਇਨ੍ਹਾਂ ਵਾਕਾਂ ਵਿੱਚ 'ਲੜਾਈ', 'ਮੌਤ' ਤੇ 'ਚਾਲ' ਕਰਮ ਹਨ, ਜੋ ਕਿਰਿਆ ਦੇ ਸਮ-ਅਰਥੀ ਹੋਣ ਕਰਕੇ **ਸਜਾਤੀ ਕਰਮ** ਅਖਵਾਂਦੇ ਹਨ; ਅਤੇ 'ਲੜਿਆ' ਤੇ 'ਮੋਇਆ' ਆਦਿ ਕਿਰਿਆਂ ਅਕਰਮਕ ਤੋਂ ਸਕਰਮਕ ਹੋ ਗਈਆਂ ਹਨ।

ਅਭਿਆਸ

1. ਕਿਰਿਆਂ ਕਿੰਨੇ ਤੇ ਕਿਸ ਕਿਸ ਪਰਕਾਰ ਦੀਆਂ ਹਨ?
2. ਅਕਰਮਕ ਕਿਰਿਆ ਕਿਹਨੂੰ ਆਖਦੇ ਹਨ ਤੇ, ਸਕਰਮਕ ਕਿਹਨੂੰ?
3. ਦੱਸੋ ਹੇਠਾਂ ਲਿਖਿਆਂ ਤੋਂ ਕੀ ਭਾਵ ਹੈ–

ਪੂਰਣ ਅਕਰਮਕ ਕਿਰਿਆ, ਅਪੂਰਣ ਅਕਰਮਕ ਕਿਰਿਆ,
ਪੂਰਣ ਸਕਰਮਕ ਕਿਰਿਆ, ਅਪੂਰਣ ਸਕਰਮਕ ਕਿਰਿਆ,
ਪਰਧਾਨ ਕਰਮ, ਅਪਰਧਾਨ ਕਰਮ, ਸਜਾਤੀ ਕਰਮ,
ਕਰਤ੍ਰੀ-ਪੂਰਕ, ਕਰਮ-ਪੂਰਕ।

## ਧਾਤੂ-ਰਚਨਾ

162. ਜਿਨ੍ਹਾਂ ਮੂਲ ਸ਼ਬਦਾਂ ਤੋਂ ਕਿਰਿਆਂ ਬਣਦੀਆਂ ਹਨ, ਉਨ੍ਹਾਂ ਨੂੰ **ਧਾਤੂ** ਆਖਦੇ ਹਨ; ਜਿਵੇਂ–'ਆਇਆ' ਦਾ ਧਾਤੂ 'ਆ' ਹੈ, 'ਪੜ੍ਹਦਾ ਹੈ' ਦਾ 'ਪੜ੍ਹ'।

ਨੋਟ–ਚੇਤੇ ਰੱਖੋ ਕਿ ਧਾਤੂ ਸਦਾ 'ਮੱਧਮ ਪੁਰਖ ਇੱਕਵਚਨ' ਹੁੰਦਾ ਹੈ ਤੇ 'ਆਗਿਆ' ਜਾਂ 'ਹੁਕਮ' ਦੇ ਅਰਥ ਦਿੰਦਾ ਹੈ; ਜਿਵੇਂ–(ਤੂੰ) 'ਆ'। (ਤੂੰ) 'ਪੜ੍ਹ'। (ਤੂੰ) 'ਲਿਖ'।

163. ਬਣਾਵਟ ਕਰਕੇ ਧਾਤੂ ਦੋ ਪਰਕਾਰ ਦੇ ਹਨ–(1) ਮੂਲ; ਅਤੇ (2) ਰਚਿਤ।

Sri Satguru Jagjit Singh Ji Elibrary NamdhariElibrary@gmail.com

ਜਿਹੜਾ ਧਾਤੂ ਕਿਸੇ ਹੋਰ ਸ਼ਬਦ ਤੋਂ ਨਾ ਬਣਿਆ ਹੋਵੇ, ਉਹਨੂੰ ਮੂਲ ਧਾਤੂ ਆਖਦੇ ਹਨ; ਜਿਵੇਂ—ਆ, ਜਾ, ਲਿਖ, ਪੜ੍ਹ। ਅਤੇ—

ਜਿਹੜਾ ਧਾਤੂ ਕਿਸੇ ਦੂਜੇ ਧਾਤੂ ਜਾਂ ਸ਼ਬਦ ਤੋਂ ਬਣਾਇਆ ਗਿਆ ਹੋਵੇ, ਉਹਨੂੰ **ਰਚਿਤ ਧਾਤੂ** ਆਖਦੇ ਹਨ; ਜਿਵੇਂ—ਪੜ੍ਹਾ, ਦੁਖਾ ਤੇ ਦੂਰ੍ਹਾ (ਜੋ ਕ੍ਰਮਵਾਰ 'ਪੜ੍ਹ', 'ਦੁੱਖ' ਤੇ 'ਦੂਹਰਾ' ਤੋਂ ਬਣਾਏ ਗਏ ਹਨ)।

164. ਰਚਿਤ ਧਾਤੂ ਚਾਰ ਪਰਕਾਰ ਦੇ ਹਨ:—

(1) ਨਕਲੀ; (2) ਸੰਜੁਕਤ; (3) ਪ੍ਰੇਰਣਾਰਥਕ; ਅਤੇ (4) ਕਰਮਵਾਚ।

### (ੳ) ਨਕਲੀ ਧਾਤੂ

165. ਜੋ ਧਾਤੂ ਨਾਉਂ ਆਦਿਕ ਕਿਸੇ ਹੋਰ ਸ਼ਬਦ-ਭੇਦ ਤੋਂ ਬਣਾਇਆ ਗਿਆ ਹੋਵੇ, ਉਸ ਨੂੰ **ਨਕਲੀ ਧਾਤੂ** ਆਖਦੇ ਹਨ; ਜਿਵੇਂ—ਸ਼ਰਮਾ, ਦੂਰ੍ਹਾ, ਯਾਦ ਕਰ ਤੇ ਵਿਦਾ ਹੋ, ਸਭ ਨਕਲੀ ਧਾਤੂ ਹਨ, ਜਿਨ੍ਹਾਂ ਵਿੱਚੋਂ ਪਹਿਲੇ ਦੋ ਧਾਤੂ ਨਾਉਂ 'ਸ਼ਰਮ' ਤੇ ਵਿਸ਼ੇਸ਼ਣ 'ਦੂਹਰਾ' ਤੋਂ ਬਣਾਏ ਗਏ ਹਨ, ਅਤੇ ਪਿਛਲੇ ਦੋ ਧਾਤੂ ਸ਼ਬਦ 'ਯਾਦ' ਤੇ 'ਵਿਦਾ' ਨਾਲ ਮੂਲ ਧਾਤੂ 'ਕਰ' ਤੇ 'ਹੋ' ਲਾਉਣ ਨਾਲ ਬਣੇ ਹਨ।

### (ਅ) ਸੰਜੁਕਤ ਧਾਤੂ

166. ਇੱਕ ਇਕੱਲੇ ਧਾਤੂ ਨੂੰ (ਭਾਵੇਂ ਮੂਲ ਹੋਵੇ, ਭਾਵੇਂ ਨਕਲੀ) **ਸਾਧਾਰਣ ਧਾਤੂ** ਆਖਦੇ ਹਨ; ਜਿਵੇਂ—ਲਿਖ, ਪੜ੍ਹ, ਤੇ ਯਾਦ ਕਰ। ਪਰ—

ਜਿਹੜਾ ਧਾਤੂ ਦੋ ਜਾਂ ਵਧੀਕ ਧਾਤੂਆਂ ਤੋਂ ਬਣਿਆ ਹੋਵੇ, ਉਹਨੂੰ **ਸੰਜੁਕਤ ਧਾਤੂ** ਕਹਿੰਦੇ ਹਨ; ਜਿਵੇਂ—ਪੜ੍ਹਿਆ ਕਰ, ਲਿਖਦਾ ਜਾ, ਸੁਣ ਲਿਆ ਕਰ।

167. ਇੱਕ ਇਕੱਲੇ ਧਾਤੂ ਤੋਂ ਬਣੀ ਕਿਰਿਆ ਨੂੰ **ਸਾਧਾਰਣ ਕਿਰਿਆ** ਆਖਦੇ ਹਨ; ਅਤੇ—

ਜਿਹੜੀ ਕਿਰਿਆ ਦੋ ਜਾਂ ਵਧੀਕ ਧਾਤੂਆਂ ਤੋਂ ਬਣੀ ਹੋਵੇ, ਉਹਨੂੰ **ਸੰਜੁਕਤ ਕਿਰਿਆ** ਕਹਿੰਦੇ ਹਨ; ਜਿਵੇਂ—

ਰਾਮ ਅੱਜ ਲਾਹੌਰ 'ਜਾਏਗਾ'। (ਸਾਧਾਰਣ)

ਸਾਥੋਂ ਅਰਬੀ ਨਹੀਂ 'ਪੜ੍ਹੀ ਜਾਂਦੀ'। (ਸੰਜੁਕਤ)

168. ਸੰਜੁਕਤ ਕਿਰਿਆ ਦੀ ਪਹਿਲੀ ਕਿਰਿਆ ਨੂੰ, ਜਿਸ ਤੋਂ ਸੰਜੁਕਤ

ਕਿਰਿਆ ਦਾ 'ਮੁੱਖ ਅਰਥ' ਅਤੇ 'ਅਕਰਮਕ-ਸਕਰਮਕ ਹੋਣਾ' ਜਾਣਿਆ ਜਾਂਦਾ ਹੈ, **ਮੁੱਖ ਕਿਰਿਆ** ਆਖਦੇ ਹਨ; ਅਤੇ–

ਜਿਹੜੀ ਕਿਰਿਆ ਕਿਸੇ ਮੁੱਖ ਕਿਰਿਆ ਦੇ ਨਾਲ ਆਵੇ, ਉਹਨੂੰ **ਸਹਾਇਕ ਕਿਰਿਆ** ਕਹਿੰਦੇ ਹਨ; ਜਿਵੇਂ–'ਸਾਥੋਂ ਅਰਬੀ ਨਹੀਂ ਪੜ੍ਹੀ ਜਾਂਦੀ।' ਵਿੱਚ 'ਪੜ੍ਹੀ' ਮੁੱਖ ਕਿਰਿਆ ਹੈ ਤੇ 'ਜਾਂਦੀ' ਸਹਾਇਕ ਕਿਰਿਆ।

ਨੋਟ–ਚੇਤੇ ਰੱਖੋ ਕਿ ਜੇ ਕਿਸੇ ਕਿਰਿਆ ਦੇ ਨਾਲ 'ਹੈ', 'ਸੀ', 'ਗਾ' ਜਾਂ ਏਹਨਾਂ ਦਾ ਕੋਈ ਰੂਪ ਲੱਗਾ ਹੋਵੇ, ਤਾਂ ਕਿਰਿਆ ਸਾਧਾਰਣ ਹੀ ਹੋਵੇਗੀ, ਸੰਯੁਕਤ ਨਹੀਂ; ਜਿਹਾ ਕਿ–ਆਇਆ ਹੈ, ਗਿਆ ਸੀ, ਪੜ੍ਹੇਗਾ, ਸਭ ਸਾਧਾਰਣ ਕਿਰਿਆ ਹਨ।

**169.** ਸੰਯੁਕਤ ਕਿਰਿਆਂ ਕਈ ਪਰਕਾਰ ਦੇ ਅਰਥ ਪਰਗਟ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝਕੁ ਹੇਠਾਂ ਲਿਖੇ ਜਾਂਦੇ ਹਨ:–

(1) ਅਰੰਭ; ਮੈਂ ਚਿੱਠੀ ਲਿਖਣ ਲੱਗਾ ਹਾਂ।
(2) ਸਮਾਪਤੀ; ਮੈਂ ਚਿੱਠੀ ਲਿਖ ਚੁੱਕਾ ਹਾਂ।
(3) ਜਾਰੀ; ਮੈਂ ਪੋਥੀ ਪੜ੍ਹ ਰਿਹਾ ਹਾਂ। ਤੂੰ ਪੜ੍ਹੀ ਜਾ।
(4) ਸ਼ਕਤੀ; ਮੈਂ ਅਰਬੀ ਪੜ੍ਹ ਸਕਦਾ ਹਾਂ।
(5) ਆਗਿਆ; ਮੈਨੂੰ ਅੰਦਰ ਜਾਣ ਦਿਓ।
(6) ਸ਼ੱਕ; ਉਸ ਨੇ ਇਹ ਗੱਲ ਆਖੀ ਹੋਵੇਗੀ।
(7) ਅਚਾਨਕਤਾ; ਗੋਲਾ ਚਲਿਆ; ਤਾਂ ਬਾਲਕ ਚੀਕ ਉੱਠਿਆ ਤੇ ਮੰਜੇ ਤੋਂ ਉੱਛਲ ਪਿਆ।
(8) ਤਾਕੀਦ; ਇਹਨੂੰ ਪੱਕੜ ਲੈ। ਉਹਨੂੰ ਮਾਰ ਸੁੱਟ।
(9) ਅਭਿਆਸ; ਤੂੰ ਪੋਥੀ ਪੜ੍ਹਿਆ ਕਰ।
(10) ਸਹਿਣਾ (ਕਰਮਵਾਚ); ਰਾਵਣ ਮਾਰਿਆ ਗਿਆ। ਚੋਰ ਫੜਿਆ ਗਿਆ।

### (ੲ) ਪ੍ਰੇਰਣਾਰਥਕ ਧਾਤੂ

**170.** ਜੋ ਸਕਰਮਕ ਧਾਤੂ ਕਿਸੇ 'ਅਕਰਮਕ' ਜਾਂ 'ਮੂਲ ਸਕਰਮਕ' ਧਾਤੂ ਤੋਂ ਬਣਿਆ ਹੋਵੇ, ਉਸ ਨੂੰ 'ਰਚਿਤ ਸਕਰਮਕ' ਜਾਂ **ਪ੍ਰੇਰਣਾਰਥਕ ਧਾਤੂ** ਆਖਦੇ ਹਨ; ਜਿਵੇਂ–'ਉੱਠ' ਤੋਂ 'ਉਠਾ', 'ਪੜ੍ਹ' ਤੋਂ 'ਪੜ੍ਹਾ'।

ਜਾਂ ਇਉਂ ਸਮਝੋ ਕਿ–

Sri Satguru Jagjit Singh Ji Elibrary NamdhariElibrary@gmail.com

ਜਿਸ ਕਿਰਿਆ ਦਾ ਕਰਤਾ, ਕਿਰਿਆ ਵਾਲਾ ਕੰਮ ਆਪ ਨਹੀਂ ਕਰਦਾ, ਸਗੋਂ ਕਿਸੇ ਹੋਰ ਨੂੰ ਪ੍ਰੇਰ ਕੇ ਉਸ ਤੋਂ ਕਰਾਉਂਦਾ ਹੈ, ਉਸ ਨੂੰ 'ਪ੍ਰੇਰਣਾਰਥਕ ਕਿਰਿਆ' ਤੇ ਉਸ ਦੇ ਧਾਤੂ ਨੂੰ 'ਪ੍ਰੇਰਣਾਰਥਕ ਧਾਤੂ' ਆਖਦੇ ਹਨ; ਜਿਵੇਂ– 'ਮਾਲਕ ਨੇ ਨੌਕਰ ਨੂੰ ਜਗਾਇਆ।' ਦਾ ਅਰਥ ਹੈ ਕਿ ਭਾਵੇਂ ਜਾਗਣ ਦਾ ਕੰਮ ਤਾਂ ਨੌਕਰ ਨੇ ਹੀ ਕੀਤਾ ਹੈ; ਪਰ ਆਪ ਨਹੀਂ, ਸਗੋਂ ਮਾਲਕ ਦੀ 'ਪ੍ਰੇਰਨਾ' ਨਾਲ। ਸੋ ਇੱਥੇ 'ਮਾਲਕ' **ਪ੍ਰੇਰਕ ਕਰਤਾ** ਹੈ ਤੇ 'ਨੌਕਰ' **ਪ੍ਰੇਰਿਤ ਕਰਤਾ**, ਜੋ ਕਿਰਿਆ 'ਜਗਾਇਆ' ਦਾ ਕਰਮ ਹੈ।

171. ਪ੍ਰੇਰਣਾਰਥਕ ਧਾਤੂ ਦੋ ਸ੍ਰੇਣੀਆਂ ਵਿੱਚ ਵੰਡੇ ਗਏ ਹਨ–

(1) ਸਮਾਨ; ਜਿਵੇਂ–'ਉੱਠ' ਤੋਂ ਉਠਾ; ਅਤੇ–

(2) ਵਿਸ਼ੇਸ਼; ਜਿਵੇਂ 'ਉੱਠ' ਤੋਂ ਉਠਵਾ।

ਏਹਨਾਂ ਦੇ ਬਣਾਉਣ ਲਈ ਤਿੰਨ ਨੇਮ ਹਨ:–

ਨੇਮ (1) ਕਈਆਂ ਮੂਲ ਧਾਤੂਆਂ ਦੇ ਅੰਤ ਵਿੱਚ ਕੰਨਾ ( ਾ ) ਲਾਇਆਂ 'ਸਮਾਨ ਪ੍ਰੇਰਣਾਰਥਕ' ਤੇ 'ਵਾ' ਲਾਇਆਂ 'ਵਿਸ਼ੇਸ਼ ਪ੍ਰੇਰਣਾਰਥਕ ਧਾਤੂ ਬਣਦੇ ਹਨ; ਜਿਵੇਂ–

| ਮੂਲ | ਸਮਾਨ ਪ੍ਰੇ: | ਵਿਸ਼ੇਸ਼ ਪ੍ਰੇ: | ਮੂਲ | ਸਮਾਨ ਪ੍ਰੇ: | ਵਿਸ਼ੇਸ਼ ਪ੍ਰੇ: |
|---|---|---|---|---|---|
| ਕਰ | ਕਰਾ | ਕਰਵਾ | ਪੜ੍ਹ | ਪੜ੍ਹਾ | ਪੜ੍ਹਵਾ |
| ਡਰ | ਡਰਾ | ਡਰਵਾ | ਰਿੰਨ੍ਹ | ਰਿੰਨ੍ਹਾ | ਰਿੰਨ੍ਹਵਾ |
| ਲਿਖ | ਲਿਖਾ | ਲਿਖਵਾ | ਰੰਗ | ਰੰਗਾ | ਰੰਗਵਾ |
| ਸੁਣ | ਸੁਣਾ | ਸੁਣਵਾ | ਸੁੰਘ | ਸੁੰਘਾ | ਸੁੰਘਵਾ |
| ਉੱਠ | ਉਠਾ | ਉਠਵਾ | ਬੰਨ੍ਹ | ਬਨ੍ਹਾ | ਬਨ੍ਹਵਾ |
| ਲੁੱਟ | ਲੁਟਾ | ਲੁਟਵਾ | ਗੁੰਨ੍ਹ | ਗੁਨ੍ਹਾ | ਗੁਨ੍ਹਵਾ |
| ਖਿੱਚ | ਖਿਚਾ | ਖਿਚਵਾ | ਘੁੰਮ | ਘੁਮਾ | ਘੁਮਵਾ |
| ਕੱਟ | ਕਟਾ | ਕਟਵਾ | ਗੁੰਮ | ਗੁਆ | ਗੁਮਵਾ |
| ਜਾਗ | ਜਗਾ | ਜਗਵਾ | ਪੂਜ | ਪੁਜਾ | ਪੁਜਵਾ |
| ਚੀਰ | ਚਿਰਾ | ਚਿਰਵਾ | ਢੂੰਢ | ਢੁੰਢਾ | ਢੁੰਢਵਾ |
| ਖੇਡ | ਖਿਡਾ | ਖਿਡਵਾ | ਬੋਲ | ਬੁਲਾ | ਬੁਲਵਾ |
| ਬੈਠ | ਬਿਠਾ | ਬਿਠਵਾ | ਦੌੜ | ਦੁੜਾ | ਦੁੜਵਾ |

ਨੇਮ (2) ਕਈਆਂ ਮੂਲ ਧਾਤੂਆਂ ਦੇ ਪਹਿਲੇ ਅੱਖਰ ਦੀ ਦੀਰਘ ਲਗ ਨੂੰ ਹਰਸ੍ਵ ਕਰ ਕੇ ਅੱਗੇ 'ਆ', 'ਆਲ' ਜਾਂ 'ਲਾ' ਲਾਇਆਂ 'ਸਮਾਨ ਪ੍ਰੇਰਣਾਰਥਕ' ਤੇ 'ਲਵਾ' ਲਾਇਆਂ 'ਵਿਸ਼ੇਸ਼ ਪ੍ਰੇਰਣਾਰਥਕ' ਧਾਤੂ ਬਣਦੇ ਹਨ; ਜਿਵੇਂ-

| ਮੂਲ | ਸਮਾਨ ਪ੍ਰੇਰਣਾਰਥਕ | ਵਿਸ਼ੇਸ਼ ਪ੍ਰੇਰਣਾਰਥਕ |
|---|---|---|
| ਖਾ | ਖੁਆ, ਖੁਆਲ, ਖੁਲਾ | ਖੁਲਵਾ |
| ਪੀ | ਪਿਆ, ਪਿਆਲ, ਪਿਲਾ | ਪਿਲਵਾ |
| ਨ੍ਹਾ | ਨੁਹਾ, ਨੁਹਾਲ, ਨੁਲ੍ਹਾ | ਨੁਲ੍ਹਵਾ |
| ਧੋ | ਧੁਆ,.........ਧੁਲਾ | ਧੁਲਵਾ |
| ਸੌਂ | ਸੁਆ, ਸੁਆਲ, ਸੁਲਾ | ਸੁਲਵਾ |
| ਸੀਉਂ | ਸਿਵਾ,.........ਸਿਲਾ | ਸਿਲਵਾ |
| ਢੋ | ਢੁਆ, ਢੁਆਲ, ਢੁਲਾ | ਢੁਲਵਾ |
| ਦੇ | ਦਿਵਾ, ਦਿਲਾ | ਦਿਲਵਾ |
| ਦੇਖ | ਦਿਖਾ, ਦਿਖਾਲ, ਦਿਖਲਾ | ਦਿਖਵਾ |
| ਬੈਠ | ਬਿਠਾ, ਬਿਠਾਲ, ਬਿਠਲਾ | ਬਿਠਵਾ |
| ਸਿੱਖ | ਸਿਖਾ, ਸਿਖਾਲ, ਸਿਖਲਾ | ਸਿਖਵਾ |

ਨੇਮ (3) ਕਈਆਂ ਮੂਲ ਧਾਤੂਆਂ ਦੇ 'ਅੰਤਲੇ ਤੋਂ ਪਹਿਲੇ ਅੱਖਰ' ਦੀ ਹਰਸ੍ਵ ਲਗ ਨੂੰ ਦੀਰਘ ਕਰਨ ਨਾਲ 'ਸਮਾਨ ਪ੍ਰੇਰਣਾਰਥਕ' ਧਾਤੂ ਬਣ ਜਾਂਦੇ ਹਨ; ਪਰ ਓਹਨਾਂ ਦੇ ਵਿਸ਼ੇਸ਼ ਪ੍ਰੇਰਣਾਰਥਕ ਪਹਿਲੇ ਨੇਮ ਅਨੁਸਾਰ 'ਵਾ' ਲਾਇਆਂ ਹੀ ਬਣਦੇ ਹਨ; ਜਿਵੇਂ:-

| ਮੂਲ | ਸ: ਪ੍ਰੇ: | ਮੂਲ | ਸ: ਪ੍ਰੇ: | ਮੂਲ | ਸ: ਪ੍ਰੇ: |
|---|---|---|---|---|---|
| ਬਲ | ਬਾਲ | ਸੜ | ਸਾੜ | ਮਰ | ਮਾਰ |
| ਟਲ | ਟਾਲ | ਕੜ੍ਹ | ਕਾੜ੍ਹ | ਪਲ | ਪਾਲ |
| ਡਿੱਗ | ਡਗ | ਮਿੱਟ | ਮੇਟ | ਵਿਕ | ਵੇਚ |
| ਵਿੱਸ | ਵੇਹ | ਦਿੱਸ | ਦੇਖ | ਪੱਸ | ਪੀਹ |
| ਤੁਰ | ਤੋਰ | ਮੁੜ | ਮੋੜ | ਘੁੱਲ | ਘੋਲ |
| ਤੁੱਲ | ਤੋਲ | ਡੁੱਬ | ਡੋਬ | ਖੁਲ੍ਹ | ਖੋਲ੍ਹ |
| ਫੁੱਟ | ਫੋੜ | ਜੁੜ | ਜੋੜ | ਖੁੱਸ | ਖੋਹ |
| ਭੱਜ | ਭੰਨ | ਭਿੱਜ | ਭਿਉਂ | ਰਹੁ | ਰੱਖ |
| ਉੱਖੜ | ਉਖੇੜ | ਉੱਧੜ | ਉਧੇੜ | ਉੱਛਲ | ਉਛਾਲ |
| ਵਿਗੜ | ਵਿਗਾੜ | ਉੱਸਰ | ਉਸਾਰ | ਖਿੱਲਰ | ਖਿਲਾਰ |

Sri Satguru Jagjit Singh Ji Elibrary NamdhariElibrary@gmail.com

172. ਕਈਆਂ ਮੂਲ ਧਾਤੂਆਂ ਦੇ ਦੋ ਦੋ ਵਿਸ਼ੇਸ਼ ਪ੍ਰੇਰਣਾਰਥਕ ਵੀ ਹੁੰਦੇ ਹਨ, ਜੋ ਪਹਿਲੇ ਨੇਮ ਅਨੁਸਾਰ ਮੂਲ ਧਾਤੂ ਦੇ ਅੰਤ ਵਿੱਚ 'ਾ' ਤੇ 'ਵਾ' ਲਾਇਆਂ ਬਣਦੇ ਹਨ; ਜਿਵੇਂ—

| ਮੂਲ | ਸ: ਪ੍ਰੇ | ਵਿਸ਼ੇਸ਼ ਪ੍ਰੇ: |
|---|---|---|
| ਤੁੱਲ | ਤੋਲ | ਤੁਲਾ, ਤੁਲਵਾ |
| ਘੁੱਲ | ਘੋਲ | ਘੁਲਾ, ਘੁਲਵਾ |

(ਸ) ਕਰਮਵਾਚ ਧਾਤੂ

173. ਕਿਰਿਆ ਦਾ 'ਕਰਤਾ' ਵਾਕ ਦਾ ਵਿਸ਼ਾ ਹੈ ਜਾਂ 'ਕਰਮ'? ਇਸ ਭੇਦ ਕਰਕੇ ਕਿਰਿਆ ਦਾ ਜੋ ਰੂਪਾਂਤਰ ਹੁੰਦਾ ਹੈ, ਉਸਨੂੰ ਵਾਚ ਆਖਦੇ ਹਨ।

174. 'ਵਾਚ' ਕਰਕੇ ਕਿਰਿਆ ਅਤੇ ਧਾਤੂ ਦੋ ਪਰਕਾਰ ਦੇ ਹਨ—(ੳ) ਕਰਤ੍ਰੀਵਾਚ; ਅਤੇ (ਅ) ਕਰਮਵਾਚ।

(ੳ) ਜੇ ਵਾਕ ਦਾ ਵਿਸ਼ਾ ਕਰਤਾ (ਅਥਵਾ, ਕੰਮ ਕਰਨ ਵਾਲਾ) ਹੋਵੇ, ਤਾਂ ਕਿਰਿਆ ਤੇ ਉਸ ਦੇ ਧਾਤੂ ਨੂੰ **ਕਰਤ੍ਰੀਵਾਚ** ਆਖਦੇ ਹਨ; ਜਿਵੇਂ—'ਮੁੰਡਾ ਦੁੱਧ ਪੀਂਦਾ ਹੈ।' ਵਿੱਚ ਕਿਰਿਆ 'ਪੀਂਦਾ ਹੈ' ਤੇ ਇਸ ਦਾ ਧਾਤੂ 'ਪੀ' ਕਰਤ੍ਰੀਵਾਚ ਹਨ।

(ਅ) ਜੇ ਵਾਕ ਦਾ ਵਿਸ਼ਾ ਕਿਰਿਆ ਦਾ ਕਰਮ (ਅਥਵਾ, ਸਹਿਣ ਵਾਲਾ) ਹੋਵੇ, ਤਾਂ ਕਿਰਿਆ ਤੇ ਉਸ ਦਾ ਧਾਤੂ **ਕਰਮਵਾਚ** ਅਖਵਾਉਂਦੇ ਹਨ; ਜਿਹਾ ਕਿ—'ਦੁੱਧ ਪੀਤਾ ਜਾਂਦਾ ਹੈ।' ਵਿੱਚ ਕਿਰਿਆ 'ਪੀਤਾ ਜਾਂਦਾ ਹੈ' ਤੇ ਇਸ ਦਾ ਧਾਤੂ 'ਪੀਤਾ ਜਾ' ਕਰਮਵਾਚ ਹਨ।

ਨੋਟ—ਕਰਤ੍ਰੀਵਾਚ ਧਾਤੂ ਤਾਂ ਅਕਰਮਕ ਅਤੇ ਸਕਰਮਕ ਦੁਹਾਂ ਤਰ੍ਹਾਂ ਦੇ ਹੁੰਦੇ ਹਨ; ਪਰ ਕਰਮਵਾਚ ਕੇਵਲ ਸਕਰਮਕ ਧਾਤੂਆਂ ਤੋਂ ਹੀ ਹੋਇਆ ਕਰਦੇ ਹਨ।

175. ਕਰਮਵਾਚ ਧਾਤੂ ਬਣਾਉਣ ਦੇ ਨੇਮ ਏਹ ਹਨ:—

ਨੇਮ (1) ਸਕਰਮਕ ਕਿਰਿਆ ਦੇ *'ਭੂਤ ਕਾਰਦੰਤਕ' ਨਾਲ 'ਜਾ'

---

*ਇਹ ਰੂਪ ਧਾਤੂ ਦੇ ਅੰਤ ਵਿੱਚ 'ਿਆ', 'ਇਆ', 'ਤਾ', 'ਧਾ' ਜਾਂ 'ਠਾ' ਲਾਇਆਂ ਬਣਦਾ ਹੈ; ਜਿਵੇਂ—'ਦੌੜ, ਆ, ਦੇ, ਪੀ, ਖਾ, ਤੇ ਪੀਹ' ਤੋਂ 'ਦੌੜਿਆ, ਆਇਆ, ਦਿੱਤਾ, ਪੀਤਾ, ਖਾਧਾ ਤੇ ਪੀਠਾ।'

Sri Satguru Jagjit Singh Ji Elibrary NamdhariElibrary@gmail.com

ਧਾਤੂ ਲਾਇਆਂ ਕਰਮਵਾਚ ਧਾਤੂ ਬਣਦੇ ਹਨ; ਜਿਵੇਂ–'ਮਾਰ' ਤੋਂ 'ਮਾਰਿਆ ਜਾ'; 'ਪੜ੍ਹ' ਤੋਂ 'ਪੜ੍ਹਿਆ ਜਾ'।

ਨੇਮ (2) ਕਈ ਧਾਤੂ ਮੂਲੋਂ ਹੀ ਕਰਮਵਾਚ ਹੁੰਦੇ ਹਨ; ਜਿਵੇਂ–

| ਕਰਤ੍ਰੀਵਾਚ | ਕਰਮਵਾਚ | ਕਰਤ੍ਰੀਵਾਚ | ਕਰਮਵਾਚ |
|---|---|---|---|
| ਤੋਲ (ਣਾ) | ਤੁੱਲ (ਣਾ) | ਘੋਲ (ਣਾ) | ਘੁੱਲ (ਣਾ) |
| ਛੋੜ (ਨਾ) | ਛੁੱਟ (ਣਾ) | ਤੋੜ (ਨਾ) | ਟੁੱਟ (ਣਾ) |
| ਵੇਚ (ਣਾ) | ਵਿਕ (ਣਾ) | ਦੇਖ (ਣਾ) | ਦਿੱਸ (ਣਾ) |
| ਫੇਹ (ਣਾ) | ਫਿੱਸ (ਣਾ) | ਕੋਹ (ਣਾ) | ਕੁੱਸ (ਣਾ) |
| ਪੀਹ (ਣਾ) | ਪਿੱਸ (ਣਾ) | ਭੇਉਂ(ਣਾ) | ਭਿੱਜ (ਣਾ) |
| ਰਿੰਨ੍ਹ (ਣਾ) | ਰਿੱਝ (ਣਾ) | ਬੰਨ੍ਹ (ਣਾ) | ਬੱਝ (ਣਾ) |
| ਖੋਲ੍ਹ (ਣਾ) | ਖੁਲ੍ਹ (ਣਾ) | ਪਕਾ(ਉਣਾ) | ਪੱਕ (ਣਾ) |

| ਕਰਤ੍ਰੀਵਾਚ ਕਿਰਿਆ | ਕਰਮਵਾਚ ਕਿਰਿਆ |
|---|---|
| ਕਾਲੂ ਘਿਉ 'ਤੋਲਦਾ ਹੈ'। | ਵੇਖੋ ! ਘਿਉ 'ਤੁੱਲਦਾ ਹੈ'। |
| ਤੀਵੀਂ ਰੋਟੀ 'ਪਕਾਉਂਦੀ ਹੈ'। | ਵੇਖੋ ! ਰੋਟੀ 'ਪੱਕਦੀ ਹੈ'। |

ਨੇਮ (3) ਲਹਿੰਦੀ ਪੰਜਾਬੀ ਵਿੱਚ ਸਕਰਮਕ ਧਾਤੂ ਦੇ ਅੰਤ ਵਿੱਚ 'ੀ' ਲਾ ਕੇ ਕਰਮਵਾਚ ਧਾਤੂ ਬਣਾਉਂਦੇ ਹਨ; ਜਿਵੇਂ–

| ਕਰਤ੍ਰੀਵਾਚ | ਕਰਮਵਾਚ | ਕਰਤ੍ਰੀਵਾਚ | ਕਰਮਵਾਚ |
|---|---|---|---|
| ਪਿੰਜ [ਣਾ] | ਪਿੰਜੀ [ਣਾ] | ਕੱਤ [ਣਾ] | ਕਤੀ [ਣਾ[ |
| ਛੱਤ [ਣਾ] | ਛਤੀ [ਣਾ] | ਰੰਗ [ਣਾ] | ਰੰਗੀ [ਣਾ] |
| ਦੱਬ [ਣਾ] | ਦਬੀ [ਣਾ] | ਕੱਸ [ਣਾ] | ਕਸੀ [ਣਾ] |
| ਲੁੱਟ [ਣਾ] | ਲੁੱਟੀ [ਣਾ[ | ਕੁੱਟ [ਣਾ] | ਕੁਟੀ ]ਣਾ] |
| ਘੜ [ਨਾ] | ਘੜੀ [ਣਾ] | ਕੱਟ [ਣਾ] | ਕਟੀ [ਣਾ] |

ਉਸ ਦਾ ਘਰ ਨਿੱਤ 'ਲੁਟੀਂਦਾ' (ਲੁਟਿਆ ਜਾਂਦਾ) ਹੈ।

ਨੇਮ [4] ਕਈ ਧਾਤੂ ਤਾਂ ਕਰਮਵਾਚ ਨਹੀਂ ਹੁੰਦੇ, ਪਰ ਓਹਨਾਂ ਦੇ ਅੰਤ ਵਿੱਚ 'ੀ ਦਾ' ਜਾਂ 'ਈ ਦਾ' ਲਾ ਕੇ ਕਰਮਵਾਚ ਕਿਰਿਆਂ ਬਣਾਈਆਂ ਜਾਂਦੀਆਂ ਹਨ; ਜਿਹਾ ਕਿ–ਪਹਿਲਾਂ ਚਿੱਠੀ 'ਲਿਖੀਦੀ ਹੈ' (= ਲਿਖੀ ਜਾਂਦੀ ਹੈ) ਤੇ ਫਿਰ 'ਪੜ੍ਹੀਦੀ ਹੈ' (= ਪੜ੍ਹੀ ਜਾਂਦੀ ਹੈ)।

Sri Satguru Jagjit Singh Ji Elibrary NamdhariElibrary@gmail.com

ਨੋਟ–ਵਿਆਕਰਣ-ਸੁਧਾਰਕ ਕਮੇਟੀ ਨੇ 'ਭਾਵਵਾਚ' ਨਹੀਂ ਮੰਨਿਆ ਤੇ ਏਹਨਾਂ ਉਦਾਹਰਣਾਂ 'ਮੈਥੋਂ ਬੈਠਾ ਨਹੀਂ ਜਾਂਦਾ। 'ਮੈਥੋਂ ਬੈਠ ਨਹੀਂ ਹੁੰਦਾ।' ਵਿੱਚ 'ਜਾਂਦਾ' ਤੇ 'ਹੁੰਦਾ' ਨੂੰ ਕਿਰਿਆ ਤੇ 'ਬੈਠਾ' ਤੇ 'ਬੈਠ' ਨੂੰ ਕਰਤਾ ਮੰਨਿਆ ਹੈ।

ਅਭਿਆਸ

1. ਹੇਠਾਂ ਲਿਖਿਆਂ ਦੇ ਲੱਛਣ ਤੇ ਦੋ-ਦੋ ਉਦਾਹਰਣ ਦੱਸੋ:–
   ਮੂਲ ਧਾਤੂ, ਨਕਲੀ ਧਾਤੂ, ਸਾਧਾਰਣ ਧਾਤੂ, ਸੰਯੁਕਤ ਧਾਤੂ, ਪ੍ਰੇਰਣਾਰ-ਥਕ ਧਾਤੂ, ਕਰਤ੍ਰੀਵਾਚ ਧਾਤੂ, ਕਰਮਵਾਚ ਧਾਤੂ, ਸਾਧਾਰਣ ਕਿਰਿਆ, ਸੰਯੁਕਤ ਕਿਰਿਆ, ਮੁੱਖ ਕਿਰਿਆ, ਸਹਾਇਕ ਕਿਰਿਆ।
2. ਨਕਲੀ ਧਾਤੂ, ਸੰਯੁਕਤ ਧਾਤੂ, ਸਮਾਨ ਪ੍ਰੇਰਣਾਰਥਕ, ਵਿਸ਼ੇਸ਼ ਪ੍ਰੇਰਣਾਰ-ਥਕ ਤੇ ਕਰਮਵਾਚ ਧਾਤੂ ਬਣਾਉਣ ਦੇ ਨੇਮ ਤੇ ਉਦਾਹਰਣ ਦੱਸੋ।
3. ਹੇਠਾਂ ਲਿਖਿਆਂ ਦੇ ਪ੍ਰੇਰਣਾਰਥਕ ਧਾਤੂ ਦੱਸੋ:–
   ਤੁੱਲ, ਉੱਠ, ਪੜ੍ਹ, ਵਿਕ, ਨ੍ਹਾ, ਪੈ।
4. ਹੇਠਾਂ ਲਿਖਿਆਂ ਦੇ ਕਰਮਵਾਚ ਧਾਤੂ ਦੱਸੋ:–
   ਤੋਲ, ਬੋਲ, ਮਾਰ, ਦੇ, ਲੈ, ਸੁਣ, ਦੇਖ,
   ਭੁੰਨ, ਤੋੜ, ਭੇਉਂ, ਪਕਾ, ਉਠਾ, ਸੁਣਾ।
5. ਸੰਯੁਕਤ ਕਿਰਿਆਂ ਬਣਾਓ, ਜਿਨ੍ਹਾਂ ਵਿੱਚ ਸਹਾਇਕ ਕਿਰਿਆਂ ਦੇ ਧਾਤੂ ਹੇਠਾਂ ਲਿਖੇ ਹਨ:–

   ਕਰ, ਸਕ, ਚੁੱਕ, ਜਾ, ਲੱਗ, ਛੱਡ, ਆ, ਉੱਠ।

# ਕਾਰਦੰਤਕ

176. ਜੋ ਸ਼ਬਦ ਧਾਤੂ ਤੋਂ ਬਣੇ, ਪਰ ਕਿਰਿਆ ਨਾ ਹੋਵੇ (ਅਥਵਾ, ਕਿਰਿਆ ਦੀ ਤਰ੍ਹਾਂ ਕੰਮ ਦਾ ਸਮਾਂ ਨਾ ਦੱਸੇ), ਉਸ ਨੂੰ **ਕਾਰਦੰਤਕ** ਆਖਦੇ ਹਨ।

ਹੇਠਾਂ ਦੱਸੇ ਛੇ ਪਰਕਾਰ ਦੇ ਕਾਰਦੰਤਕ ਹਰ ਇੱਕ ਧਾਤੂ ਤੋਂ ਬਣ ਸਕਦੇ ਹਨ:–

(1) ਭਾਵਾਰਥ; (2) ਕਿਰਿਆ-ਫਲ; (3) ਭੂਤ ਕਾਰਦੰਤਕ; (4) ਵਰਤਮਾਨ ਕਾਰਦੰਤਕ; (5) ਪੂਰਬ ਪੂਰਣ ਕਾਰਦੰਤਕ; (6) ਕਰਤ੍ਰੀਵਾਚਕ ਸੰਗਿਆ।

Sri Satguru Jagjit Singh Ji Elibrary NamdhariElibrary@gmail.com

(ੳ) ਭਾਵਾਰਥ

**177.** ਧਾਤੂ ਦੇ ਅੰਤ ਵਿੱਚ 'ਣਾ' ਜਾਂ 'ਨਾ' ਲਾਇਆਂ ਜੋ 'ਨਾਉਂ' ਬਣਦਾ ਹੈ, ਉਸ ਨੂੰ **ਭਾਵਾਰਥ** ਆਖਦੇ ਹਨ; ਜਿਵੇਂ—'ਲਿਖ' ਤੋਂ ਲਿਖਣਾ, 'ਪੜ੍ਹ' ਤੋਂ ਪੜ੍ਹਨਾ।

ਨੋਟ-ਅੰਤਲੇ 'ਣਾ' ਤੇ 'ਨਾ ਲਈ ਵੇਖੋ ਅੰਕ 35।

**178.** 'ਭਾਵਾਰਥ' ਨਿਰਾ ਕੰਮ ਦਾ ਨਾਉਂ ਹੁੰਦਾ ਹੈ, ਇਸ ਤੋਂ ਕੰਮ ਦਾ ਸਮਾਂ ਪਰਗਟ ਨਹੀਂ ਹੁੰਦਾ; ਇਸ ਲਈ ਨਾਉਂ ਦੀ ਤਰ੍ਹਾਂ 'ਕਰਤਾ' ਤੇ 'ਕਰਮ' ਆਦਿ ਹੋ ਸਕਦਾ ਹੈ; ਜਿਵੇਂ—

'ਪੜ੍ਹਨਾ-ਲਿਖਣਾ' ਚੰਗਾ ਕੰਮ ਹੈ। (ਕਰਤਾ, ਸਾਧਾਰਣ ਰੂਪ)
ਉਹ ਹੁਣ 'ਪੜ੍ਹਨਾ' ਨਹੀਂ ਚਾਹੁੰਦਾ। (ਕਰਮ, ਸਾਧਾਰਣ ਰੂਪ)
ਉਸ ਦੇ 'ਪੜ੍ਹਨ' ਤੋਂ ਕੋਈ ਲਾਭ ਨਹੀਂ। (ਅਪਾਦਾਨ, ਸੰਬੰਧਕੀ ਰੂਪ)

[2] ਕਿਰਿਆ ਦੀ ਤਰ੍ਹਾਂ ਭਾਵਾਰਥ ਦਾ ਵੀ 'ਕਰਮ' ਹੁੰਦਾ ਹੈ; ਜਿਵੇਂ— 'ਬਟੇਰੇ' ਫੜਨਾ ਔਖਾ ਕੰਮ ਹੈ। 'ਖ਼ਤ' ਲਿਖਣਾ ਸੌਖਾ ਕੰਮ ਹੈ।

[3] ਭਾਵਾਰਥ ਦੇ ਕਰਮ ਨਾਲ 'ਨੂੰ' ਹੋਵੇ, ਤਾਂ ਭਾਵਾਰਥ ਦਾ ਰੂਪ ਨਹੀਂ ਬਦਲਦਾ; ਜਿਵੇਂ-ਬਟੇਰੇ ਨੂੰ, ਬਟੇਰਿਆਂ ਨੂੰ, ਮੱਛੀ ਨੂੰ ਜਾਂ ਮੱਛੀਆਂ ਨੂੰ 'ਫੜਨਾ'। ਪਰ ਜੇ ਕਰਮ 'ਸਾਧਾਰਣ ਰੂਪ' ਹੋਵੇ, ਤਾਂ ਕਰਮ ਦੇ ਲਿੰਗ ਤੇ ਵਚਨ ਅਨੁਸਾਰ ਭਾਵਾਰਥ ਦਾ ਰੂਪ ਵੀ ਬਦਲ ਜਾਂਦਾ ਹੈ; ਜਿਵੇਂ— ਬਟੇਰਾ ਫੜਨਾ, ਬਟੇਰੇ ਫੜਨੇ, ਮੱਛੀਆਂ ਫੜਨੀਆਂ।

[4] ਭਾਵਾਰਥ ਦੇ ਅੰਤ ਵਿੱਚ ਕੋਈ 'ਸੰਬੰਧਕ' ਜਾਂ 'ਸੰਬੰਧਸੂਚਕ ਪਿਛੇਤਰ' ਲੱਗਾ ਹੋਵੇ, ਤਾਂ ਉਸ ਦਾ ਰੂਪ ਲਿੰਗ-ਵਚਨ ਕਰਕੇ ਨਹੀਂ ਬਦਲਦਾ; ਜਿਵੇਂ—ਬਟੇਰਾ, ਬਟੇਰੇ, ਮੱਛੀ ਜਾਂ ਮੱਛੀਆਂ 'ਫੜਨ' ਤੋਂ ਕੀ ਲਾਭ ਹੈ ?

[ਅ] ਕਿਰਿਆ-ਫਲ

**179.** ਧਾਤੂ ਦੇ 'ਅੰਤ ਵਿੱਚ 'ਿ ਆ' ਜਾਂ 'ਇਆ' ਲਾਇਆਂ ਜੋ 'ਨਾਉਂ' ਬਣਦਾ ਹੈ, ਉਸ ਨੂੰ **ਕਿਰਿਆ-ਫਲ** ਆਖਦੇ ਹਨ; ਜਿਵੇਂ—ਤੇਰਾ 'ਪੜ੍ਹਿਆ' ਸਭ ਵਿਅਰਥ ਗਿਆ।

**180.** ਕਿਰਿਆ-ਫਲ ਦੇ 'ਸੰਬੰਧਕੀ' ਤੇ 'ਸੰਮਿਲਿਤ ਸੰਬੰਧਕੀ' ਰੂਪ ਵੀ ਹੁੰਦੇ ਹਨ; ਜਿਵੇਂ—ਤੇਰੇ 'ਪੜ੍ਹੇ' (=ਪੜ੍ਹਨ) ਤੋਂ ਕੁਝ ਲਾਭ ਨਹੀਂ ਹੋਇਆ।

Sri Satguru Jagjit Singh Ji Elibrary NamdhariElibrary@gmail.com

ਤੇਰੇ 'ਪੜ੍ਹਿਆਂ' (=ਪੜ੍ਹਨ ਕਰਕੇ) ਉਲਟਾ ਨੁਕਸਾਨ ਹੋਇਆ ਹੈ।

ਨੋਟ–ਕਿਰਿਆ-ਫਲ ਦੇ ਰੂਪ 'ਲਿੰਗ' ਅਤੇ 'ਵਚਨ' ਕਰਕੇ ਅਸਾਧ ਹੀ ਹੁੰਦੇ ਹਨ।

[ਦ] ਭੂਤ ਕਾਰਦੰਤਕ।

181. ਧਾਤੂ ਦੇ ਅੰਤ ਵਿੱਚ 'ਿਆ' ਜਾਂ 'ਇਆ' ਲਾਇਆਂ ਜੋ ਵਿਸ਼ੇਸ਼ਣ ਬਣਦਾ ਹੈ, ਉਸ ਨੂੰ **ਭੂਤ ਕਾਰਦੰਤਕ** ਆਖਦੇ ਹਨ; ਜਿਵੇਂ–'ਪੜ੍ਹਿਆ' ਮਨੁੱਖ।

182. 'ਭੂਤ ਕਾਰਦੰਤਕ' ਸੰਬੰਧੀ ਚੇਤੇ ਰੱਖੋ ਕਿ:–

(1) ਕਦੇ-ਕਦੇ ਇਸ ਦੇ ਮਗਰ 'ਹੋਇਆ' ਵੀ ਲਾ ਦਿੰਦੇ ਹਨ; ਜਿਵੇਂ–'ਪੜ੍ਹਿਆ ਹੋਇਆ' ਮਨੁੱਖ।

(2) ਕਈ ਭੂਤ ਕਾਰਦੰਤਕ ਕੁਰੀਤੇ ਵੀ ਬਣਦੇ ਹਨ; ਜਿਵੇਂ–

| ਧਾਤੂ | ਭੂਤ ਕਾਰਦੰਤਕ | | ਧਾਤੂ | ਭੂਤ ਕਾਰਦੰਤਕ | |
|---|---|---|---|---|---|
| ਜਾਣ, | ਜਾਤਾ | (ਜਾਣਿਆ) | ਪਛਾਣ | ਪਛਾਤਾ | (ਪਛਾਣਿਆ) |
| ਖਲੋ | ਖਲੋਤਾ | (ਖਲੋਇਆ) | ਪ੍ਰੋ | ਪ੍ਰੋਤਾ | (ਪ੍ਰੋਇਆ) |
| ਨ੍ਹਾ | ਨ੍ਹਾਤਾ | (ਨ੍ਹਾਇਆ) | ਧੋ | ਧੋਤਾ | (ਧੋਇਆ) |
| ਕਰ | ਕੀਤਾ | (ਕਰਿਆ) | ਸੀਂ | ਸੀਤਾ | (ਸੀਂਵਿਆਂ) |
| ਪਹੁੰਚ | ਪਹੁਤਾ | (ਪਹੁੰਚਿਆ) | ਲੈ | ਲੀਤਾ | (ਲਿਆ,ਲਇਆ) |
| ਬੰਨ੍ਹ | ਬੱਧਾ | (ਬੰਨ੍ਹਿਆ) | ਰਿੰਨ੍ਹ | ਰਿੱਧਾ | (ਰਿੰਨ੍ਹਿਆ) |
| ਰੋ | ਰੁੰਨਾ | (ਰੋਇਆ) | ਫੱਸ | ਫਾਥਾ | (ਫੱਸਿਆ) |
| ਦੇਖ | ਡਿੱਠਾ | (ਦੇਖਿਆ) | ਲਿਆ | ਲਿਆਂਦਾ | (ਲਿਆਇਆ) |
| ਜਾ | ਗਿਆ | (ਜਾਇਆ) | ਜਣ | ਜਾਇਆ | (ਜਣਿਆ) |
| ਕਹੁ | ਕਿਹਾ | (ਕਹਿਆ) | ਰਹੁ | ਰਿਹਾ | (ਰਹਿਆ) |
| ਰੁਸ | ਰੁੱਠਾ | (ਰੁੱਸਿਆ) | ਲੱਭ | ਲੱਭਾ | (ਲੱਭਿਆ) |
| ਦੇ | ਦਿੱਤਾ; | ਪੀਹ–ਪੀਠਾ | ਵਹੁ | ਵੱਠਾ; | ਪੀ–ਪੀਤਾ |
| ਸੌਂ | ਸੁੱਤਾ; | ਬਹੁ–ਬੈਠਾ | ਖਾ | ਖਾਧਾ; | ਮਰ–ਮੋਇਆ |

[3] 'ਭੂਤ ਕਾਰਦੰਤਕ' ਦੀ ਰੂਪਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

[ਸ] ਵਰਤਮਾਨ ਕਾਰਦੰਤਕ

183. ਧਾਤੂ ਦੇ ਅੰਤ ਵਿੱਚ 'ਦਾ' ਲਾਇਆਂ ਜੋ ਵਿਸ਼ੇਸ਼ਣ ਬਣੇ, ਉਸ ਨੂੰ **ਵਰਤਮਾਨ ਕਾਰਦੰਤਕ** ਆਖਦੇ ਹਨ; ਜਿਵੇਂ—'ਉੱਡਦਾ' ਪੰਛੀ; 'ਤੁਰਦਾ' ਮਨੁੱਖ।

184. ਇਸ ਕਾਰਦੰਤਕ ਸੰਬੰਧੀ ਚੇਤੇ ਰੱਖੋ ਕਿ:—

(1) ਜੇ ਧਾਤੂ ਦੇ ਅੰਤ ਵਿੱਚ ਕੋਈ 'ਲਗ' ਹੋਵੇ, ਤਾਂ 'ਦਾ' ਤੋਂ ਪਹਿਲਾਂ ਬਿੰਦੀ' ( ˙ ) ਜਾਂ 'ਉਂ' ਵੀ ਵਧਾ ਦਿੰਦੇ ਹਨ; ਜਿਵੇਂ—'ਜਾ' ਤੋਂ ਜਾਂਦਾ; 'ਆ' ਤੋਂ ਆਉਂਦਾ।

(2) ਕਦੇ-ਕਦੇ ਇਸ ਕਾਰਦੰਤਕ ਦੇ ਮਗਰ 'ਹੋਇਆ' ਵੀ ਲਾ ਦਿੰਦੇ ਹਨ; ਜਿਵੇਂ—'ਉੱਡਦਾ ਹੋਇਆ' ਪੰਛੀ।

(3) ਇਸ ਕਾਰਦੰਤਕ ਦੀ ਰੂਪਸਾਧਨਾ ਕੰਨਾ-ਅੰਤ ਵਿਸ਼ੇਸ਼ਣ 'ਕਾਲਾ' ਵਾਕਰ ਹੁੰਦੀ ਹੈ।

(4) ਇਹ ਕਾਰਦੰਤਕ 'ਕਿਰਿਆ ਨਾਲ' ਆ ਕੇ 'ਕਰਤਾ' ਜਾਂ 'ਕਰਮ' ਦੀ ਹਾਲਤ ਵੀ ਦੱਸਦਾ ਹੈ; ਜਿਵੇਂ—ਮੁੰਡਾ 'ਰੋਂਦਾ' ਜਾਂਦਾ ਸੀ। ਅਸਾਂ ਮੁੰਡੇ ਨੂੰ †'ਰੋਂਦਿਆਂ' ਡਿੱਠਾ।

(ਹ) ਪੂਰਬ ਪੂਰਣ ਕਾਰਦੰਤਕ

185. ਧਾਤੂ ਨਾਲ 'ਕੇ' ਲਾਇਆਂ ਜੋ 'ਕਿਰਿਆ-ਵਿਸ਼ੇਸ਼ਣ' ਬਣਦਾ ਹੈ, ਉਹਨੂੰ **ਪੂਰਬ ਪੂਰਣ ਕਾਰਦੰਤਕ** ਆਖਦੇ ਹਨ; ਕਿਉਂਕਿ ਇਹ ਕਿਸੇ ਹੋਰ ਕੰਮ ਤੋਂ ਪਹਿਲਾਂ ਸੰਪੂਰਣ ਹੋ ਚੁੱਕੇ ਕੰਮ ਨੂੰ ਪਰਗਟ ਕਰਦਾ ਹੈ; ਜਿਵੇਂ—ਉਹ ਰੋਟੀ 'ਖਾ ਕੇ' ਆਵੇਗਾ। ਅਸੀਂ 'ਨ੍ਹਾ ਕੇ' ਜਾਵਾਂਗੇ।

186. ਇਸ ਕਾਰਦੰਤਕ ਸੰਬੰਧੀ ਚੇਤੇ ਰੱਖੋ ਕਿ:—

(1) ਕਦੇ-ਕਦੇ ਧਾਤੂ ਹੀ ਪੂਰਬ ਪੂਰਣ ਕਾਰਦੰਤਕ ਦਾ ਕੰਮ ਦੇ ਜਾਂਦਾ ਹੈ; ਜਿਵੇਂ—ਡਾਕਟਰ ਬਿਮਾਰ ਨੂੰ 'ਦੇਖ' ਚਲਾ ਗਿਆ। (ਇੱਥੇ 'ਦੇਖ' = ਦੇਖ ਕੇ)।

(2) ਕਿਰਿਆ ਦੀ ਤਰ੍ਹਾਂ ਇਸ ਕਾਰਦੰਤਕ ਦੇ ਵੀ 'ਕਰਤਾ' ਤੇ 'ਕਰਮ' ਆਦਿ ਕਾਰਕ ਹੁੰਦੇ ਹਨ; ਜਿਵੇਂ—ਡਾਕਟਰ 'ਬਿਮਾਰ' ਨੂੰ ਦਵਾਈ ਦੇ ਕੇ ਚਲਾ

---

†ਜਦੋਂ ਵਰਤਮਾਨ ਕਾਰਦੰਤਕ ਤੋਂ ਪਹਿਲਾਂ ਕੋਈ ਸੰਬੰਧਕ ਆਵੇ, ਤਾਂ ਕਾਰਦੰਤਕ ਦੇ ਅੰਤਲੇ 'ਕੰਨੇ' [ ਾ ] ਦੀ ਥਾਂ 'ਿਆਂ' ਹੋ ਜਾਂਦਾ ਹੈ; ਜਿਵੇਂ—ਰੋਂਦਾ ਤੋਂ ਰੋਂਦਿਆਂ; ਦੌੜਦਾ ਤੋਂ ਦੌੜਦਿਆਂ।

ਗਿਆ। ਇੱਥੇ 'ਡਾਕਟਰ', ਕਿਰਿਆ 'ਚਲਾ ਗਿਆ' ਦਾ ਅਤੇ ਕਾਰਦੰਤਕ 'ਦੇ ਕੇ' ਦਾ ਸਾਂਝਾ ਕਰਤਾ ਹੈ; ਪਰ 'ਬਿਮਾਰ ਨੂੰ' ਤੇ 'ਦਵਾਈ' ਕਾਰਦੰਤਕ ਦੇ ਹੀ 'ਕਰਮ' ਹਨ, ਕਿਰਿਆ ਦੇ ਨਹੀਂ।

(3) ਇਹ ਕਾਰਦੰਤਕ ਅਸਾਧ ਹੁੰਦਾ ਹੈ।

187. 'ਕਰਕੇ' ਸੰਬੰਧਕ ਦਾ ਕੰਮ ਦਿੰਦਾ ਹੈ; ਜਿਵੇਂ—ਅੱਜ ਮੀਂਹ 'ਕਰਕੇ' (ਮੀਂਹ ਦੇ ਕਾਰਣ) ਮੈਂ ਸਕੂਲੇ ਨਹੀਂ ਜਾ ਸਕਿਆ। ਪਰ 'ਕਰ ਕੇ' ਪੂਰਬ ਪੂਰਣ ਕਾਰਦੰਤਕ ਹੈ; ਜਿਵੇਂ—ਤੂੰ ਕੰਮ ਕਰ ਕੇ ਸੌਂ ਜਾ।

(ਕ) ਕਰਤ੍ਰੀਵਾਚਕ ਸੰਗਿਆ

188. 'ਭਾਵਾਰਥ' ਦੇ ਅੰਤਲੇ 'ਕੰਨੇ' ਨੂੰ ਦੂਰ ਕਰ ਕੇ 'ਵਾਲਾ' ਜਾਂ 'ਹਾਰ' ਲਾਇਆਂ, ਅਥਵਾ, 'ਧਾਤੂ' ਦੇ ਅੰਤ ਵਿੱਚ ਦੁਲੈਂਕੜੇ ( ੂ ) ਜਾਂ 'ਊ' ਜੋੜਿਆਂ ਜੋ ਕਾਰਦੰਤਕ ਬਣਦਾ ਹੈ, ਉਹਨੂੰ **ਕਰਤ੍ਰੀਵਾਚਕ ਸੰਗਿਆ** ਆਖਦੇ ਹਨ; ਜਿਵੇਂ—ਮਰਨ ਵਾਲਾ, ਮਰਨਹਾਰ, ਡਰੂ, ਖਾਊ।

189. ਕਰਤ੍ਰੀਵਾਚਕ ਸੰਗਿਆ ਕਦੇ 'ਵਿਸ਼ੇਸ਼ਣ' ਵਾਕਰ; ਜਿਵੇਂ—ਡਰੂ ਮਨੁੱਖ; ਤੇ ਕਦੇ 'ਨਾਉਂ' ਵਾਕਰ ਵਰਤੀ ਜਾਂਦੀ ਹੈ; ਜਿਵੇਂ—'ਡਰੂਆਂ' ਤੋਂ ਕੋਈ ਦਲੇਰੀ ਦਾ ਕੰਮ ਨਹੀਂ ਹੋ ਸਕਦਾ। ਇੱਸੇ ਲਈ ਇਸ ਦੀ ਰੂਪਸਾਧਨਾ ਵੀ ਓਹਨਾਂ ਹੀ ਨੇਮਾਂ ਅਨੁਸਾਰ ਹੁੰਦੀ ਹੈ, ਜੋ ਵਿਸ਼ੇਸ਼ਣਾਂ ਤੇ ਨਾਵਾਂ ਦੇ ਸੰਬੰਧ ਵਿੱਚ ਦੱਸੇ ਗਏ ਹਨ।

ਅਭਿਆਸ

1. ਕਾਰਦੰਤਕ ਕਿੱਨੇ ਤੇ ਕਿਹੜੇ ਕਿਹੜੇ ਹਨ ? ਹਰ ਇੱਕ ਦੇ ਤਿੰਨ-ਤਿੰਨ ਉਦਾਹਰਣ ਹੇਠਾਂ ਲਿਖਿਆਂ ਧਾਤੂਆਂ ਤੋਂ ਬਣਾ ਕੇ ਦੱਸੋ:—
   ਪੜ੍ਹ, ਦੌੜ, ਜਾ, ਕਰ, ਨ੍ਹਾ, ਧੋ, ਜਾਣ, ਪਛਾਣ, ਰਿਨ੍ਹ, ਰੋ।
2. ਵਾਕਾਂ ਵਿਚ ਵਰਤੋ:—
   ਅ ਇਆਂ, ਰੋਂਦਿਆਂ; ਕਿਹਾ (ਨਾਉਂ), ਕਹੀ (ਵਿਸ਼ੇ:), ਕਹੀ (ਕਿਰਿਆ); ਕਰ ਕੇ (ਪੂ: ਪੂ: ਕਾਰ:), ਕਰਕੇ (ਸੰਬੰਧਕ); ਖਾਧਾ (ਨਾਉਂ), ਖਾਧਾ (ਵਿਸ਼ੇਸ਼ਣ), ਖਾਧਾ (ਕਿਰਿਆ); ਰੋਂਦਾ (ਵਿਸ਼ੇਸਣ), ਰੋਂਦਾ (ਕਿ: ਵਿਸ਼ੇਸ਼ਣ) ਰੋਂਦਾ (ਕਿਰਿਆ)।
3. 'ਧਾਤੂ', 'ਕਿਰਿਆ' ਅਤੇ 'ਕਾਰਦੰਤਕ' ਦੇ ਲੱਛਣ ਦੱਸੋ।

Sri Satguru Jagjit Singh Ji Elibrary NamdhariElibrary@gmail.com

# ਕਿਰਿਆ ਦਾ ਰੂਪਾਂਤਰ

190. ਕਿਰਿਆ ਦਾ ਰੂਪਾਂਤਰ ਦੋ ਤਰ੍ਹਾਂ ਹੁੰਦਾ ਹੈ-(ੳ) ਕਾਲ ਕਰਕੇ; ਤੇ (ਅ) ਲਿੰਗ, ਵਚਨ ਤੇ ਪੁਰਖ ਕਰਕੇ। ਪਹਿਲੇ ਤੋਂ ਇਹ ਮਲੂਮ ਹੁੰਦਾ ਹੈ ਕਿ ਇੱਕ-ਇੱਕ ਧਾਤੂ ਤੋਂ ਕਿੰਨੀਆਂ ਕਿੰਨੀਆਂ ਕਿਰਿਆਂ ਬਣਦੀਆਂ ਹਨ; ਅਤੇ ਦੂਜੇ ਤੋਂ ਇਹ ਕਿ ਇੱਕ-ਇੱਕ ਕਿਰਿਆ ਦੇ ਕਿੰਨੇ-ਕਿੰਨੇ ਰੂਪ ਹੁੰਦੇ ਹਨ।

## (ੳ) ਕਾਲ

191. ਕਿਰਿਆ ਦਾ ਜੋ ਰੂਪਾਂਤਰ 'ਸਮੇਂ' ਤੇ 'ਅਰਥ' ਦੇ ਭੇਦ ਕਰਕੇ ਹੁੰਦਾ ਹੈ, ਉਸ ਨੂੰ **ਕਾਲ** ਆਖਦੇ ਹਨ। ਇਸ ਦੇ ਮੁੱਖ ਭੇਦ ਤਿੰਨ ਹਨ:-

(1) **ਭੂਤ ਕਾਲ,** ਜਿਸ ਤੋਂ ਕੰਮ ਦਾ ਹੋਣਾ 'ਬੀਤੇ ਹੋਏ' ਸਮੇਂ ਵਿੱਚ ਪਰਗਟ ਹੁੰਦਾ ਹੈ; ਜਿਵੇਂ-ਘੋੜਾ 'ਦੌੜਿਆ'।

(2) **ਵਰਤਮਾਨ ਕਾਲ,** ਜਿਸ ਤੋਂ ਇਹ ਪਰਗਟ ਹੁੰਦਾ ਹੈ ਜੁ ਕੰਮ 'ਹੁਣ ਦੇ' ਸਮੇਂ ਵਿੱਚ ਹੋ ਰਿਹਾ ਹੈ ਜਾਂ ਸੁਭਾਉ ਅਨੁਸਾਰ ਨਿੱਤ ਹੁੰਦਾ ਹੈ; ਜਿਵੇਂ-ਘੋੜਾ 'ਦੌੜਦਾ ਹੈ'। ਪੰਛੀ 'ਉੱਡਦੇ ਹਨ।'

(3) **ਭਵਿੱਖਤ ਕਾਲ,** ਜਿਸ ਤੋਂ ਕੰਮ ਦਾ ਹੋਣਾ 'ਆਉਣ ਵਾਲੇ' ਸਮੇਂ ਵਿੱਚ ਪਰਗਟ ਹੁੰਦਾ ਹੈ; ਜਿਵੇਂ-ਮੁੰਡਾ 'ਦੌੜੇਗਾ'।

192. ਮੁੱਖ ਕਾਲਾਂ ਦੇ ਅਗਲੇ ਭੇਦ ਨੌਂ ਹਨ, ਅਥਵਾ, ਪੰਜਾਬੀ ਵਿੱਚ ਇੱਕ-ਇੱਕ ਧਾਤੂ ਤੋਂ ‡ਨੌਂ-ਨੌਂ ਪਰਕਾਰ ਦੀਆਂ 'ਸਾਧਾਰਣ ਕਿਰਿਆ' ਬਣਦੀਆਂ ਹਨ, ਜਿਨ੍ਹਾਂ ਵਿੱਚੋਂ ਪੰਜ ਭੂਤ ਕਾਲ ਦੀਆਂ, ਇੱਕ ਵਰਤਮਾਨ ਕਾਲ ਦੀ, ਅਤੇ ਤਿੰਨ ਭਵਿੱਖਤ ਕਾਲ ਦੀਆਂ ਹਨ; ਜਿਹਾ ਕਿ-

---

‡ਵਿਆਕਰਣ-ਸੁਧਾਰਕ ਕਮੇਟੀ ਦੀ ਰੀਪੋਰਟ ਵਿੱਚ ਲਿਖਿਆ ਹੈ- "ਕਮੇਟੀ ਨੇ ਪੂਰੇ ਤਿੰਨ ਦਿਨ ਦੀ ਬਹਿਸ ਅਤੇ ਵਿਚਾਰ ਮਗਰੋਂ ਇਹ ਫ਼ੈਸਲਾ ਕੀਤਾ ਹੈ ਕਿ ਪੰਜਾਬੀ ਕਿਰਿਆਂ ਦੇ ਮੁੱਖ ਕਾਲ ਤਿੰਨ ਹਨ ਅਤੇ ਅਗਲੇ ਭੇਦ ਕੇਵਲ ਨੌਂ ਹਨ, ਵਧੀਕ ਨਹੀਂ।

Sri Satguru Jagjit Singh Ji Elibrary NamdhariElibrary@gmail.com

[1] **ਅਨਿਸਚਿਤ ਭੂਤਕਾਲ** ਤੋਂ ਕੇਵਲ ਇਹ ਪਰਗਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਬੀਤੇ ਹੋਏ ਸਮੇਂ ਵਿੱਚ ਹੋਇਆ ਹੈ, ਪਰ ਇਹ ਮਲੂਮ ਨਹੀਂ ਹੁੰਦਾ ਕਿ ਕੰਮ ਹੋਇਆਂ ਕਿੰਨਾ ਕੁ ਸਮਾਂ ਬੀਤਿਆ ਹੈ, ਥੋੜਾ ਜਾਂ ਬਹੁਤਾ; ਜਿਵੇਂ–ਮੈਂ 'ਦੌੜਿਆ'। ਉਹ 'ਆਇਆ'।

[2] **ਸਮੀਪੀ ਭੂਤ ਕਾਲ** ਤੋਂ ਪਰਗਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਅਜੇਹੇ ਬੀਤੇ ਹੋਏ ਸਮੇਂ ਵਿੱਚ ਹੋਇਆ ਹੈ, ਜਿਸ ਨੂੰ ਬੀਤਿਆਂ ਬਹੁਤੀ ਦੇਰ ਨਹੀਂ ਹੋਈ, ਅਥਵਾ, ਵਰਤੇਮਾਨ ਕਾਲ ਤੋਂ ਨੇੜੇ ਦਾ ਹੈ; ਜਿਹਾ ਕਿ–ਮੈਂ ਅੱਜ ਦੀ ਅਖਬਾਰ ਵਿੱਚ 'ਪੜ੍ਹਿਆ ਹੈ' ਕਿ ਉਹ ਹੁਣੇ 'ਆਇਆ ਹੈ'।

[3] **ਪੂਰਣ ਭੂਤ ਕਾਲ** ਤੋਂ ਪਰਗਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਅਜੇਹੇ ਬੀਤੇ ਹੋਏ ਸਮੇਂ ਵਿੱਚ ਹੋਇਆ ਹੈ, ਜਿਸ ਨੂੰ ਬੀਤਿਆਂ ਚੋਖਾ ਚਿਰ ਹੋ ਚੁੱਕਾ ਹੈ; ਜਿਵੇਂ–ਮੈਂ 'ਦੌੜਿਆ ਸਾਂ'। ਉਹ 'ਆਇਆ ਸੀ'।

[4] **ਅਪੂਰਣ ਭੂਤ ਕਾਲ** ਤੋਂ ਪਰਗਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਬੀਤੇ ਹੋਏ ਸਮੇਂ ਵਿੱਚ ਨਿੱਤ ਜਾਂ ਬਾਰ-ਬਾਰ ਹੋਣ ਕਰਕੇ ਪੂਰਾ ਨਹੀਂ ਸੀ ਹੋਇਆ; ਜਿਹਾ ਕਿ–ਮੈਂ ਨਿੱਤ 'ਦੌੜਦਾ ਸਾਂ।' ਉਹ ਇੱਥੇ ਬਾਰ-ਬਾਰ 'ਆਉਂਦਾ ਸੀ'।

[5] **ਸ਼ਰਤੀ ਭੂਤ ਕਾਲ** ਤੋਂ ਕਿਰਿਆ ਦਾ ਕੰਮ ਬੀਤੇ ਹੋਏ ਕਾਲ ਵਿੱਚ ਸ਼ਰਤ ਦੇ ਤੌਰ ਤੇ ਜਾਣਿਆ ਜਾਂਦਾ ਹੈ; ਜਿਵੇਂ–ਜੇ ਮੈਂ 'ਦੌੜਦਾ'। ਜੇ ਉਹ 'ਆਉਂਦਾ'। ਇਸ ਕਾਲ ਦੁਆਰਾ ਪਿਛਲੇ ਸਮੇਂ ਵਿੱਚ ਇੱਕ ਕੰਮ ਦਾ ਨਾ ਹੋਣਾ ਕਿਸੇ ਹੋਰ ਕੰਮ ਦੇ ਨਾ ਹੋਣ ਕਰਕੇ ਦੱਸਿਆ ਜਾਂਦਾ ਹੈ; ਜਿਹਾ ਕਿ–ਜੇ ਉਹ ਮਿਹਨਤ 'ਕਰਦਾ', ਤਾਂ ਪਾਸ ਹੋ ਜਾਂਦਾ'। ਅਰਥਾਤ, ਉਸ ਨੇ ਬੀਤੇ ਹੋਏ ਸਮੇਂ ਵਿੱਚ ਮਿਹਨਤ ਨਹੀਂ ਕੀਤੀ. ਇਸ ਲਈ ਪਾਸ ਨਹੀਂ ਹੋਇਆ।

[6] **ਵਰਤਮਾਨ ਕਾਲ** ਤੋਂ ਪਰਗਟ ਹੁੰਦਾ ਹੈ ਕਿ ਕਿਰਿਆ ਦਾ ਕੰਮ ਹੁਣ ਦੇ ਸਮੇਂ ਵਿੱਚ ਹੋ ਰਿਹਾ ਹੈ ਜਾਂ ਸੁਭਾਉ ਅਨੁਸਾਰ ਨਿੱਤ ਹੁੰਦਾ ਹੈ; ਜਿਵੇਂ–ਮੈਂ 'ਦੌੜਦਾ ਹਾਂ'। ਪਾਣੀ ਸਦਾ ਨਿਵਾਣ ਵੱਲ 'ਵਹਿੰਦਾ ਹੈ'।

[7] **ਸੰਭਾਵ ਭਵਿੱਖਤ ਕਾਲ** ਉਹ ਹੈ, ਜਿਸ ਤੋਂ ਆਉਣ ਵਾਲੇ ਸਮੇਂ ਵਿੱਚ ਕੰਮ ਦੇ ਹੋਣ ਦੀ ਸੰਭਾਵਨਾ ਜਾਂ ਇੱਛਿਆ ਪਰਗਟ ਹੋਵੇ; ਜਿਵੇਂ–

Sri Satguru Jagjit Singh Ji Elibrary NamdhariElibrary@gmail.com

ਸੰਭਵ ਹੈ ਕਿ ਮੈਂ ਸਭ ਤੋਂ ਵਧੀਕ 'ਦੌੜਾਂ'। ਮੇਰੀ ਇੱਛਿਆ ਹੈ ਕਿ ਉਹ ਛੇਤੀ 'ਆਵੇ'। ਜੇ ਤੂੰ 'ਆਖੇਂ' (= ਤੇਰੀ ਇੱਛਿਆ ਹੋਵੇ), ਤਾਂ ਉਹ 'ਰਲਾ ਜਾਵੇ'।

**[8] ਅਨਿਸਚਿਤ ਭਵਿੱਖਤ ਕਾਲ** ਉਹ ਹੈ, ਜਿਸ ਤੋਂ ਸਾਧਾਰਣ ਤੌਰ ਤੇ ਕੇਵਲ ਇਹੋ ਪਰਗਟ ਹੋਵੇ ਕਿ ਕਿਰਿਆ ਦਾ ਕੰਮ ਆਉਣ ਵਾਲੇ ਸਮੇਂ ਵਿੱਚ ਹੋਵੇਗਾ ਅਤੇ ਬੱਸ; ਜਿਹਾ ਕਿ—ਮੈਂ 'ਦੌੜਾਂਗਾ'। ਉਹ 'ਖੇਡੇਗਾ'।

**[9] ਹੁਕਮੀ ਭਵਿੱਖਤ ਕ਼ਾਲ** ਉਹ ਨੂੰ, ਜਿਸ ਦੁਆਰਾ ਆਉਣ ਵਾਲੇ ਸਮੇਂ ਵਿੱਚ ਕੰਮ ਦੀ ਹੋਣ ਦੀ ਇੱਛਿਆ ਹੈ ਬੇਨਤੀ, ਉਪਦੇਸ਼, ਆਗਿਆ ਜਾਂ ਹੁਕਮ ਦੇ ਰੂਪ ਵਿੱਚ ਪਰਗਟ ਕੀਤਾ ਜਾਂਦਾ ਹੈ; ਜਿਵੇਂ—ਆ, ਜਾ, ਆਵੀਂ, ਜਾਵੀਂ। ਇਹ ਦੋ ਪਰਕਾਰ ਦਾ ਹੈ:—

(ੳ) **ਪਰਤੱਖ,** ਜਿਸ ਦੁਆਰਾ ਕੰਮ ਦੇ ਝੱਟਪਟ ਕਰਨ ਦਾ ਹੁਕਮ ਦਿੱਤਾ ਜਾਵੇ; ਜਿਵੇਂ—ਭਾਈ! ਛੇਤੀ 'ਆ'।

(ਅ) **ਪ੍ਰੋਖ,** ਜਿਸ ਦੁਆਰਾ ਝੱਟਪਟ ਨਹੀਂ, ਸਗੋਂ ਕੁਝ ਸਮਾਂ ਪਾ ਕੇ ਕੰਮ ਕਰਨ ਦਾ ਹੁਕਮ ਦਿੱਤਾ ਜਾਵੇ; ਜਿਵੇਂ—ਭਾਈ! ਭਲਕੇ 'ਆਵੀਂ'।

# (ਅ) ਲਿੰਗ, ਵਚਨ ਤੇ ਪੁਰਖ

189. ਪੰਜਾਬੀ ਵਿੱਚ ਕਿਰਿਆ ਦੇ ਦੋ ਲਿੰਗ (ਪੁਲਿੰਗ ਤੇ ਇਸਤ੍ਰੀ ਲਿੰਗ), ਦੋ ਵਚਨ (ਇੱਕਵਚਨ ਤੇ ਬਹੁਵਚਨ) ਅਤੇ ਤਿੰਨ ਪੁਰਖ (ਉੱਤਮ, ਮੱਧਮ ਤੇ ਅਨ) ਹੁੰਦੇ ਹਨ; ਅਤੇ ਇਨ੍ਹਾਂ ਦੇ ਕਾਰਨ ਕਿਸੇ ਕਿਰਿਆ ਦੇ ਜੋ ਰੂਪ ਬਣਦੇ ਹਨ, ਓਹ ਸਾਰੇ ਦੇ ਸਾਰੇ ਦੱਸਣ ਨੂੰ **ਕਿਰਿਆ ਦੀ ਰੂਪਸਾਧਨਾ** ਕਰਨਾ ਆਖਦੇ ਹਨ; ਜਿਹਾ ਕਿ—***ਸੰਸਰਗੀ** ਕਿਰਿਆ 'ਹਾਂ' ਤੇ 'ਸਾਂ' ਦੀਆਂ ਰੂਪਸਾਧਨਾ ਹੇਠਾਂ ਲਿਖੀਆਂ ਹਨ:—

---

*ਕਿਰਿਆ 'ਹਾਂ' ਤੇ 'ਸਾਂ' ਜਦੋਂ ਕਿਸੇ ਹੋਰ ਕਿਰਿਆ ਦੇ ਨਾਲ ਰਲ ਕੇ ਆਉਣ, ਤਾਂ 'ਸਹਾਇਕ ਕਿਰਿਆ' ਅਖਵਾਂਦੀਆਂ ਹਨ; ਪਰ ਇਕੱਲੀਆਂ ਆਉਣ, ਤਾਂ 'ਸੰਸਰਗੀ'; ਜਿਵੇਂ—

ਸੰਸਰਗੀ—ਮੈਂ ਕਲ੍ਹ ਬਿਮਾਰ 'ਸਾਂ'। ਅੱਜ ਰਾਜ਼ੀ 'ਹਾਂ'।

ਸਹਾਇਕ—ਮੈਂ ਦਿੱਲੀ ਗਿਆ 'ਸਾਂ'। ਹੁਣੇ ਮੁੜ ਕੇ ਆਇਆ 'ਹਾਂ'।

Sri Satguru Jagjit Singh Ji Elibrary NamdhariElibrary@gmail.com

## ਹਾਂ                    ਸਾਂ

| ਪੁਰਖ | ਵਰਤਮਾਨ ਕਾਲ ਇੱਕਵਚਨ | ਬਹੁਵਚਨ | ਭੂਤ ਕਾਲ ਇੱਕਵਚਨ | ਬਹੁਵਚਨ |
|---|---|---|---|---|
| ਉੱਤਮ | ਮੈਂ ਹਾਂ | ਅਸੀਂ ਹਾਂ | ਮੈਂ ਸਾਂ | ਅਸੀਂ ਸਾਂ |
| ਮੱਧਮ | ਤੂੰ ਹੈਂ | ਤੁਸੀਂ ਹੋ | ਤੂੰ ਸੈਂ | ਤੁਸੀਂ ਸਾਓ |
| ਅਨ | ਉਹ ਹੈ | ਓਹ ਹਨ | ਉਹ ਸੀ | ਓਹ ਸਨ |

# ਕਾਲ-ਰਚਨਾ ਦੇ ਨੇਮ

## (1) ਅਨਿਸਚਿਤ ਭੂਤ ਕਾਲ

ਨੇਮ (1)–'ਭੂਤ ਕਾਰਦੰਤਕ' ਦੀ ਤਰ੍ਹਾਂ 'ਅਨਿਸਚਿਤ ਭੂਤ ਕਾਲ' ਵੀ ਧਾਤੂ ਦੇ ਅੰਤ ਵਿੱਚ ' ਿਆ' ਜਾਂ 'ਇਆ' ਲਾਇਆਂ ਬਣਦਾ ਹੈ; ਜਿਵੇਂ–'ਦੌੜ' ਤੋਂ 'ਦੌੜਿਆ'; 'ਦੇਖ' ਤੋਂ 'ਦੇਖਿਆ'; 'ਆ' ਤੋਂ 'ਆਇਆ'।

ਉਲੰਘਣ–ਬਾਜ਼ੇ ਕੁਰੀਤੇ ਵੀ ਬਣਦੇ ਹਨ; ਜਿਵੇਂ–

| | | |
|---|---|---|
| ਕਰ......ਕੀਤਾ, | ਜਾ......ਗਿਆ, | ਬਹੁ......ਬੈਠਾ, |
| ਧੋ......ਧੋਤਾ, | ਲੈ...ਲੀਤਾ, | ਲੱਭ......ਲੱਭਾ, |
| ਦੇ......ਦਿੱਤਾ, | ਸੌਂ...ਸੁੱਤਾ, | ਬੰਨ੍ਹ......ਬੱਧਾ, |

## ਰੂਪਸਾਧਨਾ

(ਕਰਤ੍ਰੀਵਾਚ ਅਕਰਮਕ ਧਾਤੂ 'ਦੌੜ' ਤੋਂ)

| | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਲਗ | ਉ: ਪੁ: | ਮੈਂ ਦੌੜਿਆ | ਅਸੀਂ ਦੌੜੇ |
| | ਮ: ਪੁ: | ਤੂੰ ਦੌੜਿਆ | ਤੁਸੀਂ ਦੌੜੇ |
| | ਅ: ਪੁ: | ਉਹ ਦੌੜਿਆ | ਓਹ ਦੌੜੇ |
| ਇ: ਲਿੰਗ | ਉ: ਪੁ: | ਮੈਂ ਦੌੜੀ | ਅਸੀਂ ਦੌੜੀਆਂ |
| | ਮ: ਪੁ: | ਤੂੰ ਦੌੜੀ | ਤੁਸੀਂ ਦੌੜੀਆਂ |
| | ਅ: ਪੁ: | ਉਹ ਦੌੜੀ | ਓਹ ਦੌੜੀਆਂ |

Sri Satguru Jagjit Singh Ji Elibrary NamdhariElibrary@gmail.com

# (2) ਸਮੀਪੀ ਭੂਤ ਕਾਲ

ਨੇਮ (2)–ਭੂਤ ਕਾਰਦੰਤਕ ਨਾਲ 'ਹਾਂ' ਦੇ ਰੂਪ ਲਾਇਆਂ 'ਸਮੀਪੀ ਭੂਤ ਕਾਲ' ਬਣਦਾ ਹੈ; ਜਿਹਾ ਕਿ–

| | | | |
|---|---|---|---|
| ਪੁਲਿੰਗ | ਉ: ਪੁ: | ਮੈਂ ਦੌੜਿਆ ਹਾਂ | ਅਸੀਂ ਦੌੜੇ ਹਾਂ |
| | ਮ: ਪੁ: | ਤੂੰ ਦੌੜਿਆ ਹੈਂ | ਤੁਸੀਂ ਦੌੜੇ ਹੋ |
| | ਅ: ਪੁ: | ਉਹ ਦੌੜਿਆ ਹੈ | ਓਹ ਦੌੜੇ ਹਨ |
| ਇ: ਲਿੰਗ | ਉ: ਪੁ: | ਮੈਂ ਦੌੜੀ ਹਾਂ | ਅਸੀਂ ਦੌੜੀਆਂ ਹਾਂ |
| | ਮ: ਪੁ: | ਤੂੰ ਦੌੜੀ ਹੈਂ | ਤੁਸੀਂ ਦੌੜੀਆਂ ਹੋ |
| | ਅ: ਪੁ: | ਉਹ ਦੌੜੀ ਹੈ | ਓਹ ਦੌੜੀਆਂ ਹਨ |

# (3) ਪੂਰਣ ਭੂਤ ਕਾਲ

ਨੇਮ (3)–ਭੂਤ ਕਾਰਦੰਤਕ ਨਾਲ 'ਸਾਂ' ਦੇ ਰੂਪ ਲਾਇਆਂ 'ਪੂਰਣ ਭੂਤ ਕਾਲ' ਬਣਦਾ ਹੈ; ਜਿਵੇਂ–

| | | | |
|---|---|---|---|
| ਪੁਲਿੰਗ | ਉ: ਪੁ: | ਮੈਂ ਦੌੜਿਆ ਸਾਂ | ਅਸੀਂ ਦੌੜੇ ਸਾਂ |
| | ਮ: ਪੁ: | ਤੂੰ ਦੌੜਿਆ ਸੈਂ | ਤੁਸੀਂ ਦੌੜੇ ਸਾਓ |
| | ਅ: ਪੁ: | ਉਹ ਦੌੜਿਆ ਸੀ | ਓਹ ਦੌੜੇ ਸਨ |
| ਇ: ਲਿੰਗ | ਉ: ਪੁ: | ਮੈਂ ਦੌੜੀ ਸਾਂ | ਅਸੀਂ ਦੌੜੀਆਂ ਸਾਂ |
| | ਮ: ਪੁ: | ਤੂੰ ਦੌੜੀ ਸੈਂ | ਤੁਸੀਂ ਦੌੜੀਆਂ ਸਾਓ |
| | ਅ: ਪੁ: | ਉਹ ਦੌੜੀ ਸੀ | ਓਹ ਦੌੜੀਆਂ ਸਨ |

# (4) ਅਪੂਰਣ ਭੂਤ ਕਾਲ

ਨੇਮ (4)–ਵਰਤਮਾਨ ਕਾਰਦੰਤਕ ਨਾਲ 'ਸਾਂ' ਦੇ ਰੂਪ ਲਾਇਆਂ 'ਅਪੂਰਣ ਭੂਤ ਕਾਲ' ਬਣਦਾ ਹੈ; ਜਿਵੇਂ–

| | | | |
|---|---|---|---|
| ਪੁਲਿੰਗ | ਉ: ਪੁ: | ਮੈਂ ਦੌੜਦਾ ਸਾਂ | ਅਸੀਂ ਦੌੜਦੇ ਸਾਂ |
| | ਮ: ਪੁ: | ਤੂੰ ਦੌੜਦਾ ਸੈਂ | ਤੁਸੀਂ ਦੌੜਦੇ ਸਾਓ |
| | ਅ: ਪੁ: | ਉਹ ਦੌੜਦਾ ਸੀ | ਓਹ ਦੌੜਦੇ ਸਨ |
| ਇ: ਲਿੰਗ | ਉ: ਪੁ: | ਮੈਂ ਦੌੜਦੀ ਸਾਂ | ਅਸੀਂ ਦੌੜਦੀਆਂ ਸਾਂ |
| | ਮ: ਪੁ: | ਤੂੰ ਦੌੜਦੀ ਸੈਂ | ਤੁਸੀਂ ਦੌੜਦੀਆਂ ਸਾਓ |
| | ਅ: ਪੁ: | ਉਹ ਦੌੜਦੀ ਸੀ | ਓਹ ਦੌੜਦੀਆਂ ਸਨ |

Sri Satguru Jagjit Singh Ji Elibrary NamdhariElibrary@gmail.com

# (5) ਸ਼ਰਤੀ ਭੂਤ ਕਾਲ

ਨੇਮ (5)–ਵਰਤਮਾਨ ਕਾਰਦੰਤਕ ਦੀ ਤਰ੍ਹਾਂ ਧਾਤੂ ਦੇ ਅੰਤ ਵਿੱਚ 'ਦਾ' ਲਾਇਆਂ ਤੇ ਕਦੇ 'ਦਾ' ਤੋਂ ਪਹਿਲਾਂ ਬਿੰਦੀ ( ਂ ) ਜਾਂ 'ਉ' ਲਾਇਆਂ 'ਸ਼ਰਤੀ ਭੂਤ ਕਾਲ' ਬਣਦਾ ਹੈ; ਜਿਵੇਂ–

| | | | |
|---|---|---|---|
| ਪੁਲਿੰਗ | ਉ: ਪੁ: | ਜੇ ਮੈਂ ਦੌੜਦਾ | ਜੇ ਅਸੀਂ ਦੌੜਦੇ |
| | ਮ: ਪੁ: | ਜੇ ਤੂੰ ਦੌੜਦਾ | ਜੇ ਤੁਸੀਂ ਦੌੜਦੇ |
| | ਅ: ਪੁ: | ਜੇ ਉਹ ਦੌੜਦਾ | ਜੇ ਓਹ ਦੌੜਦੇ |
| ਇ: ਲਿੰਗ | ਉ: ਪੁ: | ਜੇ ਮੈਂ ਦੌੜਦੀ | ਜੇ ਅਸੀਂ ਦੌੜਦੀਆਂ |
| | ਉ: ਪੁ: | ਜੇ ਤੂੰ ਦੌੜਦੀ | ਜੇ ਤੁਸੀਂ ਦੌੜਦੀਆਂ |
| | ਅ: ਪੁ: | ਜੇ ਉਹ ਦੌੜਦੀ | ਜੇ ਓਹ ਦੌੜਦੀਆਂ |

# (6) ਵਰਤਮਾਨ ਕਾਲ

ਨੇਮ (6)–'ਵਰਤਮਾਨ ਕਾਰਦੰਤਕ ਨਾਲ' 'ਹਾਂ' ਦੇ ਰੂਪ ਲਾਇਆਂ 'ਵਰਤਮਾਨ ਕਾਲ' ਬਣਦਾ ਹੈ; ਜਿਵੇਂ–

| | | | |
|---|---|---|---|
| ਪੁਲਿੰਗ | ਉ ਪੁ: | ਮੈਂ ਦੌੜਦਾ ਹਾਂ | ਅਸੀਂ ਦੌੜਦੇ ਹਾਂ |
| | ਮ: ਪੁ: | ਤੂੰ ਦੌੜਦਾ ਹੈਂ | ਤੁਸੀਂ ਦੌੜਦੇ ਹੋ |
| | ਅ: ਪੁ: | ਉਹ ਦੌੜਦਾ ਹੈ | ਓਹ ਦੌੜਦੇ ਹਨ |
| ਇ: ਲਿੰਗ | ਉ: ਪੁ: | ਮੈਂ ਦੌੜਦੀ ਹਾਂ | ਅਸੀਂ ਦੌੜਦੀਆਂ ਹਾਂ |
| | ਮ: ਪੁ: | ਤੂੰ ਦੌੜਦੀ ਹੈਂ | ਤੁਸੀਂ ਦੌੜਦੀਆਂ ਹੋ |
| | ਅ: ਪੁ: | ਉਹ ਦੌੜਦੀ ਹੈ | ਓਹ ਦੌੜਦੀਆਂ ਹਨ |

# (7) ਸੰਭਾਵ ਭਵਿੱਖਤ ਕਾਲ

ਨੇਮ (7)–ਧਾਤੂ ਦੇ ਅੰਤ ਵਿੱਚ ਹੇਠਾਂ ਲਿਖੇ ਪਿਛੇਤਰ ਲਾਇਆਂ 'ਸੰਭਾਵ ਭਵਿੱਖਤ ਕਾਲ' ਬਣਦਾ ਹੈ:–

| | | ਇੱਕਵਚਨ | ਬਹੁਵਚਨ |
|---|---|---|---|
| ਦੋਵੇਂ ਲਿੰਗ | ਉ: ਪੁ: | ਾਂ, ਆਂ, ਵਾਂ | ੀਏ, ਈਏ, ਵੀਏ |
| | ਮ: ਪੁ: | ੇਂ, ਏਂ, ਵੇਂ | ੋ, ਵੋ, ਓ |
| | ਅ: ਪੁ: | ੇ, ਏ, ਵੇ, | ਣ (ਨ), ਉਣ, ਵਣ |

Sri Satguru Jagjit Singh Ji Elibrary NamdhariElibrary@gmail.com

(ਰੂਪਸਾਧਨਾ)

| | | | |
|---|---|---|---|
| ਦੋਵੇਂ ਲਿੰਗ | ਉ: ਪੁ: | ਮੈਂ ਦੌੜਾਂ | ਅਸੀਂ ਦੌੜੀਏ |
| | ਮ: ਪੁ: | ਤੂੰ ਦੌੜੇਂ | ਤੁਸੀਂ ਦੌੜੋ |
| | ਅ: ਪੁ: | ਉਹ ਦੌੜੇ | ਓਹ ਦੌੜਨ |

## (8) ਅਨਿਸਚਿਤ ਭਵਿੱਖਤ ਕਾਲ

ਨੇਮ (8)–ਸੰਭਾਵ ਭਵਿੱਖਤ ਕਾਲ ਨਾਲ 'ਗਾ' ਦੇ ਰੂਪ ਲਾਇਆਂ 'ਅਨਿਸਚਿਤ ਭਵਿੱਖਤ ਕਾਲ' ਬਣਦਾ ਹੈ; ਜਿਵੇਂ–

| | | | |
|---|---|---|---|
| ਪੁਲਿੰਗ | ਉ: ਪੁ: | ਮੈਂ ਦੌੜਾਂਗਾ | ਅਸੀਂ ਦੌੜਾਂਗੇ |
| | ਮ: ਪੁ: | ਤੂੰ ਦੌੜੇਂਗਾ | ਤੁਸੀਂ ਦੌੜੋਗੇ |
| | ਅ: ਪੁ: | ਉਹ ਦੌੜੇਗਾ | ਓਹ ਦੌੜਨਗੇ |
| ਇ: ਲਿੰਗ | ਉ: ਪੁ: | ਮੈਂ ਦੌੜਾਂਗੀ | ਅਸੀਂ ਦੌੜਾਂਗੀਆਂ |
| | ਮ: ਪੁ: | ਤੂੰ ਦੌੜੇਂਗੀ | ਤੁਸੀਂ ਦੌੜੋਗੀਆਂ |
| | ਅ: ਪੁ: | ਉਹ ਦੌੜੇਗੀ | ਓਹ ਦੌੜਨਗੀਆਂ |

## (9) ਹੁਕਮੀ ਭਵਿੱਖਤ ਕਾਲ

### (ੳ) ਪਰਤੱਖ

ਨੇਮ (9)–ਮੱਧਮ ਪੁਰਖ ਲਈ ਧਾਤੂ ਹੀ 'ਪਰਤੱਖ ਹੁਕਮੀ ਭਵਿੱਖਤ ਕਾਲ' ਦਾ ਕੰਮ ਦਿੰਦਾ ਹੈ ਤੇ ਹੋਰ ਰੂਪ 'ਸੰਭਾਵ ਭਵਿੱਖਤ ਕਾਲ' ਦੇ ਹੁੰਦੇ ਹਨ; ਜਿਵੇ,–

| | | | |
|---|---|---|---|
| ਦੋਵੇਂ ਲਿੰਗ | ਉ: ਪੁ: | ਮੈਂ ਦੌੜਾਂ | ਅਸੀਂ ਦੌੜੀਏ |
| | ਮ: ਪੁ: | ਤੂੰ ਦੌੜ | ਤੁਸੀਂ ਦੌੜੋ |
| | ਅ: ਪੁ: | ਉਹ ਦੌੜੇ | ਓਹ ਦੌੜਨ |

ਮੱਧਮ ਪੁਰਖ ਆਦਰ-ਸੂਚਕ ਆਪ ਦੌੜੀਓ।

Sri Satguru Jagjit Singh Ji Elibrary NamdhariElibrary@gmail.com

# (ਅ) ਪੋਖ ਜਾਂ ਦੂਰਵਰਤੀ

ਨੇਮ (10)–ਇਸ ਕਾਲ ਦੇ ਕੇਵਲ ਚਾਰ ਰੂਪ ਹੁੰਦੇ ਹਨ, ਜੋ ਧਾਤੂ ਨਾਲ ਹੇਠਾਂ ਲਿਖੇ ਪਿਛੇਤਰ ਲਾਇਆਂ ਬਣਦੇ ਹਨ–

| | | |
|---|---|---|
| ਮੱਧਮ ਪੁਰਖ ਦੋਵੇਂ ਲਿੰਗ | ੀਂ, ਈਂ, ਵੀਂ<br>ੇਂ, ਏਂ, ਵੇਂ | ਣਾ, ਨਾ<br>ੀ ਓ, ਈਓ, ਵੀਓ |
| ਮਧਮ ਪੁਰਖ ਦੋਵੇਂ ਲਿੰਗ | ਤੂੰ ਦੌੜੀਂ,<br>ਤੂੰ ਦੌੜੇਂ | ਤੁਸੀਂ ਦੌੜਨਾ<br>ਤੁਸੀਂ ਦੌੜੀਓ |

# ਕਰਤ੍ਰੀਵਾਚ ਸਕਰਮਕ ਧਾਤੂ 'ਵੇਖ' ਤੋਂ

ਨੇਮ (11) 'ਸਕਰਮਕ' ਕਿਰਿਆ ਦੇ ਅਨਿਸਚਿਤ ਭੂਤ ਕਾਲ, ਸਮੀਪੀ ਭੂਤ ਕਾਲ ਤੇ ਪੂਰਣ ਭੂਤ ਕਾਲ ਦਾ ਕਰਤਾ 'ਸੰਬੰਧਕੀ ਰੂਪ' ਹੁੰਦਾ ਹੈ ਤੇ ਕਿਰਿਆ ਦਾ ਰੂਪ ਕਰਮ ਅਨੁਸਾਰ:–

# ਅਨਿਸਚਿਤ ਭੂਤ ਕਾਲ

| ਕਰਤਾ ਦੋਵੇਂ ਲਿੰਗ | ਕਰਮ ਇੱਕਵਚਨ | ਕਰਮ ਬਹੁਵਚਨ | |
|---|---|---|---|
| ਮੈਂ, ਅਸਾਂ<br>ਤੂੰ, ਤੁਸਾਂ<br>ਉਸ, ਉਨ੍ਹਾਂ | ਫੁੱਲ ਵੇਖਿਆ<br>ਥਾਂ ਵੇਖੀ | ਫੁੱਲ ਵੇਖੇ<br>ਥਾਂਵਾਂ ਵੇਖੀਆਂ | (ਪੁਲਿੰਗ)<br>(ਇ: ਲਿੰਗ) |

# ਸਮੀਪੀ ਭੂਤ ਕਾਲ

| | | | |
|---|---|---|---|
| ਮੈਂ, ਅਸਾਂ<br>ਤੂੰ, ਤੁਸਾਂ<br>ਉਸ, ਉਨ੍ਹਾਂ | ਫੁੱਲ ਵੇਖਿਆ ਹੈ<br>ਥਾਂ ਵੇਖੀ ਹੈ | ਫੁੱਲ ਵੇਖੇ ਹਨ<br>ਥਾਵਾਂ ਵੇਖੀਆਂ ਹਨ | (ਪੁਲਿੰਗ)<br>(ਇ: ਲਿੰਗ) |

# ਪੂਰਣ ਭੂਤ ਕਾਲ

| | | | |
|---|---|---|---|
| ਮੈਂ, ਅਸਾਂ<br>ਤੂੰ, ਤੁਸਾਂ<br>ਉਸ, ਉਨ੍ਹਾਂ | ਫੁੱਲ ਵੇਖਿਆ ਸੀ<br>ਥਾਂ ਵੇਖੀ ਸੀ | ਫੁੱਲ ਵੇਖੇ ਸਨ<br>ਥਾਵਾਂ ਵੇਖੀਆਂ ਸਨ | (ਪੁਲਿੰਗ)<br>(ਇ: ਲਿੰਗ) |

Sri Satguru Jagjit Singh Ji Elibrary NamdhariElibrary@gmail.com

ਨੇਮ (12)–ਕਿਸੇ 'ਸਕਰਮਕ ਕਿਰਿਆ' ਦੇ ਭੂਤ ਕਾਰਦੰਤਕ ਦੇ ਮਗਰ 'ਹੁੰਦਾ', 'ਹੋਵੇ' ਜਾਂ 'ਹੋਵੇਗਾ' ਲਾ ਕੇ ਜੋ ਸੰਯੁਕਤ ਕਿਰਿਆਂ ਬਣਦੀਆਂ ਹਨ, ਓਹਨਾਂ ਦੇ ਰੂਪ ਵੀ 'ਕਰਮ ਅਨੁਸਾਰ' ਹੀ ਹੁੰਦੇ ਹਨ, ਕਰਤਾ ਅਨੁਸਾਰ ਨਹੀਂ; ਜਿਵੇਂ–

## ਸ਼ਰਤੀ ਭੂਤ ਕਾਲ (ਸੰਯੁਕਤ)

| ਕਰਤਾ ਦੋਵੇਂ ਲਿੰਗ | ਕਰਮ ਇੱਕਵਚਨ | ਕਰਮ ਬਹੁਵਚਨ | |
|---|---|---|---|
| ਜੇ ਮੈਂ, ਅਸਾਂ<br>ਜੇ ਤੂੰ, ਤੁਸਾਂ<br>ਜੇ ਉਸ, ਉਨ੍ਹਾਂ | ਵੇਖਿਆ ਹੁੰਦਾ | ਵੇਖੇ ਹੁੰਦੇ | (ਪੁਲਿੰਗ) |
| | ਵੇਖੀ ਹੁੰਦੀ | ਵੇਖੀਆਂ ਹੁੰਦੀਆਂ | (ਇ: ਲਿੰਗ) |

## ਸੰਭਾਵ ਭੂਤ ਕਾਲ (ਸੰਯੁਕਤ)

| | | | |
|---|---|---|---|
| ਮੈਂ, ਅਸਾਂ<br>ਤੂੰ, ਤੁਸਾਂ<br>ਉਸ ਉਨ੍ਹਾਂ | ਵੇਖਿਆ ਹੋਵੇ | ਵੇਖੇ ਹੋਣ | (ਪੁਲਿੰਗ) |
| | ਵੇਖੀ ਹੋਵੇ | ਵੇਖੀਆਂ ਹੋਣ | (ਇ: ਲਿੰਗ) |

## ਸ਼ੱਕੀ ਭੂਤ ਕਾਲ (ਸੰਯੁਕਤ)

| | | | |
|---|---|---|---|
| ਮੈਂ ਅਸਾਂ<br>ਤੂੰ ਤੁਸਾਂ<br>ਉਸ, ਉਨ੍ਹਾਂ | ਵੇਖਿਆ ਹੋਵੇਗਾ | ਵੇਖੇ ਹੋਣਗੇ | (ਪੁਲਿੰਗ) |
| | ਵੇਖੀ ਹੋਵੇਗੀ | ਵੇਖੀਆਂ ਹੋਣਗੀਆਂ | (ਇ: ਲਿੰਗ) |

## ਕਰਮਵਾਚ ਧਾਤੂ 'ਵੇਖਿਆ ਜਾ' ਤੋਂ

ਨੇਮ (13) ਕਰਮਵਾਚ ਕਿਰਿਆ ਦੇ ਰੂਪ ਉਸ ਕਰਮ ਅਨੁਸਾਰ ਹੁੰਦੇ ਹਨ, ਜਿਸ ਨੂੰ 'ਕਰਤਾ ਕਾਰਕ' ਵਿੱਚ ਲਿਆ ਕੇ ਵਾਕ ਦਾ 'ਵਿਸ਼ਾ' ਬਣਾਇਆ ਗਿਆ ਹੋਵੇ; ਜਿਵੇਂ–

Sri Satguru Jagjit Singh Ji Elibrary NamdhariElibrary@gmail.com

# (1) ਅਨਿਸਚਿਤ ਭੂਤ ਕਾਲ

| | ਪੁਰਖ | ਇੱਕਵਚਨ | ਬਹੁਵਚਨ |
|---|---|---|---|
| ਪੁਲਿੰਗ | ਉ: | ਮੈਂ ਵੇਖਿਆ ਗਿਆ | ਅਸੀਂ ਵੇਖੇ ਗਏ |
| | ਮ: | ਤੂੰ ਵੇਖਿਆ ਗਿਆ | ਤੁਸੀਂ ਵੇਖੇ ਗਏ |
| | ਅ: | ਉਹ ਵੇਖਿਆ ਗਿਆ | ਓਹ ਵੇਖੇ ਗਏ |
| ਇ: ਲਿੰਗ: | | ਵੇਖੀ ਗਈ | ਵੇਖੀਆਂ ਗਈਆਂ |

# (2) ਸਮੀਪੀ ਭੂਤ ਕਾਲ

| | | |
|---|---|---|
| ਪੁਲਿੰਗ | ਮੈਂ ਵੇਖਿਆ ਗਿਆ ਹਾਂ | ਅਸੀਂ ਵੇਖੇ ਗਏ ਹਾਂ |
| | ਤੂੰ ਵੇਖਿਆ ਗਿਆ ਹੈਂ | ਤੁਸੀਂ ਵੇਖੇ ਗਏ ਹੋ |
| | ਉਹ ਵੇਖਿਆ ਗਿਆ ਹੈ | ਓਹ ਵੇਖੇ ਗਏ ਹਨ |
| | ਇ:–ਵੇਖੀ ਗਈ ਹਾਂ, ਹੈਂ, ਹੈ। | ਵੇਖੀਆਂ ਗਈਆਂ ਹਾਂ, ਹੋ, ਹਨ। |

# (3) ਪੂਰਨ ਭੂਤ ਕਾਲ

| | | |
|---|---|---|
| ਪੁਲਿੰਗ | ਮੈਂ ਵੇਖਿਆ ਗਿਆ ਸਾਂ | ਅਸੀਂ ਵੇਖੇ ਗਏ ਸਾਂ |
| | ਤੂੰ ਵੇਖਿਆ ਗਿਆ ਸੈਂ | ਤੁਸੀਂ ਵੇਖੇ ਗਏ ਸਾਓ |
| | ਉਹ ਵੇਖਿਆ ਗਿਆ ਸੀ | ਓਹ ਵੇਖੇ ਗਏ ਸਨ |
| ਇ: ਲਿੰਗ–ਵੇਖੀ ਗਈ ਸਾਂ, ਸੈਂ, ਸੀ। | | ਵੇਖੀਆਂ ਗਈਆਂ ਸਾਂ, ਸਾਓ, ਸਨ। |

ਨੋਟ–ਦੁਕਰਮਕ ਕਿਰਿਆ ਦੇ ਕਰਮਵਾਚ ਵਿੱਚ ਪਰਧਾਨ ਕਰਮ ਨੂੰ ਵਾਕ ਦਾ 'ਵਿਆਕਰਣਿਕ ਕਰਤਾ' ਜਾਂ 'ਵਿਸ਼ਾ' ਬਣਾਇਆ ਜਾਂਦਾ ਹੈ ਤੇ 'ਅਪਰਧਾਨ ਕਰਮ' ਜਿਉਂ ਦਾ ਤਿਉਂ ਰਹਿੰਦਾ ਹੈ; ਜਿਹਾ ਕਿ–ਮਾਲਕ ਨੂੰ 'ਦੁੱਧ' ਪਿਆਇਆ ਗਿਆ। ਨੌਕਰ ਨੂੰ 'ਰੋਟੀ' ਖੁਆਈ ਗਈ। ਵਿੱਚ 'ਦੁੱਧ' ਤੇ 'ਰੋਟੀ' ਵਾਕ ਦਾ ਵਿਸ਼ਾ ਜਾਂ ਵਿਆਕਰਣਿਕ ਕਰਤਾ ਹਨ।

# ਮੇਲ

ਨੇਮ (14) ਕਿਰਿਆ ਦਾ ਜੋ ਰੂਪਾਂਤਰ ਲਿੰਗ, ਵਚਨ ਤੇ ਪੁਰਖ ਕਰਕੇ ਹੁੰਦਾ ਹੈ, ਉਸ ਸੰਬੰਧੀ ਚੇਤੇ ਰੱਖੋ ਕਿ:–

Sri Satguru Jagjit Singh Ji Elibrary NamdhariElibrary@gmail.com

(ੳ) ਜਦੋਂ ਅਸਲੀ ਕਰਤਾ 'ਸਾਧਾਰਣ ਰੂਪ' ਜਾਂ ਸੰਬੰਧਕ- ਰਹਿਤ ਹੋਵੇ, ਤਾਂ ਕਿਰਿਆ 'ਕਰਤ ਅਨੁਸਾਰ' ਹੁੰਦੀ ਹੈ ਤੇ **ਕਰਤ੍ਰੀ ਮੇਲ** ਅਖਵਾਂਦੀ ਹੈ; ਜਿਵੇਂ– ਮੁੰਡਾ ਅਰਜ਼ੀ 'ਲਿਖਦਾ ਹੈ'। ਧੋਬਣ ਕੱਪੜੇ 'ਧੋਂਦੀ ਹੈ'।

(ਅ) ਜਦੋਂ ਅਸਲੀ ਕਰਤਾ 'ਸੰਬੰਧਕੀ ਰੂਪ' ਜਾਂ ਸੰਬੰਧਕ-ਸਹਿਤ ਹੋਵੇ, ਤਾਂ ਕਿਰਿਆ 'ਕਰਮ ਅਨੁਸਾਰ' ਹੁੰਦੀ ਹੈ ਅਤੇ **ਕਰਮਨੀ ਮੇਲ** ਅਖਵਾਂਦੀ ਹੈ; ਜਿਵੇਂ–ਮੁੰਡੇ ਨੇ ਚਿੱਠੀ 'ਲਿਖੀ'। ਚਿੱਠੀ ਹੈੱਡ ਮਾਸਟਰ ਵੱਲ 'ਭਿਜਵਾਈ ਗਈ'।

(ੲ) ਜਦੋਂ ਅਸਲੀ ਕਰਤਾ ਤੇ ਕਰਮ ਦੋਵੇਂ 'ਸੰਬੰਧਕ-ਸਹਿਤ' ਹੋਣ, ਤਾਂ ਕਿਰਿਆ ਸਦਾ 'ਪੁਲਿੰਗ-ਇੱਕਵਚਨ-ਅਨ ਪੁਰਖ' ਹੁੰਦੀ ਹੈ ਅਤੇ **ਸੁਤੰਤਰ ਮੇਲ** ਅਖਵਾਂਦੀ ਹੈ; ਜਿਵੇਂ–ਮਰਦਾਂ ਨੇ ਤੀਵੀਆਂ ਨੂੰ 'ਬਚਾਇਆ'।

ਨੇਮ (15) 'ਸੰਯੁਕਤ' ਧਾਤੂ ਤੋਂ **ਸੰਯੁਕਤ ਕਿਰਿਆਂ** ਵੀ ਉੱਪਰਲਿਆਂ ਹੀ ਨੇਮਾਂ ਅਨੁਸਾਰ ਬਣਦੀਆਂ ਹਨ; ਪਰ 'ਕਾਲ-ਚਿੰਨ੍ਹ' ਕੇਵਲ ਅੰਤਲੇ ਧਾਤੂ ਨੂੰ ਹੀ ਲੱਗਦੇ ਹਨ, ਮੁੱਖ ਧਾਤੂ ਨੂੰ ਨਹੀਂ; ਜਿਵੇਂ–ਲਿਖਿਆ ਜਾਵੇਗਾ, ਲਿਖੇ ਜਾਣਗੇ, ਆਦਿਕ।

194. ਕਈ ਸੰਯੁਕਤ ਕਿਰਿਆਂ 'ਰੂਪ ਕਰਕੇ' ਹੋਰ ਕਾਲ ਦੀਆਂ ਅਤੇ 'ਅਰਥ ਕਰਕੇ' ਹੋਰ ਕਾਲ ਦੀਆਂ ਹੁੰਦੀਆਂ ਹਨ:–

| ਕਿਰਿਆ | ਰੂਪ ਕਰਕੇ | ਅਰਥ ਕਰਕੇ |
|---|---|---|
| ਦੌੜਿਆ ਹੋਵਾਂਗਾ | ਅਨਿਸਚਿਤ ਭਵਿੱਖਤ | ਸ਼ੱਕੀ ਭੂਤ |
| ਦੌੜਦਾ ਹੋਵਾਂਗਾ | ਅਨਿਸਚਿਤ ਭਵਿੱਖਤ | ਸ਼ੱਕੀ ਵਰਤਮਾਨ |
| ਦੌੜਿਆ ਹੋਵਾਂ | ਸੰਭਾਵ ਭਵਿੱਖਤ | ਸੰਭਾਵ ਭੂਤ |
| ਦੌੜ ਰਿਹਾ ਹਾਂ | ਸਮੀਪੀ ਭੂਤ | ਵਰਤਮਾਨ |
| ਦੌੜਦਾ ਰਿਹਾ ਹਾਂ | ਸਮੀਪੀ ਭੂਤ | ਅਪੂਰਣ ਭੂਤ |
| ਦੌੜ ਰਿਹਾ ਸਾਂ | ਪੂਰਣ ਭੂਤ | ਅਪੂਰਣ ਭੂਤ |
| ਦੌੜਦਾ ਰਿਹਾ ਸਾਂ | ਪੂਰਣ ਭੂਤ | ਅਪੂਰਣ ਭੂਤ |

195, ਵਿਆਕਰਣ-ਸੁਧਾਰਕ ਕਮੇਟੀ ਦਾ ਫ਼ੈਸਲਾ ਹੈ ਕਿ–'ਦੌੜਿਆ ਹੁੰਦਾ' ਤੇ 'ਦੌੜਦਾ ਹੁੰਦਾ' ਆਦਿਕ ਵੀ ਸੰਯੁਕਤ ਕਿਰਿਆਂ ਹੀ ਹਨ, ਸਾਧਾਰਣ ਨਹੀਂ; ਅਤੇ–

'ਮੈਂ ਖ਼ਤ ਲਿਖਣਾ ਹੈ (ਜਾਂ) ਲਿਖਣਾ ਸੀ।' ਵਿੱਚ 'ਹੈ' ਤੇ 'ਸੀ'

Sri Satguru Jagjit Singh Ji Elibrary NamdhariElibrary@gmail.com

ਕਿਰਿਆਂ ਹਨ ਤੇ 'ਖ਼ਤ ਲਿਖਣਾ' ਪੂਰਕ ਹੈ।

196. ਕਦੇ-ਕਦੇ ਸਾਧਾਰਣ ਕਿਰਿਆਂ ਦੇ ਰੂਪ ਅਤੇ ਅਰਥਾਂ ਵਿੱਚ ਵੀ ਭੇਦ ਹੋ ਜਾਂਦਾ ਹੈ; ਜਿਹਾ ਕਿ-

(ੳ) ਰੂਪ 'ਅਨਿਸਚਿਤ ਭੂਤ' ਦਾ ਤੇ ਅਰਥ 'ਅਨਿਸਚਿਤ ਭਵਿੱਖਤ' ਦੇ; ਜਿਵੇਂ—ਜੇ ਮੈਂ 'ਦੌੜਿਆ' (=ਦੌੜਾਂਗਾ), ਤਾਂ ਉਹ ਵੀ ਦੌੜੇਗਾ।

(ਅ) ਰੂਪ 'ਅਨਿਸਚਿਤ ਭੂਤ' ਦਾ ਤੇ ਅਰਥ 'ਪੂਰਣ ਭੂਤ' ਦੇ; ਜਿਵੇਂ—ਅਕਬਰ 1556 ਈ: ਵਿੱਚ ਤਖ਼ਤ ਤੇ 'ਬੈਠਾ' (=ਬੈਠਾ ਸੀ)।

(ੲ) ਰੂਪ 'ਸਮੀਪੀ ਭੂਤ' ਦਾ ਤੇ ਅਰਥ 'ਪੂਰਣ ਭੂਤ' ਦੇ; ਜਿਵੇਂ—ਗੁਰੂ ਨਾਨਕ ਸਾਹਿਬ 15 ਵੀਂ ਸਦੀ ਈਸਵੀ ਵਿੱਚ 'ਹੋਏ ਹਨ' (=ਹੋਏ ਸਨ)।

(ਸ) ਰੂਪ 'ਸੰਭਾਵ ਭਵਿੱਖਤ' ਦਾ ਤੇ ਅਰਥ 'ਵਰਤਮਾਨ ਕ਼ਾਲ' ਦੇ; ਜਿਵੇਂ—'ਸਚੇ ਮਾਰਗ ਚਲਦਿਆ ਉਸਤਤਿ 'ਕਰੇ' (=ਕਰਦਾ ਹੈ) ਜਹਾਨੁ ॥" (ਗੁਰਬਾਣੀ)

(ਹ) ਪਿੱਛੇ ਹੋ ਚੁੱਕੀਆਂ ਗੱਲਾਂ ਨੂੰ 'ਵਰਤਮਾਨ ਕਾਲ' ਦੀ ਕਿਰਿਆ ਦੁਆਰਾ ਦੱਸਣਾ; ਜਿਵੇਂ—ਮਹਾਤਮਾ ਬੁੱਧ ਸੈਰ ਨੂੰ ਜਾਂਦਾ ਹੈ (=ਜਦੋਂ ਗਿਆ), ਇੱਕ ਮੁਰਦੇ ਨੂੰ ਵੇਖ ਕੇ ਉਸ ਦੇ ਦਿਲ ਤੇ ਅਜਿਹਾ ਅਸਰ ਹੁੰਦਾ ਹੈ (=ਹੋਇਆ) ਕਿ ਉਹ ਘਰ ਛੱਡ ਕੇ ਜੰਗਲ ਵਿੱਚ ਜਾ ਡੇਰਾ ਲਾਉਂਦਾ ਹੈ (=ਲਾਇਆ)।

### ਅਭਿਆਸ

1. ਕਾਲ ਕਿੰਨੇ ਤੇ ਕਿਹੜੇ ਕਿਹੜੇ ਹਨ ? ਹਰ ਇੱਕ ਦਾ ਲੱਛਣ, ਬਣਾਉਣ ਦਾ ਨੇਮ ਤੇ ਦੋ-ਦੋ ਉਦਾਹਰਣ ਦੱਸੋ।
2. ਪੰਜ ਏਹੋ ਜੇਹੇ ਵਾਕ ਦੱਸੋ, ਜਿਨ੍ਹਾਂ ਦੀਆਂ ਕਿਰਿਆਂ ਰੂਪ ਕਰਕੇ ਹੋਰ ਕਾਲ ਦੀਆਂ ਤੇ 'ਅਰਥ' ਕਰਕੇ ਹੋਰ ਕਾਲ ਦੀਆਂ ਹੋਣ।
3. ਕਿਰਿਆ ਕਦੋਂ ਕਰਤਰੀ ਮੇਲ ਦੀ, ਕਦੋਂ ਕਰਮਨੀ ਮੇਲ ਦੀ, ਤੇ ਕਦੋਂ ਸੁਤੰਤਰ ਮੇਲ ਦੀ ਹੁੰਦੀ ਹੈ ? ਉਦਾਹਰਣ ਵੀ ਦਿਓ।
4. 'ਲਿਖਦਾ ਹੈ' ਤੇ 'ਲਿਖਿਆ ਹੈ' ਦੀ ਰੂਪਸਾਧਨਾ ਕਰੋ।

Sri Satguru Jagjit Singh Ji Elibrary NamdhariElibrary@gmail.com

# ਕਿਰਿਆ ਦੀ ਪਦਵੰਡ

197. ਕਿਰਿਆ ਦੀ ਪਦਵੰਡ ਕਰਨ ਵਿੱਚ ਉਸ ਨੂੰ 'ਕਿਰਿਆ' ਕਹਿ ਕੇ ਉਸ ਦੇ ਸੰਬੰਧ ਵਿੱਚ ਇਹ ਸਾਰੀਆਂ ਗੱਲਾਂ ਦੱਸਣੀਆਂ ਚਾਹੀਦੀਆਂ ਹਨ:–

(1) ਪਰਕਾਰ (ਅਕਰਮਕ ਜਾਂ ਸਕਰਮਕ); (2) ਵਾਚ (ਕਰਤ੍ਰੀਵਾਚ ਜਾਂ ਕਰਮਵਾਚ), (3) ਕਾਲ: (4) ਲਿੰਗ, ਵਚਨ, ਪੁਰਖ; (5) ਮੇਲ; ਜਿਵੇਂ–

ਵਾਕ–ਮੈਂ ਚਿੱਠੀ ਲਿਖਦਾ ਹਾਂ।

ਲਿਖਦਾ ਹਾਂ–ਕਿਰਿਆ, ਸਕਰਮਕ, ਕਰਤ੍ਰੀਵਾਚ, ਵਰਤਮਾਨ ਕਾਲ, ਪੁਲਿੰਗ–ਇੱਕਵਚਨ–ਉੱਤਮ ਪੁਰਖ, ਕਰਤ੍ਰੀ ਮੇਲ (ਕਰਤਾ 'ਮੈਂ' ਦੇ ਅਨੁਸਾਰ)।

ਵਾਕ–ਮੇਰੀ ਲੋਈ ਰੰਗੀ ਗਈ ਹੈ।

ਰੰਗੀ ਗਈ ਹੈ–ਕਿਰਿਆ, ਸਕਰਮਕ, ਕਰਮਵਾਚ, ਸਮੀਪੀ ਭੂਤ ਕਾਲ, ਇਸਤ੍ਰੀ ਲਿੰਗ–ਇੱਕਵਚਨ–ਅਨ ਪੁਰਖ, ਕਰਮਨੀ ਮੇਲ (ਕਰਮ 'ਲੋਈ' ਦੇ ਅਨੁਸਾਰ)

ਵਾਕ–ਗਊ ਚੋ ਕੇ ਮੁੰਡਿਆਂ ਨੂੰ ਦੁੱਧ ਪਿਆਓ।

ਪਿਆਓ–ਕਿਰਿਆ, ਸਕਰਮਕ (ਦੁਕਰਮਕ), ਕਰਤ੍ਰੀਵਾਚ, ਹੁਕਮੀ ਭਵਿੱਖਤ ਕਾਲ, ਪੁਲਿੰਗ–ਬਹੁਵਚਨ–ਮੱਧਮ ਪੁਰਖ, ਕਰਤ੍ਰੀ ਮੇਲ (ਲੁਪਤ ਕਰਤਾ 'ਤੁਸੀ' ਦੇ ਅਨੁਸਾਰ)।

ਚੋ ਕੇ–ਪੂਰਬ ਪੂਰਣ ਕਰਦੰਤਕ†, ਕਿਰਿਆ-ਵਿਸ਼ੇਸਣ ਵਾਕਰ ਵਰਤਿਆ ਗਿਆ ਹੈ, ਇਸ ਦਾ ਧਾਤੂ 'ਚੋ' ਸਕਰਮਕ ਹੈ ਤੇ ਇਸ ਦਾ ਕਰਮ 'ਗਊ' ਹੈ।

ਵਾਕ–ਅਸਾਂ ਉਸ ਨੂੰ ਖ਼ਤ ਲਿਖਣਾ ਸੀ।

ਸੀ–ਕਿਰਿਆ, ਅਕਰਮਕ, ਕਰਤ੍ਰੀਵਾਚ, ਅਨਿਸਚਿਤ ਭੂਤ ਕਾਲ, ਪੁਲਿੰਗ–ਇੱਕਵਚਨ–ਅਨ ਪੁਰਖ, ਸੁਤੰਤਰ ਮੇਲ; ਪੜਨਾਉਂ 'ਅਸਾਂ' ਇਸ ਦਾ ਕਰਤਾ ਹੈ, ਤੇ 'ਉਸ ਨੂੰ ਖ਼ਤ ਲਿਖਣਾ' (ਭਾਵਾਰਥ ਆਪਣਿਆਂ ਦੁਹਾਂ ਕਰਮਾਂ 'ਉਸ ਨੂੰ' ਤੇ 'ਖ਼ਤ' ਸਮੇਤ) ਕਰਤ੍ਰੀ ਪੂਰਕ।

ਲਿਖਣਾ–ਭਾਵਾਰਥ (ਕਾਰਦੰਤਕ), ਨਾਉਂ, ਭਾਵਵਾਚਕ, ਪੁਲਿੰਗ, ਇੱਕਵਚਨ, ਕਰਤਾ ਕਾਰਕ (ਅਪੂਰਣ ਅਕਰਮਕ ਕਿਰਿਆ 'ਸੀ' ਦਾ ਕਰਤ੍ਰੀ

---

†ਕਾਰਦੰਤਕ ਜਿਸ ਸ਼ਬਦ-ਭੇਦ ਦਾ ਕੰਮ ਦੇਵੇ, ਉੱਸੇ ਅਨੁਸਾਰ ਉਸ ਦੀ ਪਦਵੰਡ ਕਰੋ ਤੇ ਅੰਤ ਵਿੱਚ ਉਸ ਦਾ 'ਧਾਤੂ' ਆਦਿ ਦੱਸ ਦਿਓ।

Sri Satguru Jagjit Singh Ji Elibrary NamdhariElibrary@gmail.com

ਪੂਰਕ। ਇਸ ਦਾ ਧਾਤੂ 'ਲਿਖ' ਸਕਰਮਕ ਹੈ ਅਤੇ 'ਉਸ ਨੂੰ' ਤੇ 'ਖ਼ਤ' ਇਸ ਦੇ ਦੋ ਕਰਮ ਹਨ।

ਅਭਿਆਸ

ਹੇਠਾਂ ਲਿਖੇ ਵਾਕਾਂ ਦੀਆਂ ਕਿਰਿਆਂ ਦੀ ਪਦਵੰਡ ਕਰੋ:-

ਆਤਮਾ ਅਮਰ ਹੈ, ਨੇਕੀ ਤੇ ਕੰਮ ਨਾਲ ਇਹਨੂੰ ਸ਼ਾਂਤੀ ਮਿਲਦੀ ਹੈ; ਇਸ ਵਾਸਤੇ ਤੂੰ ਇਸ ਨੂੰ ਕੰਮ ਅਤੇ ਨੇਕੀ ਵੱਲ ਲਾਈ ਰੱਖ। ਹੇ ਮਨੁਖ! ਪਰਮਾਤਮਾ ਨੇ ਤੈਨੂੰ ਅਕਲ ਇਸ ਲਈ ਬਖਸ਼ੀ ਹੈ ਕਿ ਤੂੰ ਇਸ ਤੋਂ ਕੰਮ ਲਵੇਂ, ਈਸ਼ਵਰ ਦੀ ਕੁਦਰਤ ਨੂੰ ਵੇਖੇਂ ਅਤੇ ਉਸ ਦੀ ਉਪਮਾ ਦੇ ਗੀਤ ਗਾਵੇਂ।

—o—

# ਪੰਜਵਾਂ ਅਧਿਆਇ

## ਕਿਰਿਆ-ਵਿਸ਼ੇਸ਼ਣ

198. ਜੋ ਸ਼ਬਦ ਕਿਸੇ ਕਿਰਿਆ ਜਾਂ ਵਿਸ਼ੇਸ਼ਣ ਦੇ ਅਰਥਾਂ ਵਿੱਚ ਵਿਸ਼ੇਸ਼ਤਾ ਉਤਪੰਨ ਕਰੇ, ਉਸ ਨੂੰ **ਕਿਰਿਆ-ਵਿਸ਼ੇਸ਼ਣ** ਆਖਦੇ ਹਨ; ਜਿਵੇਂ– 'ਛੇਤੀ ਆਓ।' ਵਿੱਚ 'ਛੇਤੀ'; ਅਤੇ 'ਬਹੁਤ ਚੰਗਾ ਮੁੰਡਾ' ਵਿੱਚ 'ਬਹੁਤ'।

ਨੋਟ–ਕਿਰਿਆ-ਵਿਸ਼ੇਸ਼ਣ ਦਾ ਵਿਸ਼ੇਸ਼ਣ ਵੀ 'ਕਿਰਿਆ-ਵਿਸ਼ੇਸ਼ਣ' ਹੀ ਅਖਵਾਂਦਾ ਹੈ; ਜਿਵੇਂ–'ਬਹੁਤ ਛੇਤੀ ਆਓ।' ਵਿੱਚ 'ਬਹੁਤ'।

199. 'ਕਿਰਿਆ-ਵਿਸ਼ੇਸ਼ਣਾਂ' ਦੇ ਕਈ ਭੇਦ ਹਨ, ਜਿਨ੍ਹਾਂ ਵਿੱਚੋਂ ਮੁੱਖ ਏਹ ਹਨ–

(1) **ਕਾਲਵਾਚਕ** ਜੋ ਕਿਸੇ ਕੰਮ ਦੇ ਹੋਣ ਦਾ ਸਮਾਂ ਦੱਸਣ; ਜਿਹਾ ਕਿ–ਹੁਣ, ਫਿਰ, ਅੱਜ, ਭਲਕੇ, ਪਰਸੋਂ, ਜਦ, ਕਦ, ਤਦ, ਤਦੋਂ, ਹੁਣੇ।

(2) **ਸਥਾਨਵਾਚਕ** ਜੋ ਕਿਸੇ ਕੰਮ ਦੇ ਹੋਣ ਦੀ ਥਾਂ ਦੱਸਣ; ਜਿਵੇਂ– ਇੱਥੇ, ਉੱਥੇ, ਜਿੱਥੇ, ਕਿੱਥੇ, ਇੱਧਰ, ਉੱਧਰ, ਹੇਠਾਂ।

(3) **ਪਰਕਾਰਵਾਚਕ** ਜੋ ਕਿਸੇ ਕੰਮ ਦੇ ਹੋਣ ਦਾ ਪਰਕਾਰ ਜਾਂ

Sri Satguru Jagjit Singh Ji Elibrary NamdhariElibrary@gmail.com

ਢੰਗ ਦੱਸਣ; ਜਿਵੇਂ—ਇੱਕੁਟ, ਜਿੱਕੁਰ, ਇਵੇਂ, ਜਿਵੇਂ, ਕਿਵੇਂ, ਇਦਾਂ, ਇਸ ਤਰ੍ਹਾਂ, ਇਸ ਪਰਕਾਰ, ਸਹਿਜੇ-ਸਹਿਜੇ, ਧੀਰੇ-ਧੀਰੇ।

(4) **ਪਰਿਮਾਣਵਾਚਕ** ਜੋ ਕਿਸੇ ਕੰਮ ਦਾ ਜਾਂ ਗੁਣ ਆਦਿਕ ਦਾ ਪਰਿਮਾਣ ਜਾਂ ਮਿਕਦਾਰ ਦੱਸਣ; ਜਿਵੇਂ—ਬਿੱਲੀ 'ਥੋੜਾ' ਸੌਂਦੀ ਹੈ। ਉਹ ਮੁੰਡਾ 'ਨਿਰਾ' ਮੂਰਖ ਹੈ। ਉਸ ਦਾ ਰੰਗ 'ਬਹੁਤ ਹੀ' ਕਾਲਾ ਹੈ।

(5) **ਸੰਖਿਆਵਾਚਕ** ਜੋ ਕਿਸੇ ਕੰਮ ਦੀਆਂ ਵਾਰੀਆਂ ਜਾਂ ਨੰਬਰ ਦੱਸਣ; ਜਿਵੇਂ—ਇਕੇਰਾਂ, ਦੁਬਾਰਾ, ਕਈ ਵਾਰ, ‡ਇੱਕ, ਦੂਜੇ, ਤੀਜੇ।

(6) **ਨਿਰਣਾਵਾਚਕ** ਜੋ ਕਿਸੇ ਕੰਮ ਦੇ ਹੋਣ ਜਾਂ ਨਾ ਹੋਣ ਦਾ ਨਿਰਣਾ ਦੱਸਣ; ਜਿਵੇਂ—ਹਾਂ, ਨਹੀਂ, ਸਤਬਚਨ, ਹਾਂ ਜੀ, ਆਹੋ, ਠੀਕ, ਭਲਾ, ਜੀ, ਨਾ, ਨ, ਮਤ।

(7) **ਕਾਰਣਵਾਚਕ** ਜੋ ਕਿਸੇ ਕੰਮ ਦੇ ਹੋਣ ਦਾ ਸਬੱਬ ਜਾਂ ਕਾਰਣ ਦੱਸਣ; ਜਿਵੇਂ—ਕਿਉਂ, ਇਸ ਲਈ, ਇਸ ਕਰਕੇ।

(8) **ਤਾਕੀਦੀ** ਜੋ ਕੇਵਲ ਤਾਕੀਦ ਜਾਂ ਪੂੜ੍ਹਤਾ ਲਈ ਆਉਣ; ਜਿਵੇਂ—ਉਹ ਬਹੁਤ 'ਹੀ' ਮੂਰਖ ਹੈ। ਤੁਸਾਂ ਉਸ ਦੀ ਗੱਲ ਸੁਣੀ 'ਵੀ' ਹੈ? ਉਸ ਨੂੰ 'ਤਾਂ' ਮਾਮੂਲੀ ਗਿਣਨਾ 'ਤਕ' ਨਹੀਂ ਆਉਂਦਾ। ਇੱਧਰ ਵੇਖੋ 'ਨਾ'। ਮੇਰੀ ਗੱਲ ਸੁਣੋ 'ਨਾ' (=ਜ਼ਰੂਰ ਜਾਂ ਧਿਆਨ ਨਾਲ ਸੁਣੋ)

ਨੋਟ—ਵੇਖੋ ! ਉਸ + ਹੀ = ਉੱਸੇ; ਆਪ + ਹੀ = ਆਪੇ; ਇੱਕ + ਹੀ = ਇੱਕੋ; ਇਹ + ਹੀ = ਇਹੋ; ਓਹ + ਹੀ = ਓਹੀ ਜਾਂ ਓਹੀਓ; ਸੋ + ਹੀ = ਸੋਈ, ਸੋਈਓ।

200. ਕਿਰਿਆ-ਵਿਸ਼ੇਸ਼ਣਾਂ ਦੀਆਂ ਤਿੰਨ ਅਵਸਥਾਂ ਹੁੰਦੀਆਂ ਹਨ:—ਸਾਧਾਰਣ, ਪ੍ਰਸ਼ਨਿਕ, ਜੋਜਕੀ।

(1) **ਸਾਧਾਰਣ ਅਵਸਥਾ** ਵਿੱਚ ਓਹ ਕੇਵਲ ਕਿਰਿਆ-ਵਿਸ਼ੇਸ਼ਣ ਹੀ ਹੁੰਦੇ ਹਨ ਤੇ ਹੋਰ ਕੋਈ ਕੰਮ ਨਹੀਂ ਦਿੰਦੇ; ਜਿਵੇਂ—ਉਹ 'ਹੁਣੇ' ਆਇਆ ਹੈ।

(2) **ਪ੍ਰਸ਼ਨਿਕ ਅਵਸਥਾ** ਵਿੱਚ ਨਾ ਕੇਵਲ ਕਿਰਿਆ-ਵਿਸ਼ੇਸ਼ਣ ਹੀ

---

‡ਜਿਵੇਂ—ਸ਼ਰਾਬ ਪੀਣ ਨਾਲ 'ਇੱਕ' ਤਾਂ ਧਨ ਦਾ ਨਾਸ ਹੁੰਦਾ ਹੈ, "ਦੂਜੇ' ਸਿਹਤ ਨੂੰ ਨੁਕਸਾਨ ਪਹੁੰਚਦਾ ਹੈ, ਤੇ 'ਤੀਜੇ' ਅਪਜਸ ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਹੁੰਦੇ ਹਨ, ਸਗੋਂ ਕੁਝ ਪੁੱਛਣ ਦਾ ਕੰਮ ਵੀ ਦੇਂਦੇ ਹਨ; ਜਿਵੇਂ–ਕਦੋਂ, ਕਿੱਥੇ, ਕਿਵੇਂ, ਕਿਉਂ ?

(3) **ਯੋਜਕੀ ਅਵਸਥਾ** ਵਿੱਚ ਓਹ ਕਿਰਿਆ-ਵਿਸ਼ੇਸ਼ਣ ਵੀ ਹੁੰਦੇ ਹਨ ਤੇ ਯੋਜਕਾਂ ਦੀ ਤਰ੍ਹਾਂ ਦੋ ਵਾਕਾਂ ਨੂੰ ਜੋੜਦੇ ਵੀ ਹਨ; ਜਿਵੇਂ–ਜਦੋਂ, ਜਿੱਥੇ ਜਿਵੇਂ, ਜਿੱਕੁਰ।

201. ਕਿਰਿਆ-ਵਿਸ਼ੇਸ਼ਣ ਆਮ ਤੌਰ ਤੇ ਅਸਾਧ ਹੀ ਹੁੰਦੇ ਹਨ; ਜਿਵੇਂ–ਬਿੱਲੀ 'ਥੋੜਾ' ਸੌਂਦੀ ਹੈ। ਕੋਇਲ 'ਉੱਚਾ' ਗਾਉਂਦੀ ਹੈ। ਪਰ ਕਿਤੇ-ਕਿਤੇ ਬਦਲ ਵੀ ਜਾਂਦੇ ਹਨ; ਜਿਵੇਂ–ਉਹ 'ਸਿੱਧਾ' ਇੱਥੇ ਆ ਜਾਏ। ਓਹ 'ਸਿੱਧੇ' ਇੱਥੇ ਆ ਜਾਣ। ਚਿੱਠੀ 'ਸਿੱਧੀ' ਏਥੇ ਆ ਜਾਏ। ਚਿੱਠੀਆਂ 'ਸਿੱਧੀਆਂ' ਏਥੇ ਆ ਜਾਣ।

# ਕਿਰਿਆ-ਵਿਸ਼ੇਸ਼ਣਾਂ ਦੀ ਪਦ-ਵੰਡ

202. ਕਿਰਿਅ-ਵਿਸ਼ੇਸ਼ਣਾਂ ਦੀ ਪਦਵੰਡ ਕਰਨ ਵਿੱਚ (1) ਪਰਕਾਰ; (2) ਅਵਸਥਾ; ਤੇ (3) ਵਿਸ਼ੇਸ਼ ਦੱਸੋ।

ਵਾਕ–ਭਾਈ ! ਤੂੰ ਬੋਲਦਾ ਕਿਉਂ ਨਹੀਂ ?

ਕਿਉਂ–ਕਿਰਿਆ-ਵਿਸ਼ੇਸ਼ਣ, ਕਾਰਣਵਾਚਕ; ਪ੍ਰਸ਼ਨਿਕ ਅਵਸਥਾ, ਕਿਰਿਆ 'ਬੋਲਦਾ' ਇਸ ਦਾ ਵਿਸ਼ੇਸ਼ ਹੈ।

ਨਹੀਂ–ਕਿਰਿਆ-ਵਿਸ਼ੇਸ਼ਣ, ਨਿਰਣਾਵਾਚਕ, ਸਾਧਾਰਣ ਅਵਸਥਾ, ਕਿਰਿਆ 'ਬੋਲਦਾ' ਇਸ ਦਾ ਵਿਸ਼ੇਸ਼ ਹੈ।

ਵਾਕ–ਉਹ ਮੁੰਡਾ ਬੜਾ ਸਿਆਣਾ ਹੈ।

ਬੜਾ–ਕਿਰਿਆ-ਵਿਸ਼ੇਸ਼ਣ, ਪਰਿਮਾਣਵਾਚਕ, ਸਾਧਾਰਣ ਅਵਸਥਾ, ਵਿਸ਼ੇਸ਼ਣ 'ਸਿਆਣਾ' ਇਸ ਦਾ ਵਿਸ਼ੇਸ਼ ਹੈ।

### ਅਭਿਆਸ

ਇਨ੍ਹਾਂ ਵਾਕਾਂ ਵਿੱਚ ਆਏ ਕਿਰਿਆ-ਵਿਸ਼ੇਸ਼ਣਾਂ ਦੀ ਪਦ-ਵੰਡ ਕਰੋ:–

ਕੋਇਲ ਬਹੁਤ ਉੱਚਾ ਬੋਲਦੀ ਹੈ। ਰੇਲ-ਗੱਡੀ ਬਹੁਤ ਤੇਜ਼ ਚਲਦੀ ਹੈ। ਪੰਜਾਬ ਬੜਾ ਉਪਜਾਊ ਦੇਸ ਹੈ। ਉਹ ਮੁੰਡਾ ਬੜਾ ਮੂਰਖ ਹੈ। ਇੱਧਰ ਵੇਖੋ ਨਾ। ਮੇਰੀ ਗੱਲ ਸੁਣੋ ਵੀ।

Sri Satguru Jagjit Singh Ji Elibrary NamdhariElibrary@gmail.com

# ਛੇਵਾਂ ਅਧਿਆਇ

## ਸੰਬੰਧਕ

203, ਜੋ ਸ਼ਬਦ ਕਿਸੇ ਨਾਉਂ ਜਾਂ ਪੜਨਾਉਂ ਦੇ ਮਗਰ ਆ ਕੇ ਉਸ ਦਾ ਸੰਬੰਧ ਵਾਕ ਦੀ ਕਿਰਿਆ ਜਾਂ ਕਿਸੇ ਹੋਰ ਸ਼ਬਦ ਨਾਲ ਪਰਗਟ ਕਰੇ, ਉਸ ਨੂੰ **ਸੰਬੰਧਕ** ਆਖਦੇ ਹਨ; ਜਿਵੇ –'ਸ਼ਿਕਾਰੀ ਨੇ ਹਰਨ ਨੂੰ ਤੀਰ ਨਾਲ ਮਾਰਿਆ।' ਵਿੱਚ 'ਨੇ', 'ਨੂੰ', 'ਨਾਲ'।

204. ਜੋ ਸ਼ਬਦੰਸ਼ ਜਾਂ ਪਿਛੇਤਰ ਕਿਸੇ ਸੰਬੰਧਕ ਦਾ ਕੰਮ ਦੇਵੇ, ਉਸ ਨੂੰ **ਸੰਬੰਧ-ਸੂਚਕ ਪਿਛੇਤਰ** ਆਖਦੇ ਹਨ; ਜਿਹਾ ਕਿ–'ਕੋਠਿਓਂ', 'ਪਹਾੜੋਂ', 'ਧੁੱਪੇ' ਤੇ 'ਪੈਰੀਂ' ਦੇ ਅੰਤ ਵਿੱਚ ਓਂ, ੋਂ, ੇ, ੀਂ।

205. ਸੰਬੰਧਕ ਜਾਂ ਸੰਬੰਧ-ਸੂਚਕ ਪਿਛੇਤਰ ਜਿਸ ਨਾਉਂ-ਪੜਨਾਉਂ, ਦੇ ਮਗਰ ਆਉਣ, ਉਸ ਨੂੰ **ਸੰਬੰਧੀ**, ਤੇ ਜਿਸ ਦੂਜੇ ਸ਼ਬਦ ਨਾਲ ਉਸ ਦਾ ਸੰਬੰਧ ਪਰਗਟ ਕਰਨ, ਉਹਨੂੰ **ਸੰਬੰਧਮਾਨ** ਆਖਦੇ ਹਨ; ਜਿਵੇਂ–'ਸਿਪਾਹੀ ਦੀ ਵਰਦੀ' ਵਿੱਚ 'ਸਿਪਾਹੀ' ਸੰਬੰਧੀ ਤੇ 'ਵਰਦੀ' ਸੰਬੰਧਮਾਨ ਹੈ।

206. ਸੰਬੰਧਕ ਤਿੰਨ ਪਰਕਾਰ ਦੇ ਹਨ–ਪੂਰਣ, ਅਪੂਰਣ ਤੇ ਦੁਬਾਜਰੇ।

(1) ਜੋ ਸ਼ਬਦ ਇਕੱਲੇ ਹੀ ਸੰਬੰਧਕ ਹੋ ਸਕਣ, ਓਹ **ਪੂਰਣ ਸੰਬੰਧਕ** ਅਖਵਾਂਦੇ ਹਨ; ਜਿਵੇਂ–ਨੇ, ਨੂੰ, ਤੋਂ, ਥੋਂ, ਥੀਂ, ਤਕ, ਤੋੜੀ, ਤਾਈਂ, ਪੁਰ, ਤੇ, ਦਾ, ਦੇ, ਦੀ।

ਨੋਟ–ਸੰਬੰਧ-ਸੂਚਕ ਪਿਛੇਤਰ ਸਦਾ 'ਪੂਰਣ' ਹੀ ਹੁੰਦੇ ਹਨ।

(2) ਜੋ ਸ਼ਬਦ ਇਕੱਲੇ ਸੰਬੰਧਕ ਨਾ ਹੋ ਸਕਣ, ਸਗੋਂ ਕਿਸੇ ਪੂਰਣ ਸੰਬੰਧਕ ਨਾਲ ਮਿਲ ਕੇ ਹੀ ਆਉਂਦੇ ਹੋਣ, ਓਹ **ਅਪੂਰਣ ਸੰਬੰਧਕ** ਹੁੰਦੇ ਹਨ; ਜਿਵੇਂ–ਦੂਰ, ਨੇੜੇ, ਬਾਹਰ, ਸਾਹਮਣੇ, ਪਰੇ, ਪਹਿਲੋਂ।

(3) ਜੋ ਸ਼ਬਦ ਕਦੇ ਪੂਰਣ ਤੇ ਕਦੇ ਅਪੂਰਣ ਸੰਬੰਧਕ ਹੋਣ, ਓਹਨਾਂ ਨੂੰ **ਦੁਬਾਜਰੇ ਸੰਬੰਧਕ** ਆਖੀਦਾ ਹੈ; ਜਿਹਾ ਕਿ–ਕੋਲ, ਪਾਸ, ਬਿਨਾਂ, ਬਾਝ, ਨਾਲ, ਲਈ, ਮਾਰੇ, ਕਰਕੇ, ਵੱਲ, ਉੱਤੇ, ਰਾਹੀਂ, ਦੁਆਰਾ। ਉਦਾਹਰਣ

Sri Satguru Jagjit Singh Ji Elibrary NamdhariElibrary@gmail.com

ਇਹ ਹਨ:-

ਪੂਰਣ-ਮੇਰੀ ਪੋਥੀ ਉਸ 'ਕੋਲ' ਹੈ। ਅਪੂਰਣ-ਮੇਰੀ ਪੋਥੀ ਉਸ ਦੇ 'ਕੋਲ' ਹੈ।

207. ਹੇਠਾਂ ਲਿਖੇ ਸ਼ਬਦ ਨਾਉਂ-ਪੜਨਾਉਂ ਦੇ ਮਗਰ ਆ ਕੇ ਸੰਬੰਧਕ ਹੀ ਹੁੰਦੇ ਹਨ (ਕੰਠ ਕਰ ਲਓ):-

ਉੱਪਰ, ਹੇਠਾਂ, ਪਹਿਲਾਂ, ਪਿੱਛੋਂ, ਮਗਰੋਂ, ਉਪਰੰਤ, ਅੱਗੇ, ਪਿੱਛੇ, ਨਮਿੱਤ, ਵਾਸਤੇ, ਕਾਰਣ, ਸਬੱਬ, ਮਾਰੇ, ਮਾਰਿਆਂ, ਬਾਬਤ, ਮਾਰਫਤ, ਰੂਬਰੂ, ਨਜ਼ੀਕ, ਬਦਲੇ, ਬਗੈਰ, ਸਿਵਾ, ਇਲਾਵਾ, ਤੁਲ, ਜੋਗ, ਲਾਇਕ, ਸਮਾਨ, ਜੇਹਾ, ਵਰਗਾ, ਵਾਙੂ, ਤਰ੍ਹਾਂ, ਨਿਆਈਂ, ਵਿਰੁੱਧ, ਅਨੁਸਾਰ।

208. ਗੁਰਬਾਣੀ ਵਿੱਚ 'ਿ' 'ੀ' 'ੈ' 'ੋ' ਤੇ 'ਹੁ' ਵੀ ਸੰਬੰਧ-ਸੂਚਕ ਪਿਛੇਤਰ ਆਮ ਮਿਲਦੇ ਹਨ; ਜਿਵੇਂ-

ਿ-ਤਿਸਦੈ 'ਚਾਨਣਿ' (ਚਾਨਣ ਕਰਕੇ) ਸਭ ਮਹਿ ਚਾਨਣੁ ਹੋਇ ॥

ੀ-ਵੇਲ ਨ ਪਾਈਆ 'ਪੰਡਿਤੀ' (ਪੰਡਤਾਂ ਨੇ) ਜਿ ਹੋਵੈ ਲੇਖੁ ਪੁਰਾਣੁ ॥

ੈ-ਨਾਨਕ 'ਹੁਕਮੈ' (ਹੁਕਮ ਨੂੰ) ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ੋ-'ਮੁਹੌ' (ਮੂੰਹ ਤੋਂ) ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ ॥

ਹੁ-'ਨੈਨਹੁ' (ਨੈਨਾਂ ਨਾਲ) ਪੇਖੁ ਠਾਕੁਰ ਕਾ ਰੰਗੁ ॥

209. ਸੰਬੰਧਕ ਆਮ ਤੌਰ ਤੇ ਅਸਾਧ ਹੀ ਹੁੰਦੇ ਹਨ; ਪਰ ਜੋ ਸੰਬੰਧਕ ਮੂਲੋਂ 'ਕੰਨਾ-ਅੰਤ ਵਿਸ਼ੇਸ਼ਣ' ਹੁੰਦੇ ਹਨ, ਓਹਨਾਂ ਦਾ ਰੂਪ ਸੰਬੰਧਮਾਨ ਦੇ ਲਿੰਗ-ਵਚਨ ਅਨੁਸਾਰ ਜ਼ਰੂਰ ਬਦਲਦਾ ਹੈ; ਜਿਵੇਂ ਹਿਮਾਲਾ 'ਜੇਹਾ' ਪਹਾੜ, ਪੰਜਾਬ 'ਵਰਗੇ' ਦੇਸ, ਗੰਗਾ 'ਜੇਹੀਆਂ' ਨਦੀਆਂ, ਆਦਿਕ।

210. ਸੰਬੰਧਕਾਰਕ ਦੇ ਚਿੰਨ੍ਹਾਂ 'ਦਾ' 'ਰਾ', 'ੜਾ' ਤੇ 'ਣਾ' ਦੇ ਰੂਪ ਵੀ ਸੰਬੰਧਮਾਨ ਦੇ ਅਨੁਸਾਰ ਬਦਲੇ ਹਨ; ਜਿਵੇਂ-

| | ਪੁਲਿੰਗ | | ਇਸਤ੍ਰੀ ਲਿੰਗ | |
|---|---|---|---|---|
| ਕਾਰਕਰੂਪ | ਇੱਕਵਚਨ | ਬਹੁਵਚਨ | ਇੱਕਵਚਨ | ਬਹੁਵਚਨ |
| ਸਾਧਾਰਣ | ਦਾ | ਦੇ | ਦੀ | ਦੀਆਂ |
| ਸੰਬੰਧਕੀ | ਦੇ | ਦਿਆਂ | ਦੀ | ਦੀਆਂ |
| ਸੰਬੋਧਨ | ਦਿਆ | ਦਿਓ | ਦੀਏ | ਦੀਓ |

ਉਦਾਹਰਣ

ਰਾਮ ਦੇ ਪੁੱਤਰ ਨੇ, ਰਾਮ ਦਿਆਂ ਪੁੱਤਰਾਂ ਨੇ।

ਰਾਜੇ ਦਿਆ ਨੌਕਰਾ ! ਰਾਜੇ ਦਿਓ ਨੌਕਰੋ!

Sri Satguru Jagjit Singh Ji Elibrary NamdhariElibrary@gmail.com

# ਸੰਬੰਧਕਾਂ ਦੀ ਪਦ-ਵੰਡ

**211.** ਸੰਬੰਧਕਾਂ ਦੀ ਪਦ-ਵੰਡ ਵਿੱਚ ਸੰਬੰਧਕ ਕਹਿ ਕੇ ਉਸ ਦਾ 'ਪਰਕਾਰ', ਸੰਬੰਧੀ ਤੇ 'ਸੰਬੰਧਮਾਨ' ਦੱਸਣਾ ਚਾਹੀਦਾ ਹੈ; ਜਿਵੇਂ–

ਵਾਕ–ਸੂਬੇਦਾਰ ਨੇ ਸਿਪਾਹੀ ਦੇ ਹੱਥੋਂ ਬੰਦੂਕ ਖੋਹ ਲਈ।

ਨੇ–ਸੰਬੰਧਕ, ਪੂਰਣ; ਇਸ ਦਾ ਸੰਬੰਧੀ 'ਸੂਬੇਦਾਰ' ਹੈ ਜੋ ਕਰਤਾ ਕਾਰਕ ਵਿੱਚ ਹੈ, ਕਿਰਿਆ 'ਖੋਹ ਲਈ' ਇਸ ਦਾ ਸੰਬੰਧਮਾਨ ਹੈ।

ਦੇ–ਸੰਬੰਧਕ, ਪੂਰਣ; ਇਸ ਦਾ ਸੰਬੰਧੀ 'ਸਿਪਾਹੀ' ਹੈ ਜੋ ਸੰਬੰਧਕਾਰਕ ਵਿੱਚ ਹੈ, ਨਾਉਂ 'ਹੱਥ' ਇਸ ਦਾ ਸੰਬੰਧਮਾਨ ਹੈ।

ੋਂ (= ਵਿੱਚੋਂ)–ਸੰਬੰਧਸੂਚਕ ਪਿਛੇਤਰ, ਪੂਰਣ; ਇਸ ਦਾ ਸੰਬੰਧੀ 'ਹੱਥ' ਹੈ ਜੋ ਅਪਾਦਾਨ ਕਾਰਕ ਵਿੱਚ ਹੈ, ਨਾਉਂ 'ਬੰਦੂਕ' ਇਸ ਦਾ ਸੰਬੰਧਮਾਨ ਹੈ।

### ਅਭਿਆਸ

1. ਸੰਬੰਧਕ, ਸੰਬੰਧਸੂਚਕ ਪਿਛੇਤਰ, ਸੰਬੰਧੀ ਤੇ ਸੰਬੰਧਮਾਨ ਦੇ ਲੱਛਣ ਤੇ ਉਦਾਹਰਣ ਦੱਸੋ; ਨਾਲੇ ਦੱਸੋ ਕਿ ਸੰਬੰਧਕ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ।
2. ਇਨ੍ਹਾਂ ਸੰਬੰਧਸੂਚਕ ਪਿਛੇਤਰਾਂ ਦੇ ਉਦਾਹਰਣ ਦੱਸੋ:–
   ਿ, ੀ, ੀਂ, ੇ, ੋਂ, ੈਂ, ੈ, ਓਂ, ਹੁ,
   ਰਾ, ਰੇ, ਡਾ, ਡੇ, ਣਾ, ਣੇ, ਣੀ, ਣੀਆਂ।
3. ਇਨ੍ਹਾਂ ਵਾਕਾਂ ਵਿੱਚ ਆਏ ਸੰਬੰਧਕਾਂ ਦੀ ਪਦਵੰਡ ਕਰੋ–
   ਸਾਡੇ ਸਕੂਲ ਦੀ ਪੜ੍ਹਾਈ ਬਹੁਤ ਚੰਗੀ ਹੈ। ਲੋਕਾਂ ਦੇ ਘਰੀਂ ਨਾ ਫਿਰੋ। ਧਿਆਨ ਨਾਲ ਪੜ੍ਹੋ। ਬੁਰਿਆਂ ਕੋਲ ਨਾ ਬੈਠੋ।

—o—

Sri Satguru Jagjit Singh Ji Elibrary NamdhariElibrary@gmail.com

# ਸੱਤਵਾਂ ਅਧਿਆਇ

## ਯੋਜਕ

**212.** ਜੋ ਸ਼ਬਦ ਦੋ ਵਾਕਾਂ ਜਾਂ ਸ਼ਬਦਾਂ ਨੂੰ ਜੋੜਨ, ਓਹਨਾਂ ਨੂੰ **ਯੋਜਕ** ਆਖਦੇ ਹਨ; ਜਿਵੇਂ–ਅਤੇ, ਅਰ, ਪਰ ।

**213.** ਯੋਜਕਾਂ ਦੁਆਰਾ ਜੁੜੇ ਹੋਏ ਵਾਕ ਦੋ ਤਰ੍ਹਾਂ ਦੇ ਹੁੰਦੇ ਹਨ–ਇੱਕ 'ਸੰਯੁਕਤ', ਤੇ ਦੂਜੇ 'ਮਿਸਰਿਤ'; ਜਿਵੇਂ–

ਰਾਮ ਨੇ ਰੋਟੀ ਖਾਧੀ । ਸ਼ਾਮ ਨੇ ਰੋਟੀ ਖਾਧੀ ।

'ਇਹ ਦੋਵੇਂ ਸੁਤੰਤਰ (ਆਪਣੇ ਆਪ ਵਿੱਚ ਪੂਰੇ) ਵਾਕ ਹਨ; ਜੇ ਏਹਨਾਂ ਨੂੰ ਜੋੜ ਕੇ ਇੱਕੋ ਵਾਕ (ਰਾਮ ਅਤੇ ਸ਼ਾਮ ਨੇ ਰੋਟੀ ਖਾਧੀ) ਬਣਾਇਆ ਜਾਵੇ, ਤਾਂ ਇਸ ਵੱਡੇ ਵਾਕ ਨੂੰ 'ਸੰਯੁਕਤ ਵਾਕ' ਆਖਦੇ ਹਨ ।

ਹੁਣ ਵੇਖੋ ਕਿ 'ਪੜ੍ਹਨਾ ਚੰਗਾ ਕੰਮ ਹੈ' ਇੱਕ ਪੂਰਾ ਵਾਕ ਹੈ; ਪਰ 'ਸਭ ਜਾਣਦੇ ਹਨ' ਪੂਰਾ ਵਾਕ ਨਹੀਂ; ਕਿਉਂਕਿ ਇਸ ਵਿੱਚ ਕਿਰਿਆ 'ਜਾਣਦੇ ਹਨ' ਦਾ 'ਕਰਮ' ਮੌਜੂਦ ਨਹੀਂ; ਇਸ ਲਈ ਜੇ ਪਹਿਲੇ ਵਾਕ ਨੂੰ ਇਸ ਦਾ 'ਕਰਮ' ਬਣਾ ਕੇ ਦਿਉਂ ਕਿਹਾ ਜਾਵੇ–'ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ ।' ਤਾਂ ਇਸ ਵੱਡੇ ਵਾਕ ਨੂੰ 'ਮਿਸਰਿਤ ਵਾਕ' ਕਿਹਾ ਜਾਏਗਾ, ਤੇ ਲੱਛਣ ਦਿਉਂ ਹੋਣਗੇ:–

(1) ਦੋ ਸੁਤੰਤਰ ਵਾਕਾਂ ਦੇ ਸੰਯੋਗ ਥੀਂ ਜੋ ਵਾਕ ਬਣੇ, ਉਸ ਨੂੰ **ਸੰਯੁਕਤ ਵਾਕ** ਆਖਦੇ ਹਨ; ਜਿਵੇਂ–ਰਾਮ ਅਤੇ ਸ਼ਾਮ ਨੇ ਰੋਟੀ ਖਾਧੀ ।

(2) ਜਦੋਂ ਦੋ ਵਾਕ ਆਪਸ ਵਿੱਚ ਇਸ ਤਰ੍ਹਾਂ ਜੁੜਨ ਕਿ ਇੱਕ ਵਾਕ ਦੂਜੇ ਵਾਕ ਦਾ ਹਿੱਸਾ ਹੋ ਜਾਏ, ਤਾਂ ਉਸ ਵੱਡੇ ਵਾਕ ਨੂੰ **ਮਿਸਰਿਤ ਵਾਕ** ਕਿਹਾ ਜਾਂਦਾ ਹੈ; ਜਿਵੇਂ–ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ ।

(3) ਜਿਨ੍ਹਾਂ ਵਾਕਾਂ ਦੇ ਮਿਲਾਪ ਥੀਂ ਕੋਈ ਸੰਯੁਕਤ ਜਾਂ ਮਿਸਰਿਤ ਵਾਕ ਬਣੇ, ਉਨ੍ਹਾਂ ਨੂੰ **ਉਪਵਾਕ** ਆਖਦੇ ਹਨ ।

**214.** ਉਪਵਾਕ ਤਿੰਨ ਤਰ੍ਹਾਂ ਦੇ ਹਨ–ਪਰਧਾਨ, ਅਧੀਨ, ਤੇ ਸਮਾਨ ।

(ੳ) ਮਿਸਰਿਤ ਵਾਕ ਵਿਚ ਜੋ ਉਪਵਾਕ ਕਿਸੇ ਹੋਰ ਉਪਵਾਕ ਦਾ

Sri Satguru Jagjit Singh Ji Elibrary NamdhariElibrary@gmail.com

ਹਿੱਸਾ ਹੋਵੇ, ਉਸ ਨੂੰ **ਅਧੀਨ ਉਪਵਾਕ** ਆਖਦੇ ਹਨ, ਤੇ ਜਿਸ ਦਾ ਹਿੱਸਾ ਹੋਵੇ, ਉਸ ਨੂੰ **ਪਰਧਾਨ ਉਪਵਾਕ** ਕਹਿੰਦੇ ਹਨ; ਜਿਵੇਂ-ਸਭ ਜਾਣਦੇ ਹਨ (ਪਰਧਾਨ) ਕਿ ਪੜ੍ਹਨਾ ਚੰਗਾ ਕੰਮ ਹੈ (ਅਧੀਨ)।

(ਅ) ਜਿਨ੍ਹਾਂ ਸੁਤੰਤਰ ਵਾਕਾਂ ਦੇ ਮਿਲਾਪ ਤੋਂ ਕੋਈ ਸੰਯੁਕਤ ਵਾਕ ਬਣੇ, ਉਨ੍ਹਾਂ ਨੂੰ **ਸਮਾਨ ਉਪਵਾਕ** ਕਿਹਾ ਜਾਂਦਾ ਹੈ; ਜਿਵੇਂ–'ਰਾਮ ਨੇ ਅਤੇ ਸ਼ਾਮ ਨੇ ਰੋਟੀ ਖਾਧੀ।' ਵਿੱਚ 'ਰਾਮ ਨੇ ਰੋਟੀ ਖਾਧੀ।' ਤੇ 'ਸ਼ਾਮ ਨੇ ਰੋਟੀ ਖਾਧੀ।' ਦੋਵੇਂ 'ਸਮਾਨ ਉਪਵਾਕ' ਹਨ।

# ਯੋਜਕਾਂ ਦੀ ਵੰਡ

215. ਯੋਜਕ ਦੋ ਪਰਕਾਰ ਦੇ ਹਨ (ੳ) ਸਮਾਨ; ਤੇ (ਅ) ਅਧੀਨ।

(ੳ) ਜੋ ਸ਼ਬਦ ਦੋ ਸੁਤੰਤਰ ਵਾਕਾਂ ਨੂੰ ਜੋੜਨ (ਅਥਵਾ ਸੰਯੁਕਤ ਵਾਕ ਬਣਾਉਣ), ਓਹਨਾਂ ਨੂੰ **ਸਮਾਨ ਯੋਜਕ** ਆਖਦੇ ਹਨ; ਜਿਵੇਂ- ਅਤੇ, ਅਰ ਪਰ।

(ਅ) ਜੋ ਸ਼ਬਦ ਅਧੀਨ ਉਪਵਾਕਾਂ ਨੂੰ ਪਰਧਾਨ ਉਪਵਾਕ ਨਾਲ ਜੋੜਨ (ਅਥਵਾ ਮਿਸਰਿਤ ਵਾਕ ਬਣਾਉਣ), ਓਹਨਾਂ ਨੂੰ **ਅਧੀਨ ਯੋਜਕ** ਆਖਿਆ ਜਾਂਦਾ ਹੈ; ਜਿਵੇਂ–ਕਿ, ਜੋ, ਜੇ...ਤਾਂ।

216. ਸੰਯੁਕਤ ਵਾਕ ਬਣਾਉਣ ਦੇ ਵੱਖੋ ਵੱਖਰੇ ਚਾਰ ਢੰਗ ਹੋਣ ਕਰਕੇ **ਸਮਾਨ ਯੋਜਕ** ਚਾਰ ਭਾਂਤ ਦੇ ਹਨ:–

**(1) ਸਮੁੱਚੀ** ਜੋ ਦੋ ਸੁਤੰਤਰ ਵਾਕਾਂ ਨੂੰ ਸਾਧਾਰਣ ਤੌਰ ਤੇ ਜੋੜਨ; ਜਿਵੇਂ– ਤੇ, ਅਤੇ, ਅਰ, ਨਾਲੇ, ਵੀ, ਅਤੇ...ਵੀ, ਅਤੇ...ਦੂਹਾ, ਨਾ ਕੇਵਲ... ਸਗੋਂ...ਵੀ, ਨਾਲੇ...ਨਾਲੇ।

(ਫ਼ਕੀਰ 'ਨਾਲੇ' ਮੰਗਦਾ ਹੈ, 'ਨਾਲੇ' ਘੂਰਦਾ ਹੈ।)

**(2) ਵਿਕਲਪੀ** ਜੋ ਦੋ ਸੁਤੰਤਰ ਵਾਕਾਂ ਨੂੰ ਇਸ ਤਰ੍ਹਾਂ ਜੋੜਨ ਕਿ ਓਹਨਾਂ ਦਾ ਪਰਸਪਰ ਵਟਾਂਦਰਾ (ਜਾਂ ਦੁਹਾਂ ਵਿੱਚੋਂ ਇੱਕ ਦਾ ਭਾਵ) ਪਰਤੀਤ ਹੋਵੇ; ਜਿਵੇਂ–ਜਾਂ, ਯਾ, ਜਾਂ...ਜਾਂ, ਯਾਂ...ਯਾਂ, ਭਾਵੇਂ...ਭਾਵੇਂ, ਚਾਹੇ, ਨ...ਨ, ਇਕੇ... ਇਕੇ, 'ਕਿ, ਨਾ ਕਿ, ਅਥਵਾ, ਨਹੀਂ ਤਾਂ।

Sri Satguru Jagjit Singh Ji Elibrary NamdhariElibrary@gmail.com

*ਤੂੰ ਵੱਡਾ ਹੈਂ 'ਕਿ' ਤੇਰਾ ਭਰਾ ? 'ਇਕੋ' ਤੂੰ ਆ, 'ਇਕੋ' ਉਹ ਆਵੇ।
ਤੂੰ ਆ 'ਅਥਵਾ' ਉਹ ਆਵੇ। ਤੂੰ ਆ, 'ਨਹੀਂ ਤਾਂ' ਉਹ ਆਵੇ।
ਮੈਂ ਤੈਨੂੰ ਇਨਾਮ ਦਿੱਤਾ ਹੈ, 'ਨਾ ਕਿ' ਜੁਰਮਾਨਾ ਕੀਤਾ ਹੈ।

(3) **ਨਿਖੇਧੀ** ਜੋ ਦੋ ਸੁਤੰਤਰ ਵਾਕਾਂ ਨੂੰ ਇਸ ਤਰ੍ਹਾਂ ਜੋੜਨ ਕਿ ਇੱਕ ਦਾ ਦੂਜੇ ਨਾਲ ਟਾਕਰਾ, ਨਿਖੇਧ ਜਾਂ ਵਿਰੋਧ ਪਰਗਟ ਹੋਵੇ; ਜਿਵੇਂ–*ਪਰ, ਪਰੰਤੂ, ਐਪਰ, ਸਗੋਂ, ਹੱਥੋਂ, ਫਿਰ ਵੀ, ਤਾਂ ਵੀ।

*ਉਹ ਲਾਇਕ ਹੈ, 'ਪਰ' ਮਿਹਨਤੀ ਨਹੀਂ।
ਮੇਰਾ ਘਰ ਦੂਰ ਨਹੀਂ, 'ਸਗੋਂ' ਨੇੜੇ ਹੈ।
ਉਹ ਬੜਾ ਲਾਇਕ ਸੀ, 'ਤਾਂ ਵੀ' ਪਾਸ ਨਹੀਂ ਹੋਇਆ।

(4) **ਸੰਕੇਤੀ** ਜੋ ਦੋ ਸੁਤੰਤਰ ਵਾਕਾਂ ਨੂੰ ਇਸ ਤਰ੍ਹਾਂ ਜੋੜਨ ਕਿ ਪਹਿਲਾ ਕਾਰਣ ਨੂੰ ਤੇ ਦੂਜਾ ਕਾਰਜ (ਜਾਂ ਨਤੀਜੇ) ਨੂੰ ਪਰਗਟ ਕਰੇ; ਜਿਵੇਂ–ਇਸ ਲਈ, *ਇਸ ਵਾਸਤੇ, ਇਸ ਕਰਕੇ, ਤਾਹੀਓਂ, ਸੋ।

*ਉਹ ਮੁੰਡਾ ਚੋਰ ਹੈ, 'ਇਸ ਲਈ' ਉਸ ਦਾ ਵਿਸਾਹ ਨਾ ਕਰੋ।
ਤੇਰਾ ਕੰਮ ਹੋ ਗਿਆ ਹੈ, 'ਤਾਹੀਓਂ' ਤੂੰ ਆਉਂਦਾ ਨਹੀਂ।
ਵੀਰ ਜੀ ! ਤੁਹਾਡਾ ਪੁੱਤਰ ਪਾਸ ਹੋ ਗਿਆ ਹੈ, 'ਸੋ' ਚਿੰਤਾ ਨਾ ਕਰੋ।

217. ਬਹੁਤੇ ਸੰਯੁਕਤ ਵਾਕ **ਸੰਕੁਚਿਤ** ਰੂਪ ਵਿੱਚ ਹੀ ਹੁੰਦੇ ਹਨ। ਜਿਹਾ ਕਿ–

(1) ਸਮੁੱਚੀ–ਰਾਮ ਅਤੇ ਸ਼ਾਮ ਨੇ ਰੋਟੀ ਖਾਧੀ।
= ਰਾਮ ਨੇ ਰੋਟੀ ਖਾਧੀ। ਸ਼ਾਮ ਨੇ ਰੋਟੀ ਖਾਧੀ।
(2) ਵਿਕਲਵੀ–ਹੁਣ ਨਾ ਉੱਥੇ ਰੋਟੀ ਹੈ, ਨਾ ਪਾਣੀ।
= ਹੁਣ ਨਾ ਉੱਥੇ ਰੋਟੀ ਹੈ। ਹੁਣ ਨਾ ਉੱਥੇ ਪਾਣੀ ਹੈ।
(3) ਨਿਖੇਧੀ–ਤੇਤਾ ਗੱਲਾਂ ਕਰਦਾ ਹੈ, ਪਰ ਖੋਤਾ ਨਹੀਂ।
= ਤੋਤਾ ਗੱਲਾਂ ਕਰਦਾ ਹੈ। ਖੋਤਾ ਗੱਲਾਂ ਨਹੀਂ ਕਰਦਾ।

ਨੋਟ–ਜੇ ਕੋਈ ਵਾਕ ਇੰਨਾ **ਸੰਕੁਚਿਤ** ਹੋਵੇ ਕਿ ਉਸ ਦੇ ਉਪਵਾਕਾਂ ਨੂੰ ਅੱਡ-ਅੱਡ ਕਰ ਕੇ ਦੱਸਣਾ ਹੀ ਕਠਨ ਹੋਵੇ, ਤਾਂ ਉਸ ਨੂੰ **ਸਾਧਾਰਨ** ਵਾਕ ਹੀ ਕਿਹਾ ਜਾਏਗਾ, ਸੰਯੁਕਤ ਜਾਂ ਮਿਸਰਿਤ ਨਹੀਂ; ਜਿਵੇਂ–ਦੋ ਤੇ ਦੋ ਚਾਰ ਹੁੰਦੇ ਹਨ। ਰਾਮ ਤੇ ਸ਼ਾਮ ਦੋ ਸੱਕੇ ਭਰਾ ਹਨ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

ਯੋਜਕਾਂ ਦੀਆਂ ਮੁੱਖ ਸਰੇਣੀਆਂ ਕਿੰਨੀਆਂ ਤੇ ਕਿਹੜੀਆਂ ਕਿਹੜੀਆਂ ਹਨ ? ਸਮਾਨ ਯੋਜਕ ਕਿਹਨੂੰ ਆਖਦੇ ਹਨ, ਅਤੇ ਅਧੀਨ ਯੋਜਕ ਕਿਹਨੂੰ ? ਸਮਾਨ ਯੋਜਕ ਕਿੰਨੇ ਤੇ ਕਿਹੜੇ ਕਿਹੜੇ ਪਰਕਾਰ ਦੇ ਹਨ ? ਹਰ ਇੱਕ ਦਾ ਲੱਛਣ ਤੇ ਉਦਾਹਰਣ ਦੱਸੋ।

# ਅਧੀਨ ਯੋਜਕਾਂ ਦੀ ਵੰਡ

218. ਅਧੀਨ ਯੋਜਕ ਜਦੋਂ ਮਿਸਰਿਤ ਵਾਕ ਦੇ ਉਪਵਾਕਾਂ ਨੂੰ ਜੋੜਦੇ ਹਨ, ਤਾਂ ਓਹਨਾਂ ਵਿੱਚ ਪਰਸਪਰ ਕਈ ਪਰਕਾਰ ਦਾ ਸੰਬੰਧ ਪਰਗਟ ਹੁੰਦਾ ਹੈ; ਜਿਵੇਂ–

(1) **ਸਾਮਾਨ ਅਧਿਕਰਣ** ਜਦ ਅਧੀਨ ਉਪਵਾਕ ਕਿਸੇ ਨਾਉਂ-ਪੜਨਾਉਂ ਦਾ 'ਸਮਾਨ ਅਧਿਕਰਣ' ਹੋਵੇ, ਤਾਂ ਅਧੀਨ ਯੋਜਕ 'ਕਿ', 'ਜੁ' ਜਾਂ 'ਪਈ' ਹੁੰਦਾ ਹੈ; ਜਿਵੇਂ–

| ਪਰਧਾਨ ਉਪਵਾਕ | | ਅਧੀਨ ਉਪਵਾਕ |
|---|---|---|
| ਇਹ ਗੱਲ ਸਭ ਜਾਣਦੇ ਹਨ | 'ਕਿ' | ਪੜ੍ਹਨਾ ਚੰਗਾ ਕੰਮ ਹੈ। |
| ਇਹ ਸੱਚ ਹੈ | 'ਜੁ' | ਗੁਰੂ ਬਿਨਾਂ ਗਤ ਨਹੀਂ ਹੁੰਦੀ। |
| ਉਸ ਨੇ ਇਹੋ ਆਖਿਆ ਸੀ | 'ਪਈ' | ਇੱਥੇ ਮਾੜੇ ਦੀ ਥਾਂ ਨਹੀਂ। |

ਇੱਥੇ 'ਇਹ ਗੱਲ' ਤੇ 'ਇਹ' †ਮੁੱਖ ਸ਼ਬਦ ਹਨ, ਜੋ ਕਦੇ ਪਰਗਟ ਤੇ ਕਦੇ ਲੁਪਤ ਹੁੰਦੇ ਹਨ, ਅਤੇ ਅਧੀਨ ਉਪਵਾਕ ਉਨ੍ਹਾਂ ਦੇ 'ਸਮਾਨ ਅਧਿਕਰਣ' ਕਹੇ ਜਾਂਦੇ ਹਨ।

(2) **ਕਾਰਣ** ਜਦ 'ਅਧੀਨ ਉਪਵਾਕ' ਪਰਧਾਨ ਉਪਵਾਕ ਦੀ ਕਿਰਿਆ

---

†ਜਦ ਦੋ ਸ਼ਬਦ ਜਾਂ ਸ਼ਬਦ-ਸਮੂਹ ਇਕੱਠੇ ਆ ਕੇ ਇੱਕੋ ਗੱਲ ਦੇ ਵਾਚਕ ਹੋਣ, ਅਥਵਾ, ਦੂਜਾ ਪਹਿਲੇ ਦੇ ਅਰਥਾਂ ਦੀ ਸਪਸ਼ਟਤਾ ਜਾਂ ਵਿਆਖਿਆ ਕਰੇ, ਤਾਂ ਪਹਿਲੇ ਨੂੰ **ਮੁੱਖ ਸ਼ਬਦ**, ਤੇ ਦੂਜੇ ਨੂੰ **ਸਮਾਨ ਅਧਿਕਰਣ** ਜਾਂ **ਅਨੁਕ੍ਰਮੀ** ਆਖਦੇ ਹਨ; ਜਿਵੇਂ–ਕਾਸ਼ੀ ਜਾਂ ਬਨਾਰਸ ਸੰਸਕ੍ਰਿਤ ਦਾ ਘਰ ਹੈ। ਇੱਥੇ 'ਕਾਸ਼ੀ' ਮੁੱਖ ਸ਼ਬਦ ਹੈ, ਤੇ 'ਬਨਾਰਸ' ਅਨੁਕ੍ਰਮੀ।

Sri Satguru Jagjit Singh Ji Elibrary NamdhariElibrary@gmail.com

ਦਾ ਕਾਰਣ ਦੱਸੇ, ਤਾਂ ਅਧੀਨ ਯੋਜਕ ਏਹ ਹੁੰਦੇ ਹਨ—ਕਿਉਂਕਿ, ਕਿਉਂ ਜੁ, ਇਸ ਲਈ, ਇਸ ਲਈ ਕਿ, ਇਸ ਲਈ ਜੁ, ਕਿਉਂਕਿ...ਇਸ ਲਈ, ਕਿਉਂ ਜੁ.....ਇਸ ਲਈ, ਚੂੰਕਿ..ਇਸ ਲਈ; ਜਿਵੇਂ—

| ਪਰਧਾਨ ਉਪਵਾਕ | ਅਧੀਨ ਉਪਵਾਕ |
|---|---|
| ਮੁੰਡਾ ਰੋਂਦਾ ਹੈ, | 'ਕਿਉਂਕਿ' ਉਸ ਦੀ ਮਾਂ ਬਿਮਾਰ ਹੈ। |
| ਮੁੰਡਾ ਕਿਉਂ ਰੋਂਦਾ ਹੈ ? | 'ਇਸ ਲਈ ਕਿ' ਉਸ ਦੀ ਮਾਂ ਬਿਮਾਰ ਹੈ। |
| ਮੁੰਡਾ 'ਇਸ ਲਈ' ਰੋਂਦਾ ਹੈ | 'ਕਿ' ਉਸ ਦੀ ਮਾਂ ਬਿਮਾਰ ਹੈ। |

| ਅਧੀਨ ਉਪਵਾਕ | ਪਰਧਾਨ ਉਪਵਾਕ |
|---|---|
| 'ਕਿਉਂਕਿ' ਮੁੰਡੇ ਦੀ ਮਾਂ ਬਿਮਾਰ ਹੈ, | 'ਇਸ ਲਈ' ਉਹ ਰੋਂਦਾ ਹੈ। |

**(3) ਫਲ**—ਜਦ 'ਅਧੀਨ ਉਪਵਾਕ' ਪਰਧਾਨ ਉਪਵਾਕ ਦੀ ਕਿਰਿਆ ਦਾ ਫਲ ਜਾਂ ਨਤੀਜਾ ਦੱਸੇ, ਤਾਂ ਅਧੀਨ ਯੋਜਕ 'ਕਿ' ਜਾਂ 'ਜੁ' ਹੁੰਦਾ ਹੈ; ਜਿਵੇਂ—

| ਪਰਧਾਨ ਉਪਵਾਕ | ਅਧੀਨ ਉਪਵਾਕ |
|---|---|
| ਮੁੰਡੇ ਨੇ ਘੋੜੇ ਨੂੰ ਇੰਨਾ ਦੁੜਾਇਆ | 'ਕਿ' ਘੋੜਾ ਮਰ ਹੀ ਗਿਆ। |
| ਮਾਂ ਨੇ ਮੁੰਡੇ ਨੂੰ ਅਜੇਹਾ ਕੁੱਟਿਆ | 'ਜੁ' ਉਹਨੂੰ ਸੁਧ ਹੀ ਨਾ ਰਹੀ। |

**(4) ਮਨਤੱਵ**—ਜਦ 'ਅਧੀਨ ਉਪਵਾਕ' ਪਰਧਾਨ ਉਪਵਾਕ ਦੀ ਕਿਰਿਆ ਸੰਬੰਧੀ ਮਨਤੱਵ ਜਾਂ ਮਨੋਰਥ ਦੱਸੇ, ਤਾਂ ਅਧੀਨ ਯੋਜਕ ਏਹ ਹੁੰਦੇ ਹਨ—ਤਾ ਕਿ, ਤਾਂ ਜੁ, ਇਸ ਲਈ ਕਿ, ਇਸ ਲਈ.....ਕਿ, ਇਸ ਲਈ...ਜੁ ਕਿ......ਜੁ, ਮਤੇ (ਮਤਾਂ)।

| ਪਰਧਾਨ ਉਪਵਾਕ | ਅਧੀਨ ਉਪਵਾਕ |
|---|---|
| ਦਿਲ ਲਾ ਕੇ ਪੜ੍ਹੋ, | 'ਤਾ ਕਿ' ਪਾਸ ਹੋ ਜਾਓ। |
| ਉਹ ਮਿੰਨਤਾਂ ਕਿਉਂ ਕਰਦਾ ਹੈ ? | 'ਇਸ ਲਈ ਕਿ' ਛੁੱਟੀ ਮਿਲ ਜਾਏ। |
| ਉਹ ਹੱਥ ਵਿੱਚ ਸੋਟੀ ਰੱਖਦਾ ਹੈ | 'ਕਿ' ਡਿੱਗ ਨਾ ਪਵੇ। |

**(5) ਸ਼ਰਤ**—ਜਦ 'ਅਧੀਨ ਉਪਵਾਕ' ਪਰਧਾਨ ਉਪਵਾਕ ਦਾ ਕਾਰਣ ਸ਼ਰਤ ਵਾਂਙੂ ਦੱਸੇ, ਤਾਂ ਅਧੀਨ ਯੋਜਕ ਏਹ ਹੁੰਦੇ ਹਨ—ਜੇ...ਤਾਂ, ਜੇਕਰ...ਤਾਂ, ਕਿਤੇ...ਤਾਂ, ਕਦੀ...ਤਾਂ, ਜਦ...ਤਾਂ।

Sri Satguru Jagjit Singh Ji Elibrary NamdhariElibrary@gmail.com

| ਅਧੀਨ ਉਪਵਾਕ | ਪਰਧਾਨ ਉਪਵਾਕ |
|---|---|
| 'ਜੇ' ਤੂੰ ਕਿਸੇ ਦਾ ਬੁਰਾ ਨਹੀਂ ਚਿਤਵੇਂਗਾ, | 'ਤਾਂ' ਸੁਖ ਪਾਏਂਗਾ। |
| 'ਜੇਕਰ' ਇਮਤਿਹਾਨ ਨਹੀਂ ਸੀ ਦੇਣਾ, | 'ਤਾਂ' ਤੁਸੀਂ ਆਏ ਹੀ ਕਿਉਂ ? |
| 'ਕਿਤੇ' ਰਾਤ ਭਰ ਜਾਗਣਾ ਪਵੇ, | 'ਤਾਂ' ਉਹਨੂੰ ਹੋਸ਼ ਆ ਜਾਵੇ। |
| 'ਕਦੀ' ਕਸ਼ਮੀਰ ਜਾਓ, | 'ਤਾਂ' ਕੁਦਰਤ ਵੇਖ ਕੇ ਮੋਹੇ ਜਾਓ। |
| 'ਜਦ' ਘੋੜਾ ਚੰਗਾ ਸੀ, | 'ਤਾਂ' ਵੇਚਿਆ ਕਿਉਂ ? |

(6) **ਵਿਰੋਧ**—ਜਦ 'ਅਧੀਨ ਉਪਵਾਕ' ਦਾ ਪਰਧਾਨ ਉਪਵਾਕ ਨਾਲ ਵਿਰੋਧ-ਭਾਵ ਹੋਵੇ, ਤਾਂ ਅਧੀਨ ਯੋਜਕ ਏਹ ਹੁੰਦੇ ਹਨ-ਭਾਵੇਂ...ਫਿਰ ਵੀ, ਭਾਵੇਂ... ਪਰ, ਭਾਵੇਂ...ਤਾਂ ਵੀ, ਚਾਹੇ...ਫਿਰ ਵੀ, ਤਾਂ ਵੀ, ਹਾਲਾਂ ਕਿ, ਫਿਰ ਵੀ।

| ਅਧੀਨ ਉਪਵਾਕ | ਪਰਧਾਨ ਉਪਵਾਕ |
|---|---|
| 'ਭਾਵੇਂ' ਉਹ ਗ਼ਰੀਬ ਹੈ, | 'ਫਿਰ ਵੀ' ਕਿਸੇ ਤੋਂ ਕੁਝ ਮੰਗਦਾ ਨਹੀਂ। |
| 'ਚਾਹੇ' ਉਹ ਗ਼ਰੀਬ ਹੈ, | 'ਤਾਂ ਵੀ' ਸੂਮ ਨਹੀਂ। |
| 'ਹਾਲਾਂਕਿ' ਉਸ ਨੇ ਮਿਹਨਤ ਘੱਟ ਕੀਤੀ ਹੈ, | 'ਫਿਰ ਵੀ' ਪਾਸ ਹੋ ਗਿਆ ਹੈ। |

(7) **ਤੁਲਨਾ**—ਦੋ ਵਸਤਾਂ ਦੇ ਗੁਣ, ਸੁਭਾਉ ਜਾਂ ਕਰਮ ਦੀ ਤੁਲਨਾ ਦੱਸਣ ਲਈ ਪਰਧਾਨ ਤੇ ਅਧੀਨ ਉਪਵਾਕਾਂ ਨੂੰ ਹੇਠਾਂ ਲਿਖੇ ਅਧੀਨ ਯੋਜਕਾਂ ਦੁਆਰਾ ਜੋੜਿਆ ਜਾਂਦਾ ਹੈ.–

| ਪਰਧਾਨ ਉਪਵਾਕ | ਅਧੀਨ ਉਪਵਾਕ |
|---|---|
| ਰਾਜੇ ਦਾ ਹਾਥੀ ਇੰਨਾ ਉੱਚਾ ਹੈ | 'ਮਾਨੋ' ਦੇਵ ਖਲੋਤਾ ਹੈ। |
| ਉਹ ਇੰਨਾ ਉੱਚਾ ਬੋਲਦਾ ਹੈ | 'ਜਿਵੇਂ' ਬੱਦਲ ਗੱਜਦਾ ਹੈ। |
| ਇੰਨਾ ਆਟਾ ਗੁੰਨੋ | 'ਕਿ' ਸਾਰਿਆਂ ਨੂੰ ਪੂਰਾ ਹੋ ਜਾਏ। |

ਰਾਮ ਮੂਰਤੀ ਇੰਨਾ ਬਲਵਾਨ ਸੀ 'ਜੁ' ਲੋਕ ਉਹਨੂੰ ਰੁਸਤਮ ਸਮਝਦੇ ਸਨ।

ਨੋਟ (1) ਵੇਖੋ। ਤੁਲਨਾ ਦੇ ਭਾਵ ਨੂੰ ਸੰਬੰਧਵਾਚਕ ਤੇ ਅਨੁਸੰਬੰਧਵਾਚਕ ਵਿਸ਼ੇਸ਼ਣਾਂ ਜਾਂ ਕਿਰਿਆ-ਵਿਸ਼ੇਸ਼ਣਾਂ ਦੁਆਰਾ ਵੀ ਦੱਸ ਸਕੀਦਾ ਹੈ; ਜਿਵੇਂ—

| ਪਰਧਾਨ ਉਪਵਾਕ | ਅਧੀਨ ਉਪਵਾਕ |
|---|---|
| ਇੰਨਾ ਆਟਾ ਗੁੰਨੋ, | 'ਜਿੰਨਾ' ਸਾਰਿਆਂ ਨੂੰ ਪੂਰਾ ਹੋ ਜਾਏ। |
| 'ਉਹ' ਇੰਨਾ ਬਲਵਾਨ ਹੈ | 'ਜਿੰਨਾ' ਰਾਮ ਮੂਰਤੀ। |
| 'ਖੱਡ' ਇੰਨੀ ਡੂੰਘੀ ਹੈ | 'ਜਿੰਨਾ' ਪਹਾੜ ਉੱਚਾ ਹੈ। |

ਨੋਟ (2) ਸੰਬੰਧਵਾਚਕ ਤੇ ਅਨੁਸੰਬੰਧਵਾਚਕ ਪੜਨਾਉਂ ਅਤੇ ਓਹਨਾਂ

Sri Satguru Jagjit Singh Ji Elibrary NamdhariElibrary@gmail.com

ਤੋਂ ਬਣੇ ਹੋਏ ਵਿਸ਼ੇਸ਼ਣ ਤੇ ਕਿਰਿਆ-ਵਿਸ਼ੇਸ਼ਣ ਵੀ ਯੋਜਕਾਂ ਦਾ ਕੰਮ ਦਿੰਦੇ ਹਨ; ਇੱਸੇ ਲਈ ਏਹਨਾਂ ਨੂੰ **ਦੁਪੱਖੇ ਸ਼ਬਦ** ਕਿਹਾ ਜਾਂਦਾ ਹੈ; ਜਿਹਾ ਕਿ–

| ਅਧੀਨ | ਪਰਧਾਨ | ਅਧੀਨ | ਪਰਧਾਨ |
|---|---|---|---|
| 'ਜੋ' ਦੇਂਦਾ ਹੈ, | 'ਸੋ' ਲੈਂਦਾ ਹੈ। | 'ਜਦ' ਬੋਲ, | 'ਤਾਂ' ਸੱਚ ਹੀ ਬੋਲੋ। |
| 'ਜੇਹਾ' ਕਰੋਗੇ, | 'ਤੇਹਾ' ਭਰੋਗੇ। | 'ਜਿੱਥੇ' ਜਾਓ, | 'ਉੱਥੇ' ਸੇਵਾ ਹੀ ਕਰੋ। |

# ਯੋਜਕਾਂ ਦੀ ਪਦ-ਵੰਡ

**219.** ਯੋਜਕਾਂ ਦੀ ਪਦ-ਵੰਡ ਕਰਨ ਵਿੱਚ ਯੋਜਕ ਦਾ ਵੱਡਾ ਤੇ ਛੋਟਾ 'ਪਰਕਾਰ' ਦੱਸ ਕੇ ਇਹ ਦੱਸੋ ਕਿ ਉਹ ਕਿਹੜੇ ਕਿਹੜੇ ਉਪਵਾਕਾਂ, ਸ਼ਬਦਾਂ ਜਾਂ ਵਾਕੰਸ਼ਾਂ ਨੂੰ ਜੋੜਦਾ ਹੈ; ਜਿਵੇਂ–

ਵਾਕ–ਰਾਮ ਆਇਆ ਅਤੇ ਸ਼ਾਮ ਚਲਾ ਗਿਆ।

ਅਤੇ–ਯੋਜਕ, ਸਮਾਨ, ਸਮੁੱਚੀ; ਸਮਾਨ ਉਪਵਾਕਾਂ 'ਰਾਮ ਆਇਆ' ਤੇ 'ਸ਼ਾਮ ਚਲਾ ਗਿਆ' ਨੂੰ ਜੋੜਦਾ ਹੈ।

ਵਾਕ–ਜੇ ਤੂੰ ਮਿਹਨਤ ਕਰੇਂਗਾ, ਤਾਂ ਪਾਸ ਹੋ ਜਾਵੇਂਗਾ।

ਜੇ...ਤਾਂ–ਯੋਜਕ, ਅਧੀਨ, ਸ਼ਰਤਵਾਚਕ; ਅਧੀਨ ਉਪਵਾਕ 'ਤੂੰ ਮਿਹਨਤ ਕਰੇਂਗਾ, ਤੇ ਪਰਧਾਨ ਉਪਵਾਕ 'ਤੂੰ ਪਾਸ ਹੋ ਜਾਵੇਂਗਾ' ਨੂੰ ਜੋੜਦਾ ਹੈ।

### ਅਭਿਆਸ

1. ਹੇਠਾਂ ਲਿਖੇ ਯੋਜਕਾਂ ਨੂੰ ਵਾਕਾਂ ਵਿੱਚ ਵਰਤ ਕੇ ਦੱਸੋ ਜੁ ਕਿਸ ਕਿਸ ਪਰਕਾਰ ਦੇ ਹਨ:–
   ਕਿਉਂਕਿ, ਮਤੇ, ਤਾਕਿ, ਜੇ...ਤਾਂ, ਕਦੀ...ਤਾਂ, ਕਿ, ਜੁ, ਇਸ ਲਈ...ਕਿ, ਇਸ ਲਈ...ਜੁ, ਭਾਵੇਂ...ਤਾਂ, ਭੀ, ਹਾਲਾਂਕਿ, ਫਿਰ ਵੀ।
2. ਹੇਠਾਂ ਲਿਖੇ ਵਾਕਾਂ ਦੇ ਯੋਜਕਾਂ ਦੀ ਪਦ-ਵੰਡ ਕਰੋ:–
   ਸੱਚ ਹੈ ਜੁ ਗੁਰੂ ਬਿਨਾਂ ਗਤ ਨਹੀਂ ਹੁੰਦੀ। ਜਿੰਨਾ ਆਟਾ ਗੁੰਨ੍ਹੋ, ਜੋ ਪੂਰਾ ਹੋ ਜਾਏ। ਮੁੰਡਾ ਇਸ ਲਈ ਰੋਂਦਾ ਹੈ ਕਿ ਉਹਦੀ ਮਾਂ ਬਿਮਾਰ ਹੈ। ਜੇਕਰ ਇਮਤਿਹਾਨ ਨਹੀਂ ਸੀ ਦੇਣਾ, ਤਾਂ ਤੁਸੀਂ ਆਏ ਹੀ ਕਿਉਂ? ਭਾਵੇਂ ਉਹ ਗ਼ਰੀਬ ਹੈ, ਫਿਰ ਵੀ ਮੰਗਦਾ ਨਹੀਂ।

Sri Satguru Jagjit Singh Ji Elibrary NamdhariElibrary@gmail.com

# ਅੱਠਵਾਂ ਅਧਿਆਇ

## ਵਿਸਮਿਕ

220. ਜੋ ਸ਼ਬਦ ਕਿਸੇ ਨੂੰ ਬੁਲਾਉਣ ਜਾਂ ਅਸਚਰਜਤਾ ਆਦਿਕ ਮਨ ਦੇ ਕਿਸੇ ਭਾਵ ਨੂੰ ਪਰਗਟ ਕਰਨ ਵੇਲੇ ਸੁਤੇ ਸਿੱਧ (ਬੇ-ਇਖ਼ਤਿਆਰ) ਮੂੰਹ ਥੀਂ ਨਿਕਲ ਜਾਣ, ਉਹਨਾਂ ਨੂੰ **ਵਿਸਮਿਕ** ਆਖਦੇ ਹਨ। ਏਹ ਅੱਡ-ਅੱਡ ਭਾਵਾਂ ਲਈ ਅੱਡ-ਅੱਡ ਤਰ੍ਹਾਂ ਦੇ ਹਨ:–

**(1) ਬੁਲਾਉਣ ਲਈ–** ਓਏ ! ਓ ! ਹੇ ! ਵੇ ! ਨੀ ! ਅੜਿਆ ! ਅੜੀਏ !

**(2) ਅਸਚਰਜਤਾ ਲਈ–** ਵਾਹ ! ਵਾਹਵਾ ! ਆਹਾ ! ਹੈਂ ! ਹੈਂ ਹੈਂ ! (ਹੈਂ ਹੈਂ ! ਉਹ ਮਰ ਗਿਆ !)

**(3) ਖ਼ੁਸ਼ੀ ਤੇ ਸ਼ਾਬਾਸ਼ ਲਈ–** ਆਹਾ ! ਵਾਹ ! ਆਹ ! ਵਾਹ ਵਾਹ ! ਸ਼ਾਬਾਸ਼ ! ਬੱਲੇ ! ਅਸ਼ਕੇ ! ਬਲਿਹਾਰ ! ਸਦਕੇ ! ਵਾਰੀ ! ਖ਼ੂਬ ! ਧੰਨ ਧੰਨ ! ਜੈ ਜੈ ! ਆਫ਼ਰੀਨ ! ਬਹੁਤ ਅੱਛਾ ! ਧੰਨ ਜਨਮ ਹੈ !

**(4) ਦੁੱਖ-ਕਲੇਸ਼ ਲਈ–** ਹਾਏ ! ਹਾਏ ਹਾਏ ! ਹਾ ਹਾ ! ਹੈਂ ਹੈ ! ਓਹੋ ! ਓਹੋ ਹੋ ! ਉਫ਼ ! ਅਫ਼ਸੋਸ ! ਸ਼ੋਕ ! ਅਣੀ !

**(5) ਫਿਟਕਾਰ ਲਈ-** ਦੂਰ ! ਦੂਰ ਦੂਰ ! ਫਿਟੇ ਮੂੰਹ ! ਮੌਰ ! ਲੱਖ ਲਾਹਨਤ ! ਰੱਬ ਦੀ ਮਾਰ !

**(6) ਅਸੀਸ ਲਈ–** ਵੱਡੀ ਉਮਰ ! ਦੇਹ ਅਰੋਗ ! ਸਦਾ ਸੁਖੀ ! ਜੀਉਂਦਾ ਰਹੇਂ ! ਵਧੇਂ ਫੁਲੇਂ ! ਸਦਾ ਸੁਹਾਗਣ !

**(7) ਆਦਰ ਲਈ–** ਜੀ ਆਇਆਂ ਨੂੰ ! ਆਓ ਜੀ ! ਧੰਨ ਭਾਗ !

**(8) ਇੱਛਾ ਲਈ–** ਕਾਸ਼ ! ਹਾਏ ! (ਕਾਸ਼ ਕਿ ਤੂੰ ਰਾਜਾ ਹੁੰਦਾ। ਹਾਏ ! ਜੇ ਸਾਡਾ ਦੇਸ ਪੜ੍ਹਿਆ ਹੁੰਦਾ।)

**(9) ਸੁਚੇਤ ਕਰਨ ਲਈ–** ਖ਼ਬਰਦਾਰ ! ਹੈਂ ! ਵੇਖੀਂ ! ਵੇਖਿਓ ! ਵੇਖਣਾ ! ਸੁਣੋ ਜੀ !

Sri Satguru Jagjit Singh Ji Elibrary NamdhariElibrary@gmail.com

# ਵਿਸਮਿਕਾਂ ਦੀ ਪਦ-ਵੰਡ

221. ਵਿਸਮਿਕਾਂ ਦੀ ਪਦ-ਵੰਡ ਕਰਨ ਵਿੱਚ 'ਵਿਸਮਿਕ' ਕਹਿ ਕੇ ਉਸ ਭਾਵ ਦਾ ਨਿਰਣਾ ਕਰਨਾ ਚਾਹੀਦਾ ਹੈ, ਜੋ ਉਸ ਤੋਂ ਪਰਗਟ ਹੁੰਦਾ ਹੋਵੇ; ਜਿਵੇਂ—ਹਾਏ ਹ ਏ ! ਮੈਂ ਕੀ ਕਰਾਂ ! ਆਹਾ ! ਕੇਹਾ ਸੁਹਣਾ ਫੁੱਲ ਹੈ !

ਹਾਏ ਹਾਏ—ਵਿਸਮਿਕ ਦੁੱਖ ਪਰਗਟ ਕਰਦਾ ਹੈ।

ਆਹਾ—ਵਿਸਮਿਕ, ਅਸਚਰਜਤਾ ਪਰਗਟ ਕਰਦਾ ਹੈ।

ਅਭਿਆਸ

ਇਨ੍ਹਾਂ ਵਾਕਾਂ ਵਿੱਚੋਂ ਵਿਸਮਿਕ ਚੁਣ ਕੇ ਓਹਨਾਂ ਦੀ ਪਦ-ਵੰਡ ਕਰੋ:—

ਹੇ ਕਰਤਾਰ ! ਸਾਨੂੰ ਜ਼ਾਲਮਾਂ ਥੀਂ ਬਚਾਈਂ। ਹੈਂ ਹੈਂ ! ਉਹ ਮਰ ਗਿਆ ! ਕਾਸ਼ ! ਕਿ ਸਾਡਾ ਦੇਸ ਪੜ੍ਹਿਆ ਹੁੰਦਾ ! ਖ਼ਬਰਦਾਰ ! ਫਿਰ ਓਥੇ ਨਾ ਜਾਣਾ। ਬੱਚਿਆ ! ਜੀਉਂਦਾ ਰਹੇਂ ਤੇ ਵਧੇਂ ਫੁਲੇਂ !

# ਪਦ-ਵੰਡ ਸਬੰਧੀ ਖ਼ਾਸ ਮੱਤਾਂ

222. ਚੇਤੇ ਰੱਖੋ ਕਿ ਪਦ-ਵੰਡ ਕਰਨ ਵੇਲੇ:—

(1) ਕਿਸੇ ਸ਼ਬਦ ਦੀ ਵਰਤੋਂ ਨੂੰ ਵੇਖ ਕੇ ਹੀ ਉਸ ਦਾ ਪਰਕਾਰ ਆਦਿ ਦੱਸਣਾ ਚਾਹੀਦਾ ਹੈ; ਕਿਉਂਕਿ ਵਰਤੋਂ ਅਨੁਸਾਰ ਇੱਕ ਹੀ ਸ਼ਬਦ ਭਿੰਨ-ਭਿੰਨ ਸ਼ਬਦ-ਭੇਦਾਂ ਦਾ ਹੋ ਸਕਦਾ ਹੈ; ਜਿਵੇਂ—

ਜੋ—(ਪੜਨਾਉਂ) ਉਸੇ ਦੀ ਟੇਕ ਰੱਖੋ, ਜੋ ਸਭ ਦਾ ਮਾਲਕ ਹੈ।

(ਵਿਸ਼ੇਸ਼ਣ) ਜੋ ਗੱਲ ਮਾਲਕ ਨੂੰ ਚੰਗੀ ਲੱਗੇ, ਓਹੀ ਕਰੋ।

(ਨਾਉਂ) ਤੈਨੂੰ 'ਜੋ' ਦੀ ਵਰਤੋਂ ਨਹੀਂ ਆਉਂਦੀ।

ਸੋ—(ਪੜਨਾਉਂ) ਜੋ ਦੇਂਦਾ ਹੈ, ਸੋ ਲੈਂਦਾ ਹੈ।

(ਵਿਸ਼ੇਸ਼ਣ) ਸੋ ਧਿਆਨ ਧਰਹੁ ਜਿ ਬਹੁਰਿ ਨ ਧਰਨਾ।

(ਯੋਜਕ) ਤੁਸੀਂ ਪਾਸ ਹੋ ਗਏ ਹੋ, ਸੋ ਚਿੰਤਾ ਨਾ ਕਰੋ।

(ਨਾਉਂ) ਤੈਨੂੰ 'ਸੋ' ਦਾ ਵਰਤਣਾ ਨਹੀਂ ਆਉਂਦਾ।

ਉਹ—(ਪੜਨਾਉਂ) ਕਾਲ੍ਹ ਬਿਮਾਰ ਹੈ, ਇਸ ਲਈ ਉਹ ਰੋਂਦਾ ਹੈ।

(ਵਿਸ਼ੇਸ਼ਣ) ਉਹ ਕੰਮ ਕਰੋ, ਜੋ ਮਾਲਕ ਨੂੰ ਚੰਗਾ ਲੱਗੇ।

ਕੀ—(ਪੜਨਾਉਂ) ਤੇਰੇ ਹੱਥ ਵਿੱਚ ਕੀ ਹੈ ?

Sri Satguru Jagjit Singh Ji Elibrary NamdhariElibrary@gmail.com

(ਵਿਸ਼ੇਸ਼ਣ) ਤੁਹਾਡੇ ਚੁੱਪ ਹੋ ਜਾਣ ਦਾ ਕੀ ਕਾਰਣ ਹੈ ?

(ਕਿਰਿਆ-ਵਿਸ਼ੇਸ਼ਣ) ਕੀ ਤੂੰ ਪਾਸ ਹੋ ਗਿਆ ਹੈਂ ?

(ਨਾਉਂ) ਤੈਨੂੰ 'ਕੀ' ਦੀ ਠੀਕ ਵਰਤੋਂ ਨਹੀਂ ਆਉਂਦੀ।

ਲਈ–(ਸੰਬੰਧਕ) ਮੁੰਡੇ ਲਈ ਦੁੱਧ ਲਿਆਓ।

(ਕਿਰਿਆ) ਉਸ ਨੇ ਮੈਥੋਂ ਇੱਕ ਪੋਥੀ ਲਈ।

ਧੋਤੀ–(ਕਿਰਿਆ) ਧੋਬੀ ਨੇ ਚਾਦਰ ਚੰਗੀ ਨਹੀਂ ਧੋਤੀ।

(ਵਿਸ਼ੇਸ਼ਣ) ਧੋਤੀ ਦਾਲ ਅਣਧੋਤੀ ਨਾਲੋਂ ਮਹਿੰਗੀ ਹੁੰਦੀ ਹੈ।

(ਨਾਉਂ) ਹਿੰਦੂ ਲੋਕ ਤੇੜ ਧੋਤੀ ਬੰਨ੍ਹਦੇ ਹਨ।

ਪੜ੍ਹਿਆ–(ਕਿਰਿਆ) ਉਸ ਨੇ ਹੁਣ ਤੀਕ ਕੁਝ ਨਹੀਂ ਪੜ੍ਹਿਆ।

(ਵਿਸ਼ੇਸ਼ਣ) ਪੜ੍ਹਿਆ ਮਨੁੱਖ ਸਿਆਣਾ ਹੁੰਦਾ ਹੈ।

(ਨਾਉਂ) ਤੇਰਾ ਪੜ੍ਹਿਆ (=ਪੜ੍ਹਨਾ) ਸਫਲ ਹੋਇਆ।

ਉੱਡਦਾ–(ਕਿਰਿਆ) ਉਹ ਪੰਛੀ ਹੁਣ ਉੱਡਦਾ ਨਹੀਂ।

(ਵਿਸ਼ੇਸ਼ਣ) ਹੁਣ ਉੱਡਦਾ ਪੰਛੀ ਵੀ ਮਾਰ ਲਈਦਾ ਹੈ।

(ਕਿ: ਵਿ:) ਉਹ ਇਤਨਾ ਤੇਜ਼ ਹੈ, ਮਾਨੋ ਉੱਡਦਾ ਜਾਂਦਾ ਹੈ।

ਤੇ–(ਯੋਜਕ) ਰਾਮ ਤੇ ਸ਼ਾਮ ਦੋਵੇਂ ਸੱਕੇ ਭਰਾ ਹਨ।

(ਸੰਬੰਧਕ) ਕੋਠੇ ਤੇ ਨਾ ਕੁੱਦੋ।

(ਪੜਨਾਉਂ) ਖਸਮੁ ਵਿਸਾਰਹਿ ਤੇ (=ਸੇ) ਕਮਜਾਤਿ ॥

(2) ਜੋ ਸ਼ਬਦ ਕਿਸੇ ਸੰਬੰਧਕ ਦਾ 'ਸੰਬੰਧੀ' ਹੋਵੇ, ਉਹ 'ਨਾਉਂ' ਜਾਂ 'ਪੜਨਾਉਂ' ਹੀ ਹੁੰਦਾ ਹੈ; ਜਿਵੇਂ–'ਉਸ ਦੇ ਕਹੇ ਦਾ ਮੁੰਡੇ ਤੇ ਕੋਈ ਅਸਰ ਨਹੀਂ ਹੋਇਆ।' ਵਿੱਚ 'ਦੇ' ਸੰਬੰਧਕ ਤੋਂ ਪਹਿਲਾਂ 'ਉਸ' ਪੜਨਾਉਂ ਹੈ; ਅਤੇ–
'ਦਾ' ਸੰਬੰਧਕ ਤੋਂ ਪਹਿਲਾਂ 'ਕਹੇ' ਨਾਉਂ (ਕਿਰਿਆ-ਫਲ) ਹੈ।

(3) ਸੰਬੰਧਕਾਰਕ ਦਾ 'ਸੰਬੰਧਮਾਨ' ਸਦਾ ਨਾਉਂ ਹੁੰਦਾ ਹੈ; ਜਿਵੇਂ–'ਸਿਪਾਹੀ ਦਾ ਹਾਲ' ਚੰਗਾ ਨਹੀਂ। ਉਸ ਦਾ 'ਬਚਣਾ' ਔਖਾ ਹੈ। ਆਪਣਾ 'ਲਿਖਿਆ' ਸਭ ਨੂੰ ਚੰਗਾ ਲੱਗਦਾ ਹੈ। ਵਿੱਚ 'ਹਾਲ', 'ਬਚਣਾ' ਤੇ 'ਲਿਖਿਆ' 'ਨਾਉਂ' ਹਨ।

—o—

Sri Satguru Jagjit Singh Ji Elibrary NamdhariElibrary@gmail.com

# ਨੌਵਾਂ ਅਧਿਆਇ

## ਸ਼ਬਦ-ਰਚਨਾ

223. ਦੂਜੇ ਸ਼ਬਦ ਤੋਂ ਬਣੇ ਹੋਏ ਸ਼ਬਦ ਨੂੰ 'ਰਚਿਤ' ਅਤੇ ਜੋ ਕਿਸੇ ਤੋਂ ਨਾ ਬਣਿਆ ਹੋਵੇ, ਉਸ ਨੂੰ 'ਮੂਲ ਸ਼ਬਦ' ਆਖਦੇ ਹਨ; ਜਿਵੇਂ–'ਰੋਗ' ਮੂਲ ਸ਼ਬਦ ਹੈ, ਤੇ 'ਅਰੋਗ' ਰਚਿਤ।

224. 'ਰਚਿਤ ਸ਼ਬਦ' ਦੋ ਪਰਕਾਰ ਦੇ ਹਨ–(1) 'ਸਮਾਸੀ' ਜੋ ਦੋ ਜਾਂ ਵਧੀਕ ਸ਼ਬਦਾਂ ਦੇ ਮਿਲਾਪ ਥੀਂ ਬਣਨ; ਜਿਵੇਂ-ਮਿਠ-ਬੋਲਾ, ਘੁੜ-ਦੌੜ ਤੇ ਦੇਸ-ਨਿਕਾਲਾ; ਅਤੇ (2) 'ਉਤਪੰਨ' ਜੋ ਮੂਲ ਸ਼ਬਦਾਂ ਨਾਲ ਸ਼ਬਦੰਸ਼ (ਅਗੇਤਰ, ਪਿਛੇਤਰ ਜਾਂ ਦੋਵੇਂ) ਲਾ ਕੇ ਬਣਾਏ ਗਏ ਹੋਣ; ਜਿਵੇਂ–'ਰੋਗ' ਤੋਂ 'ਅਰੋਗ' ਤੇ 'ਅ-ਰੋਗ-ਤਾ'।

## (1) ਸਮਾਸ

225. 'ਸਮਾਸ' ਦਾ ਅਰਥ 'ਸੰਜੋਗ' ਹੈ, ਤੇ ਜਦੋਂ ਕਿਸੇ ਉਪਵਾਕ ਜਾਂ ਵਾਕੰਸ਼ ਦੇ ਸ਼ਬਦਾਂ ਦਾ ਆਪਸ ਵਿੱਚ ਸਮਾਸ ਜਾਂ ਸੰਜੋਗ ਹੁੰਦਾ ਹੈ, ਤਾਂ ਵਿੱਚੋਂ 'ਸੰਬੰਧਕ', 'ਯੋਜਕ' ਤੇ ਹੋਰ ਕਈ ਅੰਸ਼ ਉੱਡ ਕੇ ਬਾਕੀਆਂ ਦਾ 'ਇੱਕੋ' ਸਮਾਸੀ ਸ਼ਬਦ ਬਣਦਾ ਹੈ; ਜਿਹਾ ਕਿ–

| ਉਪਵਾਕ ਜਾਂ ਵਾਕੰਸ਼ | ਸਮਾਸੀ ਸ਼ਬਦ |
|---|---|
| ਘੋੜਿਆਂ ਦੀ ਦੌੜ | ਘੁੜ-ਦੌੜ |
| ਦੇਸ ਤੋਂ ਨਿਕਾਲਾ | ਦੇਸ-ਨਿਕਾਲਾ |
| ਜਨਮ ਤੋਂ ਲਗਾ ਹੋਇਆ ਰੋਗ | ਜਨਮ-ਰੋਗ |
| ਮਿੱਠੇ ਹਨ ਬੋਲ ਜਿਸ ਦੇ ਸੋ | ਮਿਠ-ਬੋਲਾ |

226. ਸਮਾਸੀ ਸ਼ਬਦਾਂ ਦੇ ਖੰਡ ਇਸ ਤਰ੍ਹਾਂ ਹੁੰਦੇ ਹਨ:–

(1) ਨਾਉਂ + ਨਾਉਂ :–ਜਨਮ-ਰੋਗ, ਸੂਰਜ-ਗ੍ਰਹਿਣ, ਗੰਗਾਜਲ, ਹੱਥਕੜੀ, ਜਲ-ਪੌਣ।

(2) ਨਾਉਂ + ਕਾਰਦੰਤਕ:–ਘੁੜ-ਦੌੜ, ਦੇਸ-ਨਿਕਾਲਾ, ਚਿੜੀ-ਮਾਰ, ਫੁਲ-ਸੁੰਘਣਾ, ਕੰਨ-ਪਾਟਾ।

Sri Satguru Jagjit Singh Ji Elibrary NamdhariElibrary@gmail.com

(3) ਵਿਸ਼ੇਸ਼ਣ+ਨਾਉਂ:–ਬਦਨਾਮ, ਖ਼ੂਬਸੂਰਤ, ਲੱਖਪਤੀ, ਦੋਦਿਲਾ, ਦੁਪਹਿਰ, ਪੀਲਾ-ਭੂਕ।

(4) ਵਿਸ਼ੇਸ਼ਣ+ਵਿਸ਼ੇਸ਼ਣ:–ਕਾਲਾ-ਸਿਆਹ, ਪੀਲਾ-ਜ਼ਰਦ, ਚਿੱਟਾ-ਸਫ਼ੈਦ, ਭਲਾ-ਬੁਰਾ, ਉੱਚਾ-ਨੀਵਾਂ।

(5) ਕਾਰਦੰਤਕ+ਕਾਰਦੰਤਕ:–ਜਾਣ-ਪਛਾਣ, ਲੈਣ-ਦੇਣ, ਬੋਲ-ਚਾਲ, ਦੇਖ-ਭਾਲ, ਬੋਲ-ਵਿਗਾੜ।

(6) ਕਿਰਿਆ-ਵਿਸ਼ੇਸ਼ਣ+ਨਾਉਂ:–ਨਿੱਤਨੇਮ, ਸਦਾ-ਬਹਾਰ, ਨਾਉਮੇਦ, ਨਾਹੱਕ।

(7) ਕਿਰਿਆ-ਵਿਸ਼ੇਸ਼ਣ+ਵਿਸ਼ੇਸ਼ਣ:–ਨਾਲਾਇਕ, ਨਾਵਾਜਿਬ, ਨਾਮੁਨਾਸਿਬ।

(8) ਕਿਰਿਆ-ਵਿਸ਼ੇਸ਼ਣ+ਕਿਰਿਆ-ਵਿਸ਼ੇਸ਼ਣ:–ਅੱਗੇ-ਪਿੱਛੇ, ਇੱਥੇ-ਉੱਥੇ, ਏਧਰ-ਓਧਰ, ਅੱਜ-ਕੱਲ।

(9) ਕਿਰਿਆ-ਵਿਸ਼ੇਸ਼ਣ+ਕਾਰਦੰਤਕ:–ਨਖੱਟੂ, ਨਕਾਰਾ, ਪਿਛਲੱਗ, ਅਗਾਊਂ।

(10) ਪੜਨਾਉਂ+ਨਾਉਂ:–ਇੱਚਰ, ਉੱਚਰ, ਜਿੱਚਰ, ਕਿੱਚਰ।

(11) ਪੜਨਾਉਂ+ਵਿਸ਼ੇਸ਼ਣ:–ਇਜੇਹਾ, ਉਜੇਹਾ, ਕਿਜੇਹਾ।

227. ਸੰਸਕ੍ਰਿਤ ਵਿਆਕਰਣਾਂ ਦੀ ਵੰਡ ਅਨੁਸਾਰ ਸਮਾਸ ਛੇ ਪਰਕਾਰ ਦੇ ਕਹੇ ਜਾਂਦੇ ਹਨ:–

(1) ਅਵੱਯੀਭਾਵ–ਜਿਸ ਵਿੱਚ ਪਹਿਲਾ ਖੰਡ (=ਸ਼ਬਦ) ਪਰਧਾਨ ਤੇ ਸਮਾਸੀ ਸ਼ਬਦ 'ਅੱਵਿਆ' ਹੁੰਦਾ ਹੈ; ਜਿਵੇਂ–ਨਾਹੱਕ, ਦੁਬਾਰਾ, ਯਥਾ-ਸ਼ਕਤ।

(2) ਤੱਤਪੁਰਖ–ਜਿਸ ਵਿੱਚ ਦੂਜਾ ਖੰਡ ਪਰਧਾਨ ਤੇ ਪਹਿਲੇ ਖੰਡ ਨਾਲ ਕਿਸੇ ਸੰਬੰਧਕ ਦਾ ਲੋਪ ਹੁੰਦਾ ਹੈ; ਜਿਵੇਂ–ਘੁੜ-ਦੌੜ (ਘੋੜਿਆਂ 'ਦੀ' ਦੌੜ), ਦੇਸ-ਨਿਕਾਲਾ (ਦੇਸ 'ਤੋਂ' ਨਿਕਾਲਾ), ਸਿਰ-ਬੀਤੀ (ਸਿਰ 'ਤੇ' ਬੀਤੀ)।

(3) ਦ੍ਵੰਦ੍ਵ–ਜਿਸ ਵਿੱਚ ਸਾਰੇ ਖੰਡ ਪਰਧਾਨ ਤੇ ਵਿੱਚੋਂ 'ਯੋਜਕ' ਦਾ ਲੋਪ ਹੁੰਦਾ ਹੈ; ਜਿਵੇਂ–'ਮਾਪੇ' (ਮਾਂ 'ਤੇ' ਪਿਉ); ਭਲਾ-ਬੁਰਾ (ਭਲਾ 'ਜਾਂ' ਬੁਰਾ)।

(4) ਬਹੁਬ੍ਰੀਹੀ–ਜਿਸ ਵਿੱਚ ਕੋਈ ਖੰਡ ਵੀ ਪਰਧਾਨ ਨਹੀਂ ਹੁੰਦਾ ਅਤੇ ਉਸ ਤੋਂ 'ਵਾਲਾ' ਦਾ ਭਾਵ ਪਰਤੀਤ ਹੁੰਦਾ ਹੈ, ਜਿਵੇਂ–ਮਿਠਬੋਲਾ (ਮਿੱਠਿਆਂ ਬੋਲਾਂ 'ਵਾਲਾ'), ਦੋਰੰਗਾ (ਦੁਹਾਂ ਰੰਗਾਂ 'ਵਾਲਾ')।

(5) ਕਰਮਧਾਰੇ–ਜਿਸ ਵਿੱਚ ਵਿਸ਼ੇਸ਼ ਤੇ ਵਿਸ਼ੇਸ਼ਣ ਦਾ ਜਾਂ ਉਪਮਾਨ ਤੇ ਉਪਮੇਅ ਦਾ ਸੰਜੋਗ ਹੁੰਦਾ ਹੈ; ਜਿਵੇਂ–ਭਲਾਮਾਣਸ, ਬਦਨਾਮ, ਚਰਨ-ਕਮਲ

Sri Satguru Jagjit Singh Ji Elibrary NamdhariElibrary@gmail.com

(ਕਮਲ ਵਰਗੇ ਚਰਨ), ਚਿੱਟਾ-ਦੁੱਧ (ਦੁੱਧ ਵਰਗਾ ਚਿੱਟਾ)।

(6) ਦ੍ਵਿਗੁ–ਜਿਸ ਵਿੱਚ ਪਹਿਲਾ ਖੰਡ 'ਸੰਖਿਆ-ਵਾਚਕ' ਤੇ ਸਮਾਸੀ ਸ਼ਬਦ 'ਇਕੱਠਵਾਚਕ' ਹੁੰਦਾ ਹੈ; ਜਿਵੇਂ–ਤ੍ਰਿਲੋਕੀ, ਚੁਆਨੀ, ਪੰਜਸੇਰੀ, ਚੋਮਾਸਾ, ਸੱਤਸਾਲਾ, ਚੋਪਈ।

# (2) ਸ਼ਬਦ-ਉਤਪਤੀ

228. 'ਉਤਪੰਨ ਸ਼ਬਦਾਂ' ਵਿੱਚ 'ਸ਼ਬਦੰਸ਼' ਦੋ ਪਰਕਾਰ ਦੇ ਹੁੰਦੇ ਹਨ:– (1) 'ਅਗੇਤਰ' ਜੋ ਮੂਲ ਸ਼ਬਦਾਂ ਦੇ ਆਦਿ ਵਿੱਚ ਲੱਗਦੇ ਹਨ; ਅਤੇ (2) 'ਪਿਛੇਤਰ' ਜੋ ਮੂਲ ਸ਼ਬਦਾਂ ਦੇ ਅੰਤ ਵਿੱਚ ਜੁੜਦੇ ਹਨ; ਜਿਹਾ ਕਿ–'ਅਰੋਗਤਾ' ਵਿੱਚ 'ਅ' ਅਗੇਤਰ, 'ਤਾ' ਪਿਛੇਤਰ, ਅਤੇ 'ਰੋਗ' ਮੂਲ ਸ਼ਬਦ ਹੈ।

# (ੳ) ਅਗੇਤਰ (ਉਪਸਰਗ)

229. 'ਅਗੇਤਰ' ਮੂਲ ਅਰਥਾਂ ਵਿੱਚ 'ਭਿੰਨਤਾ' ਜਾਂ 'ਵਿਸ਼ੇਸ਼ਤਾ' ਉਤਪੰਨ ਕਰਦੇ ਹਨ ਅਤੇ ਕਦੇ-ਕਦੇ 'ਵਾਧੂ' ਵੀ ਹੁੰਦੇ ਹਨ; ਜਿਹਾ ਕਿ–

ਭਿੰਨਤਾ–'ਕਾਰ' (ਕੰਮ) ਤੋਂ ਅ-ਕਾਰ (ਮੂਰਤੀ), ਪਰਕਾਰ (ਭਾਂਤ), ਵਿਕਾਰ (ਬੁਰਿਆਈ), ਉਪਕਾਰ (ਭਲਿਆਈ)।

ਵਿਸ਼ੇਸ਼ਤਾ–ਅ-ਕ੍ਰਿਤਘਣ (ਅਤੀ ਕ੍ਰਿਤਘਣ), ਨਿ-ਖ਼ਾਲਸ (ਅਤੀ ਖ਼ਾਲਸ)।

ਵਾਧੂ–ਸੰਸਕ੍ਰਿਤ ਦੇ 'ਸ੍ਥਾਨ', 'ਸ੍ਥਿਰ' 'ਸ੍ਨਾਨ' ਸ੍ਤ੍ਰੀ' ਤੇ 'ਸ੍ਤੁਤੀ' ਤੋਂ 'ਅਸਥਾਨ', 'ਅਸਥਿਰ', 'ਇਸ਼ਨਾਨ', 'ਇਸਤ੍ਰੀ' ਤੇ 'ਉਸਤਤ' ਵਿੱਚ 'ਅ', 'ਇ' ਤੇ 'ਉ'।

230. ਹੁਣ ਪੰਜਾਬੀ ਦੇ ਪਰਚਲਿਤ ਅਗੇਤਰ ਤੇ ਓਹਨਾਂ ਦੁਆਰਾ ਬਣੇ ਹੋਏ ਸ਼ਬਦ ਹੇਠਾਂ ਲਿਖੇ ਜਾਂਦੇ ਹਨ:–

ਉ (ਉੱਪਰੋਂ ਜਾਂ ਉੱਪਰ ਨੂੰ):–ਉਲੰਘਣਾ (ਉੱਪਰੋਂ ਲੰਘ ਜਾਣਾ, ਨਾਲ ਨਾ ਛੋਹਣਾ); ਉਲੱਥਣਾ (ਉੱਪਰੋਂ ਲੱਥਣਾ, ਉੱਡਦਿਆਂ ਆ ਬੈਠਣਾ; ਜਿਵੇਂ–"ਆਇ ਉਲਥੇ ਹੰਝ"); ਉਥੱਲਣਾ (ਥੱਲਾ ਜਾਂ ਹੇਠਲਾ ਪਾਸਾ ਉੱਪਰ ਨੂੰ ਕਰ ਦੇਣਾ, ਪਰਤਣਾ); ਉਗਲਣਾ (ਗਲ ਵਿੱਚੋਂ ਉੱਪਰ ਨੂੰ ਕੱਢ ਕੇ ਬਾਹਰ ਸੁੱਟਣਾ); ਉੱਛਲਣਾ (ਉੱਪਰ ਨੂੰ ਛਾਲ ਮਾਰਨੀ, ਕੁੱਦਣਾ); ਉਜੜਨਾ (ਜੜ੍ਹ ਦਾ ਹੇਠੋਂ ਉੱਪਰ ਨੂੰ ਹੋ ਜਾਣਾ, ਨਸ਼ਟ ਹੋ ਜਾਣਾ)।

ਉਨ, ਉਣ (ਘੱਟ):—ਉਨੀ ਦਾ, ਉਨੱਤੀ (†ਇੱਕ ਘਟ ਤੀਹ)।
ਉਪ (ਚੰਗਾ ਜਾਂ ਛੋਟਾ)—ਉਪਕਾਰ (ਚੰਗਾ ਕੰਮ), ਉਪਵਾਕ, (ਛੋਟਾ ਵਾਕ), ਉਪਨੇਮ (ਛੋਟਾ ਨੇਮ)।
ਅ (ਨਿਖੇਧਕ)—ਅਰੋਗ, ਅਮਰ, ਅਪਵਿਤ੍ਰ, ਅਚੱਲ।
ਅ (ਅਧਿਕਤਾਵਾਚਕ)—ਅਕ੍ਰਿਤਘਣ (ਅਤੀ ਕ੍ਰਿਤਘਣ)।
ਅਨ ਜਾਂ ਅਣ (ਨਖੇਧਕ)—ਅਨਾਥ, ਅਣਜਾਣ, ਅਣਗਿਣਤ।
ਅਪ (ਬੁਰਾ ਜਾਂ ਘਟੀਆ)—ਅਪਕਰਮ, ਅਪਜਸ, ਅਪਮਾਨ।
ਇ (ਵਾਧੂ)—ਇਸਤ੍ਰੀ, ਇਸ਼ਨਾਨ (ਸੰਸ: ਸਤ੍ਰੀ, ਸਨਾਨ)।
ਸੁ, ਸ (ਚੰਗਾ ਜਾਂ ਸਹਿਤ)—ਸਮੱਤ, ਸੁਪੁੱਤਰ, ਸੁਲੱਖਣਾ, ਸੁਭਾਗਾ, ਸਬਲ (ਬਲ-ਸਹਿਤ) ਸਫਲ, ਸਜੀਵ।
ਸੰ (ਚੰਗੀ ਤਰ੍ਹਾਂ)—ਸੰਜੋਗ (ਚੰਗੀ ਤਰ੍ਹਾਂ ਜੁੜਨਾ) ਸੰਗੀਤ (ਚੰਗੀ ਤਰ੍ਹਾਂ ਗਾਉਣ ਦੀ ਵਿੱਦਿਆ)।
ਸ੍ਵੈ‡ (ਆਪਣਾ)—ਸ੍ਵੈਰਾਜ, ਸ੍ਵੈਮਾਨ, ਸ੍ਵੈ-ਦੇਸ਼, ਸ੍ਵੈਵਿਸ਼ਵਾਸ।
ਕੁ, ਕ (ਬੁਰਾ, ਘਟੀਆ)—ਕੁਮੱਤ, ਕੁਢੰਗ, ਕਪੁੱਤ, ਕਰੂਪ।
ਦੁਰ (ਬੁਰਾ, ਖੋਟਾ, ਔਖਾ) ਦੁਰਗੰਧ, ਦੁਰਜਨ, ਦੁਰਲੱਭ।
ਨਿ (ਨਿਖੇਧਕ)—ਨਿਕੰਮਾ, ਨਿਮਾਣਾ, ਨਿਡਰ, ਨਿਗੁਰਾ।
ਨਿ (ਅਤੀ)—ਨਿਵਾਸ, ਨਿਵਾਸੀ, ਨਿਖ਼ਾਲਸ, ਨਿਕੱਚ, ਨਿਕੋਰ।
ਨਿਸ, ਨਿਹ (ਨਹੀਂ, ਬਿਨਾਂ, ਬਾਝੋਂ)—ਨਿਸਫਲ, ਨਿਸਫਲ, ਨਿਸਕਾਮ, ਨਿਹਚਲ, ਨਿਹਕਲੰਕ।
ਨਿਰ (ਨਹੀਂ, ਬਿਨਾਂ, ਬਾਝੋਂ)—ਨਿਰਭਉ, ਨਿਰਵੈਰ, ਨਿਰਾਸ, ਨਿਰਦੋਸ਼, ਨਿਰਧਨ, ਨਿਰਜੀਵ, ਨਿਰਬਲ।
ਪਰ (ਪਰਾਇਆ)—ਪਰਦੇਸ, ਪਰਧਨ, ਪਰਨਾਰੀ।
ਪ੍ਰ, ਪਰ (ਅਧਿਕਤਾਵਾਚਕ)—ਪ੍ਰਬਲ, ਪਰਫੁੱਲਤ, ਪ੍ਰਦੇਸ਼ (= ਪ੍ਰਾਂਤ)।

---

†ਸੰਸਕ੍ਰਿਤ ਵਿੱਚ 'ਉਨ' ਤੋਂ ਪਹਿਲਾਂ ਸ਼ਬਦ 'ਇੱਕ' ਵੀ ਹੁੰਦਾ ਹੈ; ਜਿਵੇਂ ਇਕੋਨਤ੍ਰਿੰਸ਼ਤੀ = ਇੱਕ ਘੱਟ ਤੀਹ। ਪਰ ਪੰਜਾਬੀ ਵਿੱਚ 'ਇੱਕ' ਦਾ ਲੋਪ ਹੋ ਕੇ ਕੇਵਲ 'ਉੱਨੀ', 'ਉਨੱਤੀ', 'ਉਨਤਾਲੀ' ਆਦਿ ਹੀ ਰਹਿ ਗਏ ਹਨ।

‡'ਸ੍ਵੈ' ਦਾ ਪੰਜਾਬੀ ਵਿੱਚ 'ਸੁ' ਜਾਂ 'ਸੈ' ਵੀ ਹੋ ਜਾਂਦਾ ਹੈ; ਜਿਵੇਂ—ਸ੍ਵੈਦੇਸ਼ੀ = ਸੁਦੇਸ਼ੀ; ਸ੍ਵੈਭੰ = ਸੈਭੰ।

Sri Satguru Jagjit Singh Ji Elibrary NamdhariElibrary@gmail.com

ਪੜ (ਇੱਕ ਦਰਜਾ ਪਰੇ ਦਾ)–ਪੜਦਾਦ (ਇਕ ਦਰਜਾ ਪਰੇ ਦਾ ਦਾਦਾ) ਪੜਪੋਤਾ (ਇੱਕ ਦਰਜਾ ਪਰੇ ਦਾ ਪੋਤਾ)।

ਮਨ [ਨਿਖੇਧਕ]–ਮਨਖੱਟੂ, ਮਨਚਾਰੂ, ਮਨਾਖਾ (ਅੰਨ੍ਹਾ)।

ਮਹਾ, ਮਹਾਂ [ਵੱਡਾ]–ਮਹਾਤਮਾ, ਮਹਾਬਲੀ, ਮਹਾਂਨੀਚ।

ਲਾ [ਨਿਖੇਧਕ] -ਲਾਸਾਨੀ, ਲਾਵਾਰਸ, ਲਾਵਲਦ।

ਵਿ (ਵਿਸ਼ੇਸ਼ ਕਰ ਕੇ)–ਵਿਗਿਆਨ, ਵਿਨਾਸ।

ਬੇ [ਬਗ਼ੈਰ, ਬਾਝ, ਬਿਨਾਂ]–ਬੇਸੁਰਾ, ਬੇਸਮਝ, ਬੇਈਮਾਨ, ਬੇਮੁਖ।

ਵਿ [ਨਿਖੇਧਕ]–ਵਿਜੋਗ, ਵਿਕਾਰ, ਵਿਅਰਥ।

ਬਾ [ਸਮੇਤ, ਨਾਲ] ਬਾਕਾਇਦਾ, ਬਾਰੌਣਕ।

ਸ਼ਾਹ [ਵੱਡਾ]–ਸ਼ਾਹਤੂਤ, ਸ਼ਾਹਰਾਹ, ਸ਼ਾਹਬਾਜ਼ [ਵੱਡਾ ਬਾਜ਼]।

# (ਅ) ਪਿਛੇਤਰ

231. ਪਿਛੇਤਰ ਤਿੰਨ ਪਰਕਾਰ ਦੇ ਹਨ:–

[1] ਕਿਰਿਆਵੀ–ਜੋ ਧਾਤੂ ਦੇ ਮਗਰ ਲੱਗ ਕੇ ਕਿਰਿਆ ਬਣਾਉਂਦੇ ਹਨ; ਜਿਵੇਂ–'ਆਇਆ' ਤੇ 'ਆਵੇ' ਵਿੱਚ 'ਇਆ' ਤੇ 'ਵੇ' ਦੋਵੇਂ ਕਿਰਿਆਈ ਪਿਛੇਤਰ ਹਨ, ਜੋ 'ਆ' ਧਾਤੂ ਦੇ ਮਗਰ ਲਾਏ ਗਏ ਹਨ।

(2) ਕਾਰਦੰਤਕੀ–ਜੋ ਧਾਤੂ ਦੇ ਮਗਰ ਲੱਗ ਕੇ ਕਾਰਦੰਤਕ ਬਣਾਉਂਦੇ ਹਨ; ਜਿਵੇਂ–ਡਰਪੋਕ' ਤੇ 'ਵਸਨੀਕ' ਵਿੱਚ 'ਪੋਕ' ਤੇ 'ਨੀਕ'।

(3) ਤੱਧਿਤ–ਜੋ ਧਾਤੂ ਤੋਂ ਬਿਨਾਂ ਕਿਸੇ ਹੋਰ ਸ਼ਬਦ ਭੇਦ ਨਾਲ ਲੱਗਣ; ਜਿਵੇਂ–'ਦਿੱਲੀਵਾਲ' ਤੇ 'ਸੁੰਦਰਤਾ' ਵਿੱਚ 'ਵਾਲ' ਤੇ 'ਤਾ'।

232. ਹੁਣ ਕੁਝਕੁ ਪਿਛੇਤਰ ਲਿਖ ਕੇ ਨਾਲ ਉਨ੍ਹਾਂ ਦੇ ਉਦਾਹਰਣ ਵੀ ਦਿੱਤੇ ਹਨ, ਜਿਨਾਂ ਵਿੱਚ 'ਸ੍ਵਰ ਅੱਖਰ' ਪੂਰੇ ਰੂਪ ਵਿੱਚ ਵੀ ਆਉਂਦੇ ਹਨ ਤੇ 'ਲਗ–ਰੂਪ' ਵਿੱਚ ਵੀ; ਜਿਵੇਂ:–

ਊ–ਖਾਊ, ਕਮਾਊ, ਤਾਰੂ, ਮਾਰੂ, ਡਰੂ।

ਉਟ–ਮਿਲਾਉਟ, ਸਜਾਉਟ, ਬਣਾਉਟ, ਰੁਕਾਉਟ।

ਊਂਗੜਾ–ਬਿਲੂੰਗੜਾ, ਬਚੂੰਗੜਾ।

ਓ–ਰਾਮੋ, ਸ਼ਾਮੋ, ਹਰਨਾਮੋ, ਕਰਤਾਰੋ।

ਆ–ਝਗੜਾ, ਰਗੜਾ, ਭੁੱਖਾ, ਮੇਲਾ, ਪੰਡਿਤਾ, ਸੇਵਕਾ, ਅਧਿਆਪਕਾ, ਮਲਕਾ।

Sri Satguru Jagjit Singh Ji Elibrary NamdhariElibrary@gmail.com

ਆਈ–ਲਿਖਾਈ, ਪੜ੍ਹਾਈ, ਲੜਾਈ, ਸਚਾਈ, ਭਲਿਆਈ, ਬੁਰਿਆਈ, ਚੰਗਿਆਈ ।

ਆਉ–ਬਚਾਉ, ਦਬਾਉ, ਵਰਤਾਉ । [ਨਾਉਂ]

ਆਓ–ਉਠਾਓ, ਬਿਠਾਓ, ਬੁਲਾਓ, ਸੁਣਾਓ । [ਕਿਰਿਆ]

ਆਕ–ਤਰਾਕ, ਪਿਆਕ ।

ਆਕਾ–ਲੜਾਕਾ, ਕੜਾਕਾ, ਭਿੜਾਕਾ ।

ਆਰੀ–ਲਿਖਾਰੀ, ਖਿਡਾਰੀ ।

ਐਲ, ਐਲਾ–ਮਟੈਲ, ਗੁਸੈਲ, ਗੁਸੈਲਾ, ਬਨੈਲਾ ।

ਆਕਲ–ਡਰਾਕਲ, ਸ਼ਰਮਾਕਲ ।

ਆਣੀ–ਪੰਡਤਾਣੀ, ਖਤਰਾਣੀ, ਜਿਠਾਣੀ ।

ਆਂਦਰਾ–ਵਟਾਂਦਰਾ, ਸੁਹਾਂਦਰਾ ।

ਆਂਦਰੂ–ਜਮਾਂਦਰੂ, ਸਿਖਾਂਦਰੂ [ਗੁਣ] ।

ਆਪ–ਮਿਲਾਪ ।

ਅੱਤਣ–ਕੁੜੱਤਣ, ਪਿਲੱਤਣ, ਕਲੱਤਣ ।

ਆਲਾ–ਵਿੱਦਿਆਲਾ, ਪੁਸਤਕਾਲਾ, ਹਿਮਾਲਾ ।

ਆਲ–ਘੜਿਆਲ, ਕਿਰਪਾਲ, ਦਿਆਲ ।

ਆਲੂ–ਦਿਆਲੂ, ਕਿਰਪਾਲੂ, ਸ਼ਰਧਾਲੂ ।

ਆਵਟ–ਸਜਾਵਟ, ਰੁਕਾਵਟ, ਥਕਾਵਟ ।

ਆਵਲੀ–ਬੰਸਾਵਲੀ, ਚਿਤ੍ਰਾਵਲੀ, ਰਤਨਾਵਲੀ ।

ਆਉਣਾ–ਸ਼ਰਮਾਉਣਾ, ਪਛਤਾਉਣਾ, ਸੁਣਾਉਣਾ ।

ਆਨੀ–ਰੂਹਾਨੀ, ਜਿਸਮਾਨੀ, ਨੂਰਾਨੀ ।

ਈ–ਮੁਗਲਈ, ਵਿਸ਼ਈ, ਸੁਰਮਈ ।

ਈਆ–ਗੜਵਈਆ, ਮੁਲਖਈਆ, ਰਖਵਈਆ ।

ਹਿਰਾ–ਇਕਹਿਰਾ, ਸੁਨਹਿਰਾ, ਕਛਹਿਰਾ ।

ਆੜੀ–ਅਗਾੜੀ, ਪਿਛਾੜੀ ।

ਆਰ–ਚਮਾਰ, ਲੁਹਾਰ, ਦਾਤਾਰ, ਰੁਹਾਰ ।

ਆਣ–ਭਗਤੂ-ਆਣ (ਭਗਤੂ ਦਾ ਪੁੱਤਰ), ਫੇਰੂ-ਆਣ (ਫੇਰੂ ਦੇ ਪੁੱਤਰ, ਗੁਰੂ ਅੰਗਦ ਦੇਵ ਜੀ) ।

ਈ–ਸਫ਼ਾਈ, ਚੌੜਾਈ, ਦੋਸਤੀ, ਦੁਸਮਣੀ, ਜੱਟੀ, ਪਹਾੜੀ, ਬਘਿਆੜੀ ।

Sri Satguru Jagjit Singh Ji Elibrary NamdhariElibrary@gmail.com

ੀਆ–ਛਬੀਲੀਆ, ਜੜੀਆ, ਆਤੁਤੀਆ ।

ੀਅਲ–ਸੜੀਅਲ, ਅੜੀਅਲ, ਮਰੀਅਲ ।

ੀਲਾ–ਸਰਮੀਲਾ, ਜ਼ਹਿਰੀਲਾ, ਰੰਗੀਲਾ ।

ਇਆਂ–ਬੈਠਿਆਂ, ਉੱਠਿਆਂ, ਹੱਸਿਆਂ, ਰੋਇਆਂ ।

ੀਨ–ਰੰਗੀਨ, ਨਮਕੀਨ, ਮਲੀਨ, ਕੁਲੀਨ ।

ਇਕ–ਧਾਰਮਿਕ, ਸਮਾਜਿਕ, ਇਤਿਹਾਸਿਕ, ਆਤਮਿਕ ।

ਇਤ–ਦੁਖਿਤ, ਪੀੜਿਤ; ਖੰਡਿਤ ।

ੇਰਾ–ਲੁਟੇਰਾ, ਪਥੇਰਾ, ਵਡੇਰਾ, ਚੰਗੇਰਾ ।

ੇਰੇ–ਅਗੇਰੇ, ਪਿਛੇਰੇ, ਪਰੇਰੇ ।

ੇਲ–ਨਕੇਲ, ਗੁਲੇਲ ।

ੇਟਾ–ਜਟੇਟਾ, ਖਤਰੇਟਾ, ਰੰਘਰੇਟਾ ।

ੇਟੀ–ਖਤਰੇਟੀ, ਰੰਘਰੇਟੀ, ਜਟੇਟੀ ।

ੇਲੀ–ਇਕੇਲੀ, ਸਹੇਲੀ, ਨਵੇਲੀ ।

ੀਚਾ–ਬਗੀਚਾ, ਦਰੀਚਾ ।

ੀਂ–ਦਵਾਈਂ, ਗਾਈਂ, ਹਵਾਈਂ ।

ਸ–ਮਿਠਾਸ, ਖਟਾਸ ।

ਸਾਰ–ਮਿਲਣਸਾਰ, ਹੰਢਣਸਾਰ ।

ਸਾਲਾ, ਸ਼ਾਲਾ–ਧਰਮਸਾਲਾ, ਪਾਠਸ਼ਾਲਾ, ਗਊਸ਼ਾਲਾ ।

ਸਾਲ–ਟਕਸਾਲ, ਧਰਮਸਾਲ ।

ਸਤਾਨ–ਕਬਰਿਸਤਾਨ, ਹਿੰਦੁਸਤਾਨ, ਅਫ਼ਗਾਨਿਸਤਾਨ, ਬਿਲੋਚਿਸਤਾਨ, ਤੁਰਕਿਸਤਾਨ, ਇੰਗਲਿਸਤਾਨ ।

ਹਾਰ–ਹੋਣਹਾਰ, ਮਰਨਹਾਰ, ਸਿਰਜਨਹਾਰ ।

ਹਾਰਾ–ਲੱਕੜਹਾਰਾ, ਲਿਖਣਹਾਰਾ, ਪੜ੍ਹਨਹਾਰਾ ।

ਹਰਾ–ਦੂਹਰਾ, ਤੀਹਰਾ, ਚੌਹਰਾ ।

ਹੀਣ, ਹੀਨ–ਬਲਹੀਣ, ਕਰਨਹੀਨ, ਭਾਗਹੀਨ ।

ਹਾਰੀ ਟੁਟਣਹਾਰੀ, ਖੇਖਣਹਾਰੀ ।

ਕ–ਲੇਖਕ, ਪੂਜਕ, ਪਾਠਕ, ਯਾਚਕ, ਕਥਕ, ਬਾਲਕ, ਢੋਲਕ, ਨਾਨਕ, ਦਾਦਕ ।

ਕਾ, ਕੀ–ਬਾਲਕਾ, ਬਾਲਕੀ, ਨਾਨਕਾ, ਨਾਨਕੀ, ਗੋਕਾ, ਗੋਕੀ, ਪੇਕਾ, ਪੇਕੀ; ਦਾਦਕਾ, ਦਾਦਕੀ ।

Sri Satguru Jagjit Singh Ji Elibrary NamdhariElibrary@gmail.com

ਕਾਰ–ਸਲਾਹਕਾਰ, ਟੀਕਾਕਾਰ ।

ਕਾਰੀ–ਫੁਲਕਾਰੀ, ਗੁਣਕਾਰੀ, ਚਿੱਤਰਕਾਰੀ ।

ਖ਼ੋਰ–ਹਰਾਮਖ਼ੋਰ, ਚੁਗਲਖ਼ੋਰ ।

ਖ਼ੋਰਾ–ਮਾਸਖ਼ੋਰਾ, ਵਢੀਖ਼ੋਰਾ ।

ਖ਼ਾਨਾ–ਡਾਕਖ਼ਾਨਾ, ਜੇਲ੍ਹਖ਼ਾਨਾ, ਕਾਰਖ਼ਾਨਾ, ਯਤੀਮਖ਼ਾਨਾ ।

ਗਾਰ–ਮੱਦਦਗਾਰ, ਪਰਹੇਜ਼ਗਾਰ, ਗੁਨਾਹਗਾਰ ।

ਗੀਰ–ਦਿਲਗੀਰ, ਮਾਹੀਗੀਰ, ਆਲਮਗੀਰ ।

ਗਰ–ਕਾਰੀਗਰ, ਸੌਦਾਗਰ, ਜਾਦੂਗਰ ।

ਗੀ–ਨਾਰਾਜ਼ਗੀ, ਬੰਦਗੀ, ਗੰਦਗੀ ।

ਚੀ–ਬੰਦੂਕਚੀ, ਤੋਪਚੀ, ਮਸ਼ਾਲਚੀ, ਖ਼ਜ਼ਾਨਚੀ ।

ਚਾਰੀ–ਲੋਕਾਚਾਰੀ, ਪ੍ਰਾਹੁਣਾਚਾਰੀ, ਕੁੜਮਾਚਾਰੀ ।

ਣ, ਨ–ਢੱਕਣ, ਝਾੜਨ, ਧੋਬਣ, ਗੁਆਂਢਣ, ਪਹਾੜਨ, ਪੰਨੋਹਾਰਨ, ਪੁਜਾਰਨ ।

ਣਾ, ਨਾ–ਵੇਲਣਾ, ਘੋਟਣਾ, ਦੂਣਾ, ਤੀਣਾ, ਮਖੇਰਨਾ ।

ਣੀ, ਨ–ਨੱਟਣੀ, ਸੌਂਤਣੀ, ਭੱਟਣੀ, ਰਹਿਣੀ, ਬਹਿਣੀ, ਕਰਨੀ, ਭਰਨੀ, ਮੋਰਨੀ, ਫ਼ਕੀਰਨੀ, ਜਾਦੂਗਰਨੀ ।

ਤ–ਰੰਗਤ, ਸੰਗਤ ।

ਤਾ–ਅਰੋਗਤਾ, ਸੁੰਦਰਤਾ, ਮੂਰਖਤਾ ।

ਤਾਈ–ਸੁੰਦਰਤਾਈ, ਮੂਰਖਤਾਈ, ਸੂਰਮਤਾਈ ।

ਤੀ-ਗਿਣਤੀ, ਮਿਣਤੀ, ਬੁਣਤੀ ।

ਦਾਨ–ਕਲਮਦਾਨ, ਫੂਲਦਾਨ ਅਤਰਦਾਨ ।

ਦਾਨੀ–ਲੂਣਦਾਨੀ, ਮੱਛਰਦਾਨੀ, ਚਾਹਦਾਨੀ, ਸੁਰਮੇਦਾਨੀ ।

ਦਾਰ–ਸੇਵਾਦਾਰ, ਚੋਬਦਾਰ, ਨੰਬਰਦਾਰ ।

ਧਾਰ–ਮੁਹਲੇਧਾਰ, ਦੂਧਾਧਾਰ ।

ਧਰ–ਕਲਗੀਧਰ ।

ਪ-ਸਿਆਣਪ, ਸੁਹਣੱਪ ।

ਪਾ–ਬੁਢੇਪਾ, ਰੰਡੇਪਾ ।

ਪੁਣਾ–ਮੂਰਖਪੁਣਾ, ਲੁੱਚਪੁਣਾ, ਢੀਠਪੁਣਾ ।

ਪਣ–ਬਚਪਣ, ਛੁੱਟਪਣ, ਵੱਡਪਣ, ਸੁਹੱਪਣ ।

ਪਨ–ਕਾਲਾਪਨ, ਭੋਲਾਪਨ ।

Sri Satguru Jagjit Singh Ji Elibrary NamdhariElibrary@gmail.com

ਬਾਜ਼–ਧੋਖੇਬਾਜ਼, ਜੂਏਬਾਜ਼, ਦਗ਼ੇਬਾਜ਼ ।

ਬਾਨ–ਮਿਹਰਬਾਨ, ਗਾੜੀਬਾਨ, ਬਾਗ਼ਬਾਨ ।

ਮਾਨ–ਬੁੱਧੀਮਾਨ, ਸ਼ਕਤੀਮਾਨ ।

ਮੰਦ–ਅਕਲਮੰਦ, ਦੌਲਤਮੰਦ ।

ਲ–ਚਿੰਦਲ, ਦੁੱਧਲ, ਕਿਰਪਾਲ, ਦਿਆਲ ।

ਲਾ–ਲਾਡਲਾ, ਫੁਰਤੀਲਾ, ਹਠੀਲਾ, ਹੱਥਲਾ, ਵਿੱਚਲਾ, ਉੱਪਰਲਾ, ਹੇਠਲਾ, ਮੁੱਢਲਾ ।

ਲੂ–ਕਿਰਪਾਲੂ, ਦਿਆਲੂ, ਸ਼ਰਧਾਲੂ ।

ਵਾ–ਬੁਲਾਵਾ, ਖਿਡਾਵਾ, ਦਿਖਾਵਾ, ਚੜ੍ਹਾਵਾ ।

ਵੀ–ਬੁਲਾਵੀ, ਖਿਡਾਵੀ, ਧਾਤਵੀ, ਤਪੱਸਵੀ ।

ਵਾਨ–ਤੇਜਵਾਨ, ਧਨਵਾਨ, ਬਲਵਾਨ, ਵਿੱਦਵਾਨ ।

ਵਾਲ–ਭਾਈਵਾਲ, ਦਿੱਲੀਵਾਲ, ਸਾਂਭੀਵਾਲ, ਮਹੌਂਵਾਲ ।

ਵਾਲੀ–ਘਰਵਾਲੀ, ਜਾਣਵਾਲੀ, ਖਾਣਵਾਲੀ, ਬੁਰਕੇਵਾਲੀ ।

ਵਟ–ਸਜਾਵਟ, ਬਣਾਵਟ, ਰੁਕਾਵਟ, ਮਿਲਾਵਟ ।

ਵਰ–ਜ਼ੋਰਾਵਰ, ਤਾਕਤਵਰ, ਜਾਨਵਰ, ਨਾਮਵਰ ।

ਵੰਤ, ਵੰਤੀ–ਧਨਵੰਤ, ਕੁਲਵੰਤ, ਸਤਵੰਤੀ, ਗੁਣਵੰਤੀ ।

ਵੰਦ–ਲੋੜਵੰਦ, ਅਕਲਵੰਦ ।

ਵਾਂ–ਪੰਜਵਾਂ, ਛੇਵਾਂ, ਚੋਣਵਾਂ, ਰਾਖਵਾਂ, ਮਾਂਗਵਾਂ ।

ੜ–ਛੁੱਟੜ, ਭੁੱਖੜ, ਰੋਕੜ, ਪੱਗੜ ।

ੜਾ–ਮੁਖੜਾ, ਬੁੱਢੜਾ, ਗ਼ਰੀਬੜਾ ।

ੜੀ–ਸੰਦੂਕੜੀ, ਕੋਠੜੀ, ਬਾਲੜੀ, ਗੰਢੜੀ ।

ੜੂ–ਘੋਰੜੂ, ਮਾਰੜੂ, ਭਾਗੜੂ ।

233. ਸ਼ਬਦ–ਉਤਪਤੀ ਨੂੰ ਇਉਂ ਵੀ ਦੱਸਿਆ ਜਾਂਦਾ ਹੈ; ਜਿਵੇਂ–

## (1) ਕਿਰਿਆ ਤੋਂ ਕਰਤ੍ਰੀਵਾਚਕ ਨਾਉਂ

| | | | |
|---|---|---|---|
| ਲਿਖਣਵਾਲਾ | ਲਿਖਣਹਾਰ | ਲੇਖਕ | ਲਿਖਾਰੀ |
| ਕਰਨਵਾਲਾ | ਕਰਣਹਾਰ | ਕਰਿੰਦਾ | ਕਾਮਾ |
| ਤਾਰਨਵਾਲਾ | ਤਾਰਨਹਾਰ | ਤਾਰਕ | ਪਾਠਕ |

Sri Satguru Jagjit Singh Ji Elibrary NamdhariElibrary@gmail.com

| | | | |
|---|---|---|---|
| ਹੋਣਹਾਰ | ਮਿਲਣਸਾਰ | ਹੰਢਣਸਾਰ | ਪੜ੍ਹਾਕੂ |
| ਤਾਰੂ | ਮਾਰੂ | ਜਾਣੂ | ਖਾਊ |
| ਡਰੂ | ਲੁਟਾਊ | ਕਮਾਊ | ਉਡਾਊ |
| ਖਿਡਾਰੀ | ਲੁਟੇਰਾ | ਪਥੇਰਾ | ਮੰਗਤਾ |
| ਗਵਈਆ | ਵਜੰਤ੍ਰੀ | ਲੜਾਕਾ | ਭਿੜਾਕਾ |
| ਵਸਨੀਕ | ਭਜਨੀਕ | ਧੋਬੀ | ਨਿਚੋੜੂ |
| ਸੜੀਅਲ | ਕੁੜ੍ਹੀਅਲ | ਡਰਾਕਲ | ਭਜਾਕਲ |
| ਖਿਡਾਵਾ | ਝਗੜਾਲੂ | ਡਰਪੋਕ | ਰੋਂਦੂ |
| ਕਥਕ | ਯਾਚਕ | ਪਾਲਕ | ਪੂਜਕ |
| ਵਕਤਾ | ਸ੍ਰੋਤਾ | ਕਰਤਾ | ਹਰਤਾ |

## (2) ਕਿਰਿਆ ਤੋਂ ਭਾਵਵਾਚਕ ਨਾਉਂ

| | | | | |
|---|---|---|---|---|
| ਚਾਲ | ਨਾਚ | ਕਾਰ | ਮਾਰ | ਲੁੱਟ |
| ਹਾਰ | ਜਿੱਤ | ਤੋਲ | ਬੋਲ | ਸੋਚ |
| ਰੋਕ | ਟੋਕ | ਤੋਰ | ਛੋਟ | ਜੋੜ |
| ਛੋਹ | ਟੋਹ | ਡਰ | ਪੁੱਛ | ਚੋਣ |
| ਹਾਸਾ | ਬਖੇੜਾ | ਤਾਰੀ | ਵਰਤੋਂ | ਵਰਤਾਉ |
| ਮੇਲ | ਮਿਲਾਪ | ਖੇੜਾ | ਖਿੜਾਉ | ਖੇਡ |
| ਭੇੜ | ਫੇਰ | ਘੇਰਾ | ਜੋਰਾ | ਝੇੜਾ |
| ਰਾਖੀ | ਰੋਸਾ | ਰੋੜ੍ਹ | ਰੇੜ੍ਹ | ਰੁਝੇਵਾਂ |
| ਨਿਖੇੜਾ | ਨਿਬੇੜਾ | ਰਗੜਾ | ਝਗੜਾ | ਧੱਕਾ |
| ਲਾਂਘਾ | ਲਿਸ਼ਕਾਰਾ | ਲਿਪਾਈ | ਪਹੁੰਚ | ਪਿਹਾਈ |
| ਭਾਜੜ | ਭੌਨ | ਭਾਨ | ਭਨਾਈ | ਭੁੱਲ |
| ਝਾੜ | ਡਾਂਟ | ਲਿਖਤ | ਪੜ੍ਹਤ | ਮਨੌਤ |
| ਗਿਣਤੀ | ਮਿਣਤੀ | ਉਣਤੀ | ਬੁਣਤੀ | ਉਣਾਈ |
| ਰਹਿਣੀ | ਬਹਿਣੀ | ਕਹਿਣੀ | ਕਰਨੀ | ਉਡਾਰੀ |
| ਦਬਾਉ | ਬਚਾਉ | ਟਿਕਾਉ | ਘਾੜਤ | ਘੜਾਈ |
| ਪਿਆਸ | ਬਕਵਾਸ | ਉਠਕ | ਬੈਠਕ | ਚੜ੍ਹਾਈ |

Sri Satguru Jagjit Singh Ji Elibrary NamdhariElibrary@gmail.com

| | | | | |
|---|---|---|---|---|
| ਆਖਾ | ਸੱਦਾ | ਦਿਖਾਵਾ | ਬੁਲਾਵਾ | ਚੜ੍ਹਾਵਾ |
| ਲਿਖਾਈ | ਪੜ੍ਹਾਈ | ਲੜਾਈ | ਕਟਾਈ | ਜੁਖਾਈ |
| ਸਜਾਵਟ | ਮਿਲਾਵਟ | ਰੁਕਾਵਟ | ਗਿਰਾਵਟ | ਉਤਰਾਈ |
| ਅੜੀ | ਸਾੜਾ | ਸਾੜ | ਉਬਾਲ | ਉਜਾੜਾ |
| ਵਾਢੀ | ਵਟਕ | ਵਿਕਰੀ | ਵਾਸਾ | ਖੱਟੀ |

## (3) ਕਿਰਿਆ ਤੋਂ ਕਰਣਵਾਚਕ ਨਾਉਂ

| | | | | |
|---|---|---|---|---|
| ਵੇਲਣਾ | ਘੋਟਣਾ | ਪੋਣਾ | ਛਾਣਨਾ | ਸਿਮਰਨਾ |
| ਫੂਕਣੀ | ਕਾੜਨੀ | ਪੋਣੀ | ਛਾਣਨੀ | ਸਿਮਰਨੀ |
| ਝਾੜਨ | ਢੱਕਣ | ਕੱਜਣ | ਲਿਖਣ | (=ਕਾਨੀ) |
| ਟੋਕਾ | ਟਕੂਆ | ਝਾੜੂ | ਸੂਈ | (ਸੀਉਂ ਤੋਂ) |

## (4) ਕਿਰਿਆ ਤੋਂ ਮੁੱਲਵਾਚਕ ਨਾਉਂ

| | | | | |
|---|---|---|---|---|
| ਰੰਗਾਈ | ਧੁਆਈ | ਸਿਲਾਈ | ਪਿਹਾਈ | ਲਿਖਾਈ |
| ਉਣਾਈ | ਛਪਾਈ | ਚੁਕਾਈ | ਕਟਾਈ | ਗਹਾਈ |
| ਬਿਜਾਈ | ਗੁਡਾਈ | ਭਰਾਈ | ਛਟਾਈ | ਤੁਲਾਈ |

## (5) ਕਿਰਿਆ ਤੋਂ ਵਿਸ਼ੇਸ਼ਣ

| | | | | |
|---|---|---|---|---|
| ਚੋਣਵਾਂ | ਮਾਂਗਵਾਂ | ਜੁੜਵਾਂ | ਮਿਲਵਾਂ | ਰਾਖਵਾਂ |
| ਲਿਖਿਤ | ਰਚਿਤ | ਮਲਿਤ | ਦਲਿਤ | ਕਥਿਤ |
| ਧੋਤਾ | ਗੁੰਧਾ | ਕੱਟਿਆ | ਵੱਢਿਆ | ਪੜ੍ਹਿਆ |
| ਉੱਡਦਾ | ਤਰਦਾ | ਭੁੱਲੜ | ਭੌਂਦੂ | ਤਰਦੀ |

## (6) ਨਾਵਾਂ ਤੋਂ ਵਿਸ਼ੇਸ਼ਣ

| | | | | |
|---|---|---|---|---|
| ਭੁੱਖਾ | ਪਿਆਸਾ | ਮੈਲਾ | ਗੰਦਾ | ਨੰਗਾ |
| ਰੋਗੀ | ਜੋਗੀ | ਦੁਖੀ | ਸੁਖੀ | ਲੋਭੀ |
| ਜਾਪਾਨੀ | ਹਿੰਦੀ | ਹਠੀਲਾ | ਸੁਦਾਈ | ਦਾਨੀ |

Sri Satguru Jagjit Singh Ji Elibrary NamdhariElibrary@gmail.com

| | | | | |
|---|---|---|---|---|
| ਗੋਂਕਾ | ਮਾਝਾ | ਬਾਕਰਾ | ਗੁਸੈਲਾ | ਬਨੈਲਾ |
| ਦੁੱਧੀਆ | ਧੁੰਦਲਾ | ਧਰਮੀ | ਪਾਪੀ | ਝੂਠਾ |
| ਟਹਿਲੀਆ | ਵਿੱਚਲ | ਜ਼ਿੱਦੀ | ਜ਼ਿੱਦਲ | ਘਰੋਗੀ |
| ਪੇਕਾ | ਨਾਨਕਾ | ਦਾਦਕਾ | ਖਿਆਲੀ | ਪੰਜਾਬੀ |
| ਜੋਸ਼ੀਲਾ | ਛੋਕਰਲਾ | ਅੰਤਲਾ | ਮੁੱਢਲਾ | ਪਿੱਛਲਾ |
| ਕੇਸਰੀ | ਪਿਆਜ਼ੀ | ਗੁਲਾਬੀ | ਜੋਗੀਆ | ਵੈਂਗਣੀ |
| ਚਮਕੀਲਾ | ਛਲੀਆ | ਦਰਿਆਈ | ਪਹਾੜੀ | ਕਸ਼ਮੀਰੀ |
| ਦਿੱਲੀਵਾਲ | ਲਾਹੌਰੀ | ਪਿਸ਼ੌਰੀ | ਬੰਗਾਲੀ | ਕਾਬਲੀ |
| ਰੇਸ਼ਮੀ | ਧਾਤੀ | ਮਿੱਸਾ | ਸੂਤੀ | ਊਂਨੀ |
| ਸਲੂਣਾ | ਨਮਕੀਨ | ਰੂਹਾਨੀ | ਜਿਸਮਾਨੀ | ਨੂਰਾਨੀ |
| ਦੁਨਿਆਵੀ | ਸੂਫ਼ਰਾਵੀ | ਸੰਸਾਰਿਕ | ਬੇਸੁਰਾ | ਬੇਦੀਨ |

## (7) ਵਿਸ਼ੇਸ਼ਣਾਂ ਤੋਂ ਨਾਉਂ

| | | | | |
|---|---|---|---|---|
| ਕਲੱਤਣ | ਪਿਲੱਤਣ | ਕੁੜੱਤਣ | ਚਲਾਕੀ | ਦਲੇਰੀ |
| ਬੁਢੇਪਾ | ਰੰਡੇਪਾ | ਜੁਆਨੀ | ਗ਼ਰੀਬੀ | ਅਮੀਰੀ |
| ਸਚਾਈ | ਭਲਾਈ | ਬੁਰਾਈ | ਚੰਗਿਆਈ | ਚਿਟਿਆਈ |
| ਬਿੰਧਿਆਈ | ਬੰਦਗੀ | ਗੰਦਗੀ | ਗੋਲਾਈ | ਚੌੜਾਈ |
| ਲੰਬਾਈ | ਉਚਿਆਈ | ਕਮੀਨਾਪਨ | ਹੋਛਾਪਨ | ਮੋਟਾਪਨ |
| ਬੁੜ੍ਹ | ਬਰੀਕੀ | ਮਿਠਾਸ | ਫਿੱਕ | ਨਿਵਾਣ |
| ਊਣਤਾਈ | ਸਿਆਣਪ | ਸੁਹੱਪਣ | ਦਿਆਲਤਾ | ਕਿਰਪਾਲਤਾ |
| ਭੋਲਾਪਣ | ਲੁੱਚਪੁਣਾ | ਪਾਗਲਪੁਣਾ | ਸ਼ੂਮਪੁਣਾ | ਬੇਸ਼ਰਮੀ |
| ਸੁੰਦਰਤਾ | ਗੰਭੀਰਤਾ | ਉੱਤਮਤਾ | ਨੀਚਤਾਂ | ਸਮਾਨਤਾ |

—o—

Sri Satguru Jagjit Singh Ji Elibrary NamdhariElibrary@gmail.com

# ਤੀਜਾ ਭਾਗ

## ਵਾਕਬੋਧ

234. ਵਾਕਬੋਧ ਵਿਆਕਰਣ ਦਾ ਉਹ ਭਾਗ ਹੈ, ਜਿਸ ਵਿੱਚ ਵਾਕ-ਰਚਨਾ, ਵਾਕ-ਵੰਡ ਤੇ ਵਿਸਰਾਮ ਚਿੰਨ੍ਹਾਂ ਆਦਿ ਦੇ ਨੇਮ ਦੱਸੇ ਜਾਂਦੇ ਹਨ।

# ਪਹਿਲਾ ਅਧਿਆਇ

## ਵਾਕ-ਰਚਨਾ ਦੇ ਨੇਮ

235. ਵਾਕ-ਰਚਨਾ ਦੇ ਨੇਮਾਂ ਨੂੰ ਸ਼ਬਦਾਂ ਦੇ ਪਰਸਪਰ ਅਧਿਕਾਰ, ਮੇਲ ਅਤੇ ਕ੍ਰਮ ਅਨੁਸਾਰ ਤਿੰਨਾਂ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ:-

## (ੳ) ਅਧਿਕਾਰ

236. 'ਅਧਿਕਾਰ' ਸੰਬੰਧੀ ਨੇਮਾਂ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਵਾਕ ਵਿੱਚ ਇੱਕ ਸ਼ਬਦ ਦੀ ਵਰਤੋਂ ਕਿਸੇ ਦੂਜੇ ਸ਼ਬਦ ਨੂੰ ਕਿਸ ਕਾਰਕ ਜਾਂ ਰੂਪ ਵਿੱਚ ਲਿਆਉਂਦੀ ਹੈ। ਸੋ-

ਨੇਮ (1) ਸੰਬੰਧਕ ਆਪਣੇ ਸੰਬੰਧੀ ਨੂੰ ਸੰਬੰਧਕੀ ਰੂਪ ਵਿੱਚ ਲਿਆਉਂਦੇ ਹਨ; ਜਿਹਾ ਕਿ-ਮੁੰਡੇ ਨੇ, ਕੁੱਤੇ ਨੂੰ, ਕੋਠੇ ਤੇ, ਜਿਸ ਦਾ, ਕਿਸ ਦਾ।

ਅਸ਼ੁੱਧ-ਮੁੰਡਾ ਨੇ, ਕੁੱਤਾ ਨੂੰ, ਕੋਠਾ ਤੇ, ਜੋ ਦਾ, ਕੌਣ ਦਾ।

ਨੇਮ (2) ਵਿਸਮਿਕ ਆਪਣੇ ਵਿਸਮਿਕੀ ਨਾਉਂ ਨੂੰ (ਜੇ ਕੋਈ ਹੋਵੇ ਤਾਂ) ਸੰਬੋਧਨ ਰੂਪ ਵਿੱਚ ਲੈ ਆਉਂਦੇ ਹਨ; ਜਿਵੇਂ-ਓਏ 'ਮੁੰਡਿਆ'! ਦੂਰ 'ਕੁੱਤਿਆ'! ਹਾਏ 'ਰੱਬਾ'!

ਨੇਮ (3) ਸਭ 'ਅਕਰਮਕ' ਕਿਰਿਆਂ ਆਪਣੇ ਕਰਤਾ ਨੂੰ ਸਾਧਾਰਣ ਰੂਪ ਵਿੱਚ ਰੱਖਦੀਆਂ ਹਨ; ਜਿਹਾ ਕਿ-'ਮੁੰਡਾ' ਖੇਡਦਾ ਹੈ। 'ਅਸੀ' ਬੈਠੇ ਹਾਂ। 'ਤੁਸੀਂ' ਊਂਘਦੇ ਹੋ।

ਅਸ਼ੁੱਧ-'ਅਸਾਂ' ਬੈਠੇ ਹਾਂ। 'ਤੁਸਾਂ' ਊਂਘਦੇ ਹੋ।

Sri Satguru Jagjit Singh Ji Elibrary NamdhariElibrary@gmail.com

ਨੇਮ (4) ਜਦੋਂ 'ਅਪੂਰਣ ਅਕਰਮਕ' ਕਿਰਿਆ ਦਾ ਪੂਰਕ 'ਭਾਵਾਰਥ' ਹੋਵੇ, ਤਾਂ ਕਰਤਾ ਸੰਬੰਧਕੀ ਰੂਪ ਤੇ ਸੰਬੰਧਕ 'ਨੇ' ਸਹਿਤ ਹੁੰਦਾ ਹੈ; ਜਿਹਾ ਕਿ– 'ਮੁੰਡੇ ਨੇ' ਲਾਹੌਰ ਜਾਣਾ ਹੈ। 'ਉਸ ਨੇ' ਉੱਥੇ ਛੇਤੀ ਪਹੁੰਚਣਾ ਹੋਵੇਗਾ।

ਨੇਮ (5) 'ਸਕਰਮਕ ਕਿਰਿਆ' ਦੇ ਅਨਿਸਚਿਤ ਭੂਤ, ਸਮੀਪੀ ਭੂਤ ਤੇ ਪੂਰਣ ਭੂਤ ਕਾਲ ਦਾ ਕਰਤਾ ਸੰਬੰਧਕੀ ਰੂਪ ਤੇ ਸੰਬੰਧਕ 'ਨੇ' ਸਹਿਤ ਹੁੰਦਾ ਹੈ; ਪਰ ਹੋਰਨਾਂ ਕਾਲਾਂ ਦਾ 'ਕਰਤਾ' ਸਦਾ ਸਾਧਾਰਣ ਰੂਪ ਹੀ ਰਹਿੰਦਾ ਹੈ; ਜਿਹਾ ਕਿ–

'ਮੁੰਡੇ ਨੇ' ਦੁੱਧ ਪੀਤਾ, ਪੀਤਾ ਹੈ, ਪੀਤਾ ਸੀ।
'ਮੁੰਡਾ' ਦੁੱਧ ਪੀਂਦਾ ਸੀ, ਪੀਂਦਾ ਹੈ, ਪੀਵੇ, ਪੀਵੇਗਾ।

ਨੋਟ (1) ਕਦੇ ਕਦੇ 'ਆ', 'ਪੈ' ਤੇ 'ਮਿਲ' ਤੋਂ ਬਣੀਆਂ ਹੋਈਆਂ ਕਿਰਿਆਂ ਦਾ ਕਰਤਾ 'ਕਰਮਕਾਰਕ' ਵਿੱਚ, ਅਥਵਾ, ਸੰਬੰਧਕ 'ਨੂੰ' ਸਹਿਤ ਹੁੰਦਾ ਹੈ; ਜਿਹਾ ਕਿ–'ਉਹਨੂੰ' ਘੋੜੇ ਦੀ ਸਵਾਰੀ ਆਉਂਦੀ ਹੈ। 'ਤੈਨੂੰ' ਤਰਨਾ ਨਹੀਂ ਆਉਂਦਾ। 'ਉਹਨੂੰ' ਹਰ ਰੋਜ਼ ਸ਼ਹਿਰ ਜਾਣਾ ਪੈਂਦਾ ਹੈ। 'ਸਾਨੂੰ' ਇੱਥੇ ਅਰਾਮ ਨਾਲ ਰਹਿਣਾ ਨਹੀਂ ਮਿਲਦਾ।

ਨੋਟ (2) ਇੱਸੇ ਤਰ੍ਹਾਂ 'ਲੋੜੀਏ', 'ਚਾਹੀਏ' ਤੇ 'ਲੋੜ ਹੈ' ਨਾਲ ਵੀ ਕਰਤਾ 'ਕਰਮਕਾਰਕ' ਵਿੱਚ ਆਉਂਦਾ ਹੈ; ਜਿਹਾ ਕਿ–'ਤੁਹਾਨੂੰ' ਵੱਡਿਆਂ ਦਾ ਅਦਬ ਕਰਨਾ ਲੋੜੀਏ, ਚਾਹੀਏ, ਲੋੜੀਦਾ ਹੈ, ਚਾਹੀਦਾ ਹੈ। 'ਮੈਨੂੰ' ਇੱਕ ਨੌਕਰ ਦੀ ਲੋੜ ਹੈ।

ਨੇਮ (6) ਹੋਰ ਸਾਰੀਆਂ 'ਸੰਜੁਕਤ ਕਿਰਿਆਂ' ਦਾ 'ਕਰਤਾ' ਸਾਧਾਰਣ ਰੂਪ ਹੀ ਹੁੰਦਾ ਹੈ; ਪਰ ਹੇਠਾਂ ਲਿਖੀਆਂ ਦਾ ਸੰਬੰਧਕੀ ਰੂਪ ਅਥਵਾ ਸੰਬੰਧਕ 'ਨੇ' ਸਹਿਤ ਹੋਇਆ ਕਰਦਾ ਕਰਦਾ ਹੈ:–

(ੳ) ਜੋ ਸੰਜੁਕਤ ਕਿਰਿਆਂ 'ਸਕਰਮਕ ਧਾਤੂ' ਦੇ 'ਭੂਤ ਕਾਰਦੰਤਕ' ਨਾਲ 'ਹੁੰਦਾ', 'ਹੋਵੇ' ਤੇ 'ਹੋਵੇਗਾ' ਲਾਇਆਂ ਬਣਦੀਆਂ ਹਨ; ਜਿਹਾ ਕਿ–ਜੇ 'ਮੁੰਡੇ ਨੇ' ਦੁੱਧ ਪੀਤਾ ਹੁੰਦਾ, ਪੀਤਾ ਹੋਵੇ, ਪੀਤਾ ਹੋਵੇਗਾ।

(ਅ) ਜੋ ਸੰਜੁਕਤ ਕਿਰਿਆਂ 'ਸਕਰਮਕ ਧਾਤੂ' ਨਾਲ 'ਲੈ', 'ਦੇ', 'ਸੁੱਟ', 'ਛੱਡ' ਤੇ 'ਕੱਢ' ਦੇ 'ਭੂਤ ਕਾਰਦੰਤਕ' ਤੋਂ ਬਣ ਹੋਏ ਕਾਲ ਲਾਇਆਂ ਬਣਦੀਆਂ ਹਨ; ਜਿਹਾ ਕਿ–ਮੁੰਡੇ ਨੇ ਦੁੱਧ ਪੀ ਲਿਆ ਹੈ, ਪੀ ਲਿਆ ਹੋਵੇਗਾ। ਉਸ ਨੇ ਕੁੱਤੇ ਨੂੰ ਜਾਨੋਂ ਮਾਰ ਦਿੱਤਾ, ਮਾਰ ਛੱਡਿਆ, ਮਾਰ ਸੁੱਟਿਆ ਸੀ, ਮਾਰ ਛੱਡਿਆ ਹੋਵੇਗਾ, ਜੇ ਮਾਰ ਕੱਢਿਆ ਹੁੰਦਾ।

Sri Satguru Jagjit Singh Ji Elibrary NamdhariElibrary@gmail.com

(ਦ) ਜੋ ਸੰਯੁਕਤ ਕਿਰਿਆਂ ਸਕਰਮਕ ਜਾਂ ਅਕਰਮਕ 'ਭਾਵਾਰਥ' ਦੇ ਅੰਤਲੇ ਕੰਨੇ ( ਾ ) ਨੂੰ ਦੂਰ ਕਰ ਕੇ ਉਹਦੇ ਨਾਲ 'ਦੇ' ਧਾਤੂ ਦੇ ਉਪਰੋਕਤ 'ਭੂਤ ਕਾਲ' ਲਾਇਆਂ ਬਣਦੀਆਂ ਹਨ; ਜਿਹਾ ਕਿ- ਮੁੰਡੇ ਨੇ ਕੁੱਤੇ ਨੂੰ ਦਮ ਨਾ ਲੈਣ ਦਿੱਤਾ। ਉਸ ਨੇ ਉਹਨੂੰ ਪਾਣੀ ਨਾ ਪੀਣ ਦਿੱਤਾ। ਲੋਕਾਂ ਨੇ ਉਹਨੂੰ ਜਾਣ ਨਾ ਦਿੱਤਾ।

ਨੇਮ (7) ਉਪਰੋਕਤ ਨੇਮਾਂ ਵਿੱਚ ਸੰਬੰਧਕੀ ਰੂਪ ਦੇ ਕਰਤਾ ਨਾਲ ਸੰਬੰਧਕ 'ਨੇ' ਦੀ ਵਰਤੋਂ ਇਸ ਤਰ੍ਹਾਂ ਹੁੰਦੀ ਹੈ:–

(ੳ) 'ਮੈਂ', 'ਤੂੰ', 'ਤੈਂ' 'ਅਸਾਂ' ਤੇ 'ਤੁਸਾਂ' ਨਾਲ 'ਨੇ' ਲੁਪਤ ਰਹਿੰਦਾ ਹੈ, ਪਰਗਟ ਨਹੀਂ ਹੁੰਦਾ; ਜਿਹਾ ਕਿ–ਮੈਂ ਦੁੱਧ ਪੀਤਾ। ਤੁਸਾਂ ਰੋਟੀ ਖਾਧੀ।

ਅਸ਼ੁੱਧ–ਮੈਂ ਨੇ ਦੁੱਧ ਪੀਤਾ। ਤੁਸਾਂ ਨੇ ਰੋਟੀ ਖਾਧੀ।

ਪਰ ਜਦੋਂ ਏਹਨਾਂ ਨਾਲ ਕੋਈ ਨਾਉਂ ਜਾਂ ਵਿਸ਼ੇਸ਼ਣ 'ਅਨੁਕ੍ਰਮੀ' ਹੋ ਕੇ ਆਵੇ, ਤਾਂ 'ਨੇ' ਪਰਗਟ ਵੀ ਹੋ ਸਕਦਾ ਹੈ; ਜਿਹਾ ਕਿ–ਮੈਂ, ਹਰਨਾਮ ਸਿੰਘ, ਨੇ ਰੋਟੀ ਖਾਧੀ। ਤੈਂ, ਆਲਸੀ, ਨੇ ਸੁਆਲ ਨਹੀਂ ਕੱਢੇ।

(ਅ) ਆਦਰਸੂਚਕ 'ਆਪ' ਨਾਲ 'ਨੇ' ਪਰਗਟ ਹੁੰਦਾ ਹੈ, ਲੁਪਤ ਨਹੀਂ ਹੋ ਸਕਦਾ; ਜਿਹਾ ਕਿ–ਆਪ ਨੇ ਦੁੱਧ ਪੀਤਾ। ਆਪ ਨੇ ਪਰਸ਼ਾਦ ਛਕਿਆ।

ਅਸ਼ੁੱਧ–ਆਪ ਦੁੱਧ ਪੀਤਾ। ਆਪ ਪਰਸ਼ਾਦ ਛਕਿਆ।

(ੲ) ਨਿਜਵਾਚਕ 'ਆਪ' ਨਾਲ 'ਨੇ' ਨਹੀਂ ਹੁੰਦਾ, ਸਗੋਂ ਉਸ ਦੇ ਮੁੱਖ ਸ਼ਬਦ ਨਾਲ ਲੱਗਦਾ ਹੈ; ਜਿਹਾ ਕਿ–ਮੁੰਡੇ ਨੇ ਆਪ ਚਿੱਠੀ ਲਿਖੀ। ਉਸ ਨੇ ਆਪ ਕਾਨੀ ਘੜੀ।

ਅਸ਼ੁੱਧ–ਮੁੰਡੇ ਆਪ ਨੇ ਚਿੱਠੀ ਲਿਖੀ। ਉਸ ਆਪ ਨੇ ਕਾਨੀ ਘੜੀ।

(ਸ) ਅਨ ਪੁਰਖ ਦੇ ਪੜਨਾਵਾਂ ਤੇ ਨਾਵਾਂ ਨਾਲ 'ਨੇ' ਪਰਗਟ ਵੀ ਹੋ ਸਕਦਾ ਹੈ ਤੇ ਲੁਪਤ ਵੀ; ਜਿਹਾ ਕਿ–ਉਸ ਜਾਂ ਉਸ ਨੇ ਦੁੱਧ ਪੀਤਾ। ਕਾਨੀ ਕਿਸ ਜਾਂ ਕਿਸ ਨੇ ਘੜੀ ?

ਨੇਮ (8) ਇੱਕ ਕਰਮ ਵਾਲੀ ਸਕਰਮਕ ਕਿਰਿਆ ਦਾ 'ਕਰਮ' ਕਦੇ ਸਾਧਾਰਣ ਰੂਪ ਹੁੰਦਾ ਹੈ ਤੇ ਕਦੇ ਸੰਬੰਧਕ 'ਨੂੰ' ਸਹਿਤ ਸੰਬੰਧਕੀ ਰੂਪ; ਜਿਹਾ ਕਿ–ਮੁੰਡਾ 'ਰੋਟੀ' ਖਾਂਦਾ ਹੈ। ਉਸ ਨੇ 'ਕੁੱਤੇ ਨੂੰ' ਮਾਰਿਆ।

ਨੇਮ (9) ਦੁਕਰਮਕ ਕਿਰਿਆ ਦਾ 'ਪਰਧਾਨ ਕਰਮ' ਸਾਧਾਰਣ ਰੂਪ ਅਤੇ 'ਅਪਰਧਾਨ ਕਰਮ' ਸੰਬੰਧਕ 'ਨੂੰ' ਸਹਿਤ ਸੰਬੰਧਕੀ ਰੂਪ ਹੁੰਦਾ ਹੈ; ਜਿਹਾ ਕਿ–ਮਾਂ ਨੇ 'ਪੁੱਤਰ ਨੂੰ' (ਅਪਰਧਾਨ) 'ਦੁੱਧ' (ਪਰਧਾਨ) ਪਿਆਇਆ।

Sri Satguru Jagjit Singh Ji Elibrary NamdhariElibrary@gmail.com

ਨੇਮ (10) ਅਪੂਰਣ ਸਕਰਮਕ ਕਿਰਿਆ ਦਾ 'ਪੂਰਕ' ਸਾਧਾਰਣ ਰੂਪ ਤੇ 'ਕਰਮ' ਸੰਬੰਧਕ 'ਨੂੰ' ਸਹਿਤ ਸੰਬੰਧਕੀ ਰੂਪ ਹੁੰਦਾ ਹੈ; ਜਿਹਾ ਕਿ–ਰਾਜੇ ਨੇ ਇੱਕ 'ਫ਼ਕੀਰ ਨੂੰ' (ਕਰਮ) 'ਆਪਣਾ ਵਜ਼ੀਰ' (ਪੂਰਕ) ਬਣਾਇਆ।

ਨੇਮ (11) 'ਸਜਾਤੀ ਕਰਮ' ਸਦਾ ਸਾਧਾਰਣ ਰੂਪ ਹੁੰਦਾ ਹੈ; ਜਿਹਾ ਕਿ– ਉਹ ਸੁਹਣੀ 'ਚਾਲ' ਚਲਿਆ। ਦੁਸ਼ਮਣ ਕੁੱਤੇ ਦੀ 'ਮੌਤ' ਮੋਇਆ।

ਨੇਮ (12) ਪੜਨਾਉਂ ਤੇ ਵਿਸ਼ੇਸ਼ਣ 'ਕਰਮ' ਹੋਣ, ਤਾਂ ਓਹ ਸੰਬੰਧਕ 'ਨੂੰ' ਸਹਿਤ ਸੰਬੰਧਕੀ ਰੂਪ ਵਿੱਚ ਹੁੰਦੇ ਹਨ; ਜਿਹਾ ਕਿ-ਬਾਬੂ ਨੇ 'ਕਿਸ' 'ਨੂੰ' ਬੁਲਾਇਆ ਸੀ ? ਉਸ ਨੇ 'ਤੁਹਾਨੂੰ' ਬੁਲਾਇਆ ਸੀ। ਚੰਗੇ ਲੋਕ 'ਛੋਟਿਆਂ ਨੂੰ' ਪਿਆਰਦੇ ਤੇ 'ਵੱਡਿਆਂ ਨੂੰ' ਸਤਕਾਰਦੇ ਹਨ।

ਅਸ਼ੁੱਧ–ਬਾਬੂ ਨੇ ਕਿਸ ਬੁਲਾਇਆ ਸੀ ? ਉਸ ਨੇ ਤੁਸਾਂ ਬੁਲਾਇਆ ਸੀ। ਚੰਗੇ ਲੋਕ ਛੋਟਿਆਂ ਪਿਆਰਦੇ ਤੇ ਵੱਡਿਆਂ ਸਤਿਕਾਰਦੇ ਹਨ।

ਸੂਚਨਾ–ਹੋਰਨਾਂ ਕਾਰਕਾਂ ਸੰਬੰਧੀ ਸ਼ਬਦਬੋਧ ਵਿੱਚ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ; ਇਸ ਲਈ ਇੱਥੇ ਦੁਬਾਰਾ ਲਿਖਣ ਦੀ ਲੋੜ ਨਹੀਂ।

ਅਭਿਆਸ

ਹੇਠਾਂ ਲਿਖੇ ਵਾਕਾਂ ਨੂੰ ਦੋਸ਼ ਦਸ ਕੇ ਸੋਧੋ :–

ਤੋਤਾ ਨੂੰ ਪਿੰਜਰਾ ਤੋਂ ਬਾਹਰ ਕੱਢੋ। ਚੰਗਾ ਮੁੰਡਿਆਂ ਨੂੰ ਸਭ ਪਿਆਰ ਕਰਦੇ ਹਨ। ਜਦ ਤੁਸਾਂ ਖੇਡਦੇ ਸਾਓ; ਤਾਂ ਅਸਾਂ ਨੇ ਇੱਕ ਕਹਾਣੀ ਲਿਖੀ। ਰਾਜਾ ਇੱਕ ਫ਼ਕੀਰ ਨੂੰ ਆਪਣਾ ਵਜ਼ੀਰ ਬਣਾਇਆ। ਮੁੰਡੇ ਆਪ ਨੇ ਚਿੱਠੀ ਲਿਖੀ। ਬਾਬੂ ਨੇ ਕਿਸ ਬੁਲਾਇਆ ? ਉਸ ਨੇ ਧਨ ਦੀ ਲੋੜ ਹੈ। ਤੁਸਾਂ ਕੀ ਚਾਹੀਦਾ ਹੈ ?

# (ਅ) ਮੇਲ

237. ਵਾਕ ਦੇ ਸ਼ਬਦਾਂ ਵਿੱਚ ਲਿੰਗ, ਵਚਨ ਤੇ ਪੁਰਖ ਆਦਿ ਦੇ ਅਨੁਸਾਰ ਜੋ 'ਪਰਸਪਰ ਮੇਲ' ਜਾਂ 'ਸਮਾਨਤਾ' ਰਹਿੰਦੀ ਹੈ, ਉਸ ਨੂੰ 'ਮੇਲ' ਜਾਂ 'ਸਮੱਤਾ' ਆਖਦੇ ਹਨ।

238. ਪੰਜਾਬੀ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਨਾਲ, ਪੜਨਾਉਂ ਦਾ ਨਾਉਂ ਨਾਲ, ਸੰਬੰਧਕਾਰਕ ਵਿੱਚ ਸੰਬੰਧਪਦ ਦਾ ਸੰਬੰਧਮਾਨ ਨਾਲ, ਅਤੇ ਵਿਸ਼ੇਸ਼ਣ ਦਾ ਵਿਸ਼ੇਸ਼ ਨਾਲ ਮੇਲ ਰਹਿੰਦਾ ਹੈ।

Sri Satguru Jagjit Singh Ji Elibrary NamdhariElibrary@gmail.com

(ੳ) ਕਿਰਿਆ ਦਾ ਕਰਤਾ ਤੇ ਕਰਮ ਨਾਲ ਮੇਲ:-

ਨੇਮ (1) ਜੇ ਕਰਤਾ 'ਸਾਧਾਰਣ ਰੂਪ ਅਥਵਾ 'ਸੰਬੰਧਕ-ਰਹਿਤ' ਹੋਵੇ, ਤਾਂ ਕਿਰਿਆ ਦਾ ਲਿੰਗ, ਵਚਨ ਤੇ ਪੁਰਖ 'ਕਰਤਾ' ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ-

ਮੁੰਡਾ ਪੋਥੀ ਪੜ੍ਹਦਾ ਹੈ। ਕੁੜੀ ਚਿੱਠੀਆਂ ਲਿਖਦੀ ਹੈ। ਤੁਸੀਂ ਚਿੰਤਾ ਨਾ ਕਰੋ। ਬਹੁਤੀ ਚਿੰਤਾ ਬਿਮਾਰੀ ਦਾ ਘਰ ਹੁੰਦੀ ਹੈ। ਕਾਲੇ ਕੱਪੜੇ ਸ਼ੋਕ ਦੀ ਨਿਸ਼ਾਨੀ ਸਮਝੇ ਜਾਂਦੇ ਹਨ।

ਅਸ਼ੁਧ-ਬਹੁਤੀ ਚਿੰਤਾ ਬਿਮਾਰੀ ਦਾ ਘਰ ਹੁੰਦਾ ਹੈ। ਕਾਲੇ ਕੱਪੜੇ ਸ਼ੋਕ ਦੀ ਨਿਸ਼ਾਨੀ ਸਮਝੀ ਜਾਂਦੀ ਹੈ।

ਨੇਮ (2) ਆਦਰ ਲਈ ਕਿਰਿਆ ਤੇ ਪੜਨਾਂਵ 'ਬਹੁਵਚਨ' ਵਿੱਚ ਆਉਂਦੇ ਹਨ, ਭਾਵੇਂ ਕਰਤਾ ਇੱਕਵਚਨ ਹੀ ਹੋਵੇ; ਜਿਹਾ ਕਿ-ਗੁਰੂ ਅਰਜਨ ਸਾਹਿਬ ਲਾਹੌਰ ਸ਼ਹੀਦ ਹੋਏ। ਆਪ ਸ਼ਾਂਤੀ ਤੇ ਗੰਭੀਰਤਾ ਦੇ ਪੁੰਜ ਸਨ। ਪਰ-

ਅਕਾਲ ਪੁਰਖ ਲਈ ਹਮੇਸ਼ਾ ਤੇ ਹੋਰਨਾਂ ਲਈ ਅਤਿਅੰਤ ਸਤਕਾਰ ਵੇਲੇ ਇੱਕਵਚਨ ਦਾ ਇੱਕਵਚਨ ਹੀ ਰਹਿੰਦਾ ਹੈ; ਜਿਵੇਂ-ਵਾਹਿਗੁਰੂ ਬੇਅੰਤ ਹੈ। ਗੁਰੂ ਨਾਨਕ ਸਭ ਦਾ ਸਾਂਝਾ ਹੈ।

ਨੇਮ (3) ਜੇ ਸਾਧਾਰਣ ਰੂਪ ਕਰਤਾ ਦੋ ਜਾਂ ਵਧੀਕ ਹੋਣ ਅਤੇ ਓਹ ਕਿਸੇ ਸਮੁਚੀ ਯੋਜਕ 'ਅਤੇ', 'ਅਰ', 'ਤੇ' ਆਦਿ ਨਾਲ ਜੁੜੇ ਹੋਣ, ਤਾਂ ਕਿਰਿਆ 'ਬਹੁਵਚਨ' ਹੀ ਹੁੰਦੀ ਹੈ; ਜਿਹਾ ਕਿ-ਧੋਬੀ ਤੇ ਧੋਬਣ ਕੱਪੜੇ ਧੋ ਰਹੇ ਹਨ। ਊਠ ਤੇ ਘੋੜਾ ਲੱਦਣ ਦੇ ਕੰਮ ਆਉਂਦੇ ਹਨ। ਪਰ-

ਜਦੋਂ ਅੰਤਲਾ ਕਰਤਾ 'ਨਿਰਜੀਵ-ਵਾਚਕ ਇੱਕਵਚਨ' ਹੋਵੇ, ਤਾਂ ਕਦੇ-ਕਦੇ ਕਿਰਿਆ 'ਇੱਕਵਚਨ' ਦੀ ਵੀ ਵਰਤੀ ਜਾਂਦੀ ਹੈ; ਜਿਹਾ ਕਿ-ਤੇਲ ਨਾਲ ਇਸ ਪੋਥੀ ਦੇ ਸਾਰੇ ਪੱਤ੍ਰੇ ਤੇ ਜਿਲਦ ਖ਼ਰਾਬ ਹੋ ਗਈ। ਉਸ ਨੂੰ ਦੋ ਧੋਤੀਆਂ ਤੇ ਇੱਕ ਕੋਟ ਲੱਭਾ। "ਪਿੰਡਾਂ ਵਿੱਚ ਅਜੇ ਤਕ ਸ਼ਹਿਰਾਂ ਨਾਲੋਂ ਸੁਥਰੀ ਪੌਣ, ਸਾਫ਼ ਜਲ, ਧੁੱਪ-ਚਾਨਣ ਖੁੱਲ੍ਹਾ ਤੇ ਸਸਤਾ ਹੈ, ਆਟਾ, ਦਾਲ ਤੇ ਸ਼ੱਕਰ-ਗੁੜ ਭੀ ਸੁਸਤਾ ਹੈ।" ['ਸੁਭਾਗ ਜੀ ਦਾ ਸੁਧਾਰ' ਕ੍ਰਿਤ ਭਾਈ ਵੀਰ ਸਿੰਘ ਜੀ]

ਨੇਮ (4) ਜਦੋਂ ਅਨੇਕ ਕਰਤਾ ਇੱਕ ਹੀ ਸਮੁਦਾਇ ਜਾਂ ਇਕੱਠ ਨੂੰ ਪਰਗਟ ਕਰਨ, ਤਾਂ ਕਿਰਿਆ 'ਇੱਕਵਚਨ' ਦੀ ਹੀ ਹੁੰਦੀ ਹੈ; ਜਿਹਾ ਕਿ-ਜਦੋਂ 'ਅਨ੍ਹੇਰੀ ਤੇ ਮੀਂਹ' ਆਇਆ, ਤਾਂ ਇੱਕ ਮੁੰਡੇ ਦਾ 'ਕਛਹਿਰਾ ਤੇ ਤੌਲੀਆ'

Sri Satguru Jagjit Singh Ji Elibrary NamdhariElibrary@gmail.com

ਉੱਡ ਗਿਆ।

ਨੇਮ (5) ਜੇ ਸਮੁੱਚੀ ਯੋਜਕਾਂ ਨਾਲ ਜੁੜੇ ਹੋਏ ਅਨੇਕ ਕਰਤਾ 'ਭਿੰਨ-ਭਿੰਨ ਲਿੰਗ' ਦੇ ਹੋਣ, ਤਾਂ ਕਿਰਿਆ ਦਾ ਲਿੰਗ ਅੰਤਲੇ ਕਰਤਾ ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–ਕੁੜੀਆਂ ਤੇ ਮੁੰਡੇ ਖੇਡਦੇ ਹਨ। ਘੋੜੇ ਤੇ ਗਊਆਂ ਚਰਦੀਆਂ ਹਨ। ਪਰ–

ਜਦੋਂ ਅੰਤਲਾ ਕਰਤਾ ਇੱਕਵਚਨ ਦਾ ਹੋਵੇ, ਤਾਂ ਕਿਰਿਆ ਬਹੁਵਚਨ 'ਪੁਲਿੰਗ' ਹੀ ਹੁੰਦੀ ਹੈ; ਜਿਵੇਂ–ਰਾਮ ਤੇ ਸੀਤਾ ਬਨ ਨੂੰ ਗਏ। ਤਿੰਨ ਘੋੜੇ ਤੇ ਇੱਕ ਗਊ ਚਰਦੇ ਹਨ। ਦੋ ਕੁੜੀਆਂ ਤੇ ਇੱਕ ਮੁੰਡਾ ਖੇਡਦੇ ਹਨ।

ਨੇਮ (6) ਜੇ ਸਮੁੱਚੀ ਯੋਜਕਾਂ ਨਾਲ ਜੁੜੇ ਹੋਏ ਅਨੇਕ ਕਰਤਾ 'ਭਿੰਨ-ਭਿੰਨ ਪੁਰਖਾਂ' ਦੇ ਹੋਣ ਅਤੇ ਓਹਨਾਂ ਵਿੱਚ ਕੋਈ ਉੱਤਮ ਪੁਰਖ ਦਾ ਪੜਨਾਉਂ ਹੋਵੇ, ਤਾਂ ਕਿਰਿਆ ਉੱਤਮ ਪੁਰਖ ਦੀ ਹੁੰਦੀ ਹੈ; ਜੇ ਉੱਤਮ ਪੁਰਖ ਨਾ ਹੋਵੇ, ਤਾਂ ਮੱਧਮ ਪੁਰਖ ਦੀ; ਜਿਹਾ ਕਿ–ਪਹਿਲਾਂ ਤੂੰ ਤੇ ਕਰਤਾਰ ਸਿੰਘ ਦੌੜੋ (ਮੱਧਮ ਪੁ:); ਫਿਰ ਮੈਂ ਤੇ ਤੂੰ ਦੌੜਾਂਗੇ (ਉੱਤਮ ਪੁ:); ਅਤੇ ਸਭ ਤੋਂ ਪਿਛੋਂ ਮੈਂ, ਤੂੰ ਤੇ ਕਰਤਾਰ ਸਿੰਘ, ਤਿੰਨੇ, ਦੌੜਾਂਗੇ (ਉੱਤਮ ਪੁ:)

ਅਸ਼ੁੱਧ–ਤੂੰ ਤੇ ਉਹ ਦੌੜੇਗਾ। ਮੈਂ ਤੇ ਤੁਸੀਂ ਦੌੜੋਗੇ।

ਨੇਮ (7) ਜੇ ਸਮੁੱਚੀ ਯੋਜਕਾਂ ਨਾਲ ਜੁੜੇ ਹੋਏ ਕਰਤਾ ਦੋ ਜਾਂ ਵਧੀਕ ਹੋਣ ਅਤੇ ਓਹਨਾਂ ਦੇ ਅੰਤ ਵਿੱਚ ਕੋਈ ਅਨੁਕ੍ਰਮੀ ਹੋਵੇ, ਤਾਂ ਕਿਰਿਆ ਦਾ ਲਿੰਗ, ਵਚਨ ਤੇ ਪੁਰਖ ਉਸ ਅਨੁਕ੍ਰਮੀ ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–ਉਸ ਦੀ ਵਹੁਟੀ, ਪੁੱਤਰ ਤੇ ਧੀਆਂ, 'ਸਭ', ਬਿਮਾਰ ਰਹਿੰਦੇ ਹਨ। ਮਾਤਾ, ਪਿਤਾ, ਧੀਆਂ, ਪੁੱਤਰ, ਸਾਕ–ਸੰਬੰਧੀ, 'ਕੋਈ' ਵੀ, ਅੰਤ ਵੇਲੇ ਸਹਾਈ ਨਹੀਂ ਹੁੰਦਾ। ਘਿਉ, ਗੁੜ, ਦੁੱਧ, ਦਹੀਂ, 'ਸਾਰੀਆਂ ਵਸਤਾਂ', ਚੰਗੀਆਂ ਹਨ, ਪਰ ਸਭ ਤੋਂ ਚੰਗੀ ਅਰੋਗਤਾ ਹੈ। ਉਸ ਦਾ ਧਨ-ਪਦਾਰਥ, ਕੱਪੜਾ-ਲੱਤਾ ਅਤੇ ਮਾਲ-ਡੰਗਰ, ਸੱਭੋ ਕੁਝ, ਬਰਬਾਦ ਹੋ ਗਿਆ।

ਨੇਮ (8) ਜੇ ਸਾਧਾਰਣ ਰੂਪ ਕਰਤਾ ਦੋ ਜਾਂ ਵਧੀਕ ਹੋਣ, ਅਤੇ ਓਹਨਾਂ ਦੇ ਵਿੱਚਕਾਰ 'ਭਾਵੇਂ', 'ਜਾਂ', 'ਚਾਹੇ' ਆਦਿਕ ਕੋਈ 'ਵਿਕਲਪੀ ਯੋਜਕ' ਹੋਵੇ, ਤਾਂ ਕਿਰਿਆ ਦਾ ਲਿੰਗ, ਵਚਨ ਤੇ ਪੁਰਖ ਅੰਤਲੇ (ਅਥਵਾ, ਆਪਣੇ ਨੇੜੇ ਦੇ) ਕਰਤਾ ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–ਉਸ ਦਾ ਭਰਾ ਜਾਂ ਉਸ ਦੀ 'ਭਰਜਾਈ' ਆਵੇਗੀ। ਤੈਨੂੰ ਦੋ ਪੁਸਤਕਾਂ ਜਾਂ ਇੱਕ 'ਤਮਗ਼ਾ' ਮਿਲ ਜਾਏਗਾ। ਉਸ ਨੂੰ ਇਨਾਮ ਵਿੱਚ ਇੱਕ ਰੇਸ਼ਮੀ ਲੁੰਗੀ ਜਾਂ ਦਸ 'ਰੁਪਈਏ' ਮਿਲਣਗੇ।

Sri Satguru Jagjit Singh Ji Elibrary NamdhariElibrary@gmail.com

ਨੇਮ (9) ਜਦੋਂ ਕਰਤਾ 'ਸੰਬੰਧਕ-ਸਹਿਤ' ਤੇ ਕਰਮ 'ਸਾਧਾਰਣ ਰੂਪ' ਹੋਵੇ, ਤਾਂ ਕਿਰਿਆ ਦਾ 'ਲਿੰਗ-ਵਚਨ' ਕਰਮ ਦੇ ਅਨੁਸਾਰ ਹੁੰਦਾ ਹੈ, ਜਿਹਾ ਕਿ— ਮੁੰਡੇ ਨੇ 'ਚਿੱਠੀ' ਲਿਖੀ ! ਕੁੜੀਆਂ ਨੇ 'ਕੱਪੜੇ' ਧੋਤੇ। ਉਸ ਨੂੰ ਘੋੜੇ ਦੀ 'ਸਵਾਰੀ' ਨਹੀਂ ਆਉਂਦੀ।

ਨੋਟ—ਜਦੋਂ ਸਾਧਾਰਣ ਰੂਪ ਕਰਮ 'ਅਨੇਕ' ਹੋਣ, ਤਾਂ ਕਿਰਿਆ ਦਾ ਕਰਮ ਨਾਲ ਮੇਲ ਓਹਨਾਂ ਹੀ ਨੇਮਾਂ ਅਨੁਸਾਰ ਹੁੰਦਾ ਹੈ, ਜੋ ਉੱਪਰ ਨੇਮ 1 ਤੋਂ 9 ਤੀਕ ਲਿਖੇ ਗਏ ਹਨ; ਜਿਹਾ ਕਿ—ਉਸ ਨੇ ਸਾਥੋਂ ਤਿੰਨ ਧਰਮ ਪੋਥੀਆਂ ਤੇ 'ਪੰਜ ਬਾਲਬੋਧ' ਮੰਗਵਾਏ। ਰਾਜੇ ਨੇ ਤਿੰਨ ਹਾਥੀ ਤੇ 'ਚਾਰ ਮੋਟਰਕਾਰਾਂ' ਖ਼ਰੀਦਿਆਂ। ਮੁੰਡੇ ਨੇ ਦੋ ਸੰਤਰੇ ਜਾਂ 'ਇੱਕ ਅਨਾਰ' ਖਾਧਾ। ਉਸ ਨੇ ਇੱਕ ਆਨਾ ਜਾਂ 'ਤਿੰਨ ਪੈਸੇ' ਖ਼ਰਚੇ।

ਨੇਮ (10) ਜਦੋਂ ਅਪੂਰਣ ਅਕਰਮਕ ਕਿਰਿਆ ਦਾ ਕਰਤਾ 'ਸੰਬੰਧਕ-ਸਹਿਤ' ਹੁੰਦਾ ਹੈ, ਤਾਂ ਕਿਰਿਆ ਦਾ ਲਿੰਗ-ਵਚਨ 'ਪੂਰਕ' ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ—ਉਨ੍ਹਾਂ ਨੇ 'ਲਾਹੌਰ ਜਾਣਾ' ਹੈ। ਅਖ਼ਬਾਰਾਂ ਪੜ੍ਹ ਕੇ ਸਾਨੂੰ 'ਪਰਸੰਨਤਾ' ਹੁੰਦੀ ਹੈ। ਧੋਬੀ ਨੇ 'ਕੱਪੜੇ ਧੋਣੇ' ਹਨ।

ਨੇਮ (11) (ਅਮੇਲ) ਜੇ ਕਰਤਾ ਤੇ ਕਰਮ ਦੋਵੇਂ 'ਸੰਬੰਧਕ-ਸਹਿਤ' ਹੋਣ, ਤਾਂ ਕਿਰਿਆ ਦਾ ਮੇਲ ਕਰਤਾ ਤੇ ਕਰਮ ਵਿੱਚੋਂ ਕਿਸੇ ਨਾਲ ਵੀ ਨਹੀਂ ਹੁੰਦਾ, ਸਗੋਂ ਸਦਾ 'ਪੁਲਿੰਗ ਇੱਕਵਚਨ-ਅਨ ਪੁਰਖ' ਰਹਿੰਦੀ ਹੈ; ਜਿਹਾ ਕਿ— ਮਰਦਾਂ ਨੇ ਤੀਵੀਆਂ ਨੂੰ 'ਬਚਾਇਆ'।

ਇੱਸੇ ਤਰ੍ਹਾਂ ਜਦੋਂ ਕਰਤਾ 'ਸੰਬੰਧਕ-ਸਹਿਤ' ਤੇ ਕਰਮ ਕੋਈ 'ਉਪਵਾਕ' ਹੋਵੇ, ਤਦ ਵੀ ਕਿਰਿਆ ਪੁਲਿੰਗ-ਇੱਕਵਚਨ-ਅਨ ਪੁਰਖ ਹੀ ਰਹਿੰਦੀ ਹੈ; ਜਿਵੇਂ— ਅਸਾਂ 'ਸੁਣਿਆ ਹੈ'—"ਅਫਗਾਨ ਲੋਕ ਬੱਚਾ-ਸੱਕਾ ਨੂੰ ਪਾਤਸ਼ਾਹ ਨਹੀਂ ਮੰਨਦੇ।"

(ਅ) ਪੜਨਾਉਂ ਤੇ ਨਾਉਂ ਦਾ ਮੇਲ

ਨੇਮ (12) 'ਪੜਨਾਉਂ' ਲਿੰਗ ਅਤੇ ਵਚਨ ਕਰਕੇ ਅਪਣੇ 'ਅਗਰਗਾਮੀ' ਦੇ ਅਨੁਸਾਰ ਹੁੰਦਾ ਹੈ, ਕਾਰਕ ਕਰਕੇ ਅਨੁਸਾਰ ਹੋਵੇ ਭਾਵੇਂ ਨਾ ਹੋਵੇ; ਜਿਹਾ ਕਿ—ਜੇ 'ਲੋਕ' ਆਪਸ ਵਿੱਚ ਮੇਲ ਰੱਖਣ, ਤਾਂ 'ਓਹਨਾਂ ਨੂੰ' ਬੜਾ ਸੁਖ ਹੋਵੇ। ਮਾਂ ਨੇ 'ਧੀਆਂ ਨੂੰ' ਕਈ ਵੇਰਾਂ ਸਮਝਾਇਆ, ਪਰ 'ਓਹ' ਆਖੇ ਨਾ ਹੀ ਲੱਗੀਆਂ। 'ਦੁਰਗਾ' ਨੇ ਆਖਿਆ—"ਮੈਂ ਦੈਂਤਾਂ ਦਾ ਨਾਸ ਕਰ ਕੇ ਹੀ ਛੱਡਾਂਗੀ।"

ਨੇਮ (13) ਆਦਰ ਲਈ ਇੱਕਵਚਨ ਨਾਵਾਂ ਦੀ ਥਾਂ ਪੜਨਾਉਂ ਬਹੁਵਚਨ ਹੀ ਆਉਂਦੇ ਹਨ; ਜਿਹਾ ਕਿ—ਸਰਦਾਰ 'ਧਰਮ ਸਿੰਘ' ਜੀ ਦਿੱਲੀ

Sri Satguru Jagjit Singh Ji Elibrary NamdhariElibrary@gmail.com

ਦੇ ਠੇਕੇਦਾਰ ਜਨ, 'ਓਹਨਾਂ' ਨੇ ਪੰਜਾਬੀ ਦੇ ਪਰਚਾਰ ਲਈ ਪਿੰਡ-ਪਿੰਡ ਸਕੂਲ ਖੋਲ੍ਹੇ, ਜੋ ਹੁਣ ਤੀਕ ਚੰਗੀ ਤਰ੍ਹਾਂ ਚਲ ਰਹੇ ਹਨ ।

ਇੱਸੇ ਤਰ੍ਹਾਂ ਰਾਜੇ-ਮਹਾਰਾਜੇ, ਵੱਡੇ-ਵੱਡੇ ਅਫ਼ਸਰ, ਅਖ਼ਬਾਰਾਂ ਦੇ ਐਡੀਟਰ ਤੇ ਗ੍ਰੰਥ-ਕਰਤਾ ਲੋਕ ਵੀ ਆਪਣੇ ਲਈ ਇੱਕਵਚਨ 'ਮੈਂ' ਤੇ 'ਮੇਰਾ' ਦੀ ਥਾਂ ਬਹੁਵਚਨ 'ਅਸੀਂ' ਤੇ 'ਸਾਡਾ' ਆਦਿਕ ਹੀ ਵਰਤਦੇ ਹਨ; ਜਿਹਾ ਕਿ–

ਇੱਕ ਪਾਤਸ਼ਾਹ–'ਅਸੀਂ' ਚਾਹੁੰਦੇ ਹਾਂ ਕਿ 'ਸਾਡੀ' ਪਰਜਾ ਸੁਖੀ ਵਸੇ ।

ਇੱਕ ਗ੍ਰੰਥ-ਕਰਤਾ–'ਅਸੀਂ' ਇਹ ਪੋਥੀ ਬੜੀ ਮਿਹਨਤ ਨਾਲ ਤਿਆਰ ਕੀਤੀ ਹੈ।

### (ੲ) ਸੰਬੰਧਪਦ ਤੇ ਸੰਬੰਧਮਾਨ ਦਾ ਮੇਲ

ਨੇਮ (14) ਸੰਬੰਧਪਦ ਜਾਂ ਸੰਬੰਧਕਾਰਕ ਦੇ 'ਚਿੰਨ੍ਹਾਂ' ਦਾ ਲਿੰਗ, ਵਚਨ ਤੇ ਕਾਰਕਰੂਪ ਉਹੋ ਹੁੰਦਾ ਹੈ, ਜੋ 'ਸੰਬੰਧਮਾਨ' ਦਾ ਹੁੰਦਾ ਹੈ; ਜਿਹਾ ਕਿ–ਉਸ ਦਾ ਘੋੜਾ। ਉਸ ਦੀ ਘੋੜੀ। ਉਸ ਦੀਆਂ ਘੋੜੀਆਂ। ਮੇਰੀਆਂ ਪੁਸਤਕਾਂ। ਤੁਹਾਡੇ ਪੈਸੇ। ਆਪਣੀ ਬੋਲੀ। ਸਾਡਾ ਦੇਸ।

ਨੇਮ (15) ਜੇ ਸੰਬੰਧਮਾਨ ਬਹੁਤੇ ਹੋਣ, ਤਾਂ ਸੰਬੰਧਪਦ ਦਾ ਚਿੰਨ੍ਹ ਪਹਿਲੇ (ਅਥਵਾ, ਆਪਣੇ ਨੇੜੇ ਦੇ) ਸੰਬੰਧਮਾਨ ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–'ਉਸ ਦੀ' ਚਾਦਰ ਤੇ ਕੋਟ। 'ਉਸ ਦਾ' ਕੋਟ ਤੇ ਚਾਦਰ। ਮੇਰਾ ਇੱਕ ਕੋਟ ਤੇ ਦੋ ਕਮੀਜ਼ਾਂ। 'ਤੁਹਾਡੀਆਂ' ਦੋ ਕਮੀਜ਼ਾਂ ਤੇ ਇੱਕ ਕੋਟ।

### (ਸ) ਵਿਸ਼ੇਸ਼ਣ ਤੇ ਵਿਸ਼ੇਸ਼ ਦਾ ਮੇਲ

ਨੇਮ (16) ਲਿੰਗ, ਵਚਨ ਤੇ ਕਾਰਕਰੂਪ ਕਰਕੇ ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–ਨੀਲਾ ਘੋੜਾ। ਨੀਲੇ ਘੋੜੇ। ਨੀਲੀ ਘੋੜੀ। ਨੀਲੀਆਂ ਘੋੜੀਆਂ। ਥੋੜਿਆਂ ਦਿਨਾਂ ਤੋਂ। ਪਿਆਰਿਆ ਵੀਰਾ!

ਨੋਟ–ਵਿਸ਼ੇਸ਼ਣ ਦੇ 'ਪੁਲਿੰਗ ਬਹੁਵਚਨ ਸੰਬੰਧਕੀ ਰੂਪ' ਦੀ ਥਾਂ ਹੁਣ 'ਪੁਲਿੰਗ ਇੱਕਵਚਨ ਸੰਬੰਧਕੀ ਰੂਪ' ਵੀ ਵਰਤਿਆ ਜਾਂਦਾ ਹੈ; ਜਿਹਾ ਕਿ–'ਚੰਗੇ' ਕੰਮਾਂ ਦਾ ਫਲ ਚੰਗਾ। 'ਮੰਦੇ' ਕੰਮਾਂ ਦਾ ਫਲ ਮੰਦਾ।

ਨੇਮ (17) ਜੇ ਇੱਕ ਵਿਸ਼ੇਸ਼ਣ ਦੇ **ਕਈ ਵਿਸ਼ੇਸ਼** ਹੋਣ, ਤਾਂ ਵਿਸ਼ੇਸ਼ਣ ਉੱਸੇ ਵਿਸ਼ੇਸ਼ ਦੇ ਅਨੁਸਾਰ ਹੁੰਦਾ ਹੈ, ਜੋ ਉਸ ਤੋਂ ਨੇੜੇ ਹੋਵੇ; ਜਿਹਾ ਕਿ–'ਨੀਲੇ' ਘੋੜੇ ਅਤੇ ਘੋੜੀਆਂ। 'ਨੀਲੀਆਂ' ਘੋੜੀਆਂ ਅਤੇ ਘੋੜੇ। 'ਨਵੇਂ' ਰੁਮਾਲ ਜਾਂ ਚਾਦਰਾਂ। 'ਨਵੀਆਂ' ਚਾਦਰਾਂ ਜਾਂ ਰੁਮਾਲ।

ਨੇਮ (18) ਜੇ ਇੱਕ ਵਿਸ਼ੇਸ਼ ਦੇ **ਕਈ ਵਿਸ਼ੇਸ਼ਣ** ਹੋਣ, ਤਾਂ ਓਹਨਾਂ

Sri Satguru Jagjit Singh Ji Elibrary NamdhariElibrary@gmail.com

'ਸਾਰਿਆਂ' ਦਾ ਰੂਪ ਵਿਸ਼ੇਸ਼ ਅਨੁਸਾਰ ਹੁੰਦਾ ਹੈ; ਜਿਹਾ ਕਿ–ਐਤਕੀ ਮੰਡੀ ਵਿੱਚ ਨੀਲੇ, ਕਾਲੇ, ਚਿੱਟੇ ਤੇ ਕੁਮੈਤ, ਸਭ ਤਰ੍ਹਾਂ ਦੇ, ਘੋੜੇ ਆਏ ਸਨ।

ਨੇਮ (19) ਜੇ ਵਿਸ਼ੇਸ਼ਣ 'ਕਰਤ੍ਰੀ-ਪੂਰਕ' ਹੋਵੇ ਅਤੇ ਵਿਸ਼ੇਸ਼ ਸਾਧਾਰਣ ਰੂਪ 'ਕਰਤਾ' ਹੋਵੇ, ਤਾਂ ਵਿਸ਼ੇਸ਼ਣ ਦਾ ਲਿੰਗ-ਵਚਨ ਆਪਣੇ ਵਿਸ਼ੇਸ਼ (ਕਰਤਾ) ਦੇ ਅਨੁਸਾਰ ਹੁੰਦਾ ਹੈ; ਜਿਹਾ ਕਿ–ਮੁੰਡਾ ਛੋਟਾ ਹੈ। ਕੁੜੀ ਵੱਡੀ ਹੈ।

ਨੇਮ (20) ਜੇ ਵਿਸ਼ੇਸ਼ਣ 'ਕਰਮ-ਪੂਰਕ' ਹੋਵੇ ਅਤੇ ਵਿਸ਼ੇਸ਼ ਸਾਧਾਰਣ ਰੂਪ ਦਾ 'ਕਰਮ' ਹੋਵੇ, ਤਾਂ ਵਿਸ਼ੇਸ਼ਣ ਦਾ ਲਿੰਗ-ਵਚਨ 'ਕਰਮ' (ਜਾਂ ਵਿਸ਼ੇਸ਼) ਦੇ ਅਨੁਸਾਰ ਹੁੰਦਾ ਹੈ; ਜਿਵੇਂ–ਅਕਾਲ ਪੁਰਖ ਨੇ ਹਰ 'ਚੀਜ਼' 'ਸੁਹਣੀ' ਬਣਾਈ ਹੈ। ਬਾਲਕਾਂ ਨੇ 'ਕੱਪੜੇ' 'ਮੈਲੇ' ਕਰ ਦਿੱਤੇ ਹਨ। ਪਰ–

ਜੇ ਕਰਤਾ ਤੇ ਕਰਮ ਦੋਵੇਂ 'ਸੰਬੰਧਕ-ਸਹਿਤ' ਹੋਣ, ਤਾਂ ਵਿਸ਼ੇਸ਼ਣ 'ਇੱਕਵਚਨ-ਪੁਲਿੰਗ' ਹੀ ਰਹਿੰਦਾ ਹੈ; ਜਿਵੇਂ–ਅਕਾਲ ਪੁਰਖ ਨੇ ਹਰ ਇੱਕ ਚੀਜ਼ ਨੂੰ 'ਸੁਹਣਾ' ਬਣਾਇਆ ਹੈ। ਬਾਲਕਾਂ ਨੇ ਕੱਪੜਿਆਂ ਨੂੰ 'ਮੈਲਾ' ਕਰ ਦਤਾ ਹੈ।

ਅਸ਼ੁੱਧ–ਧੋਬੀ ਨੇ ਕੱਪੜਿਆਂ ਨੂੰ ਬਹੁਤ ਚਿੱਟੇ ਨਹੀਂ ਕੀਤਾ।

ਬਾਲਕਾਂ ਨੇ ਕੱਪੜਿਆਂ ਨੂੰ ਮੈਲੇ ਕਰ ਦਿੱਤਾ ਹੈ। ਅਕਾਲ ਪੁਰਖ ਨੇ ਸਾਰੀਆਂ ਚੀਜ਼ਾਂ ਨੂੰ ਚੰਗੀਆਂ ਬਣਾਈਆਂ ਹਨ।

### ਅਭਿਆਸ

1. ਕਿਰਿਆ ਦਾ ਮੇਲ ਕਰਤਾ ਨਾਲ ਕਦੋਂ ਹੁੰਦਾ ਹੈ, ਅਤੇ ਕਰਮ ਨਾਲ ਕਦੋਂ ? ਜੇ ਕਰਤਾ ਦੋ ਜਾਂ ਵਧੀਕ ਹੋਣ, ਤਾਂ ਕਿਰਿਆ ਦਾ ਰੂਪ ਕਿਸ ਤਰ੍ਹਾਂ ਰਹਿੰਦਾ ਹੈ ? ਅਤੇ ਕਦੋਂ ਕਿਰਿਆ ਦਾ ਕਰਤਾ ਤੇ ਕਰਮ ਨਾਲ ਅਮੇਲ ਹੁੰਦਾ ਹੈ ? ਉਦਾਹਰਣ ਦੇ ਕੇ ਦੱਸੋ।
2. ਸੰਬੰਧਕਾਰਕ ਦੇ ਚਿੰਨ੍ਹਾਂ ਦਾ ਰੂਪ ਸੰਬੰਧੀ ਦੇ ਅਨੁਸਾਰ ਬਦਲਦਾ ਹੈ ਜਾਂ ਸੰਬੰਧਮਾਨ ਦੇ ਅਨੁਸਾਰ ? ਨਾਲੇ ਦੱਸੋ ਕਿ 'ਨਾਂਉ' ਤੇ ਪੜਨਾਂਉ' ਅਤੇ 'ਵਿਸ਼ੇਸ਼ਣ ਤੇ ਵਿਸ਼ੇਸ਼' ਦੇ ਮੇਲ ਸੰਬੰਧੀ ਕੀ ਕੀ ਨੇਮ ਹਨ ? ਉਦਾਹਰਣਾਂ ਦੁਆਰਾ ਸਿੱਧ ਕਰੋ।
3. ਹੇਠਾਂ ਲਿਖੇ ਵਾਕਾਂ ਨੂੰ ਦੋਸ਼ ਦੱਸ ਕੇ ਸੋਧੋ:–

ਧੀਆਂ ਪਰਣਾਇਆ ਧਨ ਹੁੰਦਾ ਹੈ। ਰਾਮ, ਸ਼ਾਮ ਅਤੇ ਹਰਨਾਮ ਪੜ੍ਹਦਾ ਹੈ। ਘੋੜੇ ਤੇ ਗਊਆਂ ਵਿਕ ਗਏ। ਉਸ ਦੇ ਘਰ ਦੁੱਧ ਤੇ ਦਹੀਂ

Sri Satguru Jagjit Singh Ji Elibrary NamdhariElibrary@gmail.com

ਬਹੁਤ ਹਨ। ਰਾਮ ਦੀ ਮਾਤਾ ਤੇ ਪਿਤਾ ਆਇਆ। ਤੂੰ ਤੇ ਉਹ ਖੇਡਦਾ ਰਹੇ। ਮੈਂ ਤੇ ਤੁਸੀਂ ਇੱਥੇ ਰਹਿੰਦੇ ਹੋ। ਮੈਂ, ਤੂੰ ਤੇ ਹਰਨਾਮ ਦੌੜੇਗਾ। ਘੋੜੇ ਜਾਂ ਗਊ ਚਰਦੇ ਹਨ। ਰਾਮ ਦਾ ਪੁੱਤਰ ਦਾ ਵਿਆਹ ਭਲਕੇ ਹੋਵੇਗਾ। ਨਵੀਆਂ ਬਾਲ ਤੇ ਬਾਲੀਆਂ ਲਿਆਓ। ਪੁਰਾਣੇ ਕੌਲੀਆਂ ਤੇ ਕੌਲ ਦੇ ਆਓ। ਚੰਗੀ-ਚੰਗੀ ਪੁਸਤਕਾਂ ਪੜ੍ਹੀਏ, ਤਾਂ ਸਮਝ ਵੱਧਦੀ ਹੈ। ਉਸ ਨੇ ਤਿੰਨ ਧਰਮ ਪੋਥੀਆਂ ਤੇ ਪੰਜ ਬਾਲਬੋਧ ਮੰਗਾਈਆਂ। ਮੁੰਡੇ ਨੇ ਦੋ ਸੰਤਰੇ ਜਾਂ ਇੱਕ ਅਨਾਰ ਖਾਧੇ। ਅਕਾਲ ਪੁਰਖ ਨੇ ਸਾਰੀਆਂ ਚੀਜ਼ਾਂ ਨੂੰ ਚੰਗੀਆਂ ਬਣਾਈਆਂ ਹਨ।

# (ੲ) ਕ੍ਰਮ

239. ਕ੍ਰਮ ਸੰਬੰਧੀ ਨੇਮਾਂ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਵਾਕ ਵਿੱਚ ਸ਼ਬਦ ਕਿਸ ਤਰਤੀਬ ਨਾਲ ਆਉਂਦੇ ਹਨ। 'ਕ੍ਰਮ' ਦਾ ਅਰਥ ਹੈ–'ਤਰਤੀਬ'।

240. ਵਾਕ ਵਿੱਚ ਸ਼ਬਦ-ਕ੍ਰਮ ਦੋ ਪਰਕਾਰ ਦਾ ਹੁੰਦਾ ਹੈ–(ੳ) ਸਾਧਾਰਣ; ਤੇ (ਅ) ਵਿਸ਼ੇਸ਼।

**ਸਾਧਾਰਣ ਕ੍ਰਮ** ਉਹ ਹੁੰਦਾ ਹੈ, ਜਿਸ ਵਿੱਚ ਸ਼ਬਦਾਂ ਦੀ ਤਰਤੀਬ ਬੋਲਚਾਲ ਦੇ ਆਮ ਰਿਵਾਜ ਅਨੁਸਾਰ ਹੁੰਦੀ ਹੈ; ਜਿਹਾ ਕਿ–ਅੱਜ ਰਾਜੇ ਨੇ ਆਉਣਾ ਸੀ, ਉਹ ਨਹੀਂ ਆ ਸਕਿਆ ਤੇ ਉਸ ਦਾ ਪੁੱਤਰ ਆਇਆ ਹੈ।

**ਵਿਸ਼ੇਸ਼ ਕ੍ਰਮ** ਉਹ ਹੁੰਦਾ ਹੈ, ਜਿਸ ਵਿੱਚ ਸ਼ਬਦਾਂ ਦੀ ਤਰਤੀਬ ਸਾਧਾਰਣ ਕ੍ਰਮ ਨਾਲੋਂ ਕੁਝ ਭਿੰਨ ਹੁੰਦੀ ਹੈ ਅਤੇ ਇਸ ਨਾਲ ਵਾਕ ਦੇ ਅਰਥਾਂ ਵਿੱਚ ਕੁਝ ਵਿਸ਼ੇਸ਼ਤਾ ਵੀ ਆ ਜਾਂਦੀ ਹੈ; ਜਿਵੇਂ–ਅੱਜ ਆਉਣਾ ਸੀ ਰਾਜੇ ਨੇ ਤੇ ਆਇਆ ਉਸ ਦਾ ਪੁਤਰ। (ਵੇਖੋ! ਵਿਸ਼ੇਸ਼ ਕ੍ਰਮ ਨਾਲ ਰਚਨਾ ਕਿੱਡੀ ਜ਼ੋਰਦਾਰ ਹੋ ਗਈ ਹੈ ਤੇ ਸ਼ਬਦ ਵੀ ਘੱਟ ਵਰਤਣੇ ਪਏ ਹਨ।

(ਸਾਧਾਰਣ ਕ੍ਰਮ ਦੇ ਨੇਮ)

ਨੇਮ (1) ਵਾਕ ਵਿੱਚ ਸਾਧਾਰਣ ਤੌਰ ਤੇ ਮੁੱਖ ਅੰਗਾਂ ਦੀ ਤਰਤੀਬ ਇਸ ਤਰ੍ਹਾਂ ਹੁੰਦੀ ਹੈ–ਸਭ ਤੋਂ ਪਹਿਲਾਂ ਕਰਤਾ, ਫਿਰ ਕਰਮ, ਫਿਰ ਪੂਰਕ ਅਤੇ ਸਭ ਤੋਂ ਪਿੱਛੋਂ ਕਿਰਿਆ ਆਉਂਦੀ ਹੈ; ਜਿਹਾ ਕਿ:–

ਘੋੜਾ ਦੌੜਦਾ ਹੈ। ਮੁੰਡਾ ਬਿਮਾਰ ਹੈ। ਉਹ ਚਿੱਠੀ ਲਿਖਦਾ ਹੈ। ਰਾਜੇ

Sri Satguru Jagjit Singh Ji Elibrary NamdhariElibrary@gmail.com

ਨੇ ਇੱਕ ਮੁੰਡੇ ਨੂੰ ਮੁਤਬੰਨਾ ਬਣਾਇਆ ਹੈ।

ਨੇਮ (2) ਦੁਕਰਮਕ ਕਿਰਿਆ ਦਾ 'ਅਪਰਧਾਨ ਕਰਮ' ਪਹਿਲਾਂ ਤੇ 'ਪਰਧਾਨ ਕਰਮ' ਪਿੱਛੋਂ ਆਉਂਦਾ ਹੈ; ਜਿਹਾ ਕਿ–ਮਾਂ ਪੁੱਤਰ ਨੂੰ ਦੁੱਧ ਪਿਆਉਂਦੀ ਹੈ।

ਨੇਮ (3) ਸੰਪ੍ਰਦਾਨ ਕਾਰਕ ਵੀ ਕਰਮ ਤੋਂ ਪਹਿਲਾਂ ਹੀ ਆਉਂਦਾ ਹੈ; ਜਿਹਾ ਕਿ–ਨੌਕਰ 'ਮੁੰਡੇ ਲਈ' ਦੁੱਧ ਲਿਆਇਆ ਹੈ।

ਨੇਮ (4) ਸੰਬੋਧਨ ਕਾਰਕ (ਜੇ ਹੋਵੇ ਤਾਂ) ਸਭ ਤੋਂ (ਭਾਵ, ਕਰਤਾ ਤੋਂ ਵੀ) ਪਹਿਲਾਂ ਆਉਂਦਾ ਹੈ; ਜਿਹਾ ਕਿ–'ਕਾਕਾ'! ਨੌਕਰਾਂ ਨੂੰ ਤੰਗ ਨਾ ਕਰ।

ਨੇਮ (5) ਸੰਬੰਧਕਾਰਕ ਆਪਣੇ ਸੰਬੰਧਮਾਨ ਤੋਂ ਪਹਿਲਾਂ ਆਉਂਦਾ ਹੈ, ਜਿਹਾ ਕਿ–'ਰਾਜੇ ਦਾ' ਹਾਥੀ ਅੱਜ ਬਿਮਾਰ ਹੈ। 'ਸਾਡਾ' ਦੇਸ ਐਸ ਵੇਲੇ ਬੜਾ ਔਖਾ ਹੈ।

ਉਲੰਘਣ–ਪ੍ਰਸ਼ਨ-ਉੱਤਰ ਵਿੱਚ ਸੰਬੰਧਮਾਨ ਪਹਿਲਾਂ ਤੇ ਸੰਬੰਧਕਾਰਕ ਪਿੱਛੋਂ ਆਉਂਦਾ ਹੈ; ਜਿਹਾ ਕਿ–ਇਹ ਹਾਥੀ ਕਿਸ ਦਾ ਹੈ? ਇਹ ਹਾਥੀ ਰਾਜੇ ਦਾ ਹੈ।

ਨੇਮ (6) ਜੇ ਸੰਬੰਧਕਾਰਕ ਵਿੱਚ ਇੱਕ ਤੋਂ ਵਧੀਕ ਨਾਉਂ ਹੋਣ, ਤਾਂ ਸੰਬੰਧਕਾਰਕ ਦਾ ਚਿੰਨ੍ਹ 'ਦਾ' ਕੇਵਲ ਅੰਤਲੇ ਨਾਉਂ ਨਾਲ ਹੀ ਆਉਂਦਾ ਹੈ; ਜਿਹਾ ਕਿ–ਰਾਮ ਤੇ ਹਰਨਾਮ ਦਾ ਸੁਆਲ ਠੀਕ ਹੈ।

ਪਰ ਜੇ ਸੰਬੰਧੀ ਪੜਨਾਉਂ ਹੋਣ, ਤਾਂ ਸੰਬੰਧਕਾਰਕ ਦਾ ਚਿੰਨ੍ਹ 'ਰਾ', 'ਡਾ' ਜਾਂ 'ਦਾ' ਹਰ ਇੱਕ ਸੰਬੰਧੀ ਨਾਲ ਲੱਗਦਾ ਹੈ; ਜਿਹਾ ਕਿ–ਮੇਰਾ, ਤੇਰਾ ਤੇ ਉਸ ਦਾ ਸੁਆਲ ਠੀਕ ਹੈ। ਸਾਡਾ, ਤੁਹਾਡਾ ਤੇ ਉਨ੍ਹਾਂ ਦਾ ਧਰਮ ਸਾਂਝਾ ਹੈ।

ਨੇਮ (7) ਅਧਿਕਰਣ ਕਾਰਕ ਕਈ ਹੋਣ, ਤਾਂ ਕਾਲਵਾਚਕ ਅਧਿਕਰਣ ਪਹਿਲਾਂ ਆਉਂਦਾ ਹੈ; ਜਿਹਾ ਕਿ- ਉਹ 'ਦੋ ਘੰਟੇ ਵਿੱਚ' ਪਹਾੜ ਦੀ ਚੋਟੀ ਉੱਤੇ ਚੜ੍ਹ ਗਿਆ।

ਨੇਮ (8) ਅਨੁਕ੍ਰਮੀ ਜਾਂ ਸਮਾਨ ਅਧਿਕਰਣ ਆਪਣੇ ਮੁੱਖ ਸ਼ਬਦ ਤੋਂ ਪਿੱਛੋਂ ਆਉਂਦਾ ਹੈ ਅਤੇ ਕਾਰਕ ਚਿੰਨ੍ਹ (ਜੇ ਹੋਵੇ ਤਾਂ) ਅਨੁਕ੍ਰਮੀ ਨਾਲ ਹੀ ਲੱਗਦਾ ਹੈ; ਜਿਹਾ ਕਿ–ਅਸੀਂ ਆਪਣੀ ਮਾਤਰੀ ਬੋਲੀ, ਪੰਜਾਬੀ, ਦੀ ਉੱਨਤੀ ਚਾਹੁੰਦੇ ਹਾਂ।

ਪਰ ਜੇ ਮੁੱਖ ਸ਼ਬਦ ਕੋਈ ਪੜਨਾਉਂ ਹੋਵੇ, ਤਾਂ ਕਾਰਕ-ਚਿੰਨ੍ਹ ਮੁੱਖ ਸ਼ਬਦ ਨਾਲ ਵੀ ਲੱਗਦਾ ਹੈ; ਜਿਹਾ ਕਿ–ਪਰਦੇਸੀ ਲੋਕ ਸਾਨੂੰ, ਹਿੰਦੁਸਤਾਨੀਆਂ ਨੂੰ,

Sri Satguru Jagjit Singh Ji Elibrary NamdhariElibrary@gmail.com

ਮੂਰਖ ਹੀ ਸਮਝਦੇ ਹਨ ।

ਨੇਮ (9) ਜੇ ਕਰਤਾ ਤੇ ਕਰਮ ਦੋਵੇਂ 'ਸਾਧਾਰਣ ਰੂਪ' ਹੋਣ, ਤਾਂ ਪਹਿਲਾ 'ਕਰਤਾ' ਤੇ ਦੂਜਾ 'ਕਰਮ' ਹੁੰਦਾ ਹੈ; ਜਿਹਾ ਕਿ—ਜੇ ਬਾਜ਼ ਬਟੇਰਾ ਦੇਖੇ, ਤਾਂ ਉਸ ਦੇ ਮੂੰਹ ਵਿਚ ਪਾਣੀ ਭਰ ਆਉਂਦਾ ਹੈ। ਜੇ ਬਟੇਰਾ ਬਾਜ਼ ਦੇਖੇ, ਤਾਂ ਉਹ ਲੁਕਦਾ ਫਿਰਦਾ ਹੈ। (ਇੱਥੇ ਕਰਤਾ ਪਹਿਲੇ ਵਾਕ ਵਿੱਚ 'ਬਾਜ਼' ਹੈ ਤੇ ਦੂਜੇ ਵਿੱਚ 'ਬਟੇਰਾ'।)

ਨੇਮ (10) ਜੇ 'ਕਰਤਾ' ਤੇ 'ਕਰਤ੍ਰੀ-ਪੂਰਕ' ਦੋਵੇਂ ਸਾਧਾਰਣ ਰੂਪ ਹੋਣ, ਤਾਂ ਪਹਿਲਾ 'ਕਰਤਾ' ਤੇ ਦੂਜਾ 'ਪੂਰਕ' ਹੁੰਦਾ ਹੈ; ਜਿਵੇਂ—'ਰਾਜਾ ਫ਼ਕੀਰ ਹੋ ਗਿਆ।' ਇਸ ਵਾਕ ਦਾ ਅਰਥ ਹੈ ਕਿ ਜੋ ਪਹਿਲਾਂ 'ਰਾਜਾ' ਸੀ, ਉਹ ਹੁਣ 'ਫ਼ਕੀਰ' ਹੋ ਗਿਆ ਹੈ। ਪਰ ਜੇ ਤਰਤੀਬ ਬਦਲ ਕੇ ਇਉਂ ਆਖੀਏ—'ਫ਼ਕੀਰ ਰਾਜਾ ਹੋ ਗਿਆ।' ਤਾਂ ਭਾਵ ਇਹ ਹੋਵੇਗਾ ਕਿ ਜੋ ਪਹਿਲਾਂ ਫ਼ਕੀਰ ਸੀ, ਉਹ ਹੁਣ 'ਰਾਜਾ' ਬਣ ਗਿਆ ਹੈ। ਸੋ ਪਹਿਲੇ ਵਾਕ ਵਿੱਚ 'ਰਾਜਾ' ਕਰਤਾ ਤੇ 'ਫ਼ਕੀਰ' ਪੂਰਕ ਹੈ, ਅਤੇ ਦੂਜੇ ਵਿੱਚ 'ਫ਼ਕੀਰ' ਕਰਤਾ ਤੇ 'ਰਾਜਾ' ਪੂਰਕ।

ਨੇਮ (11) ਜੇ ਪਹਿਲੇ ਉਪਵਾਕ ਵਿੱਚ ਦੋ ਨਾਉਂ ਅਤੇ ਦੂਜੇ ਵਿੱਚ ਦੋ ਪੜਨਾਉਂ ਹੋਣ, ਤਾਂ ਪਹਿਲੇ ਨਾਉਂ ਲਈ 'ਉਹ' ਜਾਂ 'ਇੱਕ' ਹੁੰਦਾ ਹੈ, ਅਤੇ ਦੂਜੇ ਨਾਉਂ ਲਈ 'ਇਹ' ਜਾਂ 'ਦੂਜਾ'; ਜਿਹਾ ਕਿ—ਪੰਜਾਬ ਤੇ ਬੰਗਾਲ ਦੋਵੇਂ ਉਪਜਾਊ ਦੇਸ ਹਨ, ਪਰ ਵਿੱਦਿਆ ਵਿੱਚ ਏਹ (=ਬੰਗਾਲ) ਬਹੁਤ ਅੱਗੇ ਹੈ ਤੇ ਉਹ (=ਪੰਜਾਬ) ਬਹੁਤ ਪਿੱਛੇ ਹੈ। ਰਾਮ ਤੇ ਹਰਨਾਮ ਦੋਵੇਂ ਸੱਕੇ ਭਰਾ ਹਨ, ਪਰ ਇੱਕ (=ਰਾਮ) ਨਿਰਾ ਮੂਰਖ ਤੇ ਦੂਜਾ (=ਹਰਨਾਮ) ਬੜਾ ਹੀ ਸਿਆਣਾ ਹੈ।

ਨੋਟ—ਜੇ ਦੂਜੇ ਉਪਵਾਕ ਵਿੱਚ 'ਇੱਕੋ ਹੀ' ਪੜਨਾਉਂ ਦੋ ਵਾਰੀ ਆਵੇ, ਤਾਂ ਪਹਿਲਾ ਆਉਣ ਵਾਲਾ ਪਹਿਲੇ ਨਾਉਂ ਲਈ ਤੇ ਮਗਰੋਂ ਆਉਣ ਵਾਲਾ ਦੂਜੇ ਨਾਉਂ ਲਈ ਹੁੰਦਾ ਹੈ; ਜਿਹਾ ਕਿ—

"ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥
ਉਹ (=ਕੂਕਰਿ) ਨਿਤ ਸੁਣੇ ਹਰਿਨਾਮ ਜਸੁ ਉਹ
(=ਸਾਕਤ ਕੀ ਮਾਇ) ਪਾਪ ਬਿਸਾਹਨ ਜਾਇ ॥"

ਨੇਮ (12) ਵਿਸ਼ੇਸ਼ਣ ਆਪਣੇ ਵਿਸ਼ੇਸ਼ ਤੋਂ ਪਹਿਲਾਂ ਹੀ ਆਉਂਦਾ ਹੈ; ਜਿਵੇਂ—ਕਾਲਾ ਘੋੜਾ, ਚੰਗਾ ਮੁੰਡਾ, ਆਦਿਕ। ਪਰ ਜੇ ਵਿਸ਼ੇਸ਼ ਕਰਤਾ ਜਾਂ ਕਰਮ ਹੋਵੇ ਤੇ ਵਿਸ਼ੇਸ਼ਣ ਕਰਤ੍ਰੀ-ਪੂਰਕ ਜਾਂ ਕਰਮ-ਪੂਰਕ, ਤਾਂ ਵਿਸ਼ੇਸ਼ਣ ਪਿੱਛੋਂ ਹੀ ਆਉਂਦਾ ਹੈ; ਜਿਹਾ ਕਿ—ਮੁੰਡਾ 'ਛੋਟਾ' ਹੀ ਹੈ, ਪਰ ਉਸਤਾਦ ਨੇ ਉਸ ਨੂੰ

Sri Satguru Jagjit Singh Ji Elibrary NamdhariElibrary@gmail.com

'ਲਾਇਕ' ਬਣਾ ਦਿੱਤਾ ਹੈ।

ਨੇਮ (13) ਕਿਰਿਆ-ਵਿਸ਼ੇਸ਼ਣ ਆਮ ਤੌਰ ਤੇ ਆਪਣੇ ਵਿਸ਼ੇਸ਼ (ਭਾਵ, ਉਸ ਕਿਰਿਆ ਜਾਂ ਵਿਸ਼ੇਸ਼ਣ ਜਾਂ ਕਿਸੇ ਹੋਰ ਕਿਰਿਆ-ਵਿਸ਼ੇਸ਼ਣ ਤੋਂ ਜਿਸ ਦੀ ਉਹ ਵਿਸ਼ੇਸ਼ਤਾ ਦੱਸਦਾ ਹੋਵੇ) ਤੋਂ ਪਹਿਲਾਂ ਹੀ ਆਉਂਦਾ ਹੈ; ਜਿਹਾ ਕਿ—ਕੋਇਲ ਉੱਚਾ ਗਾਉਂਦੀ ਹੈ। ਰੁਲਦੂ 'ਬੜਾ' ਮੂਰਖ ਹੈ। ਉਹ 'ਬਹੁਤ' ਉੱਚਾ ਬੋਲਦਾ ਹੈ।

ਨੇਮ (14) ਕਦੇ-ਕਦੇ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਵਾਕ ਦੇ ਅਰੰਭ ਵਿੱਚ ਹੀ ਆ ਜਾਂਦੇ ਹਨ; ਜਿਹਾ ਕਿ—'ਅੱਜ-ਕੱਲ' ਬੇਈਮਾਨੀ ਬਹੁਤ ਵਧ ਗਈ ਹੈ। 'ਹੁਣ' ਖ਼ਾਲਸ ਦੁੱਧ-ਘਿਉ ਕਿਤੋਂ ਨਹੀਂ ਮਿਲਦਾ।

ਨੇਮ (15) ਪ੍ਰਸ਼ਨਵਾਚਕ ਕਿਰਿਆ-ਵਿਸ਼ੇਸ਼ਣ 'ਕੀ' ਸਦਾ ਵਾਕ ਦੇ ਅਰੰਭ ਵਿੱਚ ਹੀ ਆਉਂਦਾ ਹੈ; ਜਿਹਾ ਕਿ—'ਕੀ' ਓਹ ਪੜ੍ਹਦੇ ਹਨ ?

ਵੇਖੋ ! ਜੇ ਇਸ ਵਾਕ ਵਿੱਚ 'ਕੀ' ਨੂੰ ਹੋਰ ਥਾਂ ਰੱਖ ਕੇ ਆਖੀਏ—'ਉਹ ਕੀ ਪੜ੍ਹਦੇ ਹਨ ?' ਤਾਂ ਅਰਥ ਹੀ ਹੋਰ ਹੋ ਜਾਂਦਾ ਹੈ।

ਨੇਮ (16) ਤਾਕੀਦਬੋਧਕ ਕਿਰਿਆ-ਵਿਸ਼ੇਸ਼ਣ ਆਪਣੇ ਵਿਸ਼ੇਸ਼ ਦੇ ਮਗਰ ਹੀ ਆਉਂਦੇ ਹਨ; ਜਿਹਾ ਕਿ—ਉਹ ਬੜਾ 'ਹੀ' ਮੂਰਖ ਹੈ। ਉਸ ਨੂੰ ਸਮਝਾਓ 'ਵੀ'। ਤੁਸੀਂ ਮੇਰੀ ਗੱਲ ਸੁਣੋ 'ਨਾ'। (ਇੱਥੇ ''ਨਾ' ਦਾ ਅਰਥ 'ਜ਼ਰੂਰ' ਜਾਂ 'ਧਿਆਨ ਨਾਲ' ਹੈ।)

ਨੇਮ (17) ਸੰਬੰਧਵਾਚਕ ਤੇ ਅਨੁਸੰਬੰਧਵਾਚਕ ਪੜਨਾਵਾਂ ਤੋਂ ਬਣੇ ਹੋਏ ਕਿਰਿਆ-ਵਿਸ਼ੇਸ਼ਣ ਕਦੇ-ਕਦੇ ਵਾਕ ਦੇ ਅਰੰਭ ਵਿੱਚ ਵੀ ਰੱਖੇ ਜਾਂਦੇ ਹਨ; ਜਿਹਾ ਕਿ—'ਜਿਵੇਂ' ਰੱਬ ਰੱਖੇ, 'ਤਿਵੇਂ' ਰਹੀਏ। 'ਜਿੱਥੇ' ਜਾਓ, 'ਉੱਥੇ' ਸੇਵਾ ਹੀ ਕਰੋ।

ਨੇਮ (18) 'ਸੰਬੰਧਕ' ਆਪਣੇ ਸੰਬੰਧੀ ਦੇ ਮਗਰ ਹੀ ਆਉਂਦੇ ਹਨ; ਜਿਹਾ ਕਿ—ਮੁੰਡੇ 'ਨੇ' ਘੋੜੇ 'ਨੂੰ' ਪਾਣੀ ਪਿਆਇਆ। ਪਰ—

'ਮਾਰੇ', 'ਬਿਨਾਂ', 'ਸਣੇ' ਤੇ 'ਬਗ਼ੈਰ' ਆਪਣੇ ਸਬੰਧੀ ਤੋਂ ਪਹਿਲਾਂ ਵੀ ਆ ਜਾਂਦੇ ਹਨ; ਜਿਹਾ ਕਿ—'ਮਾਰੇ' ਭੁੱਖ ਦੇ ਉਸ ਦੀ ਜਾਨ ਨਿਕਲ ਗਈ। 'ਬਿਨਾਂ' ਮਿਹਨਤ ਕੁਝ ਪ੍ਰਾਪਤ ਨਹੀਂ ਹੁੰਦਾ। ਹੀਰ 'ਸਣੇ' ਸਹੇਲੀਆਂ ਜੋਗੀ ਵੱਲ ਤੁਰ ਪਈ। 'ਬਗ਼ੈਰ' ਮਤਲਬ ਦੇ ਕੋਈ ਕਿਸੇ ਕੋਲ ਨਹੀਂ ਜਾਂਦਾ।

ਨੇਮ (19) 'ਯੋਜਕ' ਓਹਨਾਂ ਵਾਕਾਂ, ਵਾਕੰਸ਼ਾਂ ਜਾਂ ਸ਼ਬਦਾਂ ਦੇ ਵਿਚਕਾਰ ਹੀ ਆਉਂਦੇ ਹਨ, ਜਿਨ੍ਹਾਂ ਨੂੰ ਉਹ ਜੋੜਦੇ ਹਨ; ਜਿਹਾ ਕਿ—ਰਾਮ 'ਅਤੇ' ਸ਼ਾਮ ਨੇ

Sri Satguru Jagjit Singh Ji Elibrary NamdhariElibrary@gmail.com

ਰੋਟੀ ਖਾਧੀ। ਤੋਤਾ ਗੱਲਾਂ ਕਰਦਾ ਹੈ, 'ਪਰ' ਖੋਤਾ ਨਹੀਂ। ਮਨ ਨੂੰ ਵੱਸ ਵਿੱਚ ਰੱਖਣਾ, ਲੋਕਾਂ ਨਾਲ ਮੇਲ ਰੱਖਣਾ, ਭੁੱਖਿਆਂ ਨੂੰ ਦਾਨ ਦੇਣਾ 'ਤੇ' ਵਾਹਿਗੁਰੂ ਦਾ ਸਿਮਰਨ ਕਰਨਾ, ਇਹ ਸਭ, ਚੰਗੇ ਕੰਮ ਹਨ।

ਨੇਮ (20) ਜਿਹੜੇ ਯੋਜਕ ਜੋੜੇ ਹੋ ਕੇ ਆਉਂਦੇ ਹਨ, ਓਹਨਾਂ ਵਿੱਚੋਂ ਇੱਕ 'ਵਾਕ ਦੇ ਅਰੰਭ ਵਿੱਚ' ਤੇ ਦੂਜਾ 'ਦੁਹਾਂ ਉਪਵਾਕਾਂ ਦੇ ਵਿਚਕਾਰ' ਰੱਖਿਆ ਜਾਂਦਾ ਹੈ; ਜਿਹਾ ਕਿ—'ਜੇ' ਤੂੰ ਮਿਹਨਤ ਕੀਤੀ, 'ਤਾਂ' ਪਾਸ ਹੋ ਜਾਏਂਗਾ। 'ਭਾਵੇਂ' ਉਹ ਗ਼ਰੀਬ ਹੈ, 'ਪਰ' ਕਿਸੇ ਤੋਂ ਕੁਝ ਮੰਗਦਾ ਨਹੀਂ।

ਨੇਮ (21) 'ਵਿਸਮਿਕ' ਤੇ ਓਹਨਾਂ ਨਾਲ ਸੰਬੰਧ ਰੱਖਣ ਵਾਲੇ ਸ਼ਬਦ ਵਾਕ ਤੋਂ ਵੱਖਰੇ ਹੀ ਸਭ ਤੋਂ ਪਹਿਲਾਂ ਆਉਂਦੇ ਹਨ; ਜਿਹਾ ਕਿ—ਹਾਏ ! ਸਿਰ ਨੂੰ ਪੀੜ ਹੈ ! ਹਾਏ ਹਾਏ ! ਮੈਂ ਕੀ ਕਰਾਂ ! ਆਹਾ ! ਕੇਹਾ ਸੁਹਣਾ ਫੁੱਲ ਹੈ !

ਨੇਮ (22) ਕਿਸੇ ਕਾਰਦੰਤਕ ਦੇ 'ਕਰਮ' ਆਦਿ ਕਾਰਕ ਹੋਣ, ਤਾਂ ਓਹ ਉਸ ਕਾਰਦੰਤਕ ਤੋਂ ਪਹਿਲਾਂ ਹੀ ਆਉਂਦੇ ਹਨ; ਜਿਹਾ ਕਿ—ਉਹ 'ਰੋਟੀ' ਖਾ ਕੇ ਸ਼ਿਕਾਰ ਨੂੰ ਚਲਿਆ ਗਿਆ। ਉਸ ਨੇ ਆਪਣੇ ਭਰਾ ਵੱਲ 'ਖ਼ਤ' ਲਿਖਣਾ ਸੀ।

ਨੇਮ (23) ਪੂਰਬ ਪੂਰਣ ਕਾਰਦੰਤਕ ਦੇ ਅਤੇ ਕਿਰਿਆ ਦੇ 'ਕਰਤਾ' ਤੇ 'ਕਰਮ' ਆਦਿ ਕਾਰਕ ਸਾਂਝੇ ਹੋਣ, ਤਾਂ ਓਹ ਕਾਰਦੰਤਕ ਤੋਂ ਪਹਿਲਾਂ ਹੀ ਆਉਂਦੇ ਹਨ; ਜਿਹਾ ਕਿ—ਉਹ ਨ੍ਹਾ ਕੇ ਆਵੇਗਾ। ਉਹ ਰੋਟੀ ਖਾ ਕੇ ਜਾਵੇਗਾ। ਪਰ ਜੇ ਭਿੰਨ-ਭਿੰਨ ਹੋਣ, ਤਾਂ ਕਾਰਦੰਤਕ ਦੇ, ਕਾਰਦੰਤਕ ਤੋਂ ਪਹਿਲਾਂ; ਅਤੇ ਕਿਰਿਆ ਦੇ, ਕਿਰਿਆ ਤੋਂ ਪਹਿਲਾਂ ਰੱਖੇ ਜਾਂਦੇ ਹਨ; ਜਿਹਾ ਕਿ—ਉਹ ਰੋਟੀ ਖਾ ਕੇ ਤਮਾਸ਼ਾ ਵੇਖਣ ਜਾਏਗਾ। ਉਹ ਪੁੱਤਰ ਨੂੰ ਦੁੱਧ ਪਿਆ ਕੇ ਲੋਕਾਂ ਨੂੰ ਰੋਟੀ ਖੁਆਏਗੀ।

(ਵਿਸ਼ੇਸ਼ ਕ੍ਰਮ)

(1) ਕਰਤਾ ਤੋਂ ਪਹਿਲਾਂ ਕਿਰਿਆ; ਜਿਵੇਂ—ਆਉਣਾ ਸੀ ਰਾਜੇ ਨੇ ਤੇ ਆਇਆ ਉਸ ਦਾ ਪੁੱਤਰ।

(2) ਕਰਮ ਤੋਂ ਪਹਿਲਾਂ ਕਿਰਿਆ; ਜਿਵੇਂ—ਅਸਾਂ ਬੁਲਾਇਆ ਸੀ ਇਕ ਨੂੰ ਤੇ ਆ ਗਏ ਦੋ।

(3) ਕਰਤਾ ਤੋਂ ਪਹਿਲਾਂ ਕਰਮ; ਜਿਵੇਂ ਫੇਰੂ ਨੂੰ ਅਸੀਂ ਜਾਣਦੇ ਹਾਂ।

(4) ਕਰਤਾ ਤੋਂ ਪਹਿਲਾਂ ਸੰਪ੍ਰਦਾਨ; ਜਿਵੇਂ ਆਪਣੇ ਲਈ ਤੁਸੀਂ ਸਭ ਕੁਝ ਕਰ ਸਕਦੇ ਹੋ, ਪਰ ਲੋਕਾਂ ਲਈ ਕੁਝ ਨਹੀਂ।

(5) ਕਰਤਾ ਤੋਂ ਪਹਿਲਾਂ ਅਧਿਕਰਣ—'ਬਨੇਰੇ ਤੇ' ਕਾਂ ਬੈਠਾ ਹੈ, ਇੱਲ ਨਹੀਂ।

ਨੋਟ–ਵਿਸ਼ੇਸ਼ ਕ੍ਰਮ 'ਕਵਿਤਾ' ਅਤੇ 'ਜ਼ੋਰਦਾਰ ਵਾਰਤਕ' ਵਿੱਚ ਬਾਹਲਾ ਵਰਤੀਂਦਾ ਹੈ।

ਅਭਿਆਸ

1. ਹੇਠਾਂ ਲਿਖੇ ਵਾਕਾਂ ਦਾ ਸ਼ਬਦ-ਕ੍ਰਮ ਠੀਕ ਕਰੋ ਤੇ ਨਾਲੇ ਦੱਸੋ ਜੁ ਕਿਹੜੇ ਕਿਹੜੇ ਨੇਮ ਅਨੁਸਾਰ ਸ਼ੁੱਧ ਕੀਤਾ ਹੈ:-

ਜਦ ਰਹਿੰਦਾ ਹੈ ਫਿਕਰ ਪਰਜਾ ਦੀ ਉੱਨਤੀ ਦਾ ਵਿੱਚ ਦਿਲ ਰਾਜੇ ਦੇ, ਤਾ ਵਿੱਚ ਦਿਲ ਪਰਜਾ ਦੇ ਉਪਜਦੀ ਨਹੀਂ ਸ਼ਿਕਾਇਤ ਕੋਈ ਵਿਰੁੱਧ ਓਸ ਦੇ; ਏਸ ਵਾਸਤੇ ਕੁਚਾਲਾਂ ਓਸ ਦੇ ਵਿਰੋਧੀਆਂ ਦੀਆਂ ਸਕਦੀਆਂ ਨਹੀਂ ਪਾ ਰਾਜਭਾਗ ਓਸ ਦੇ ਨੂੰ ਵਿੱਚ ਖ਼ਤਰੇ ਦੇ।

2. ਹੇਠਾਂ ਲਿਖੀ ਕਵਿਤਾ ਦੀ ਵਾਰਤਕ ਬਣਾਓ:–

ਮਰੂਏ ਦਾ ਇੱਕ ਬਾਗ਼ ਰਾਣੇ ਲਾਇਆ,\
ਖਿੜਿਆ ਸੀ ਕਰ ਜ਼ੋਰ ਸਾਰਾ ਅੱਜ ਜੋ।\
ਮਿਲ ਮਿਲ ਫੁੱਲਾਂ ਨਾਲ ਮਹਿਕੀ ਹੋਇ ਕੇ,\
ਤੁਰਦੀ ਅੱਗੇ ਜਾਇ ਮਹਿਕੀ ਪੌਣ ਏ।

3. ਹੇਠਾਂ ਲਿਖੇ ਦੋ ਦੋ ਵਾਕਾਂ ਦਾ ਅਰਥ–ਭੇਦ ਦੱਸੋ–

(1) ਰਾਜਾ ਫ਼ਕੀਰ ਹੋ ਗਿਆ। ਫ਼ਕੀਰ ਰਾਜਾ ਹੋ ਗਿਆ।

(2) ਕੁੜੀ ਮੁੰਡਾ ਖਿਡਾਏਗੀ। ਮੁੰਡਾ ਕੁੜੀ ਖਿਡਾਏਗਾ।

(3) ਸਿਆਣੇ ਇਆਣੇ ਬਣ ਗਏ। ਇਆਣੇ ਸਿਆਣੇ ਬਣ ਗਏ।

—o—

Sri Satguru Jagjit Singh Ji Elibrary NamdhariElibrary@gmail.com

# ਦੂਜਾ ਅਧਿਆਇ

## ਵਾਕ-ਵੰਡ

### (I) ਸਾਧਾਰਨ ਵਾਕ

238. ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਨੂੰ **ਸਾਧਾਰਨ ਵਾਕ** ਆਖਦੇ ਹਨ; ਜਿਵੇਂ-ਮੁੰਡਾ ਪੋਥੀ ਪੜ੍ਹਦਾ ਹੈ।

239. ਜਿਸ ਵਾਕ ਵਿੱਚ ਇੱਕ ਥੀਂ ਵਧੀਕ ਕਿਰਿਆ ਹੋਣ, ਉਹ ਕਦੇ **ਮਿਸਰਿਤ** ਤੇ ਕਦੇ **ਸੰਯੁਕਤ** ਹੁੰਦਾ ਹੈ; ਜਿਵੇਂ-

ਮਿਸਰਿਤ-ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ।

ਸੰਯੁਕਤ-ਰਾਮ ਨੇ ਰੋਟੀ ਖਾਧੀ ਤੇ ਸ਼ਾਮ ਨੇ ਕੇਲੇ ਖਾਧੇ।

240. ਕਰਤਾ, ਕਰਮ, ਪੂਰਕ ਤੇ ਕਿਰਿਆ ਨੂੰ ਵਾਕ ਦੇ **ਮੁੱਖ ਅੰਗ** ਆਖਦੇ ਹਨ, ਅਤੇ ਜੋ ਸ਼ਬਦ ਇਹਨਾਂ ਦੇ ਸੰਬੰਧ ਵਿੱਚ ਹੋਣ, ਉਹਨਾਂ ਨੂੰ ਤਰਤੀਬ ਵਾਰ 'ਕਰਤਾ ਦਾ ਵਿਸਤਾਰ', 'ਕਰਮ ਦਾ ਵਿਸਤਾਰ', 'ਪੂਰਕ ਦਾ ਵਿਸਤਾਰ' ਤੇ 'ਕਿਰਿਆ ਦਾ ਵਿਸਤਾਰ' ਕਹਿੰਦੇ ਹਨ; ਜਿਹਾ ਕਿ-'ਅੱਜ ਇੱਕ ਸਰਦਾਰ ਨੇ ਇਸ ਮੁੰਡੇ ਨੂੰ ਆਪਣਾ ਮੁਤਬੰਨਾ ਬਣਾਇਆ ਹੈ।' ਵਿੱਚ -

| | |
|---|---|
| ਸਰਦਾਰ ਨੇ-ਕਰਤਾ | ਇੱਕ-ਕਰਤਾ ਦਾ ਵਿਸਤਾਰ |
| ਮੁੰਡੇ ਨੂੰ-ਕਰਮ | ਇਸ-ਕਰਮ ਦਾ ਵਿਸਤਾਰ |
| ਮੁਤਬੰਨਾ-ਪੂਰਕ | ਆਪਣਾ-ਪੂਰਕ ਦਾ ਵਿਸਤਾਰ |
| ਬਣਾਇਆ ਹੈ-ਕਿਰਿਆ | ਅੱਜ-ਕਿਰਿਆ ਦਾ ਵਿਸਤਾਰ |

241. ਵਾਕ ਦੇ ਹਿੱਸਿਆਂ ਜਾਂ ਅੰਗਾਂ ਨੂੰ ਅੱਡ-ਅੱਡ ਕਰ ਕੇ ਓਹਨਾਂ ਦਾ ਪਰਸਪਰ ਸੰਬੰਧ ਦੱਸਣ ਨੂੰ **ਵਾਕ-ਵੰਡ** ਕਰਨਾ ਆਖਦੇ ਹਨ।

242. ਇੱਕ ਸਾਧਾਰਣ ਵਾਕ ਵਿੱਚ ਘੱਟ ਤੋਂ ਘੱਟ ਦੋ ਹਿੱਸੇ (ਕਰਤਾ ਤੇ ਕਿਰਿਆ) ਜ਼ਰੂਰ ਹੁੰਦੇ ਹਨ, ਅਤੇ ਵਧ ਤੋਂ ਵਧ ਇਹ ਅੱਠ ਹੀ ਹੋ ਸਕਦੇ ਹਨ-ਕਰਤਾ, ਕਰਤਾ ਦਾ ਵਿਸਤਾਰ, ਕਰਮ, ਕਰਮ ਦਾ ਵਿਸਤਾਰ, ਪੂਰਕ, ਪੂਰਕ ਦਾ ਵਿਸਤਾਰ, ਕਿਰਿਆ, ਕਿਰਿਆ ਦਾ ਵਿਸਤਾਰ। ਏਹਨਾਂ ਵਿੱਚੋਂ

Sri Satguru Jagjit Singh Ji Elibrary NamdhariElibrary@gmail.com

'ਕਰਤਾ' ਤੇ 'ਕਰਤਾ-ਵਿਸਤਾਰ' ਨੂੰ ਵਾਕ ਦਾ ਵਿਸ਼ਾ ਆਖਦੇ ਹਨ, ਅਤੇ ਬਾਕੀ ਦੇ ਛਿਆਂ ਭਾਗਾਂ ਨੂੰ ਰਲਾ ਕੇ ਵਰਣਨ।

243. ਕਿਸੇ ਵਾਕ ਵਿੱਚ ਵਿਸਤਾਰ ਹੋਣ ਜਾਂ ਨਾ, ਪਰ 'ਕਿਰਿਆ ਦੇ ਸੁਭਾਉ' ਅਨੁਸਾਰ ਮੁੱਖ ਅੰਗਾਂ ਦਾ ਇਸ ਤਰ੍ਹਾਂ ਹੋਣਾ ਜ਼ਰੂਰੀ ਹੈ:—

1. ਜੇ ਵਾਕ ਦੀ ਕਿਰਿਆ 'ਪੂਰਣ ਅਕਰਮਕ' ਹੋਵੇ, ਤਾਂ ਕਰਤਾ ਤੇ ਕਿਰਿਆ ਦਾ;
2. ਜੇ ਕਿਰਿਆ 'ਅਪੂਰਣ ਅਕਰਮਕ' ਹੋਵੇ, ਤਾਂ ਕਰਤਾ, ਕਰਤ੍ਰੀ-ਪੂਰਕ ਤੇ ਕਿਰਿਆ ਦਾ;
3. ਜੇ ਕਿਰਿਆ 'ਪੂਰਣ ਸਕਰਮਕ' ਹੋਵੇ, ਤਾਂ ਕਰਤਾ, ਕਰਮ ਤੇ ਕਿਰਿਆ ਦਾ;
4. ਜੇ ਕਿਰਿਆ 'ਅਪੂਰਣ ਸਕਰਮਕ' ਹੋਵੇ, ਤਾਂ ਕਰਤਾ, ਕਰਮ, ਕਰਮ ਪੂਰਕ ਤੇ ਕਿਰਿਆ ਦਾ;
5. ਜੇ ਕਿਰਿਆ 'ਦੁਰਕਮਕ' ਹੋਵੇ, ਤਾਂ ਕਰਤਾ, ਅਪਰਧਾਨ ਕਰਮ, ਪਰਧਾਨ ਕਰਮ ਤੇ ਕਿਰਿਆ ਦਾ; ਜਿਵੇਂ—

| ਕਰਤਾ | ਕਰਮ | ਪੂਰਕ | ਕਿਰਿਆ |
|---|---|---|---|
| ਘੋੜਾ | ..... | ...... | ਦੌੜਦਾ ਹੈ। (ਪੂ: ਅਕਰਮਕ) |
| ਘੋੜਾ | ..... | | ਬਿਮਾਰ ਹੈ। (ਅਪੂ: ਅਕਰਮਕ) |
| ਮੁੰਡਾ | ਚਿੱਠੀ | ... | ਲਿਖਦਾ ਹੈ। (ਪੂ: ਸਕਰਮਕ) |
| ਅਸੀਂ | ਉਹਨੂੰ | ਸਿਆਣਾ | ਸਮਝਦੇ ਹਾਂ। (ਅਪੂ: ਸਕਰਮਕ) |
| ਮਾਂ | ਮੁੰਡੇ ਨੂੰ, ਦੁੱਧ | ... | ਪਿਆਉਂਦੀ ਹੈ। (ਦੁਕਰਮਕ) |

### ਕਰਤਾ

244. ਕਰਤਾ ਓਂ ਤਾਂ ਨਾਉਂ ਜਾਂ ਨਾਉਂ-ਤੁਲ ਹੀ ਹੁੰਦਾ ਹੈ; ਪਰ ਰੂਪ ਕਰਕੇ ਕਈ ਤਰ੍ਹਾਂ ਦਾ ਹੋ ਸਕਦਾ ਹੈ; ਜਿਵੇਂ—

1. ਨਾਉਂ—'ਘੋੜਾ' ਦੌੜਦਾ ਹੈ। 'ਮੁੰਡੇ' ਨੇ ਚਿੱਠੀ ਲਿਖੀ।
2. ਪੜਨਾਉਂ—'ਮੈਂ' ਵੱਡਾ ਹਾਂ। 'ਤੂੰ' ਛੋਟਾ ਹੈਂ।
3. ਵਿਸ਼ੇਸ਼ਣ—'ਲੋਭੀ' ਕਦੇ ਰੱਜਦੇ ਨਹੀਂ।
4. ਭਾਵਾਰਥ—'ਪੜਨਾ' ਚੰਗਾ ਕੰਮ ਹੈ।
5. ਕਿਰਿਆ-ਫਲ—ਤੇਰਾ 'ਪੜ੍ਹਿਆ' ਸਫਲ ਹੋਇਆ।

Sri Satguru Jagjit Singh Ji Elibrary NamdhariElibrary@gmail.com

ਪਛਾਣ–ਕਿਰਿਆ ਨਾਲ 'ਕੌਣ' ਜਾਂ 'ਕਿਸ ਨੇ' ਲਾ ਕੇ ਪ੍ਰਸ਼ਨ ਕਰੋ, ਉੱਤਰ 'ਕਰਤਾ' ਹੋਵੇਗਾ; ਜਿਵੇਂ–ਕੌਣ ਦੌੜਦਾ ਹੈ ? ਘੋੜਾ।

ਕਿਸ ਨੇ ਲਿੱਖੀ ? ਮੁੰਡੇ ਨੇ।

ਕਰਮ

245. ਕਰਮ ਵੀ ਨਾਉਂ ਜਾਂ ਨਾਉਂ-ਤੁਲ ਹੀ ਹੁੰਦਾ ਹੈ ਤੇ ਰੂਪ ਕਰਕੇ ਕਈ ਤਰ੍ਹਾਂ ਦਾ ਹੋ ਸਕਦਾ ਹੈ; ਜਿਵੇਂ–

1. ਨਾਉਂ–ਮਾਂ 'ਪੁੱਤਰ ਨੂੰ' ਦੁੱਧ ਪਿਆਉਂਦੀ ਹੈ।
2. ਪੜਨਾਉਂ–ਨੌਕਰ 'ਉਹਨੂੰ' ਖਿਡਾਉਂਦਾ ਹੈ।
3. ਵਿਸ਼ੇਸ਼ਣ–ਉਹ 'ਮੰਗਤਿਆ ਨੂੰ' ਬੜਾ ਤੰਗ ਕਰਦਾ ਹੈ।
4. ਭਾਵਾਰਥ–ਅਸਾਂ ਉਹਨੂੰ 'ਗਾਉਣਾ' ਸਿਖਾਇਆ।
5. ਕਿਰਿਆ-ਫਲ–ਕੋਈ ਉਸ ਦੇ 'ਲਿਖੇ' ਨੂੰ ਪੜ੍ਹ ਨਹੀਂ ਸਕਦਾ।
6. ਵਾਕੰਸ਼–ਉਸ ਨੇ 'ਕੰਮ ਕਾਰ ਕਰਨਾ' ਛੱਡ ਦਿੱਤਾ ਹੈ।

ਪਛਾਣ–ਕਿਰਿਆ ਨਾਲ 'ਕਿਸ ਨੂੰ' ਜਾਂ 'ਕੀ' ਲਾ ਕੇ ਪ੍ਰਸ਼ਨ ਕਰੋ, ਉੱਤਰ 'ਕਰਮ' ਹੋਵੇਗਾ; ਜਿਵੇਂ–ਕਿਸ ਨੂੰ ਪਿਆਉਂਦੀ ਹੈ ? ਪੁੱਤਰ ਨੂੰ। ਕੀ ਪਿਆਉਂਦੀ ਹੈ ? ਦੁੱਧ।

ਕਰਤਾ ਦਾ ਵਿਸਤਾਰ

246. ਇਹ ਆਮ ਤੌਰ ਤੇ ਵਿਸ਼ੇਸ਼ਣ ਜਾਂ ਵਿਸ਼ੇਸ਼ਣ-ਤੁਲ ਹੀ ਹੁੰਦਾ ਹੈ; ਜੇ 'ਅਨੁਕ੍ਰਮੀ' ਹੋਵੇ, ਤਾਂ ਨਾਉਂ ਜਾਂ ਨਾਉਂ–ਤੁਲ ਵੀ; ਜਿਵੇਂ–

1. ਵਿਸ਼ੇਸ਼ਣ–'ਅਰਬੀ' ਘੋੜਾ ਦੌੜਦਾ ਹੈ।
2. ਕਾਰਦੰਤਕ–'ਪੜ੍ਹਿਆ' ਮਨੁੱਖ ਚੰਗਾ ਹੁੰਦਾ ਹੈ।
3. ਸੰਬੰਧਪਦ–'ਉਸ ਦਾ' ਘੋੜਾ ਬਿਮਾਰ ਹੈ।
4. ਅਨੁਕ੍ਰਮੀ–ਹਰੀ ਸਿੰਘ, 'ਨਲੂਆ', ਬੜਾ ਬਹਾਦਰ ਸੀ।
5. ਪੜਨਾਉਂ–ਮੈਂ 'ਆਪ' ਉੱਥੇ ਜਾਵਾਂਗਾ।
6. ਵਾਕੰਸ਼–ਰਾਜਾ 'ਆਪਣੀ ਸੈਨਾ ਸਮੇਤ' ਮਾਰਿਆ ਗਿਆ।

ਕਰਮ ਦਾ ਵਿਸਤਾਰ

247. ਇਹ ਵਿਸ਼ੇਸ਼ਣ ਜਾਂ ਵਿਸ਼ੇਸ਼ਣ-ਤੁਲ ਹੀ ਹੁੰਦਾ ਹੈ; ਜੇ ਅਨੁਕ੍ਰਮੀ ਹੋਵੇ, ਤਾਂ ਨਾਉਂ ਜਾਂ ਨਾਉਂ–ਤੁਲ ਵੀ; ਜਿਵੇਂ–

1. ਵਿਸ਼ੇਸ਼ਣ–ਉਸ ਨੇ 'ਛੋਟੇ' ਮੁੰਡੇ ਨੂੰ ਮਾਰਿਆ।
2. ਕਾਰਦੰਤਕ–ਅਸਾਂ 'ਰੋਂਦੇ' ਮੁੰਡੇ ਨੂੰ ਹਸਾਇਆ।

Sri Satguru Jagjit Singh Ji Elibrary NamdhariElibrary@gmail.com

3. ਸੰਬੰਧਪਦ—ਰਾਮ ਨੇ 'ਸ਼ਾਮ ਦੇ' ਪੁੱਤਰ ਨੂੰ ਪੜ੍ਹਾਇਆ ਸੀ।
4. ਅਨੁਕ੍ਰਮੀ—ਰਾਮ ਨੇ ਲੰਕਾ ਦੇ ਰਾਜੇ, 'ਰਾਵਣ', ਨੂੰ ਮਾਰਿਆ ਸੀ।
5. ਵਾਕੰਸ਼—ਉਸ ਨੇ 'ਕੰਧਾਰੋਂ ਆਏ' ਅਨਾਰ ਖਾਧੇ ਸਨ।

## ਪੂਰਕ

250. ਪੂਰਕ ਹਮੇਸ਼ਾਂ 'ਨਾਉਂ', 'ਵਿਸ਼ੇਸ਼ਣ' ਜਾਂ 'ਸੰਬੰਧਪਦ' ਦੇ ਰੂਪ ਵਿੱਚ ਆਉਂਦਾ ਹੈ; ਜਿਵੇਂ—

1. ਨਾਉਂ—ਅੰਬ ਇੱਕ 'ਫਲ' ਹੈ। ਰਾਜੇ ਨੇ ਇੱਕ ਗ਼ਰੀਬ ਨੂੰ ਆਪਣਾ 'ਮੁਤਬੱਨਾ' ਬਣਾਇਆ।
2. ਵਿਸ਼ੇਸ਼ਣ—ਅੰਬ 'ਮਿੱਠਾ' ਹੁੰਦਾ ਹੈ। ਬੁਰੀ ਸੰਗਤ ਆਦਮੀ ਨੂੰ 'ਬੁਰਾ' ਬਣਾ ਦਿੰਦੀ ਹੈ।
3. ਸੰਬੰਧਪਦ—ਇਹ ਪੁਸਤਕ 'ਕਰਤਾਰ ਦੀ' ਹੈ। ਇਸ ਸਾਰੇ ਸੰਸਾਰ ਨੂੰ 'ਰੱਬ ਦਾ' ਸਮਝੋ।

## ਪੂਰਕ ਦਾ ਵਿਸਤਾਰ

251. ਪੂਰਕ ਦਾ ਵਿਸਤਾਰ ਹੇਠਾਂ ਲਿਖੇ ਸ਼ਬਦਾਂ ਨਾਲ ਹੋ ਸਕਦਾ ਹੈ:—

1. ਵਿਸ਼ੇਸ਼ਣ—ਬੰਬਈ ਇੱਕ 'ਸੁਹਣਾ' ਸ਼ਹਿਰ ਹੈ।
2. ਸੰਬੰਧਪਦ—ਪੰਜਾਬੀ 'ਸਾਡੀ ਆਪਣੀ' ਬੋਲੀ ਹੈ।
3. ਵਾਕੰਸ਼—ਗਊ 'ਇੱਕ ਦੁੱਧ ਦੇਣ ਵਾਲਾ' ਜਾਨਵਰ ਹੈ।
4. ਕਿ: ਵਿਸ਼ੇਸ਼ਣ—ਸਮੁੰਦਰ 'ਬਹੁਤ' ਹੀ 'ਡੂੰਘਾ' ਹੈ।
5. ਅਨੁਕ੍ਰਮੀ—ਇਹ ਮਕਾਨ ਕਰਤਾਰ ਸਿੰਘ, 'ਗੰਢੀ', ਦਾ ਹੈ।

## ਕਿਰਿਆ

252. ਕਿਰਿਆ ਓਹੀ ਸ਼ਬਦ ਹੈ, ਜੋ ਮੁੱਖ ਅੰਗਾਂ ਨਾਲ ਮਿਲ ਕੇ ਵਾਕ ਨੂੰ ਪੂਰਾ ਕਰ ਸਕੇ, ਅਥਵਾ, ਕੰਮ ਨੂੰ ਕਾਲ-ਸਹਿਤ ਪਰਗਟ ਕਰੇ; ਜਿਵੇਂ— ਮੁੰਡੇ ਨੇ ਚਿਠੀ 'ਲਿਖੀ'। ਅਸਾਂ ਉਹਨੂੰ ਅੰਗਰੇਜ਼ੀ 'ਪੜ੍ਹਾਈ'।

## ਕਿਰਿਆ ਦਾ ਵਿਸਤਾਰ

253. ਕਿਰਿਆ ਦਾ ਵਿਸਤਾਰ ਓਂ ਤਾਂ ਕਿਰਿਆ-ਵਿਸ਼ੇਸ਼ਣ ਜਾਂ ਕਿਰਿਆ-ਵਿਸ਼ੇਸ਼ਣ-ਤੁਲ ਹੀ ਹੁੰਦਾ ਹੈ, ਪਰ ਰੂਪ ਕਰਕੇ ਕਈ ਪਰਕਾਰ ਦਾ ਹੋ ਸਕਦਾ ਹੈ; ਜਿਵੇਂ—

Sri Satguru Jagjit Singh Ji Elibrary NamdhariElibrary@gmail.com

1. ਕਿਰਿਆ-ਵਿਸ਼ੇਸ਼ਣ–ਉਹ 'ਹੌਲੀ' ਤੁਰਦਾ ਹੈ।
2. ਕਿਰਿਆ-ਵਿਸ਼ੇਸ਼ਣੀ ਵਾਕੰਸ਼–'ਇੱਧਰ ਉੱਧਰ' ਨਾ ਫਿਰੋ।
3. ਪੂਰਬ ਪੂਰਣ ਕਾਰਦੰਤਕ–'ਦੌੜ ਕੇ' ਜਾਓ।
4. ਵਰਤਮਾਨ ਕਾਰਦੰਤਕ–ਉਹ ਫਲ ਵੇਖ ਕੇ 'ਦੌੜਦਾ' ਆਇਆ।
5. ਵਿਸ਼ੇਸ਼ਣ–ਉਹ 'ਇਕੱਲਾ' ਬੈਠਾ ਹੈ।
6. ਭਾਵਾਰਥ (ਸੰਬੰਧਕੀ ਰੂਪ)–ਉਹ ਇੱਥੇ 'ਪੜ੍ਹਨ' ਆਇਆ ਸੀ।
7. ਕਰਣ ਕਾਰਕ–ਅਸੀਂ 'ਅੱਖਾਂ ਨਾਲ' ਵੇਖਦੇ ਹਾਂ।
8. ਸੰਪ੍ਰਦਾਨ ਕਾਰਕ–'ਮੁੰਡੇ ਲਈ' ਦੁੱਧ ਲਿਆਓ।
9. ਅਪਾਦਾਨ ਕਾਰਕ–ਮੁੰਡਾ 'ਕੋਠੇ ਤੋਂ' ਡਿੱਗ ਪਿਆ।
10. ਅਧਿਕਰਣ ਕਾਰਕ–ਕਾਂ 'ਬਨੇਰੇ ਤੇ' ਬੈਠਾ ਹੈ।
11. ਵਾਕੰਸ਼–ਉਹ 'ਰੋਟੀ ਖਾ ਕੇ' ਆਵੇਗਾ।
12. ਨਾਉਂ–ਉਹ 'ਦਿੱਲੀ' ਰਹਿੰਦਾ ਹੈ।

ਪਛਾਣ–ਕਿਰਿਆ ਨਾਲ ਸ਼ਬਦ 'ਕਦੋਂ', 'ਕਿੱਥੇ', 'ਕਿੱਦਾਂ', 'ਕਿਉਂ', 'ਕਿੱਸ ਨਾਲ', 'ਕਿਸ ਲਈ', 'ਕਿਸ ਤੋਂ', 'ਕਿਸ ਵਿੱਚ' ਤੇ 'ਕਿਸ ਉੱਤੇ' ਲਾ ਕੇ ਪ੍ਰਸ਼ਨ ਕਰੋ, ਉੱਤਰ ਕਿਰਿਆ-ਵਿਸਤਾਰ ਹੋਵੇਗਾ। ਜਿਵੇਂ–ਕਿੱਦਾਂ ਤੁਰਦਾ ਹੈ ? ਹੌਲੀ। ਕਿਸ ਨਾਲ ਵੇਖਦੇ ਹਾਂ ? ਅੱਖਾਂ ਨਾਲ।

## ਵਾਕ-ਵੰਡ ਦਾ ਨਮੂਨਾ

**254.** ਵਾਕ-ਵੰਡ ਆਮ ਤੌਰ ਤੇ ਖ਼ਾਨੇ ਵਾਹ ਕੇ ਲਿਖੀ ਜਾਂਦੀ ਹੈ; ਜਿਵੇਂ ਅਗਲੇ ਪੰਨੇ ਪੁਰ ਹੇਠਾਂ ਲਿਖੇ ਵਾਕਾਂ ਦੀ ਵਾਕ-ਵੰਡ ਲਿਖੀ ਗਈ ਹੈ:–

1. ਮਾਂ ਬੱਚੇ ਨੂੰ ਗੋਦੀ ਵਿੱਚ ਲਈ ਬੈਠੀ ਹੈ।
2. ਉਹ ਉਹਨੂੰ ਪ੍ਰੇਮ ਨਾਲ ਦੁੱਧ ਪਿਆਉਂਦੀ ਹੈ।
3. ਬੁਰੀ ਸੰਗਤ ਆਦਮੀ ਨੂੰ ਬੁਰਾ ਬਣਾ ਦਿੰਦੀ ਹੈ।
4. ਇੱਕ ਦੇਸੀ ਰਾਜੇ ਨੇ ਪਿੱਛਲੀ ਉਮਰੇ ਇੱਕ ਫ਼ਕੀਰ ਦੇ ਮੁੰਡੇ ਨੂੰ ਆਪਣਾ ਮੁਤਬੰਨਾ ਬਣਾਇਆ।
5. ਝੂਠ ਕਦੇ ਨਾ ਬੋਲੋ।
6. ਦਸਰਥ ਦੇ ਪੁੱਤਰ, ਰਾਮ, ਨੇ ਲੰਕਾ ਦੇ ਰਾਜੇ, ਰਾਵਣ, ਨੂੰ ਠੀਕ ਸੰਧਿਆ ਵੇਲੇ ਮਾਰਿਆ।

Sri Satguru Jagjit Singh Ji Elibrary NamdhariElibrary@gmail.com

| | ਵਿਸ਼ਾ | | ਵਰਣਨ | | | | | |
|---|---|---|---|---|---|---|---|---|
| ਵਾਕ ਦਾ ਨੰਬਰ | ਕਰਤਾ | ਕਰਤਾ ਦਾ ਵਿਸਤਾਰ | ਕਰਮ | ਕਰਮ ਦਾ ਵਿਸਤਾਰ | ਪੂਰਕ ਸਣੇ ਵਿਸਤਾਰ | ਕਿਰਿਆ | ਕਿਰਿਆ ਦਾ ਵਿਸਤਾਰ |
| (1) | ਮਾਂ | ... | ਬੱਚੇ ਨੂੰ | ... | ... | ਲਈ ਬੈਠੀ ਹੈ | ਗੋਦੀ ਵਿੱਚ |
| (2) | ਉਹ | ... | ਉਹਨੂੰ, ਦੁੱਧ | ... | ... | ਪਿਆਉਂਦੀ ਹੈ | ਪ੍ਰੇਮ ਨਾਲ |
| (3) | ਸੰਗਤ | ਬੁਰੀ | ਆਦਮੀ ਨੂੰ | ... | ਬੁਰਾ, | ਬਣਾ ਦਿੰਦੀ ਹੈ | ... |
| (4) | ਰਾਜੇ ਨੇ | ਇੱਕ, ਦੇਸੀ | ਮੁੰਡੇ ਨੂੰ | ਇੱਕ ਫ਼ਕੀਰ ਦੇ | ਆਪਣਾ ਮੁਤਬੰਨਾ | ਬਣਾਇਆ | ਪਿੱਛਲੀ ਉਮਰੇ |
| (5) | (ਤੁਸੀਂ) | ... | ਝੂਠ | ... | ... | ਬੋਲੋ | ਕਦੇ, ਨਾ |
| (6) | ਰਾਮ ਨੇ | ਦਸਰਥ ਦੇ ਪੁੱਤਰ | ਰਾਵਣ ਨੂੰ | ਲੰਕਾ ਦੇ ਰਾਜੇ | ... | ਮਾਰਿਆ | ਠੀਕ ਸੰਧਿਆ ਵੇਲੇ |

Sri Satguru Jagjit Singh Ji Elibrary NamdhariElibrary@gmail.com

ਅਭਿਆਸ

1. ਵਾਕ ਕਿੰਨੇ ਤੇ ਕਿਹੜੇ ਕਿਹੜੇ ਪਰਕਾਰ ਦੇ ਹਨ ? ਵਾਕ ਦੇ ਦੋ ਵੱਡੇ ਭਾਗ ਕਿਹੜੇ ਕਿਹੜੇ ਹਨ, ਤੇ ਛੋਟੇ ਭਾਗ ਕਿਹੜੇ ਕਿਹੜੇ ? ਹਰ ਇੱਕ ਦਾ ਲੱਛਣ ਤੇ ਉਦਾਹਰਣ ਦੱਸੋ।
2. ਹੇਠਾਂ ਲਿਖੇ ਵਾਕਾਂ ਦੀ ਵਾਕ-ਵੰਡ ਕਰੋ:–

ਬੱਦਲ ਗੱਜਦਾ ਹੈ। ਮੋਰ ਨੱਚਦੇ ਹਨ। ਉਸ ਨੂੰ ਠੰਢਾ ਪਾਣੀ ਪਿਆਓ। ਉਹ ਬੜਾ ਵਿੱਦਵਾਨ ਹੈ। ਰਾਜੇ ਨੇ ਇੱਕ ਮੰਗਤੇ ਨੂੰ ਆਪਣਾ ਵਜ਼ੀਰ ਬਣਾ ਲਿਆ। ਲੰਕਾ ਦਾ ਰਾਜਾ, ਰਾਵਣ, ਮਹਾਰਾਜਾ ਰਾਮ ਚੰਦਰ ਦੀ ਇਸਤ੍ਰੀ, ਮਹਾਰਾਣੀ ਸੀਤਾ, ਨੂੰ ਛਲ ਨਾਲ ਲੈ ਗਿਆ ਸੀ। ਕਾਉਂ ਬਨੇਰੇ ਤੇ ਬੈਠਾ ਹੈ। ਅਸੀਂ ਅੱਖਾਂ ਨਾਲ ਵੇਖਦੇ ਹਾਂ। ਮੈਂ ਅੱਜ ਲਹੁਢੇ ਵੇਲੇ ਤੁਹਾਡੇ ਲਈ ਇੱਕ ਰੁਮਾਲ ਲੈਂਦਾ ਆਵਾਂਗਾ।

## (2) ਸੰਯੁਕਤ ਵਾਕ

**255.** ਸਮਾਨ ਯੋਜਕਾਂ ਦਾ ਹਾਲ ਯੋਜਕਾਂ ਦੇ ਅਧਿਆਇ ਵਿੱਚੋਂ ਮੁੜ ਪੜ੍ਹੋ ਅਤੇ ਚੇਤੇ ਰੱਖੋ ਕਿ ਸੰਯੁਕਤ ਵਾਕਾਂ ਵਿੱਚ ਕੇਵਲ 'ਸਮਾਨ ਯੋਜਕ' ਹੀ ਹੋ ਸਕਦੇ ਹਨ, ਅਧੀਨ ਯੋਜਕ ਨਹੀਂ।

**256.** ਸੰਯੁਕਤ ਵਾਕਾਂ ਦੀ ਵਾਕ-ਵੰਡ ਕਰਨ ਲਈ–

(ੳ) ਸਮਾਨ ਉਪਵਾਕਾਂ ਨੂੰ ਅੱਡ-ਅੱਡ ਕਰ ਕੇ ਲਿਖੋ; ਜੇ ਵਾਕ ਸੰਕੁਚਿਤ ਰੂਪ ਵਿੱਚ ਹੋਵੇ, ਤਾਂ ਲੁਪਤ ਸ਼ਬਦਾਂ ਨੂੰ ਪਰਗਟ ਕਰ ਕੇ ਉਪਵਾਕਾਂ ਨੂੰ ਪੂਰਾ ਕਰੋ।

(ਅ) ਯੋਜਕ ਨੂੰ ਵੱਖਰਾ ਲਿਖੋ ਤੇ ਉਹਦਾ ਪਰਕਾਰ (ਸਮੁੱਚੀ, ਵਿਕਲਪੀ ਤੇ ਨਿਖੇਧੀ ਆਦਿ) ਦੱਸੋ।

(ੲ) ਫਿਰ ਸਾਧਾਰਣ ਵਾਕ ਦੀ ਤਰ੍ਹਾਂ ਹਰ ਇਕ ਉਪਵਾਕ ਦੀ ਵਾਕ-ਵੰਡ ਕਰੋ; ਜਿਵੇਂ ਹੇਠਾਂ ਦੱਸਿਆ ਹੈ:–

1. ਰਾਮ ਅਤੇ ਸ਼ਾਮ ਨੇ ਰੋਟੀ ਖਾਧੀ।

(ੳ) ਰਾਮ ਨੇ ਰੋਟੀ ਖਾਧੀ।

(ਅ) ਸ਼ਾਮ ਨੇ ਰੋਟੀ ਖਾਧੀ।

ਯੋਜਕ ਅਤੇ [ਸਮੁੱਚੀ]।

Sri Satguru Jagjit Singh Ji Elibrary NamdhariElibrary@gmail.com

2. ਤੂੰ ਵੱਡਾ ਹੈਂ ਕਿ ਤੇਰਾ ਭਰਾ ?

(ੳ) ਤੂੰ ਵੱਡਾ ਹੈਂ ?

(ਅ) ਤੇਰਾ ਭਰਾ ਵੱਡਾ ਹੈ ?

ਯੋਜਕ–ਕਿ [ਵਿਕਲਪੀ]।

3 ਤੋਤਾ ਗੱਲਾਂ ਕਰਦਾ ਹੈ, ਪਰ ਖੋਤਾ ਨਹੀਂ।

(ੳ) ਤੋਤਾ ਗੱਲਾਂ ਕਰਦਾ ਹੈ।

(ਅ) ਖੋਤਾ ਗੱਲਾਂ ਨਹੀਂ ਕਰਦਾ।

ਯੋਜਕ–ਪਰ [ਨਿਖੇਧੀ]।

4. ਇਹ ਮੁੰਡਾ ਪਰਸੋਂ ਦਾ ਬਿਮਾਰ ਪਿਆ ਹੈ।
ਇਸ ਲਈ ਸਕੂਲੇ ਨਹੀਂ ਜਾ ਸਕਦਾ।

(ੳ) ਇਹ ਮੁੰਡਾ ਪਰਸੋਂ ਦਾ ਬਿਮਾਰ ਪਿਆ ਹੈ।

(ਅ) ਇਹ ਮੁੰਡਾ ਸਕੂਲੇ ਨਹੀਂ ਜਾ ਸਕਦਾ।

ਯੋਜਕ–ਇਸ ਲਈ (ਕਾਰਜ-ਬੋਧਕ)।

### ਅਭਿਆਸ

ਹੇਠਾਂ ਲਿਖੇ ਸੰਯੁਕਤ ਵਾਕਾਂ ਦੀ ਵਾਕ-ਵੰਡ ਕਰੋ:–

ਤੁਸੀਂ ਅੰਗਰੇਜ਼ੀ ਤਾਂ ਵਾਹਵਾ ਜਾਣਦੇ ਹੋ, ਪੰਜਾਬੀ ਵੀ ਪੜ੍ਹੋ। ਫ਼ਕੀਰ ਨਾਲੇ ਮੰਗਦਾ ਹੈ ਨਾਲੇ ਘੂਰਦਾ ਹੈ। ਇੱਕੇ ਤੂੰ ਆ, ਇੱਕੇ ਤੇਰਾ ਭਰਾ ਆਵੇ। ਮੈਂ ਤੈਨੂੰ ਇਨਾਮ ਦਿੱਤਾ ਹੈ, ਨਾ ਕਿ ਜੁਰਮਾਨਾ ਕੀਤਾ ਹੈ। ਧਰਤੀ ਭੌਂਦੀ ਹੈ, ਪਰ ਸੂਰਜ ਨਹੀਂ। ਚੁੱਪ ਕਰਕੇ ਬੈਠੋ, ਨਹੀਂ ਤਾਂ ਬਾਹਰ ਚਲੇ ਜਾਓ।

Sri Satguru Jagjit Singh Ji Elibrary NamdhariElibrary@gmail.com

| ਵਾਕ ਦਾ ਨੰਬਰ | ਉਪਵਾਕ | ਯੋਜਕ | ਵਿਸ਼ਾ | | ਵਰਣਨ | | | |
|---|---|---|---|---|---|---|---|---|
| | | | ਕਰਤਾ | ਕਰਤਾ ਦਾ ਵਿਸਤਾਰ | ਕਰਮ ਸਣੇ ਵਿਸਤਾਰ | ਪੂਰਕ ਸਣੇ ਵਿਸਤਾਰ | ਕਿਰਿਆ | ਕਿਰਿਆ ਦਾ ਵਿਸਤਾਰ |
| (1) | ਰਾਮ ਨੇ ਰੋਟੀ ਖਾਧੀ ।<br>ਸ਼ਾਮ ਨੇ ਰੋਟੀ ਖਾਧੀ । | ਅਤੇ | ਰਾਮ ਨੇ<br>ਸ਼ਾਮ ਨੇ | ...<br>... | ਰੋਟੀ,<br>ਰੋਟੀ | ...<br>... | ਖਾਧੀ<br>ਖਾਧੀ | ......<br>...... |
| (2) | ਤੂੰ ਵੱਡਾ ਹੈਂ ?<br>ਤੇਰਾ ਭਰਾ ਵੱਡਾ ਹੈ ? | ਕਿ | ਤੂੰ<br>ਭਰਾ | ...<br>ਤੇਰਾ | ...<br>... | ਵੱਡਾ<br>ਵੱਡਾ | ਹੈਂ<br>ਹੈ | ......<br>... |
| (3) | ਤੋਤਾ ਗੱਲਾਂ ਕਰਦਾ ਹੈ ।<br>ਖੋਤਾ ਗੱਲਾਂ ਨਹੀਂ ਕਰਦਾ । | ਪਰ | ਤੋਤਾ<br>ਖੋਤਾ | ...<br>... | ਗੱਲਾਂ<br>ਗੱਲਾਂ | ...<br>... | ਕਰਦਾ ਹੈ<br>ਕਰਦਾ | ......<br>ਨਹੀਂ |
| (4) | ਇਹ ਮੁੰਡਾ ਪਰਸੋਂ ਦਾ ਬਿਮਾਰ ਪਿਆ ਹੈ।<br>ਇਹ ਮੁੰਡਾ ਸਕੂਲੇ ਨਹੀਂ ਜਾ ਸਕਦਾ। | ਇਸ ਲਈ | ਮੁੰਡਾ<br>ਮੁੰਡਾ | ਇਹ<br>ਇਹ | ...<br>... | ਬਿਮਾਰ<br>... | ਪਿਆ ਹੈ<br>ਜਾ ਸਕਦਾ | ਪਰਸੋਂ ਦਾ<br>ਸਕੂਲੇ, ਨਹੀਂ |

Sri Satguru Jagjit Singh Ji Elibrary NamdhariElibrary@gmail.com

# (3) ਮਿਸਰਿਤ ਵਾਕ

257. 'ਮਿਸਰਿਤ ਵਾਕ' ਵਿੱਚ ਇੱਕ 'ਪਰਧਾਨ' ਤੇ ਇੱਕ ਜਾਂ ਵਧੀਕ 'ਅਧੀਨ ਉਪਵਾਕ' ਹੁੰਦੇ ਹਨ।

258. ਮਿਸਰਿਤ ਵਾਕਾਂ ਵਿੱਚ ਉਪਵਾਕਾਂ ਨੂੰ ਜੋੜਨ ਵਾਲੇ ਸ਼ਬਦ (ਜਿਨ੍ਹਾਂ ਨੂੰ 'ਜੁੜੰਦੇ' ਕਿਹਾ ਜਾਂਦਾ ਹੈ) ਤਿੰਨ ਪ੍ਰਕਾਰ ਦੇ ਹੁੰਦੇ ਹਨ:–

(1) ਅਧੀਨ ਯੋਜਕ।

(2) ਸੰਬੰਧਵਾਚਕ ਤੇ ਅਨੁਸੰਬੰਧਵਾਚਕ ਪੜਨਾਉਂ।

(3) ਯੋਜਕੀ ਕਿਰਿਆ-ਵਿਸ਼ੇਸ਼ਣ ਤੇ ਵਿਸ਼ੇਸ਼ਣ।

259. ਅਧੀਨ ਉਪਵਾਕ ਅਰਥ ਕਰਕੇ ਤਿੰਨ ਪਰਕਾਰ ਦੇ ਹੁੰਦੇ ਹਨ– (ੳ) ਨਾਉਂ ਉਪਵਾਕ; (ਅ) ਵਿਸ਼ੇਸ਼ਣ ਉਪਵਾਕ; ਤੇ (ੲ) ਕਿਰਿਆ-ਵਿਸ਼ੇਸ਼ਣ ਉਪਵਾਕ।

# (ੳ) ਨਾਉਂ ਉਪਵਾਕ

260. ਨਾਉਂ ਉਪਵਾਕ ਉਹ ਅਧੀਨ ਉਪਵਾਕ ਹੈ, ਜੋ ਕਿਸੇ ਹੋਰ ਉਪਵਾਕ ਦੇ ਸੰਬੰਧ ਵਿੱਚ ਨਾਉਂ ਦਾ ਕੰਮ ਦੇਵੇ।

261. ਨਾਉਂ ਉਪਵਾਕ ਅਸਲ ਵਿੱਚ ਕਿਸੇ ਹੋਰ ਉਪਵਾਕ ਦੇ ਕਿਸੇ ਨਾਉਂ ਜਾਂ ਪੜਨਾਉਂ (ਪਰਗਟ ਜਾਂ ਲੁਪਤ) ਦਾ 'ਸਮਾਨ ਅਧਿਕਰਣ' ਹੋ ਕੇ ਉਸ ਦਾ ਵਿਸਤਾਰ ਹੀ ਕਰਦਾ ਹੈ; ਪਰ ਜਦੋਂ 'ਮੁੱਖ ਸ਼ਬਦ' ਪਰਗਟ ਨਹੀਂ ਹੁੰਦਾ, ਤਾਂ 'ਨਾਉਂ ਉਪਵਾਕ' ਨੂੰ ਹੀ ਕਰਤਾ, ਕਰਮ, ਪੂਰਕ ਜਾਂ ਸੰਬੰਧੀ ਕਹਿ ਦਿੰਦੇ ਹਨ; ਜਿਹਾ ਕਿ–

ਕਰਮ–ਸਭ ਜਾਣਦੇ ਹਨ ਕਿ 'ਪੜ੍ਹਨਾ ਚੰਗਾ ਕੰਮ ਹੈ'।

ਕਰਮ ਦਾ ਵਿਸਤਾਰ–ਇਹ ਸਭ ਜਾਣਦੇ ਹਨ ਕਿ 'ਪੜ੍ਹਨਾ ਚੰਗਾ ਹੈ'।

ਕਰਤਾ–ਸੱਚ ਹੈ ਜੁ 'ਗੁਰੂ ਬਿਨਾਂ ਗਤ ਨਹੀਂ ਹੁੰਦੀ'।

ਕਰਤਾ ਦਾ ਵਿਸਤਾਰ–ਇਹ ਸੱਚ ਹੈ ਜੁ 'ਗੁਰੂ ਬਿਨਾਂ ਗਤ ਨਹੀਂ ਹੁੰਦੀ'।

ਪੂਰਕ–ਗੁਰੂ ਦੀ ਆਗਿਆ ਹੈ ਕਿ 'ਭਾਣਾ ਮਿੱਠਾ ਕਰਕੇ ਮੰਨੋ'।

ਪੂਰਕ ਦਾ ਵਿਸਤਾਰ–ਗੁਰੂ ਦੀ ਆਗਿਆ ਇਹ ਹੈ ਕਿ 'ਭਾਣਾ.....ਮੰਨੋ'।

ਸੰਬੰਧੀ–'ਨਾਨਕ ਲਿਖਿਆ ਨਾਲਿ' ਦਾ ਅਰਥ ਦੱਸੋ।

Sri Satguru Jagjit Singh Ji Elibrary NamdhariElibrary@gmail.com

ਸੰਬੰਧੀ ਦਾ ਵਿਸ:–ਵਿਸ ਤੁਕ 'ਨਾਨਕ ਲਿਖਿਆ ਨਾਲਿ' ਦਾ ਅਰਥ ਦੱਸੋ।

262. ਜਦੋਂ ਨਾਉਂ ਉਪਵਾਕ ਪਹਿਲਾਂ ਆਵੇ, ਤਾਂ ਪਰਧਾਨ ਉਪਵਾਕ ਵਿੱਚ ਸ਼ਬਦ 'ਇਹ' ਜਾਂ 'ਇਹ ਗੱਲ' ਆਦਿਕ ਉਸ ਦਾ ਅਨੁਕ੍ਰਮੀ ਹੋ ਕੇ ਆਉਂਦਾ ਹੈ, ਅਤੇ ਯੋਜਕ ਦਾ ਲੋਪ ਹੋ ਕੇ ਨਾਉਂ ਉਪਵਾਕ ਨੂੰ 'ਇਕਹਿਰੇ ਪੁੱਠੇ ਕਾਮਿਆਂ' ( ' ' ) ਵਿੱਚ ਘੇਰ ਦੇਈਦਾ ਹੈ; ਜਿਵੇਂ–

'ਪੜ੍ਹਨਾ ਚੰਗਾ ਕੰਮ ਹੈ' ਇਹ ਗੱਲ ਸਭ ਜਾਣਦੇ ਹਨ।

'ਉਹ ਕਿੱਥੇ ਰਹਿੰਦਾ ਹੈ' ਇਹ ਕਿਸੇ ਨੂੰ ਮਲੂਮ ਨਹੀਂ!

# (ਅ) ਵਿਸ਼ੇਸ਼ਣ ਉਪਵਾਕ

263. ਵਿਸ਼ੇਸ਼ਣ ਉਪਵਾਕ ਉਹ ਅਧੀਨ ਉਪਵਾਕ ਹੈ, ਜੋ ਕਿਸੇ ਹੋਰ ਉਪਵਾਕ ਦੇ ਸੰਬੰਧ ਵਿੱਚ ਵਿਸ਼ੇਸ਼ਣ ਦਾ ਕੰਮ ਦੇਵੇ। ਵਾਕ-ਵੰਡ ਵਿੱਚ ਇਹ ਉਪਵਾਕ ਕਰਤਾ ਦਾ, ਕਰਮ ਦਾ, ਪੂਰਕ ਦਾ ਜਾਂ ਕਿਸੇ ਹੋਰ ਕਾਰਕ ਦੇ ਨਾਉਂ-ਪੜਨਾਉਂ ਦਾ ਵਿਸਤਾਰ ਹੀ ਹੁੰਦਾ ਹੈ; ਜਿਵੇਂ–

(ੳ) ਕਰਤਾ ਦਾ ਵਿਸਤਾਰ–ਉਹ ਲੋਕ 'ਜੋ ਹਰ ਵੇਲੇ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ', ਛੇਤੀ ਬੁੱਢੇ ਹੋ ਜਾਂਦੇ ਹਨ।

(ਅ) ਕਰਮ ਦਾ ਵਿਸਤਾਰ–ਅਸੀਂ ਉਸ ਮੁੰਡੇ ਨੂੰ 'ਜੋ ਪਹਿਲੇ ਨੰਬਰ ਤੇ ਪਾਸ ਹੋਵੇਗਾ', ਇਨਾਮ ਦਿਆਂਗੇ।

(ੲ) ਪੂਰਕ ਦਾ ਵਿਸਤਾਰ–ਅੰਬ ਐਸਾ ਫਲ ਹੈ, 'ਜਿਸ ਨੂੰ ਸਭ ਲੋਕ ਪਸੰਦ ਕਰਦੇ ਹਨ'।

(ਸ) ਕਿਸੇ ਹੋਰ ਕਾਰਕ ਦਾ ਵਿਸਤਾਰ–ਤੁਸੀਂ ਉਨ੍ਹਾਂ ਮੁੰਡਿਆਂ ਨਾਲ, 'ਜੋ ਝੂਠ ਬੋਲਦੇ ਹੋਣ', ਕਦੇ ਨਾ ਫਿਰੋ ਤੁਰੋ।

264. ਵਿਸ਼ੇਸ਼ਣ ਉਪਵਾਕ 'ਸੰਬੰਧਵਾਚਕ ਪੜਨਾਉਂ' ('ਜੋ' ਜਾਂ ਜਿਹੜਾ') ਤੋਂ ਅਰੰਭ ਹੁੰਦਾ ਹੈ ਤੇ ਦੂਜੇ ਉਪਵਾਕ ਵਿੱਚ ਉਸ ਦਾ ਵਿਸ਼ੇਸ਼ ਕੋਈ ਨਾਉਂ ਜਾਂ 'ਅਨੁਸੰਬੰਧਵਾਚਕ ਪੜਨਾਉਂ' ('ਸੋ', 'ਉਹ' ਜਾਂ 'ਤੇ') ਆਉਂਦਾ ਹੈ।

# (ੲ) ਕਿਰਿਆ-ਵਿਸ਼ੇਸ਼ਣ ਉਪਵਾਕ

265. ਕਿਰਿਆ-ਵਿਸ਼ੇਸ਼ਣ ਉਪਵਾਕ ਉਹ ਹੈ, ਜੋ ਕਿਸੇ ਹੋਰ ਉਪਵਾਕ ਦੇ ਸੰਬੰਧ ਵਿੱਚ ਕਿਰਿਆ-ਵਿਸ਼ੇਸ਼ਣ ਦਾ ਕੰਮ ਦੇਵੇ, ਅਥਵਾ, ਕਿਸੇ ਹੋਰ ਉਪਵਾਕ ਦੀ ਕਿਰਿਆ ਜਾਂ ਕਿਰਿਆ-ਵਿਸ਼ੇਸ਼ਣ ਜਾਂ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸੇ।

Sri Satguru Jagjit Singh Ji Elibrary NamdhariElibrary@gmail.com

266. 'ਕਿਰਿਆ-ਵਿਸ਼ੇਸ਼ਣ' ਉਪਵਾਕ ਸਮਾਨ ਅਧਿਕਰਣੀ ਯੋਜਕਾਂ ਤੋਂ ਬਿਨਾਂ ਬਾਕੀ ਦੇ ਹਰ ਤਰ੍ਹਾਂ ਦੇ ਅਧੀਨ ਯੋਜਕਾਂ ਨਾਲ ਅਰੰਭ ਹੋ ਸਕਦੇ ਹਨ; ਜਿਵੇਂ—

| ਪਰਧਾਨ ਉਪਵਾਕ | ਕਿਰਿਆ-ਵਿਸ਼ੇਸ਼ਣ ਉਪਵਾਕ |
|---|---|
| ਕਾਰਣ—ਮੁੰਡਾ ਇਸ ਲਈ ਰੋਂਦਾ ਹੈ, | ਕਿ ਉਸ ਦੀ ਮਾਂ ਬਿਮਾਰ ਹੈ। |
| ਫਲ—ਮਾਂ ਨੇ ਮੁੰਡੇ ਨੂੰ ਅਜੇਹਾ ਕੁੱਟਿਆ, | ਕਿ ਉਸ ਨੂੰ ਸੁਧ ਹੀ ਨਾ ਰਹੀ। |
| ਮਨਤੱਵ—ਦਿਲ ਲਾ ਕੇ ਪੜ੍ਹੋ, | ਤਾਂ ਜੁ ਪਾਸ ਹੋ ਜਾਓ। |
| ਸ਼ਰਤ—ਤੂੰ ਪਾਸ ਹੋ ਜਾਏਂਗਾ, | ਜੇ ਤੂੰ ਮਿਹਨਤ ਕਰੇਂਗਾ। |
| ਵਿਰੋਧ—ਉਹ ਬਹੁਤ ਖੁਸ਼ ਨਹੀਂ, | ਭਾਵੇਂ ਉਹ ਜਿੱਤ ਗਿਆ ਹੈ। |
| ਸਥਾਨ—ਉੱਥੇ ਪੁੱਜ ਕੇ ਸੇਵਾ ਕਰੋ, | ਜਿੱਥੇ ਕਿੱਥੇ ਵੀ ਜਾਓ। |
| ਕਾਲ—ਆਲਸ ਨਾ ਕਰੋ, | ਜਦੋਂ ਵੀ ਕੰਮ ਕਰਨਾ ਪਵੇ। |
| ਪਰਕਾਰ—ਮੈਂ ਤਿਵੇਂ ਕਰਾਂਗਾ, | ਜਿਵੇਂ ਤੁਸੀਂ ਕਹੋਗੇ। |

267. ਮਿਸ਼ਰਿਤ ਵਾਕ ਦੀ ਵਾਕ-ਵੰਡ ਕਰਨ ਲਈ—

(ੳ) ਉਪਵਾਕਾਂ ਨੂੰ ਅੱਡ-ਅੱਡ ਕਰ ਕੇ ਪੂਰੇ ਰੂਪ ਵਿੱਚ ਲਿਖੋ; ਅਤੇ ਹਰ ਇੱਕ ਦਾ ਪਰਕਾਰ ਦੱਸ ਕੇ ਇਹ ਦੱਸੋ ਕਿ ਅਧੀਨ ਉਪਵਾਕ ਕਿਸੇ ਦੂਜੇ ਉਪਵਾਕ ਦਾ ਕਿਹੜਾ ਭਾਗ ਹੈ।

(ਅ) ਜੁੜੰਦਾ ਵੱਖਰਾ ਕਰ ਕੇ ਲਿਖੋ ਤੇ ਫਿਰ ਸਾਧਾਰਣ ਵਾਕ ਦੀ ਤਰ੍ਹਾਂ ਹਰ ਇੱਕ ਉਪਵਾਕ ਦੀ ਵਾਕ-ਵੰਡ ਕਰੋ; ਜਿਵੇਂ—

ਵਾਕ—ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ।

(ੳ) ਸਭ ਜਾਣਦੇ ਹਨ। (ਪਰਧਾਨ ਉਪਵਾਕ)

(ਅ) ਪੜ੍ਹਨਾ ਚੰਗਾ ਕੰਮ ਹੈ। (ਅਧੀਨ, ਨਾਉਂ ਉਪਵਾਕ; ਇਹ ਕਿਰਿਆ 'ਜਾਣਦੇ ਹਨ' ਦਾ ਕਰਮ ਹੈ)

(ੲ ਜੁੜੰਦਾ—ਕਿ (ਯੋਜਕ)।

ਵਾਕ—ਓਹ ਲੋਕ ਜੋ ਹਰ ਵੇਲੇ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ, ਛੇਤੀ ਬੁੱਢੇ ਹੋ ਜਾਂਦੇ ਹਨ।

(ੳ) ਓਹ ਲੋਕ ਛੇਤੀ ਬੁੱਢੇ ਹੋ ਜਾਂਦੇ ਹਨ। (ਪਰਧਾਨ ਉਪਵਾਕ)

(ਅ) ਜੋ ਹਰ ਵੇਲੇ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ। (ਅਧੀਨ, ਵਿਸ਼ੇਸ਼ਣ ਉਪਵਾਕ; ਇਹ ਪਰਧਾਨ ਉਪਵਾਕ ਦੇ ਨਾਉਂ 'ਲੋਕ' ਦਾ ਵਿਸਤਾਰ ਹੈ)।

(ੲ) ਜੁੜੰਦਾ—ਕਿਉਂਕਿ (ਯੋਜਕ)।

Sri Satguru Jagjit Singh Ji Elibrary NamdhariElibrary@gmail.com

| ਉਪਵਾਕ | ਉਪਵਾਕ ਦਾ ਪਰਕਾਰ | ਜੁੜੰਦਾ | ਵਿਸ਼ਾ: ਕਰਤਾ | ਵਿਸ਼ਾ: ਕਰਤਾ ਦਾ ਵਿਸਤਾਰ | ਵਰਣਨ: ਕਰਮ ਸਣੇ ਵਿਸਤਾਰ | ਵਰਣਨ: ਪੂਰਕ ਸਣੇ ਵਿਸਤਾਰ | ਵਰਣਨ: ਕਿਰਿਆ | ਵਰਣਨ: ਕਿਰਿਆ ਦਾ ਵਿਸਤਾਰ |
|---|---|---|---|---|---|---|---|---|
| ੳ–ਸਭ ਜਾਣਦੇ ਹਨ | ਪਰਧਾਨ | ... | ਸਭ | ... | ਪੜ੍ਹਨਾ ਚੰਗਾ ਹੈ | ... | ਜਾਣਦੇ ਹਨ | ... |
| ਅ–ਕਿ ਪੜ੍ਹਨਾ ਚੰਗਾ ਕੰਮ ਹੈ | ਨਾਉਂ ਉ: ੳ ਦਾ ਕਰਮ | ਕਿ | ਪੜ੍ਹਨਾ | ... | ... | ਚੰਗਾ ਕੰਮ | ਹੈ | ... |
| ੳ–ਓਹ ਲੋਕ ਛੇਤੀ ਬੁੱਢੇ ਹੋ ਜਾਂਦੇ ਹਨ । | ਪਰਧਾਨ | ... | ਲੋਕ | ਓਹ ਜੋ... ਰਹਿੰਦੇ ਹਨ | ... | ਬੁੱਢੇ | ਹੋ ਜਾਂਦੇ ਹਨ | ਛੇਤੀ |
| ਅ–ਜੋ ਹਰ ਵੇਲੇ ਚਿੰਤਾ ਵਿੱਚ ਡੁੱਬੇ ਰਹਿੰਦੇ ਹਨ | ਵਿਸ਼ੇ: ਉਪ: 'ਲੋਕ' ਦਾ ਵਿ: | ਜੋ | ਜੋ | ... | ... | ਡੁੱਬੇ | ਰਹਿੰਦੇ ਹਨ | ਹਰ ਵੇਲੇ, ਚਿੰਤਾ ਵਿੱਚ |
| ੳ–ਮੁੰਡਾ ਰੋਂਦਾ ਹੈ | ਪਰਧਾਨ | ... | ਮੁੰਡਾ | ... | ... | ... | ਰੋਂਦਾ ਹੈ | ਕਿਉਂਕਿ |
| ਅ–ਕਿਉਂਕਿ ਉਸ ਦੀ ਮਾਂ ਬਿਮਾਰ ਹੈ । | ਕਿ: ਵਿ: ਉ: 'ਰੋਂਦਾ ਹੈ' ਦਾ | ਕਿਉਂਕਿ | ਮਾਂ | ਉਸ ਦੀ | ... | ਬਿਮਾਰ | ਹੈ | ... |

Sri Satguru Jagjit Singh Ji Elibrary NamdhariElibrary@gmail.com

ਵਾਕ—ਮੁੰਡਾ ਰੋਂਦਾ ਹੈ, ਕਿਉਂਕਿ ਉਸ ਦੀ ਮਾਂ ਬਿਮਾਰ ਹੈ।

(ੳ) ਮੁੰਡਾ ਰੋਂਦਾ ਹੈ। (ਪਰਧਾਨ ਉਪਵਾਕ)

(ਅ) ਉਸ ਦੀ ਮਾਂ ਬਿਮਾਰ ਹੈ। (ਅਧੀਨ, ਕਿ: ਵਿ: ਉਪਵਾਕ; ਕਿਰਿਆ 'ਰੋਂਦਾ ਹੈ' ਦਾ ਵਿਸਤਾਰ ਹੈ)

(ੲ) ਜੁੜੰਦਾ—ਕਿਉਂਕਿ (ਯੋਜਕ)।

## (4) ਗੁੰਝਲ ਵਾਕ

268. ਜਿਸ ਵਾਕ ਵਿੱਚ ਪਰਧਾਨ, ਅਧੀਨ ਤੇ ਸਮਾਨ ਤਿੰਨਾਂ ਹੀ ਤਰ੍ਹਾਂ ਦੇ ਉਪਵਾਕ ਹੋਣ, ਉਸ ਨੂੰ ਗੁੰਝਲ ਵਾਕ ਆਖਦੇ ਹਨ; ਜਿਹਾ ਕਿ—ਵਿੱਦਵਾਨ ਦੱਸਦੇ ਹਨ ਕਿ ਸੂਰਜ ਖਲੋਤਾ ਹੋਇਆ ਹੈ ਤੇ ਧਰਤੀ ਉਸ ਦੇ ਦੁਆਲੇ ਭੌਂਦੀ ਹੈ।

| ਉਪਵਾਕ | ਉਪਵਾਕਾਂ ਦਾ ਨਿਰਣਾ |
|---|---|
| (ੳ) ਵਿੱਦਵਾਨ ਦੱਸਦੇ ਹਨ। | (ਪਰਧਾਨ ਉਪਵਾਕ)। |
| (ਅ) ਸੂਰਜ ਖਲੋਤਾ ਹੋਇਆ ਹੈ। | (ੳ) ਦਾ ਦਾ ਅਧੀਨ (ਨਾਉਂ ਉਪਵਾਕ)<br>ਤੇ (ੲ) ਦਾ ਸਮਾਨ ਉਪਵਾਕ। |
| (ੲ) ਧਰਤੀ ਉਸ ਦੇ ਦੁਆਲੇ ਭੌਂਦੀ ਹੈ। | (ਅ) ਦਾ ਸਮਾਨ ਉਪਵਾਕ, ਤੇ<br>(ੳ) ਦਾ ਅਧੀਨ (ਨਾਉਂ ਉਪਵਾਕ) |
| (ਸ) ਜੁੜੰਦੇ | ਕਿ (ਅਧੀਨ ਯੋਜਕ)।<br>ਤੇ (ਸਮਾਨ ਯੋਜਕ)। |

### ਅਭਿਆਸ

ਹੇਠਾਂ ਲਿਖੇ ਵਾਕਾਂ ਦੀ ਵਾਕ-ਵੰਡ ਕਰੋ:—

ਦਿਲ ਲਾ ਕੇ ਪੜ੍ਹੋ, ਤਾਂ ਜੁ ਪਾਸ ਹੋ ਜਾਓ। ਅਸੀਂ ਉਸ ਵਿੱਦਿਆਰਥੀ ਨੂੰ, ਜੋ ਪਹਿਲੇ ਨੰਬਰ ਤੇ ਪਾਸ ਹੋਵੇਗਾ, ਦਸ ਰੁਪਈਏ ਇਨਾਮ ਦਿਆਂਗੇ। ਜੇ ਤੁਸੀਂ ਮਿਹਨਤ ਕਰੋਗੇ, ਤਾਂ ਪਾਸ ਹੋ ਜਾਓਗੇ ਤੇ ਇਨਾਮ ਵੀ ਲੈ ਲਓਗੇ। ਭਾਈ ਜੀ ਕਥਾ ਕਰ ਰਹੇ ਹਨ ਤੇ ਸੇਵਾਦਾਰ ਸੰਗਤਾਂ ਨੂੰ ਕਹੀ ਜਾਂਦੇ ਹਨ—"ਜੋ ਗੱਲਾਂ ਕਰੇਗਾ, ਸੋ ਤਨਖ਼ਾਹੀਆ ਹੋਵੇਗਾ।" ਇਹ ਠੀਕ ਹੈ ਕਿ ਸਾਰੇ ਇਤਿਹਾਸਿਕ ਗੁਰਦੁਆਰੇ ਸਿੱਖਾਂ ਨੂੰ ਮਿਲ ਗਏ ਹਨ।

Sri Satguru Jagjit Singh Ji Elibrary NamdhariElibrary@gmail.com

# ਤੀਜਾ ਅਧਿਆਇ

## ਵਿਸਰਾਮ ਚਿੰਨ੍ਹ

269. ਪੜ੍ਹਨ ਜਾਂ ਗੱਲਾਂ ਕਰਨ ਵੇਲੇ ਵਾਕਾਂ ਅਤੇ ਕਦੇ-ਕਦੇ ਵਾਕ ਦੇ ਹਿੱਸਿਆਂ ਤੇ ਜੋ ਠਹਿਰਿਆ ਜਾਂਦਾ ਹੈ, ਉਸ ਦੇ ਭੇਦ-ਮਾਤ੍ਰ ਨੂੰ ਲਿਖਤ ਵਿੱਚ ਦੱਸਣ ਲਈ ਜੋ ਚਿੰਨ੍ਹ ਵਰਤੇ ਜਾਂਦੇ ਹਨ, ਓਹਨਾਂ ਨੂੰ ਵਿਸਰਾਮ ਚਿੰਨ੍ਹ ਜਾਂ ਛੇਵੇ ਆਖਦੇ ਹਨ।

ਨੋਟ–'ਵਿਸਰਾਮ' ਦਾ ਅਰਥ 'ਅਰਾਮ' ਜਾਂ 'ਠਹ੍ਰਾਉ' ਹੈ, ਅਤੇ 'ਛੇਵਾ' ਦਾ ਅਰਥ ਹੈ–'ਨਿਖੇੜਨ ਵਾਲਾ'।

270. ਅੱਜ-ਕੱਲ ਪੰਜਾਬੀ ਵਿੱਚ ਹੇਠਾਂ ਲਿਖੇ ਛੇਵੇ ਆਮ ਵਰਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਡੰਡੀ ( । ) ਪੰਜਾਬੀ ਦੀ ਆਪਣੀ ਹੈ ਤੇ ਹੋਰ ਸਭ ਅੰਗਰੇਜ਼ੀ ਤੋਂ ਲਏ ਗਏ ਹਨ:–

| | | | |
|---|---|---|---|
| ਡੰਡੀ | । | ਡੈਸ਼ | – |
| ਪ੍ਰਸ਼ਨ-ਚਿੰਨ੍ਹ | ? | ਪੁੱਠੇ ਕਾਮੇ | " " |
| ਵਿਸਮੀ ਚਿੰਨ੍ਹ | ! | ਬ੍ਰੈਕਟ | ( ) [ ] |
| ਕਾਮਾ | , | ਜੋੜਨੀ | - |
| ਬਿੰਦੀ ਵਾਲਾ ਕਾਮਾ | ; | ਛੁੱਟ ਮਰੋੜੀ | ' |
| ਦੁਬਿੰਦੀ ਜਾਂ ਕੋਲਨ | : | ਬਿੰਦੀ | . |

## (1) ਡੰਡੀ ( । ) ਤੇ ਪ੍ਰਸ਼ਨ-ਚਿੰਨ੍ਹ ( ? )

271. ਇਹ ਦੋਵੇਂ ਚਿੰਨ੍ਹ 'ਪੂਰੇ ਠਹ੍ਰਾਉ' ਨੂੰ ਪਰਗਟ ਕਰਦੇ ਹਨ:– 'ਡੰਡੀ' ( । ) ਆਮ ਵਾਕਾਂ ਦੇ ਅੰਤ ਵਿੱਚ, ਅਤੇ 'ਪ੍ਰਸ਼ਨ-ਚਿੰਨ' ( ? ) ਓਹਨਾਂ ਵਾਕਾਂ ਦੇ ਅੰਤ ਵਿੱਚ ਆਉਂਦਾ ਹੈ, ਜਿਨ੍ਹਾਂ ਦੁਆਰਾ ਕੋਈ ਪੁੱਛ ਕੀਤੀ ਗਈ ਹੋਵੇ; ਜਿਹਾ ਕਿ–ਪੰਜਾਬੀ ਬੜੀ ਮਿੱਠੀ ਬੋਲੀ ਹੈ। ਤੁਹਾਡੀ ਮਾਤਰੀ ਬੋਲੀ ਕਿਹੜੀ ਹੈ ? ਕੰਮ ਕਰੋ। ਵਿਹਲੇ ਕਿਉਂ ਬੈਠੇ ਹੋ ?

Sri Satguru Jagjit Singh Ji Elibrary NamdhariElibrary@gmail.com

ਨੋਟ–ਜਦੋਂ 'ਪ੍ਰਸਨ-ਵਾਕ' ਇੱਕ ਅਧੀਨ ਉਪਵਾਕ ਹੋਵੇ, ਤਾਂ ਉਸ ਦੇ ਅਕ ਵਿੱਚ ਡੰਡੀ । ( । ) ਹੀ ਆਉਂਦੀ ਹੈ; ਜਿਹਾ ਕਿ–ਅਸੀਂ ਨਹੀਂ ਜਾਣਦੇ, ਤੁਸੀਂ ਕਿੱਥੇ ਰਹਿੰਦੇ ਹੋ ।

## (2) ਵਿਸਮੀ ਚਿੰਨ੍ਹ ( ! )

272. ਇਹ ਚਿੰਨ੍ਹ ( ! ) ਹੇਠਾਂ ਲਿਖੀਆਂ ਥਾਵਾਂ ਤੇ ਵਰਤਿਆ ਜਾਂਦਾ ਹੈ :–

(1) ਸੰਬੋਧਨ ਕਾਰਕ ਦੇ ਅੱਗੇ; ਜਿਵੇਂ–ਹੇ ਪਰਮਾਤਮਾ !

(2) ਵਿਸਮਿਕ ਸ਼ਬਦਾਂ ਤੇ ਵਾਕੰਸ਼ਾਂ ਦੇ ਅੱਗੇ; ਜਿਵੇਂ–ਹਾਏ ! ਆਹਾ ! ਫਿਟੇ ਮੂੰਹ ! ਸ਼ਾਬਾਸ਼ ! ਬੱਲੇ ਓ ਸ਼ੇਰਾ !

(3) ਅਸਚਰਜਤਾ, ਖ਼ੁਸ਼ੀ ਤੇ ਸ਼ੋਕ ਆਦਿ ਭਾਵਾਂ ਨੂੰ ਪਰਗਟ ਕਰਨ ਵਾਲੇ ਵਾਕਾਂ ਦੇ ਅੱਗੇ; ਜਿਹਾ ਕਿ–ਆਹਾ ! ਕੇਹਾ ਸੁਹਣਾ ਫੁੱਲ ਹੈ !

ਨੋਟ–ਵਿਸਮੀ ਭਾਵ ਨੂੰ ਵਧਾ ਕੇ ਦੱਸਣ ਲਈ ਇਸ ਚਿੰਨ੍ਹ ਨੂੰ ਦੂਹਰਾ ਜਾਂ ਤੀਹਰਾ ਵੀ ਕਰ ਦਿੰਦੇ ਹਨ; ਜਿਹਾ ਕਿ–ਸ਼ੋਕ ! ਸ਼ੋਕ !! ਮਹਾਂ ਸ਼ੋਕ !!!

## (3) ਕਾਮਾ ( , )

273. ਇਹ ਚਿੰਨ੍ਹ 'ਥੋੜੇ ਠਹਿਰਾਉ' ਨੂੰ ਪਰਗਟ ਕਰਦਾ ਹੈ । ਇਸ ਦੁਆਰਾ ਵਾਕ ਦੇ ਓਹਨਾਂ ਹਿੱਸਿਆਂ ਨੂੰ ਨਿਖੇੜਿਆ ਜਾਂਦਾ ਹੈ, ਜਿਨ੍ਹਾਂ ਵਿੱਚ 'ਪਰਸਪਰ ਸੰਬੰਧ' ਬਹੁਤਾ ਹੋਵੇ । ਇਸ ਦੀ ਵਰਤੋਂ ਹੇਠਾਂ ਲਿਖੀਆਂ ਥਾਵਾਂ ਤੇ ਹੁੰਦੀ ਹੈ :–

(1) ਅਨੁਕ੍ਰਮੀ ਸ਼ਬਦਾਂ ਜਾਂ ਵਾਕੰਸ਼ਾਂ ਦੇ ਦੁਵੱਲੀ; ਜਿਵੇਂ–ਭਾਈ ਨੰਦ ਲਾਲ ਜੀ, ਗੋਇਆ, ਪਰਸਿੱਧ ਕਵੀ ਹੋ ਗੁਜ਼ਰੇ ਹਨ । ਰਾਮ ਨੇ ਲੰਕਾ ਦੇ ਰਾਜੇ, ਰਾਵਣ, ਨੂੰ ਮਾਰਿਆ ।

(2) ਇੱਕੋ ਪਰਕਾਰ ਦੇ ਸ਼ਬਦਾਂ, ਵਾਕੰਸ਼ਾਂ ਤੇ ਛੋਟੇ-ਛੋਟੇ ਵਾਕਾਂ ਦੇ ਵਿੱਚਕਾਰ 'ਯੋਜਕ' ਦੀ ਥਾਂ; ਜਿਵੇਂ–ਰਾਮ, ਸ਼ਾਮ ਤੇ ਹਰਨਾਮ ਅੱਜ ਸਕੂਲੇ ਨਹੀਂ ਆਏ । ਜੱਥਾ ਨਿੱਤਨੇਮ ਕਰ ਕੇ, ਪਰਸ਼ਾਦ ਛਕ ਕੇ, ਚੰਗੀ ਤਰ੍ਹਾਂ ਤਿਆਰ ਹੋ ਕੇ ਅਤੇ ਅਰਦਾਸਾ ਸੋਧ ਕੇ ਗੁਰਦੁਆਰੇ ਵੱਲ ਤੁਰ ਪਿਆ । ਸਭ ਗੁਰੂ-ਪੀਰ ਇਹੋ ਆਖਦੇ ਹਨ ਕਿ ਪਿਆਰ ਵਿੱਚ ਵੱਸੋ, ਧੱਕੇ-ਧੋੜੇ ਨਾ ਕਰੋ, ਕਿਸੇ ਦਾ ਹੱਕ ਨਾ

Sri Satguru Jagjit Singh Ji Elibrary NamdhariElibrary@gmail.com

ਮਾਰੇ, ਦਇਆ ਕਰੋ ।

(3) ਜਿੱਥੇ ਯੋਜਕ ਦਾ ਲੋਪ ਹੋਵੇ; ਜਿਹਾ ਕਿ–ਸਭ ਜਾਣਦੇ ਹਨ, ਵਿੱਦਿਆ ਸਭ ਤੋਂ ਚੰਗਾ ਧਨ ਹੈ।

(4) 'ਅਤੇ', 'ਅਰ', 'ਤੇ' ਨਾਲ ਜੁੜੇ ਹੋਏ ਉਪਵਾਕ ਜੇ ਲਮੇਰੇ ਹੋਣ, ਤਾਂ ਕਾਮੇ ( ; ) ਨਾਲ ਨਿਖੇੜਨੇ ਚੰਗੇ ਹਨ; ਜਿਵੇਂ–ਰਾਜੇ ਦੀ ਬਿਮਾਰੀ ਤੇ ਕਮਜ਼ੋਰੀ ਦਿਨੋ ਦਿਨ ਵੱਧਦੀ ਜਾ ਰਹੀ ਹੈ, ਤੇ ਹੁਣ ਉਹ ਆਪਣੇ ਵੱਡੇ ਪੁੱਤਰ ਨੂੰ ਰਾਜ-ਭਾਗ ਦੇਣ ਲਈ ਤਿਆਰ ਹੋ ਗਿਆ ਹੈ ।

ਪਰ ਜੇ ਉਪਵਾਕ ਛੋਟੇ-ਛੋਟੇ ਹੋਣ, ਤਾਂ 'ਕਾਮਾ' ਨਹੀਂ ਵਰਤਿਆ ਜਾਂਦਾ; ਜਿਵੇਂ–ਸਿਪਾਹੀਆਂ ਨੇ ਚੋਰ ਨੂੰ ਘੇਰ ਲਿਆ ਤੇ ਉਸੇ ਵੇਲੇ ਫੜ ਲਿਆ। ਚੌਕੀਦਾਰ ਸੌਂ ਗਿਆ ਤੇ ਚੋਰ ਹੱਟੀ ਲੁੱਟ ਕੇ ਲੈ ਗਏ ।

(5) 'ਸਗੋਂ', 'ਪਰ', 'ਇਸ ਲਈ', 'ਤਾਹੀਓਂ', 'ਨਾ ਕਿ', 'ਫਿਰ ਵੀ' ਆਦਿਕ ਸਮਾਨ ਯੋਜਕਾਂ ਨਾਲ ਜੁੜੇ ਹੋਏ ਛੋਟੇਰੇ ਵਾਕਾਂ ਨੂੰ ਕਾਮੇ ( , ) ਨਾਲ ਹੀ ਨਿਖੇੜਿਆ ਜਾਂਦਾ ਹੈ; ਜਿਹਾ ਕਿ–ਤੋਤਾ ਗੱਲਾਂ ਕਰਦਾ ਹੈ, ਪਰ ਖੋਤਾ ਨਹੀਂ । ਮੈਂ ਤੈਨੂੰ ਇਨਾਮ ਦਿੱਤਾ ਹੈ, ਨਾ ਕਿ ਜੁਰਮਾਨਾ ਕੀਤਾ ਹੈ। ਅੱਜ ਗੁਰਪੁਰਬ ਦੀ ਛੁੱਟੀ ਹੈ, ਇਸ ਲਈ ਮੈਂ ਸਕੂਲੇ ਨਹੀਂ ਜਾਵਾਂਗਾ ।

(6) ਮਿਸਰਿਤ ਵਾਕ ਵਿੱਚ 'ਨਾਉਂ ਉਪਵਾਕ' ਨਾਲ ਯੋਜਕ (ਕਿ, ਪਈ, ਜੁ) ਹੋਵੇ, ਤਾਂ ਕਾਮਾ ਨਹੀਂ ਆਉਂਦਾ; ਜਿਹਾ ਕਿ–ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ। ਪਰ–

ਜੇ ਯੋਜਕ ਨਾ ਹੋਵੇ, ਤਾਂ 'ਕਾਮਾ' ਜ਼ਰੂਰ ਹੁੰਦਾ ਹੈ; ਜਿਹਾ ਕਿ–ਸਭ ਜਾਣਦੇ ਹਨ, ਪੜ੍ਹਨਾ ਚੰਗਾ ਕੰਮ ਹੈ ।

ਅਸ਼ੁੱਧ ਵਰਤੋਂ–ਸਭ ਜਾਣਦੇ ਹਨ, ਕਿ ਪੜ੍ਹਨਾ ਚੰਗਾ ਕੰਮ ਹੈ ।

ਨੋਟ–ਜੇ ਕਿਸੇ ਦੀ ਕਹੀ ਹੋਈ ਗੱਲ ਨੂੰ 'ਪੁੱਠੇ ਕਾਮਿਆਂ' (" ") ਵਿੱਚ ਰੱਖਿਆ ਜਾਵੇ, ਤਾਂ ਯੋਜਕ ਨਹੀਂ ਲਿਖੀਦਾ, 'ਡੈਸ਼' ਜਾਂ 'ਕਾਮਾ' ਹੀ ਹੁੰਦਾ ਹੈ; ਜਿਹਾ ਕਿ:–ਓਹ ਕਹਿੰਦੇ ਹਨ–"ਅਸਾਂ ਇੱਥੇ ਨਹੀਂ ਰਹਿਣਾ।" ਇਤਿਹਾਸ ਦੱਸਦਾ ਹੈ, "ਅਕਬਰ ਅਤੇ ਸ਼ੇਰਿ-ਪੰਜਾਬ ਦੋਵੇਂ ਅਨਪੜ੍ਹ ਸਨ।"

(7) ਵਿਸ਼ੇਸ਼ਣ ਉਪਵਾਕ ਲਮੇਰਾ ਹੋਵੇ, ਤਾਂ ਉਸ ਨੂੰ ਦੁਵੱਲੀ ਕਾਮਿਆਂ ਨਾਲ ਨਿਖੇੜਿਆ ਜਾਂਦਾ ਹੈ; ਪਰ ਛੋਟਾ ਜੇਹਾ ਹੋਵੇ, ਤਾਂ ਉਸ ਦੇ ਆਦਿ ਵਿੱਚ 'ਕਾਮਾ' ਨਹੀਂ ਹੁੰਦਾ, ਕੇਵਲ ਅੰਤ ਵਿੱਚ ਹੀ ਹੁੰਦਾ ਹੈ; ਜਿਹਾ ਕਿ–ਓਹ ਲੋਕ, ਜੋ ਨਿਰੇ ਝੂਠ ਅਤੇ ਮਕਰ-ਫਰੇਬ ਤੋਂ ਕੰਮ ਲੈਂਦੇ ਹਨ, ਸਦਾ ਡਰਦੇ ਰਹਿੰਦੇ ਹਨ।

Sri Satguru Jagjit Singh Ji Elibrary NamdhariElibrary@gmail.com

(3) ਕਿਰਿਆ-ਵਿਸ਼ੇਸ਼ਣ ਉਪਵਾਕ ਨੂੰ ਪਰਧਾਨ ਉਪਵਾਕ ਨਾਲੋਂ ਕਾਮੇ ਦੁਆਰਾ ਹੀ ਨਿਖੇੜਿਆ ਜਾਂਦਾ ਹੈ; ਜਿਵੇਂ—ਜੇ ਤੂੰ ਮਿਹਨਤ ਕੀਤੀ, ਤਾਂ ਸੁਖੀ ਰਹੇਂਗਾ। ਜਿਵੇਂ ਰੱਬ ਰੱਖੇ, ਤਿਵੇਂ ਰਹੀਏ । ਜਿੱਥੇ ਜਾਓ, ਉੱਥੇ ਸੇਵਾ ਹੀ ਕਰੋ ।

# (4) ਬਿੰਦੀ ਵਾਲਾ ਕਾਮਾ; ( ; )

**274.** ਇਹ ਚਿੰਨ੍ਹ ( ; ) ਕਾਮੇ ਨਾਲੋਂ ਵਧੀਕ ਠਹਿਰਾਉ ਨੂੰ ਪਰਗਟ ਕਰਦਾ ਹੈ । ਇਸ ਦੁਆਰਾ ਉਨ੍ਹਾਂ ਉਪਵਾਕਾਂ ਨੂੰ ਨਿਖੇੜਿਆ ਜਾਂਦਾ ਹੈ, ਜਿਨ੍ਹਾਂ ਵਿੱਚ 'ਪਰਸਪਰ ਸੰਬੰਧ' ਘੱਟ ਹੋਵੇ ਤੇ ਆਪਣੇ ਆਪ ਵਿੱਚ ਬਿਲਕੁਲ ਪੂਰੇ ਹੋਣ । ਇਹਦੀ ਵਰਤੋਂ ਹੇਠਾਂ ਲਿਖੀਆਂ ਥਾਵਾਂ ਤੇ ਹੁੰਦੀ ਹੈ:—

(1) ਜੇ ਇੱਕ ਵੱਡੇ ਸਾਰੇ ਵਾਕ ਵਿੱਚ ਕਈ ਪੂਰੇ ਉਪਵਾਕ ਹੋਣ, ਤਾਂ ਓਹਨਾਂ ਦੇ ਵਿੱਚਕਾਰ ਬਿੰਦੀ ਵਾਲਾ ਕਾਮਾ ( ; ) ਜ਼ਰੂਰ ਲਿਖੀਦਾ ਹੈ; ਜਿਵੇਂ—ਹੁਣ ਸਾਡੇ ਦੇਸ ਦੀ ਹਾਲਤ ਚੰਗੀ ਨਹੀਂ ਰਹੀ:—ਦੁੱਧ ਦੇਣ ਵਾਲ ਜਨੌਰ ਮਾਰੇ ਜਾਂਦੇ ਹਨ; ਖਾਣ-ਪੀਣ ਦੀਆਂ ਚੀਜ਼ਾਂ ਮਹਿੰਗੀਆਂ ਹਨ; ਖਰਾ ਦੁੱਧ-ਘਿਉ ਮਿਲਦਾ ਹੀ ਨਹੀਂ; ਲੋਕਾਂ ਦੇ ਸਰੀਰ ਨਿਰਬਲ ਹੋ ਗਏ ਹਨ; ਕੰਮ-ਕਾਰ ਕੋਈ ਲੱਭਦਾ ਨਹੀਂ; ਫੈਸ਼ਨ ਵੱਧ ਗਏ ਹਨ; ਤੇ ਲੋਕ ਭੁੱਖੇ ਮਰ ਰਹੇ ਹਨ ।

(2) ਉਦਾਹਰਣ ਦੇਣ ਲੱਗਿਆਂ 'ਯਥਾ', 'ਜਿਵੇਂ' ਤੇ 'ਜਿਹਾ ਕਿ' ਆਦਿਕ ਸ਼ਬਦਾਂ ਤੋਂ ਪਹਿਲਾਂ; ਜਿਹਾ ਕਿ—ਇੱਸੇ ਪੰਨੇ ਉੱਤੇ ਕਈ ਥਾਈਂ ਵਰਤਿਆ ਹੋਇਆ ਹੈ ।

(3) ਲੰਮੇ-ਲੰਮੇ ਤੇ 'ਪਰਸਪਰ ਘੱਟ ਸੰਬੰਧ' ਰੱਖਣ ਵਾਲੇ ਸਮਾਨ ਉਪਵਾਕਾਂ ਦੇ ਵਿੱਚਕਾਰ; ਜਿਹਾ ਕਿ—ਜਾਓ, ਤੁਹਾਨੂੰ ਹੁਣ ਛੁੱਟੀ ਹੈ; ਪਰ ਮੇਰਾ ਇੱਕ ਸੁਨੇਹਾ ਲੈ ਜਾਣਾ ।

(4) ਦੂਰ ਦੇ ਕਾਰਣਵਾਚਕ ਤੇ ਕਾਰਜਵਾਚਕ ਉਪਵਾਕਾਂ ਤੋਂ ਪਹਿਲਾਂ; ਜਿਹਾ ਕਿ—ਹੁਣ ਚੀਜ਼ਾਂ ਸਸਤੀਆਂ ਨਹੀਂ ਹੋ ਸਕਦੀਆਂ; ਕਿਉਂਕਿ ਦੁਨੀਆ ਇੱਕ ਹੋਰ ਜੰਗ ਦੇ ਆਹਰ ਵਿੱਚ ਲੱਗੀ ਹੋਈ ਹੈ । ਇੱਥੋਂ ਦੇ ਲੋਕ ਅਨਪੜ੍ਹ ਤੇ ਆਲਸੀ ਹਨ; ਇਸ ਲਈ ਬਾਹਰ ਦੇ ਸੌਦਾਗਰਾਂ ਦੀ ਚਾਂਦੀ ਹੀ ਚਾਂਦੀ ਹੈ ।

Sri Satguru Jagjit Singh Ji Elibrary NamdhariElibrary@gmail.com

# (5) ਦੁਬਿੰਦੀ (:) ਅਤੇ ਡੈਸ਼ (–)

275. 'ਦੁਬਿੰਦੀ' ( : ), 'ਡੈਸ਼' (–) ਅਤੇ ਦੁਬਿੰਦੀ ਤੇ ਡੈਸ਼ ( :– ) ਦੀ ਵਰਤੋਂ ਇਸ ਤਰ੍ਹਾਂ ਹੁੰਦੀ ਹੈ:–

(1) ਜਦ ਪਹਿਲਾ ਵਾਕ ਆਪਣੇ ਅਰਥਾਂ ਵਿਚ ਪੂਰਾ ਹੋਵੇ ਅਤੇ ਦੂਜਾ ਉਸ ਦੀ ਵਿਆਖਿਆ ਜਾਂ ਵੇਰਵਾ ਦੱਸਦਾ ਹੋਵੇ, ਤਾਂ ਪਹਿਲੇ ਵਾਕ ਦੇ ਅੰਤ ਵਿੱਚ 'ਡੰਡੀ' ਦੀ ਥਾਂ 'ਦੁਬਿੰਦੀ' ( : ) ਜਾਂ 'ਡੈਸ਼' (–) ਜਾਂ 'ਦੁਬਿੰਦੀ ਤੇ ਡੈਸ਼' ( :– ) ਲਿਖਦੇ ਹਨ; ਜਿਹਾ ਕਿ–

(ੳ) ਬਾਲ ਬਹੁਤ ਛੋਟਾ ਤੇ ਨਿਆਣਾ ਹੈ: ਇਹ ਹੱਥਾਂ ਨਾਲ ਕੰਮ ਨਹੀਂ ਕਰ ਸਕਦਾ; ਪੈਰਾਂ ਨਾਲ ਤੁਰ ਨਹੀਂ ਸਕਦਾ; ਮੂੰਹ ਵਿੱਚ ਦੰਦ ਨਹੀਂ ਜੁ ਕੁਝ ਖਾ ਸਕੇ; ਆਪ ਇਹਨੂੰ ਗੱਲ ਕਰਨੀ ਨਹੀਂ ਆਉਂਦੀ; ਕੋਈ ਗੱਲ ਕਰੇ, ਤਾਂ ਉਸ ਨੂੰ ਸਮਝ ਨਹੀਂ ਸਕਦਾ; ਅਜੇਹੀ ਹਾਲਤ ਵਿੱਚ ਕੋਈ ਇਹਨੂੰ ਪਾਲ ਨਹੀਂ ਸਕਦਾ; ਕਿਸੇ ਤੋਂ ਇਸ ਦੀ ਸੰਭਾਲ ਨਹੀਂ ਹੋ ਸਕਦੀ; ਇੱਕੋ ਮਾਂ ਹੀ ਹੈ, ਜੋ ਇਹਨੂੰ ਪਾਲਦੀ ਤੇ ਸੰਭਾਲਦੀ ਹੈ।

(ਅ) ਹਰ ਵਾਕ ਦੇ ਦੋ ਵੱਡੇ ਭਾਗ ਹੁੰਦੇ ਹਨ–ਇੱਕ 'ਵਿਸ਼ਾ'; ਤੇ ਦੂਜਾ 'ਵਰਣਨ'।

(ੲ) ਲਓ ਭਾਈ ਸੁਣੋ:–ਇੱਕ ਤਾਂ ਉਹ ਨਾਲਾਇਕ ਹੈ, ਦੂਜੇ ਮਿਹਨਤੀ ਨਹੀਂ, ਤੇ ਤੀਜੇ ਗ਼ੈਰਹਾਜ਼ਿਰ ਵੀ ਰਹਿੰਦਾ ਹੈ।

(2) ਕਿਸੇ ਦੇ ਬਚਨਾਂ ਨੂੰ ਅਰੰਭ ਕਰਨ ਤੋਂ ਪਹਿਲਾਂ 'ਡੈਸ਼' (–) ਜਾਂ 'ਦੁਬਿੰਦੀ ਤੇ ਡੈਸ਼' (:–) ਲਿਖੀ ਜਾਂਦੀ ਹੈ; ਜਿਹਾ ਕਿ–ਲੋਕਾਂ ਆਖਿਆ–
"ਵੱਡਿਆਂ ਦੇ ਜੋ ਕਹੇ ਨ ਲੱਗੇ, ਉਸ ਨੂੰ ਮਾਰ ਅਜੇਹੀ ਵੱਗੇ।"
ਗੁਰ-ਵਾਕ ਹੈ:–"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"

(3) ਸ਼ਬਦਾਂ ਦੇ ਸੰਖੇਪ ਦੁਬਿੰਦੀ ( : ) ਨਾਲ ਹੀ ਬਣਦੇ ਹਨ; ਜਿਵੇਂ– 'ਖ਼ਾਲਸਾ ਕਾਲਜ' ਦੀ ਥਾਂ 'ਖ਼ਾ: ਕਾ:'।

# (6) ਪੁੱਠੇ ਕਾਮੇ (" ")

276. ਕਿਸੇ ਦੀ ਕਹੀ ਜਾਂ ਲਿਖੀ ਹੋਈ ਗੱਲ ਨੂੰ ਜਿਉਂ ਦਾ ਤਿਉਂ ਲਿਖਣਾ ਹੋਵੇ, ਤਾਂ ਉਸ ਨੂੰ ਪੁੱਠੇ ਕਾਮਿਆ (" ") ਵਿੱਚ ਰੱਖਿਆ ਜਾਂਦਾ ਹੈ; ਜੇ ਇਸ ਵਿੱਚ ਕੋਈ ਹੋਰ ਗੱਲ ਜਿਉਂ ਦੀ ਤਿਉਂ ਦੱਸਣੀ ਹੋਵੇ, ਤਾਂ ਉਸ ਨੂੰ

Sri Satguru Jagjit Singh Ji Elibrary NamdhariElibrary@gmail.com

ਇਕਹਿਰੇ ਕਾਮਿਆਂ (' ') ਵਿੱਚ ਰੱਖਦੇ ਹਨ; ਜਿਵੇਂ–ਪਤੀ ਨੇ ਪਤਨੀ ਨੂੰ ਆਖਿਆ–"ਮੈਨੂੰ ਤੇਰੇ ਪਿਤਾ ਜੀ ਨੇ ਆਖਿਆ ਹੈ, 'ਤੂੰ ਹੁਣ ਇੱਥੇ ਨਾ ਰਹੁ'।"

277. ਸ਼ਬਦਾਂ ਨੂੰ ਖ਼ਾਸ ਤੌਰ ਤੇ ਨਿਖੇੜ ਕੇ ਦੱਸਣਾ ਹੋਵੇ, ਤਾਂ ਵੀ ਇੱਕਹਿਰੇ ਕਾਮੇ ਹੀ ਵਰਤੀਦੇ ਹਨ; ਜਿਹਾ ਕਿ–'ਵਿਸਰਾਮ' ਦਾ ਅਰਥ 'ਅਰਾਮ' ਜਾਂ 'ਠਰ੍ਹਾਉ' ਹੈ।

# (7) ਬ੍ਰੈਕਟ ( ) [ ]

278. ਏਹਨਾਂ ਦੀ ਵਰਤੋਂ ਇਸ ਤਰ੍ਹਾਂ ਹੁੰਦੀ ਹੈ:–

(1) ਕਿਸੇ ਵਾਕ ਜਾਂ ਸ਼ਬਦ ਦਾ ਅਰਥ ਸਪਸ਼ਟ ਕਰਨ ਲਈ; ਜਿਹਾ ਕਿ–ਜੱਥਾ ਪੂਰੇ ਚਾਰ ਦਿਨ ਬਦਾਮਾਂ (ਭੁੰਨੇ ਹੋਏ ਛੋਲਿਆਂ) ਤੇ ਹੀ ਗੁਜ਼ਾਰਾ ਕਰਦਾ ਰਿਹਾ।

(2) ਉਲਥੇ ਜਾਂ ਡਰਾਮੇ ਵਿੱਚ ਆਪਣੀ ਵੱਲੋਂ ਪਾਏ ਹੋਏ ਸ਼ਬਦਾਂ ਲਈ; ਜਿਹਾ ਕਿ–"ਬਹੁਤਾ ਕਰਮੁ ਲਿਖਿਆ ਨਾ ਜਾਇ।" ਦੇ ਉਲਥੇ ਵਿੱਚ (ਉਸ ਦੀਆਂ) ਬਖ਼ਸ਼ਸ਼ਾਂ ਬਹੁਤ (ਹਨ), ਲਿਖੀਆਂ ਨਹੀਂ ਜਾ ਸਕਦੀਆਂ।

ਉਸਤਾਦ (ਮੂਰਤ ਵੱਲ ਸੈਨਤ ਕਰ ਕੇ)–ਇਹ ਕੀ ਹੈ?

ਮੁੰਡੇ (ਸੋਚੇ ਬਿਨਾਂ ਕਾਹਲੀ ਨਾਲ)–ਜੀ, ਏਹ ਬੋਤਲ ਹੈ।

(3) ਕਿਸੇ ਪਰਕਰਣ ਦੇ ਹਿੱਸੇ ਦੱਸਣ ਵਾਲੇ 'ਅੰਕਾਂ' ਜਾਂ 'ਅੱਖਰਾਂ' ਲਈ; ਜਿਵੇਂ–(1), (2) (3); (ੳ), (ਅ), (ੲ)।

(4) ਕਿਸੇ ਹੋ ਰਹੀ ਗੱਲ ਵਿੱਚ ਕੋਈ ਹੋਰ ਗੱਲ ਲਿਖਣ ਲਈ; ਜਿਹਾ ਕਿ–ਸਰਦਾਰ ਜੀ! (ਖ਼ਫ਼ਾ ਨਾ ਹੋਣਾ) ਤੁਸੀਂ ਤਾਂ ਗ਼ਰੀਬਾਂ ਦਾ ਲਹੂ ਨਿਚੋੜਦੇ ਹੋ।

# (8) ਜੋੜਨੀ ( - )

279. ਇਹ ਚਿੰਨ੍ਹ ਸਮਾਸੀ ਸ਼ਬਦਾਂ ਦੇ ਖੰਡ ਦਿਖਾਉਣ ਲਈ ਵਰਤੇ ਜਾਂਦੇ ਹਨ; ਜਿਹਾ ਕਿ–ਮਿੱਠ-ਬੋਲਾ, ਦੇਸ ਨਿਕਾਲਾ, ਘੁੜ-ਦੌੜ, ਆਦਿਕ।

ਇਸ ਤੋਂ ਛੁੱਟ ਜਦ ਕਿਸੇ ਸ਼ਬਦ ਦਾ ਕੁਝ ਹਿੱਸਾ ਪਹਿਲੀ ਸਤਰ ਦੇ ਅੰਤ ਵਿੱਚ ਅਤੇ ਬਾਕੀ ਦਾ ਹਿੱਸਾ ਦੂਜੀ ਸਤਰ ਦੇ ਅਰੰਭ ਵਿੱਚ ਲਿਖਿਆ ਜਾਵੇ, ਤਾਂ ਪਹਿਲੇ ਹਿੱਸੇ ਦੇ ਅੱਗੇ 'ਜੋੜਨੀ' ( - ) ਹੀ ਵਰਤੀ ਜਾਂਦੀ ਹੈ, ਜਿਵੇਂ–ਗੁਜ਼-ਰਾਤ, ਨਿਰ-ਦੋਸ਼, ਕੁਰ-ਸੀ, ਧਨ-ਵਾਨ; ਚਿੜੀ-ਮਾਰ, ਆਦਿਕ।

# (9) ਛੁੱਟ ਮਰੋੜੀ ( ' )

280. ਇਹ ਚਿੰਨ੍ਹ [ ' ] ਕਿਸੇ ਸ਼ਬਦ ਦੇ ਛੱਡੇ ਹੋਏ ਅਖਰ ਲਈ ਵਰਤਿਆ ਜਾਂਦਾ ਹੈ; ਜਿਵੇਂ–'ਚੋਂ=ਵਿੱਚੋਂ; 'ਕੱਠ=ਇਕੱਠ।

Sri Satguru Jagjit Singh Ji Elibrary NamdhariElibrary@gmail.com

# (10) ਬਿੰਦੀ ( . )

281. ਇਸ ਚਿੰਨ੍ਹ ( . ) ਦੀ ਵਰਤੋਂ ਅੰਗਰੇਜ਼ੀ ਵਿੱਚ 'ਡੰਡੀ' ਦੀ ਥਾਂ, ਅਤੇ ਪੰਜਾਬੀ ਵਿੱਚ ਅੰਕਾਂ ਜਾਂ ਇਮਤਿਹਾਨਾਂ ਤੇ ਖ਼ਿਤਾਬਾਂ ਦੇ ਸੰਖੇਪ ਨਾਵਾਂ ਨਾਲ ਹੁੰਦੀ ਹੈ; ਜਿਹਾ ਕਿ–1. 2. 3.; ਬੀ. ਏ., ਐਮ. ਏ., ਐਲ ਐਲ. ਬੀ., ਬੀ. ਟੀ., ਸ. ਸ. (ਸਰਦਾਰ ਸਾਹਿਬ), ਸ. ਬ. (ਸਰਦਾਰ ਬਹਾਦਰ), ਕੇ. ਸੀ. ਆਈ. ਈ.।

ਅਭਿਆਸ

ਹੇਠਾਂ ਲਿਖੀਆਂ ਵਾਰਤਾਂ ਨੂੰ ਸ਼ਬਦ-ਜੋੜਾਂ ਤੇ ਵਿਸਰਾਮ-ਚਿੰਨ੍ਹਾਂ ਆਦਿ ਦੀਆਂ ਭੁੱਲਾਂ ਦੂਰ ਕਰ ਕੇ ਸ਼ੁੱਧ ਰੂਪ ਵਿੱਚ ਮੁੜ ਲਿਖੋ:–

(1) ਭਾਈ ਜੀ ਨੇ ਕਿਹਾ ਭੈਣ ਜੀ ਇਸ ਕੰਮ ਵਿੱਚ ਕੀ ਦੇਰੀ ਹੈ ਸਤਿਗੁਰਾਂ ਦੀ ਸਾਡੇ ਲਈ ਆਗਯਾ ਹੈ ਕਿ ਗੁਰੂ ਗਰੰਥ ਸਾਹਿਬ ਜੀ ਪ੍ਰਕਾਸ਼ ਕਰਨਾ ਜਿਸਦੀ ਸ਼ਰਧਾ ਹੋਵੇ ਉਸ ਨੂੰ ਸੁਣਾਉਣਾ ਜੋ ਇਸ ਕੰਮੋਂ ਮੂੰਹ ਮੋੜੇ ਤਾਂ ਉਹ ਸਿੱਖ ਨਹੀਂ ਸੋ ਤੁਸੀਂ ਇੱਕ ਸ਼ਬਦ ਆਖਦੇ ਹੋ ਜੇਕਰ ਆਪ ਸਾਰਾ ਪਾਠ ਆਖੋ ਤਾਂ ਐਥੇ ਉਜ਼ਰ ਨਹੀਂ ਇਹ ਕਹਿ ਭਾਈ ਜੀ ਨੇ ਤੁਰਤ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਰਦਾਸ ਕਰ ਕੇ ਜਾਂ ਪੱਤਰਾ ਉਥੱਲਿਆ ਤਾਂ ਇਹ ਸ਼ਬਦ ਆਇਆ ।

(2) ਬਚਨ ਸਿੰਘ ਨੇ ਐਸ ਵੇਲੇ ਕਿਸੇ ਪਾਸੂੰ ਕੁਝ ਪੁੱਛਣ ਦਾ ਖ਼ਿਆਲ ਹੀ ਨਹੀਂ ਸੀ ਕੀਤਾ ਕੁੜੀ ਨੂੰ ਇਉਂ ਲਹੂ, ਵਿੱਚ ਸਿਰ ਡੁੱਬ ਹੋਈ ਹੋਈ ਤੇ ਬੇਹੋਸ਼ ਵੇਖ ਕੇ ਉਸ ਦੇ ਅੰਦਰ ਕੈਹਰ ਦਾ ਜੋਸ਼ ਭਰ ਗਿਆ ਅਤੇ ਉਹ ਕੜਕ ਕੇ ਬੋਲਿਆ ਇਸ ਨੂੰ ਕਿਉਂ ਮਾਰਿਆ ਗਿਆ ਹੈ ?

(3) ਕਵੀ ਹੁਣ ਇਕ ਖ਼ਾਸਾ ਅਮੀਰ ਸਮਝਯਾ ਜਾਂਦਾ ਸੀ ? ਉਸ ਦੇ ਰਹਿਣ ਲਈ ਕੋਠੀ ਸੀ ਤੇ ਚੜ੍ਹਨ ਲਈ ਮੋਟਰ, ਉਸਦੀ ਸੋਚਉਡਾਰੀ ਅਜ ਕਲ ਅਰਸ਼ੀ ਮੰਡਲਾਂ ਤੋਂ ਉਤਰ ਕੇ ਬੰਦ ਮਕਾਨਾਂ ਵਿੱਚ ਭੰਬਲ ਭੂਸੇ ਖਾਂਦੀ ਫਿਰਦੀ ਸੀ।

(4) ਮਾਨਸ ਜਨਮ ਦਾ ਮਨੋਰਥ ਥੋੜਿਆਂ ਸ਼ਬਦਾਂ ਵਿੱਚ ਆਖ ਸਕੀਦਾ ਹੈ ਉਹ ਇਹ ਹੈ ਨਿਰੰਕਾਰ ਦਾ ਰਾਜ ਇਸ ਲੋਕ ਵਿੱਚ ਸਥਾਪਨ ਕਰਨਾ ਅਰਥਾਤ ਮਨੁਖਾਂ ਦਾ ਆਪੱ ਵਿੱਚ ਦੀ ਜੋ ਸੰਬੰਧ ਹਉਮੈਂ ਘ੍ਰਿਣਾ ਜ਼ੋਰ ਜ਼ੁਲਮ ਤੇ ਮੂਰਖਤਾ ਦਾ ਹੈ ਉਹ ਦੀ ਥਾਂ ਪਿਆਰ ਭ੍ਰਾਤੀ ਭਾਵ ਤੇ ਖੁਲ੍ਹ ਦਾ ਹੋ ਜਾਵੇ ਇਹ ਕਿੰਨਾਂ ਉਪਾਵਾਂ ਦਵਾਰਾ ਹੋਊ ਇਸ ਦਾ ਉੱਤਰ ਇਹ ਹੈ ਦੂਜਿਆਂ ਨਾਲ ਇਸ ਤਰਾਂ ਵਰਤੋ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਕਿ ਓਹ ਤੁਹਾਡੇ ਨਾਲ ਵਰਤਨ ।

Sri Satguru Jagjit Singh Ji Elibrary NamdhariElibrary@gmail.com

# ਚੌਥਾ ਅਧਿਆਇ

## ਵਾਕ-ਵਟਾਂਦਰਾ

282. ਕਿਸੇ ਵਾਕ ਦੇ ਅਰਥਾਂ ਵਿੱਚ ਫਰਕ ਪਾਏ ਬਿਨਾਂ ਉਹਦਾ ਵਿਆਕਰਣਿਕ ਰੂਪ ਬਦਲ ਦੇਣ ਨੂੰ ਵਾਕ-ਵਟਾਂਦਰਾ ਆਖਦੇ ਹਨ। ਪੰਜਾਬੀ ਵਿੱਚ ਵਾਕ-ਵਟਾਂਦਰੇ ਦੇ ਭਿੰਨ-ਭਿੰਨ ਰੂਪ ਏਹ ਹਨ:-

## 1. ਕਰਤ੍ਰੀਵਾਚ ਤੇ ਕਰਮਵਾਚ ਦਾ ਵਟਾਂਦਰਾ

I. ਕਰਤ੍ਰੀਵਾਚ ਕਿਰਿਆ ਤੇ ਕਰਮਵਾਚ ਕਿਰਿਆ ਦਾ ਵਟਾਂਦਰਾ:-

283. ਇਸ ਵਟਾਂਦਰੇ ਵਿੱਚ ਕਿਰਿਆ 'ਕਰਤ੍ਰੀਵਾਚਾਂ' ਤੋਂ 'ਕਰਮਵਾਚ' ਹੋ ਜਾਂਦੀ ਹੈ ਤੇ ਕਰਤ੍ਰੀਵਾਚ ਦਾ ਕਰਤਾ 'ਨੇ' ਤੋਂ ਬਿਨਾਂ ਕਿਸੇ ਹੋਰ ਸੰਬੰਧਕ ਦੇ ਅਧੀਨ ਹੋ ਜਾਂਦਾ ਹੈ, ਅਤੇ 'ਕਰਮ' ਪਰਧਾਨ ਹੋ ਕੇ ਉਹਦੀ ਥਾਂ ਲੈ ਲੈਂਦਾ ਹੈ; ਜਿਹਾ ਕਿ-

(ੳ) ਜਦੋਂ ਕਰਮਵਾਚ ਕਿਰਿਆ 'ਭੂਤ ਕਾਰਦੰਤਕ' ਤੇ 'ਜਾ' ਧਾਤੂ ਦੇ ਸੰਜੋਗ ਥੀਂ ਬਣੇ; ਜਿਵੇਂ-

ਕਰਤ੍ਰੀਵਾਚ-ਰਾਮ ਨੇ ਰਾਵਣ ਨੂੰ ਮਾਰਿਆ।
ਕਰਮਵਾਚ-ਰਾਵਣ ਰਾਮ ਦੇ ਹੱਥੋਂ ਮਾਰਿਆ ਗਿਆ।
ਕਰਤ੍ਰੀਵਾਚ-ਅਸੀਂ ਉਹਨੂੰ ਚਿੱਠੀ ਲਿਖਾਂਗੇ।
ਕਰਮਵਾਚ-ਸਾਡੀ ਵੱਲੋਂ ਉਹਨੂੰ ਚਿੱਠੀ ਲਿਖੀ ਜਾਏਗੀ।

(ਅ) ਜਦੋਂ ਕਰਤ੍ਰੀਵਾਚ ਦਾ 'ਕਰਤਾ' ਕਰਮਵਾਚ ਕਿਰਿਆ ਨਾਲ ਢੱਬਦਾ ਹੀ ਨਹੀਂ ਜਾਂ ਓਂ ਹੀ ਛੱਡ ਦਿੱਤਾ ਜਾਂਦਾ ਹੈ; ਜਿਵੇਂ-

ਕਰਤ੍ਰੀਵਾਚ-ਲੋਕੀਂ ਜਾਲ ਨਾਲ ਬਟੇਰੇ ਫੜਦੇ ਹਨ।
ਕਰਮਵਾਚ-ਬਟੇਰੇ ਜਾਲ ਨਾਲ ਫੜੇ ਜਾਂਦੇ ਹਨ।
ਕਰਤ੍ਰੀਵਾਚ-ਓਹ ਬਿਮਾਰ ਦਾ ਇਲਾਜ ਕਰ ਰਹੇ ਹਨ।
ਕਰਮਵਾਚ-ਬਿਮਾਰ ਦਾ ਇਲਾਜ ਕੀਤਾ ਜਾ ਰਿਹਾ ਹੈ।

ਨੋਟ-ਜੇ ਇਸ ਅੰਤਲੇ ਵਾਕ ਵਿੱਚ ਕਰਤਾ ਵੀ ਦੱਸਣਾ ਹੋਵੇ, ਤਾਂ ਇਉਂ

Sri Satguru Jagjit Singh Ji Elibrary NamdhariElibrary@gmail.com

ਆਖਾਂਗੇ–ਓਹਨਾਂ ਵੱਲੋਂ* ਬਿਮਾਰ ਦਾ ਇਲਾਜ ਕੀਤਾ ਜਾ ਰਿਹਾ ਹੈ।

(ਦ) ਜਦੋਂ ਕਰਮਵਾਚ ਧਾਤੂ ਕਿਸੇ ਤੋਂ ਬਣਿਆ ਹੀ ਨਹੀਂ ਹੁੰਦਾ ਜਾਂ ਕਰਤ੍ਰੀਵਾਚ ਧਾਤੂ ਤੋਂ ਵਿੱਚਲੀ ਤਬਦੀਲੀ ਨਾਲ ਬਣਾਇਆ ਜਾਂਦਾ ਹੈ; ਜਿਵੇਂ–

ਕਰਤ੍ਰੀਵਾਚ–ਸ਼ੀਸ਼ਾ ਹਰੀ ਨੇ ਤੋੜਿਆ ਸੀ।
ਕਰਮਵਾਚ– ਸ਼ੀਸ਼ਾ ਹਰੀ ਦੇ ਹੱਥੋਂ ਟੁਟਾ ਸੀ।
ਕਰਤ੍ਰੀਵਾਚ–ਮੁੰਡੇ ਨੇ ਚਾਕੂ ਗੁਆ ਦਿੱਤਾ।
ਕਰਮਵਾਚ–ਚਾਕੂ ਮੁੰਡੇ ਤੋਂ ਗੁਆਚ ਗਿਆ।
ਕਰਤ੍ਰੀਵਾਚ–ਉਸ ਨੇ ਗੱਲਾਂ ਆਖ ਆਖ ਕੇ ਮੈਨੂੰ ਭੁੰਨ ਦਿੱਤਾ।
ਕਰਮਵਾਚ–ਮੈਂ ਉਸ ਦੀਆਂ ਗੱਲਾਂ ਸੁਣ ਸੁਣ ਕੇ ਭੁੱਜ ਗਈ।

ਨੋਟ–ਵੇਖੋ! ਅੰਤਲੇ ਚਹੁੰ ਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਇਸ ਹਾਲਤ ਵਿਚ ਕਦੇ-ਕਦੇ ਕਰਤ੍ਰੀਵਾਚ ਧਾਤੂ ਨਾਲ 'ਦੇ' ਧਾਤੂ ਦੀ, ਅਤੇ ਕਰਮਵਾਚ ਧਾਤੂ ਨਾਲ 'ਜਾ' ਧਾਤੂ ਦੀ ਕੋਈ ਕਿਰਿਆ ਜ਼ਰੂਰ ਲੱਗੀ ਹੁੰਦੀ ਹੈ।

(ਸ) ਜਦੋਂ ਕਰਮਵਾਚ ਧਾਤੂ ਕਰਤ੍ਰੀਵਾਚ ਧਾਤੂ ਦੇ ਅੰਤ ਵਿੱਚ ਬਿਹਾਰੀ (ੀ) ਲਾਇਆਂ ਬਣੇ; ਜਿਵੇਂ–

ਕਰਤ੍ਰੀਵਾਚ–ਪਰਦੇਸੀ ਸਾਨੂੰ ਰੋਜ ਲੁੱਟਦੇ ਹਨ।
ਕਰਮਵਾਚ–ਅਸੀਂ ਪਰਦੇਸੀਆਂ ਦੇ ਹੱਥੋਂ ਰੋਜ਼ ਲੁੱਟੀਂਦੇ ਹਾਂ।

ਨੋਟ–ਇਹੋ ਰੂਪ ਜਦ ਉੱਤਮ ਪੁਰਖ ਆਪਣੇ ਲਈ ਜਾਂ ਮੱਧਮ ਪੁਰਖ ਲਈ ਵਰਤੇ, ਤਾਂ ਨਾਲ 'ਬਿੰਦੀ' (ਂ) ਨਹੀਂ ਰਹਿੰਦੀ; ਜਿਵੇਂ–

ਦੱਸੋ, ਅੱਜ ਕੱਲ ਕੀ ਕੰਮ 'ਕਰੀਦਾ ਹੈ' (=ਕਰਦੇ ਹੋ ਤੁਸੀਂ)?
ਜੀ, ਅੱਜ-ਕੱਲ ਕਾਰਖ਼ਾਨੇ 'ਜਾਈਦਾ ਹੈ' (=ਅਸੀਂ ਜਾਂਦੇ ਹਾਂ)।

(ਹ) ਜਦੋਂ ਕਿਰਿਆ ਦੁਹੀਂ ਥਾਈਂ ਰੂਪ ਕਰਕੇ ਕਰਤ੍ਰੀਵਾਚ ਹੋਵੇ ਤੇ ਕੇਵਲ ਵਾਕਾਂ ਦੇ ਅਰਥ ਵਿੱਚ ਹੀ ਵਾਚ-ਭੇਦ ਦੱਸਿਆ ਜਾਵੇ; ਜਿਵੇਂ–

ਕਰਤ੍ਰੀਵਾਚ–ਅੱਜ ਅਸਾਂ ਇਸ਼ਨਾਨ ਨਹੀਂ ਕੀਤਾ।
ਕਰਮਵਾਚ–ਅੱਜ ਸਾਥੋਂ ਇਸ਼ਨਾਨ ਨਹੀਂ ਹੋਇਆ।

---

*ਨਵੇਂ ਵਿਆਕਰਣੀਆਂ ਨੂੰ ਚੇਤੇ ਰਹੇ ਕਿ "ਉਨ੍ਹਾਂ ਪਾਸੋਂ ਬਿਮਾਰ ਦਾ ਇਲਾਜ ਕੀਤਾ ਜਾ ਰਿਹਾ ਹੈ" ਲਿਖਣਾ ਅਸ਼ੁੱਧ ਹੈ; ਕਿਉਂਕਿ ਪੰਜਾਬੀ ਬੋਲਣ ਵਾਲੇ ਇਸ ਤਰ੍ਹਾਂ ਨਹੀਂ ਬੋਲਦੇ; ਸਗੋਂ 'ਕੀਤਾ' ਦੀ ਥਾਂ 'ਕਰਵਾਇਆ' ਬੋਲ ਕੇ ਇਉਂ ਆਖਦੇ ਹਨ–"ਉਨ੍ਹਾਂ ਪਾਸੋਂ ਬਿਮਾਰ ਦਾ ਇਲਾਜ ਕਰਵਾਇਆ ਜਾ ਰਿਹਾ ਹੈ।" ('ਪਾਸੋਂ' ਤੇ 'ਵੱਲੋਂ' ਦਾ ਭੇਦ ਹੈ।

Sri Satguru Jagjit Singh Ji Elibrary NamdhariElibrary@gmail.com

ਕਰਤ੍ਰੀਵਾਚ–ਉਸ ਨੇ ਸਾਨੂੰ ਚਿੱਠੀ ਭੇਜੀ ਸੀ।

ਕਰਮਵਾਚ–ਚਿਠੀ ਸਾਨੂੰ ਉਸ ਵੱਲੋਂ ਆਈ ਸੀ।

ਕਰਤ੍ਰੀਵਾਚ–ਮਾਲਕ ਨੇ ਨੌਕਰ ਨੂੰ ਇਨਾਮ ਦਿੱਤਾ।

ਕਰਮਵਾਚ– { ਨੌਕਰ ਨੇ ਮਾਲਕ ਤੋਂ ਇਨਾਮ ਲਿਆ।
ਇਨਾਮ ਨੌਕਰ ਨੂੰ ਮਾਲਕ ਵੱਲੋਂ ਮਿਲਿਆ।

(ਕ) ਜਦ ਮੁਖ ਕਿਰਿਆ ਦਾ ਧਾਤੂ ਦੁਹੀਂ ਥਾਂਈਂ ਓਹੀਓ ਹੋਵੇ ਤੇ ਸਹਾਇਕ ਕਿਰਿਆ ਭਿੰਨ-ਭਿੰਨ ਹੋਣ; ਜਿਵੇਂ–

ਕਰਤ੍ਰੀਵਾਚ–ਅਸੀਂ ਅਰਬੀ ਲਿਖ ਨਹੀਂ ਸਕਦੇ।

ਕਰਮਵਾਚ– { ਅਰਬੀ ਸਾਥੋਂ ਲਿਖੀ ਨਹੀਂ ਜਾਂਦੀ।
ਅਰਬੀ ਸਾਥੋਂ ਲਿਖ ਨਹੀਂ ਹੁੰਦੀ।

ਨੋਟ-ਇਸ ਤਰ੍ਹਾਂ ਦਾ ਵਟਾਂਦਰਾ 'ਅਕਰਮਕ' ਕਿਰਿਆ ਵਾਲੇ ਵਾਕਾਂ ਦਾ ਵੀ ਹੁੰਦਾ ਹੈ; ਪਰ ਵਾਕ 'ਕਰਤਾ-ਪਰਧਾਨ' ਤੋਂ 'ਭਾਵ-ਪਰਧਾਨ' ਹੋ ਜਾਂਦਾ ਹੈ, 'ਕਰਮਵਾਚ' ਜਾਂ 'ਕਰਮ-ਪਰਧਾਨ' ਨਹੀਂ ਹੁੰਦਾ; ਜਿਵੇਂ–

ਕਰਤਾ-ਪਰਧਾਨ:–ਮੈਂ ਹੁਣ ਘਰ ਨਹੀਂ ਜਾ ਸਕਦਾ।

ਭਾਵ-ਪਰਧਾਨ:– { ਮੈਥੋਂ ਹੁਣ ਘਰ ਨਹੀਂ ਜਾਇਆ ਜਾਂਦਾ।
ਮੈਥੋਂ ਹੁਣ ਘਰ ਨਹੀਂ ਜਾ ਹੁੰਦਾ।

(ਖ) ਜਦੋਂ 'ਭਾਵਾਰਥੀ ਵਾਕੰਸ਼' ਨੂੰ ਕਰਮਵਾਚ ਕਿਰਿਆ ਵਿੱਚ ਬਦਲਿਆ ਜਾਵੇ; ਜਿਵੇਂ–

ਕਰਤ੍ਰੀਵਾਚ–ਅਸੀਂ 'ਸੱਚੀ ਗੱਲ ਦਸਣਾ' ਚਾਹੁੰਦੇ ਹਾਂ।

ਕਰਮਵਾਚ– { ਅਸੀਂ ਚਾਹੁੰਦੇ ਹਾਂ ਕਿ ਸੱਚੀ ਗੱਲ ਦੱਸੀ ਜਾਵੇ।
ਸਾਡੀ ਇੱਛਿਆ ਹੈ ਕਿ ਸੱਚੀ ਗੱਲ ਦੱਸੀ ਜਾਵੇ।

ਕਰਤ੍ਰੀਵਾਚ–'ਅੰਗਰੇਜ਼ਾਂ ਨੂੰ ਮੱਦਦ ਦੇਣੀ' ਵਾਜਿਬ ਸੀ।

ਕਰਮਵਾਚ–ਵਾਜਬ ਸੀ ਕਿ ਅੰਗਰੇਜ਼ਾਂ ਨੂੰ ਮੱਦਦ ਦਿੱਤੀ ਜਾਂਦੀ।

ਕਰਤ੍ਰੀਵਾਚ–'ਵੇਲੇ ਸਿਰ ਰੋਟੀ ਖਾਣੀ' ਜ਼ਰੂਰੀ ਹੈ।

ਕਰਮਵਾਚ–ਜ਼ਰੂਰੀ ਹੈ ਕਿ ਵੇਲੇ ਸਿਰ ਰੋਟੀ ਖਾਧੀ ਜਾਵੇ।

Sri Satguru Jagjit Singh Ji Elibrary NamdhariElibrary@gmail.com

(ਗ) ਹੁਕਮ, ਬੇਨਤੀ ਜਾਂ ਉਪਦੇਸ਼ ਵਾਲੇ ਵਾਕ ਦਾ ਵਟਾਂਦਰਾ ਇਸ ਤਰ੍ਹਾਂ ਹੁੰਦਾ ਹੈ; ਜਿਵੇਂ–

ਕਰਤ੍ਰੀਵਾਚ–ਤੂੰ ਉਹਨੂੰ ਚਿੱਠੀ ਲਿਖ ਦੇ।

ਕਰਮਵਾਚ–ਤੇਰੇ ਵੱਲੋਂ ਉਹਨੂੰ ਚਿੱਠੀ ਲਿਖੀ ਜਾਵੇ।

ਕਰਤ੍ਰੀਵਾਚ–ਤੁਸੀਂ ਸਾਨੂੰ ਕਿਉਂ ਭੇਤਦੇ ਹੋ ?

ਕਰਮਵਾਚ–ਤੁਹਾਡੀ ਵੱਲੋਂ ਸਾਨੂੰ ਕਿਉਂ ਭੰਡਿਆ ਜਾਂਦਾ ਹੈ ?

ਕਰਤ੍ਰੀਵਾਚ–ਸਾਡੀ ਇਹ ਭੁੱਲ ਖਿਮਾਂ ਕਰੋ।

ਕਰਮਵਾਚ–ਸਾਡੀ ਇਹ ਭੁੱਲ ਖਿਮਾਂ ਕੀਤੀ ਜਾਵੇ।

### ਅਭਿਆਸ

(1) 'ਕਰਮਵਾਚ ਕਿਰਿਆ' ਵਰਤ ਕੇ ਇਨ੍ਹਾਂ ਵਾਕਾਂ ਦਾ ਰੂਪ ਬਦਲੋ:–

1. ਡਾਕੂ ਸਭ ਨੂੰ ਡਰਾ ਰਹੇ ਸਨ। ਪੁਲਸ ਨੇ ਸਾਰੇ ਡਾਕੂ ਫੜ ਲਏ।
2. ਭਗਤੂ ਘਿਉ ਤੋਲ ਰਿਹਾ ਹੈ। ਰਾਮੋ ਰੋਟੀ ਪਕਾਉਂਦੀ ਹੈ।
3. ਇਹ ਕੰਮ ਕਿਸ ਨੇ ਕੀਤਾ ? ਚੋਰਾਂ ਨੂੰ ਕਿਸ ਨੇ ਫੜਿਆ ਸੀ ?
4. ਅਸੀਂ ਲੜ ਨਹੀਂ ਸਕਦੇ। ਤੁਸੀਂ ਪੜ੍ਹ ਨਹੀਂ ਸਕਦੇ।
5. ਓਹ ਉਗਾਹਾਂ ਨੂੰ ਵੱਢੀ ਦੇਣਾ ਚਾਹੁੰਦੇ ਸਨ।
6. ਕਿਸੇ ਦਾ ਹੱਕ ਮਾਰਨਾ ਵਾਜਬ ਨਹੀਂ।
7. ਅਖ਼ਬਾਰ ਨੇਮ ਨਾਲ ਜ਼ਰੂਰ ਪੜ੍ਹੋ। ਕਿਸੇ ਨੂੰ ਗਾਲ੍ਹ ਨਾ ਕੱਢੋ।
8. ਬਾਣੀ ਦਾ ਪਾਠ ਰੋਜ਼ ਕਰਨਾ ਚਾਹੀਦਾ ਹੈ।

(2) ਕਰਤ੍ਰੀਵਾਚ ਕਿਰਿਆ ਵਰਤ ਕੇ ਇਨ੍ਹਾਂ ਵਾਕਾਂ ਦਾ ਰੂਪ ਬਦਲੋ:–

1. ਉਸ ਦਾ ਘਰ ਚੋਰਾਂ ਦੇ ਹੱਥੋਂ ਲੁੱਟਿਆ ਜਾ ਰਿਹਾ ਹੈ।
2. ਸਪੈਸ਼ਲ ਪ੍ਰੈੱਸ ਵਿੱਚ ਕਿਤਾਬਾਂ ਚੰਗੀਆਂ ਛਪਦੀਆਂ ਹਨ।
3. ਹੁਣ ਪਿੰਡ-ਪਿੰਡ ਵਿੱਚ ਅਖ਼ਬਾਰਾਂ ਪੜ੍ਹੀਆਂ ਜਾਂਦੀਆਂ ਹਨ।
4. ਇਹ ਪਾਪ ਕਿਸ ਤੋਂ ਹੋਇਆ ?
5. ਕਮੀਜ਼ ਧੋਬੀ ਕੋਲੋਂ ਪਾਟ ਗਈ। ਮਸ਼ੀਨ ਨੌਕਰ ਕੋਲੋਂ ਵਿਗੜੀ।
6. ਹੁਣ ਵਾਜਬ ਹੈ ਕਿ ਆਪਸ ਵਿੱਚ ਮੇਲ ਰੱਖਿਆ ਜਾਵੇ।
7. ਇਹ ਕੰਮ ਓਹਨਾਂ ਤੋਂ ਭੁਗਤਾਇਆ ਨਹੀਂ ਜਾਏਗਾ।
8. ਚਿੱਠੀ ਸੁਆਰ ਕੇ ਲਿੱਖੀ ਜਾਵੇ।
9. ਪੰਜਾਬੀ ਦਾ ਪਰਚਾਰ ਸੱਚੇ ਦਿੱਲ ਨਾਲ ਕੀਤਾ ਜਾਵੇ।
10. ਜੜੀ-ਬੂਟੀ ਦਵਾਈਆਂ ਵਿੱਚ ਵਰਤੀਂਦੀ ਹੈ।

Sri Satguru Jagjit Singh Ji Elibrary NamdhariElibrary@gmail.com

(3) ਏਹਨਾਂ ਵਾਕਾਂ ਨੂੰ 'ਭਾਵ-ਪਰਧਾਨ' ਰੂਪ ਵਿੱਚ ਲਿਖੋ:–
ਅਸੀਂ ਤਰ ਨਹੀਂ ਸਕਦੇ। ਓਹ ਦੌੜ ਨਹੀਂ ਸਕਦੇ।

## 2. ਮੂਲ ਅਕਰਮਕ ਤੇ ਰਚਿਤ ਸਕਰਮਕ

### ਦਾ ਵਟਾਂਦਰਾ

284. ਪੰਜਾਬੀ ਵਿੱਚ ਮੂਲ ਅਕਰਮਕ ਤੇ ਉਸ ਤੋਂ ਬਣੀ ਹੋਈ ਸਕਰਮਕ ਕਿਰਿਆ ਵਰਤ ਕੇ ਵੀ ਵਾਕ-ਵਟਾਂਦਰਾ ਹੁੰਦਾ ਹੈ; ਜਿਵੇਂ–

ਮੂਲ ਅਕਰਮਕ–ਰਾਣਾ ਸਾਂਗਾ ਬਾਬਰ ਤੋਂ ਹਾਰ ਗਿਆ।
ਰਚਿਤ ਸਕਰਮਕ–ਬਾਬਰ ਨੇ ਰਾਣਾ ਸਾਂਗਾ ਨੂੰ ਹਰਾ ਦਿੱਤਾ।
ਮੂਲ ਅਕਰਮਕ–ਉਹ ਢਿੱਡ-ਪੀੜ ਕਰਕੇ ਬੜਾ ਰੋਇਆ।
ਰਚਿਤ ਸਕਰਮਕ–ਢਿੱਡ-ਪੀੜ ਨੇ ਉਹਨੂੰ ਬੜਾ ਰੁਆਇਆ।
ਮੂਲ ਅਕਰਮਕ–ਉਹ ਲੋਕਾਂ ਦੀ ਮਦਦ ਨਾਲ ਤਖ਼ਤ ਤੇ ਬੈਠਾ।
ਰਚਿਤ ਸਕਰਮਕ–ਲੋਕਾਂ ਆਪਣੀ ਮੱਦਦ ਦੇ ਕੇ ਉਹਨੂੰ ਤਖ਼ਤ ਤੇ ਬਿਠਾਇਆ।

## 3. ਮੂਲ ਸਕਰਮਕ ਤੇ ਰਚਿਤ ਦੁਕਰਮਕ

### ਦਾ ਵਟਾਂਦਰਾ

285. ਮੂਲ ਸਕਰਮਕ ਤੇ ਉਸ ਤੋਂ ਬਣੀ ਦੁਕਰਮਕ ਕਿਰਿਆ ਵਰਤ ਕੇ ਵਾਕ-ਵਟਾਂਦਰਾ ਇਸ ਤਰ੍ਹਾਂ ਹੁੰਦਾ ਹੈ:–

ਮੂਲ ਸਕਰਮਕ–ਅਸਾਂ ਪੰਜਾਬੀ ਇੱਕ ਗਿਆਨੀ ਜੀ ਤੋਂ ਪੜ੍ਹੀ।
ਰਚਿਤ ਦੁਕਰਮਕ–ਪੰਜਾਬੀ ਸਾਨੂੰ ਇੱਕ ਗਿਆਨੀ ਜੀ ਨੇ ਪੜ੍ਹਾਈ।
ਮੂਲ ਸਕਰਮਕ–ਉਸਤਾਦ ਮੁੰਡਿਆਂ ਤੋਂ ਸਬਕ ਸੁਣੇਗਾ।
ਰਚਿਤ ਦੁਕਰਮਕ–ਮੁੰਡੇ ਉਸਤਾਦ ਨੂੰ ਸਬਕ ਸੁਣਾਉਣਗੇ।
ਮੂਲ ਸਕਰਮਕ–ਧੋਬੀ ਨੇ ਰਾਜੇ ਦੇ ਕੱਪੜੇ ਧੋਤੇ।
ਰਚਿਤ ਦੁਕਰਮਕ–ਰਾਜੇ ਨੇ ਧੋਬੀ ਤੋਂ ਕੱਪੜੇ ਧੁਆਏ।
ਮੂਲ ਸਕਰਮਕ–ਨੌਕਰ ਨੇ ਮਾਲਕ ਲਈ ਰੋਟੀ ਪਕਾਈ।
ਰਚਿਤ ਦੁਕਰਮਕ–ਮਾਲਕ ਨੇ ਨੌਕਰ ਤੋਂ ਰੋਟੀ ਪਕਵਾਈ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

(1) ਇਨ੍ਹਾਂ ਵਾਕਾਂ ਨੂੰ ਸਕਰਮਕ ਕਿਰਿਆ ਵਰਤ ਕੇ ਬਦਲੋ:–

1. ਅਸੀਂ ਉਹਦੀਆਂ ਗੱਲਾਂ ਸੁਣ ਕੇ ਬੜੇ ਹੱਸੇ।
2. ਉਹ ਸਾਡਾ ਹਾਸਾ ਵੇਖ ਕੇ ਬੜਾ ਕੁੜ੍ਹਿਆ।
3. ਬੱਚਾ ਲਾਰੀਆਂ ਦੇ ਸ਼ੋਰ ਕਰਕੇ ਜਾਗ ਪਿਆ।
4. ਦੂਰ ਦਾ ਤਾਰਾ ਦੂਰਬੀਨ ਨਾਲ ਸਾਫ਼-ਸਾਫ਼ ਦਿੱਸ ਪਿਆ।

(2) ਇਨ੍ਹਾਂ ਵਾਕਾਂ ਨੂੰ ਸਕਰਮਕ ਕਿਰਿਆ ਵਰਤ ਕੇ ਬਦਲੋ:–

1. ਖ਼ੁਸ਼ੀ ਨੇ ਉਹਨੂੰ ਬੜਾ ਫੁਲਾਇਆ।
2. ਹਿਲਟਰ ਦੇ ਹੱਲੇ ਨੇ ਕਈਆਂ ਨੂੰ ਤਬਾਹ ਕਰ ਦਿੱਤਾ।
3. ਮਾਂ ਨੇ ਲੋਰੀ ਦੇ ਕੇ ਬੱਚੇ ਨੂੰ ਸੁਆ ਦਿੱਤਾ।
4. ਮਾਸਟਰ ਜੀ ਦੀ ਕੁੱਟ ਨੇ ਮੁੰਡਿਆਂ ਨੂੰ ਰੁਆ ਦਿੱਤਾ।

(3) ਇਨ੍ਹਾਂ ਵਾਕਾਂ ਨੂੰ ਰਚਿਤ ਦੁਕਰਮਕ ਵਰਤ ਕੇ ਬਦਲੋ:–

1. ਲੋਕਾਂ ਨੇ ਵਾਰਸ ਸ਼ਾਹ ਤੋਂ ਹੀਰ ਸੁਣੀ।
2. ਮੁੰਡਿਆਂ ਨੇ ਮਾਸਟਰ ਤੋਂ ਸਵਾਲ ਸਮਝਿਆ।
3. ਅਸਾਂ ਪਾਂਧੇ ਤੋਂ ਲੇਖਾ ਸਿੱਖਿਆ।
4. ਇਹ ਮੰਜਾ ਇੱਕ ਮਜ਼ੂਰ ਨੇ ਸਾਥੋਂ ਚਾਰ ਆਨੇ ਲੈ ਕੇ ਉਣਿਆ।

(4) ਇਨ੍ਹਾਂ ਵਾਕਾਂ ਨੂੰ ਮੂਲ ਸਕਰਮਕ ਕਿਰਿਆ ਵਰਤ ਕੇ ਬਦਲੋ:–

1. ਅਸਾਂ ਇਹ ਸੰਦੂਕ ਇੱਕ ਤਰਖਾਣ ਤੋਂ ਬਣਵਾਇਆ।
2. ਉਨ੍ਹਾਂ ਆਪਣਾ ਸਾਰਾ ਹਿਸਾਬ ਕਲਰਕ ਨੂੰ ਲਿਖਵਾ ਦਿੱਤਾ।
3. ਥਾਣੇਦਾਰ ਨੇ ਲੋਕਾਂ ਤੋਂ ਪਾਣੀ ਭਰਵਾਇਆ।
4. ਲੋਕਾਂ ਨੇ ਆਰਾ-ਕਸ਼ਾਂ ਤੋਂ ਗੇਲੀਆਂ ਚਿਰਵਾਈਆਂ।
5. ਉਸ ਨੇ ਪੁਲਸ ਤੋਂ ਚੋਰਾਂ ਨੂੰ ਖ਼ੂਬ ਕੁਟਵਾਇਆ।

# 4. ਪ੍ਰਸ਼ਨਿਕ ਤੇ ਸਰਲ ਵਾਕਾਂ ਦਾ ਵਟਾਂਦਰਾ

286. ਪ੍ਰਸ਼ਨਿਕ ਵਾਕ ਦੋ ਤਰ੍ਹਾਂ ਦੇ ਹੁੰਦੇ ਹਨ–ਇੱਕ ਓਹ ਜੋ ਕੋਈ ਗੱਲ ਪੁੱਛਣ ਲਈ ਬੋਲੇ ਜਾਣ; ਜਿਵੇਂ–ਤੇਰੇ ਹੱਥ ਵਿੱਚ ਕੀ ਹੈ? ਅਤੇ ਦੂਜੇ ਓਹ ਜੋ 'ਵਕਤਾ' ਸ੍ਰੋਤੇ ਤੋਂ ਆਪਣੀ ਇੱਛਾ ਅਨੁਸਾਰ ਉੱਤਰ ਲੈਣ ਲਈ ਬੋਲੇ; ਜਿਵੇਂ–ਮਹਾਤਮਾ ਗਾਂਧੀ ਨੂੰ ਕੌਣ ਨਹੀਂ ਜਾਣਦਾ? ਇਸ ਦਾ ਭਾਵ ਇਹ ਹੈ ਕਿ 'ਮਹਾਤਮਾ ਗਾਂਧੀ ਨੂੰ ਸਭ ਜਾਣਦੇ ਹਨ। ਸੋ ਵਾਕ-ਵਟਾਂਦਰੇ ਵਿੱਚ ਏਹ ਦੂਜੀ ਤਰ੍ਹਾਂ ਦੇ

Sri Satguru Jagjit Singh Ji Elibrary NamdhariElibrary@gmail.com

ਪ੍ਰਸ਼ਨਿਕ ਵਾਕ ਹੀ ਵਰਤੇ ਜਾਂਦੇ ਹਨ, ਜੋ ਰੂਪ ਵਿੱਚ ਪ੍ਰਸ਼ਨਿਕ ਤੇ ਭਾਵ ਵਿੱਚ ਸਰਲ ਵਾਕ ਦੇ ਬਰਾਬਰ ਹੁੰਦੇ ਹਨ; ਜਿਵੇਂ–

ਪ੍ਰਸਨਿਕ–ਧਨ ਕਿਸ ਨੂੰ ਚੰਗਾ ਨਹੀਂ ਲੱਗਦਾ ?
ਸਰਲ–ਧਨ ਸਭ ਨੂੰ ਚੰਗਾ ਲੱਗਦਾ ਹੈ।
ਪ੍ਰਸ਼ਨਿਕ–ਸੁਖ ਤੇ ਸ਼ਾਂਤੀ ਨੂੰ ਕਿਹੜਾ ਨਹੀਂ ਚਾਹੁੰਦਾ ?
ਸਰਲ–ਸੁਖ ਤੇ ਸ਼ਾਂਤੀ ਨੂੰ ਸਭ ਚਾਹੁੰਦੇ ਹਨ।
ਪ੍ਰਸ਼ਨਿਕ–ਰਾਖੀ ਬਿਨਾਂ ਪੈਲੀ ਕਿਵੇਂ ਬਚ ਸਕਦੀ ਹੈ ?
ਸਰਲ–ਰਾਖੀ ਬਿਨਾਂ ਪੈਲੀ ਨਹੀਂ ਬਚ ਸਕਦੀ।
ਪ੍ਰਸ਼ਨਿਕ–ਜੇ ਤੂੰ ਕੰਮ ਨਹੀਂ ਕਰੇਂਗਾ, ਤਾਂ ਸਾਨੂੰ ਕੀ ?
ਸਰਲ–ਜੇ ਤੂੰ ਕੰਮ ਨਹੀਂ ਕਰੇਂਗਾ, ਤਾਂ ਸਾਨੂੰ ਕੁਝ ਪਰਵਾਹ ਨਹੀਂ।

### ਅਭਿਆਸ

(1) ਇਨ੍ਹਾਂ ਪ੍ਰਸ਼ਨਿਕ ਵਾਕਾਂ ਨੂੰ ਸਰਲ ਰੂਪ ਵਿੱਚ ਬਦਲੋ:–

1. ਬੁਰਿਆਂ ਨੂੰ ਕੌਣ ਪਸੰਦ ਕਰਦਾ ਹੈ ?
2. ਕੀ ਅਸੀਂ ਤੈਨੂੰ ਨੌਕਰੀ ਨਹੀਂ ਸੀ ਦਿਵਾਈ ?
3. ਅਸਾਂ ਤੈਨੂੰ ਕਦੋਂ ਗਾਲ੍ਹਾਂ ਕੱਢੀਆਂ ਸਨ ?
4. ਅਸਾਂ ਉਹਦੀ ਕਿੱਥੇ-ਕਿੱਥੇ ਮੱਦਦ ਨਹੀਂ ਸੀ ਕੀਤੀ ?
5. ਸ਼ੇਰਿ-ਪੰਜਾਬ ਨੇ ਕਦੋਂ ਹਾਰ ਖਾਧੀ ਸੀ ?
6. ਉਸ ਦੇ ਪਾਸ ਕੀ ਕੁਝ ਨਹੀਂ ਸੀ ?
7. ਜੇ ਉਹ ਗ਼ਰੀਬ ਹੈ, ਤਾਂ ਹੋਇਆ ਕੀ ?
8. ਕੀ ਮਾਤਾ-ਪਿਤਾ ਦੀ ਸੇਵਾ ਕਰਨੀ ਧਰਮ ਨਹੀਂ ?

(2) ਇਨ੍ਹਾਂ ਵਾਕਾਂ ਨੂੰ ਪ੍ਰਸ਼ਨਿਕ ਰੂਪ ਵਿੱਚ ਬਦਲੋ:–

1. ਉਹ ਵੱਢੀ ਲੈਣੋਂ ਸੰਗਦਾ ਨਹੀਂ।
2. ਸਵੇਰ ਦੀ ਸੈਰ ਬੜੀ ਸੁਖਦਾਈ ਹੁੰਦੀ ਹੈ।
3. ਅਕਬਰ ਦੇ ਰਾਜ ਵਿੱਚ ਬੜਾ ਸੁਖ ਸੀ।
4. ਸ਼ਿਵਾ ਜੀ ਕਦੇ ਕਿਸੇ ਦੇ ਕਾਬੂ ਨਹੀਂ ਸੀ ਆਇਆ।
5. ਪੁੱਤਰ ਜੇਹਾ ਚੰਗਾ ਫਲ ਹੋਰ ਕੋਈ ਨਹੀਂ।
6. ਇਹ ਵਿਆਕਰਣ ਸਭ ਤੋਂ ਚੰਗਾ ਤੇ ਸੌਖਾ ਹੈ।

Sri Satguru Jagjit Singh Ji Elibrary NamdhariElibrary@gmail.com

# 5. ਹਾਂ-ਵਾਚਕ ਤੇ ਨਾਂਹ-ਵਾਚਕ ਵਾਕਾਂ ਦਾ ਵਟਾਂਦਰਾ

287. ਏਹ ਵਟਾਂਦਰਾ ਇਸ ਤਰ੍ਹਾਂ ਨਹੀਂ ਹੁੰਦਾ ਜੁ ਕਿਸੇ 'ਹਾਂ-ਵਾਚਕ' ਵਾਕ ਨੂੰ ਉਸ ਦੇ ਉਲਟੇ ਅਰਥਾਂ ਵਿੱਚ 'ਨਾਂਹ-ਵਾਚਕ' ਬਣਾ ਦਿੱਤਾ ਜਾਵੇ; ਜਿਵੇਂ– 'ਮੈਂ ਅੰਮ੍ਰਿਤਸਰ ਰਹਿੰਦਾ ਹਾਂ' ਦੀ ਥਾਂ 'ਮੈਂ ਅੰਮ੍ਰਿਤਸਰ ਨਹੀਂ ਰਹਿੰਦਾ'; ਸਗੋਂ ਇਉਂ ਹੁੰਦਾ ਹੈ ਕਿ ਅਰਥ ਓਹੀਓ ਰਹੇ ਤੇ ਵਾਕ ਦਾ ਵਿਆਕਰਣਿਕ ਰੂਪ ਬਦਲ ਜਾਏ; ਜਿਵੇਂ–

ਨਾਂਹ-ਵਾਚਕ:–ਰੱਬ ਤੋਂ ਬਿਨਾਂ ਕੋਈ ਪੂਜਣ-ਯੋਗ ਨਹੀਂ।
ਹਾਂ-ਵਾਚਕ–ਕੇਵਲ ਰੱਬ ਹੀ ਪੂਜਣ-ਯੋਗ ਹੈ।
ਹਾਂ-ਵਾਚਕ–ਹਿਮਾਲਾ ਸਾਰਿਆਂ ਪਹਾੜਾਂ ਨਾਲੋਂ ਉੱਚਾ ਹੈ।
ਨਾਂਹ-ਵਾਚਕ–ਕੋਈ ਪਹਾੜ ਹਿਮਾਲਾ ਨਾਲੋਂ ਉੱਚਾ ਨਹੀਂ।
ਹਾਂ-ਵਾਚਕ–ਪਿੱਛਲੇ ਸਮੇਂ ਸਿਕੰਦਰ ਸਭ ਤੋਂ ਵੱਡਾ ਜੇਤੂ ਹੋਇਆ ਹੈ।
ਨਾਂਹ-ਵਾਚਕ–ਪਿਛਲੇ ਸਮੇਂ ਸਿਕੰਦਰ ਜੇਡਾ ਜੇਤੂ ਕੋਈ ਨਹੀਂ ਹੋਇਆ।

ਅਭਿਆਸ

(1) ਇਨ੍ਹਾਂ ਵਾਕਾਂ ਨੂੰ 'ਨਾਂਹ-ਵਾਚਕ' ਰੂਪ ਵਿੱਚ ਬਦਲੋ:–

1. ਅਕਬਰ ਨਿਰਾ ਅਨਪੜ੍ਹ ਸੀ।
2. ਅੱਗੇ ਅਸੀਂ ਗੁਲਾਮ ਸਾਂ। ਹੁਣ ਅਸੀਂ ਆਜ਼ਾਦ ਹਾਂ।
3. ਧੋਖੇ ਨਾਲ ਵਪਾਰ ਵਿੱਚ ਘਾਟਾ ਪੈਂਦਾ ਹੈ।
4. ਵਿੱਦਿਆ ਨਾਲ ਹੀ ਕੌਮਾਂ ਦੀ ਸ਼ਾਨ ਉੱਚੀ ਹੁੰਦੀ ਹੈ।
5. ਸਿੱਖਾਂ ਦੇ ਗੁਰਦੁਆਰੇ ਸਾਰਿਆਂ ਧਰਮਾਂ ਲਈ ਖੁੱਲ੍ਹੇ ਹਨ।
6. ਅਸੀਂ ਅਨਪੜ੍ਹਤਾ ਦੇ ਕਾਰਣ ਸਭਨਾਂ ਤੋਂ ਪਿੱਛੇ ਰਹਿ ਗਏ ਹਾਂ।
7. ਚੰਗੇ ਮੁੰਡੇ ਹਮੇਸ਼ਾ ਉਸਤਾਦ ਦਾ ਅਦਬ ਕਰਦੇ ਹਨ।
8. ਇਹ ਕੰਮ ਕੇਵਲ ਤੂੰ ਹੀ ਕਰ ਸਕਦਾ ਹੈਂ।
9. ਰੱਬ ਸਭ ਤੋਂ ਵੱਡਾ ਹੈ।
10. ਕੁਦਰਤ ਆਪਣੇ ਮੁਜਰਮ ਨੂੰ ਜ਼ਰੂਰ ਸਜ਼ਾ ਦਿੰਦੀ ਹੈ।

(2) ਇਨ੍ਹਾਂ ਵਾਕਾਂ ਨੂੰ 'ਹਾਂ-ਵਾਚਕ' ਰੂਪ ਵਿੱਚ ਬਦਲੋ:–

1. ਮੈਂ ਰੋਗੀ ਨਹੀਂ। ਉਹ ਨਿਰਧਨ ਹੈ।

Sri Satguru Jagjit Singh Ji Elibrary NamdhariElibrary@gmail.com

2. ਉਨ੍ਹਾਂ ਨੇ ਸਾਡੇ ਨਾਲ ਅਪਿਆਰ ਕੀਤਾ ਹੈ।
3. ਅੰਗਰੇਜ਼ ਬੇ-ਵਫ਼ਾ ਨਹੀਂ ਹੁੰਦਾ। ਸਿੱਖ ਡਰੂ ਨਹੀਂ ਹੁੰਦਾ।
4. ਦੇਸੀ ਕੱਪੜਾ ਮਹਿੰਗਾ ਨਹੀਂ ਹੁੰਦਾ।
5. ਸੰਜਮੀ ਆਦਮੀ ਨੂੰ ਕਰਜ ਨਹੀਂ ਲੈਣਾ ਪੈਂਦਾ।
6. ਜੇ ਸੰਜਮੀ ਕਰਜ਼ ਲਵੇ, ਤਾਂ ਉਹਦੇ ਲਈ ਉਤਾਰਨਾ ਔਖਾ ਨਹੀਂ।
7. ਜਪਾਨੀ ਚੀਜ਼ਾਂ ਹੰਢਣਸਾਰ ਨਹੀਂ ਹੁੰਦੀਆਂ।
8. ਗਰਮ ਦੇਸਾਂ ਦੇ ਲੋਕ ਚੁਸਤ ਨਹੀਂ ਹੁੰਦੇ।

# 6. ਵਿਸਮੀ ਤੇ ਸਰਲ ਵਾਕਾਂ ਦਾ ਵਟਾਂਦਰਾ

288 ਇਸ ਵਟਾਂਦਰੇ ਵਿੱਚ 'ਵਿਸਮਿਕ' ਨੂੰ ਕਿਸੇ ਅਵਿਸਮਿਕ ਸ਼ਬਦ ਜਾਂ ਵਾਕ ਨਾਲ ਬਦਲ ਲਿਆ ਜਾਂਦਾ ਹੈ; ਜਿਵੇਂ—

ਵਿਸਮੀ—ਹਿੰਦੁਸਤਾਨ 'ਕੇਡਾ' ਉਪਜਾਊ ਦੇਸ ਹੈ!
ਸਰਲ—ਹਿੰਦੁਸਤਾਨ 'ਬੜਾ' ਉਪਜਾਊ ਦੇਸ ਹੈ।
ਵਿਸਮੀ—'ਕਾਸ਼' ! ਸਾਡਾ ਦੇਸ਼ ਪੜ੍ਹਿਆ ਹੁੰਦਾ!
ਸਰਲ—'ਸਾਡੀ ਖ਼ਾਹਿਸ਼ ਹੈ' ਕਿ ਸਾਡਾ ਦੇਸ ਪੜ੍ਹਿਆ ਹੁੰਦਾ।
ਵਿਸਮੀ—'ਹਾਇ' ! ਸਾਡੀ ਕੁਝ ਪੇਸ਼ ਨਹੀਂ ਜਾਂਦੀ!
ਸਰਲ—'ਅਫ਼ਸੋਸ ਹੈ' ਕਿ ਸਾਡੀ ਕੁਝ ਪੇਸ਼ ਨਹੀਂ ਜਾਂਦੀ।
ਵਿਸਮੀ—'ਵੇਖੋ' ! ਦੁੱਖ ਵੇਲੇ ਕੋਈ ਸਾਥੀ ਨਹੀਂ ਬਣਦਾ!
ਸਰਲ—ਬੜੀ ਹੈਰਾਨੀ ਹੈ ਕਿ ਦੁੱਖ ਵੇਲੇ ਕੋਈ ਸਾਥੀ ਨਹੀਂ ਬਣਦਾ।

ਅਭਿਆਸ

(1) ਇਨ੍ਹਾਂ ਵਿਸਮੀ ਵਾਕਾਂ ਨੂੰ ਸਰਲ ਰੂਪ ਵਿੱਚ ਬਦਲੋ:—

1. ਵੇਖੋ ! ਗੁਲਾਬ ਦਾ ਫੁੱਲ ਕੇਹਾ ਸੁਹਣਾ ਹੈ!
2. ਹਾਏ ! ਜੇ ਅਸੀਂ ਸਾਰੇ ਅਮੀਰ ਹੁੰਦੇ!
3. ਕਾਸ਼ ! ਸਾਡਾ ਦੇਸ ਧਨਾਢ ਹੁੰਦਾ।
4. ਸ਼ੁਕਰ ਹੈ ਕਿ ਤੁਸੀਂ ਪਾਸ ਹੋ ਗਏ ਹੋ!

(2) ਇਨ੍ਹਾਂ ਸਰਲ ਵਾਕਾਂ ਨੂੰ ਵਿਸਮੀ ਰੂਪ ਵਿੱਚ ਬਦਲੋ :—

1. ਸਾਨੂੰ ਖ਼ੁਸ਼ੀ ਹੈ ਕਿ ਸਾਡੀਆਂ ਪੁਸਤਕਾਂ ਮਨਜ਼ੂਰ ਹੋ ਗਈਆਂ ਹਨ।
2. ਸਾਡੀ ਚਾਹ ਹੈ ਕਿ ਸਾਰੇ ਦੇਸ ਆਜ਼ਾਦ ਹੋਣ।
3. ਸਾਨੂੰ ਅਫ਼ਸੋਸ ਹੈ ਕਿ ਕਈ ਦੇਸ ਹੁਣ ਤਕ ਗ਼ੁਲਾਮ ਹੀ ਹਨ।

Sri Satguru Jagjit Singh Ji Elibrary NamdhariElibrary@gmail.com

# 7. ਸਾਧਾਰਨ ਵਾਕਾਂ ਨੂੰ ਸੰਯੁਕਤ ਵਾਕਾਂ ਵਿੱਚ ਬਦਲਨਾ

289. ਸਾਧਾਰਨ ਵਾਕ ਨੂੰ ਸੰਯੁਕਤ ਵਾਕ ਵਿੱਚ ਬਦਲਣ ਲਈ–

(ੳ) ਸਾਧਾਰਨ ਵਾਕ ਦੇ ਕਿਸੇ ਵਾਕੰਸ਼ ਨੂੰ ਇੱਕ ਸੁਤੰਤਰ ਵਾਕ ਬਣਾ ਕੇ ਇਕ ਦੇ ਦੋ ਵਾਕ ਬਣਾ ਲਈਦੇ ਹਨ; ਅਤੇ ਫਿਰ ਉਨ੍ਹਾਂ ਦੁਹਾਂ ਉਪਵਾਕਾਂ ਨੂੰ ਕਿਸੇ 'ਸਮਾਨ ਯੋਜਕ' ਦੁਆਰਾ ਜੋੜ ਕੇ ਇੱਕ ਸੰਯੁਕਤ ਵਾਕ ਬਣਾ ਦੇਈਦਾ ਹੈ; ਅਤੇ–

(ਅ) ਕਦੇ-ਕਦੇ 'ਪੂਰਬ ਪੂਰਣ ਕਾਰਦੰਤਕ' ਨੂੰ (ਜੇ ਹੋਵੇ ਤਾਂ) 'ਕਿਰਿਆ' ਵਿੱਚ ਬਦਲ ਕੇ ਦੋ ਉਪਵਾਕ ਬਣਾ ਲਈਦੇ ਹਨ ਤੇ ਫਿਰ ਉਨ੍ਹਾਂ ਦੁਹਾਂ ਨੂੰ 'ਸਮਾਨ ਯੋਜਕ' ਦੁਆਰਾ ਜੋੜ ਦੇਈਦਾ ਹੈ; ਜਿਵੇਂ–

(ੳ) ਸਮੁੱਚੀ ਯੋਜਕ ਦੁਆਰਾ

ਸਾਧਾਰਣ–ਗੰਗਾ ਗੰਗੋਤਰੀ ਵਿੱਚੋਂ ਨਿਕਲ ਕੇ ਖ਼ਲੀਜ ਬੰਗਾਲਾ ਵਿੱਚ ਜਾ ਡਿੱਗਦੀ ਹੈ।

ਸੰਯੁਕਤ–ਗੰਗਾ ਗੰਗੋਤਰੀ ਵਿੱਚੋਂ ਨਿਕਲਦੀ ਹੈ ਤੇ ਖ਼ਲੀਜ ਬੰਗਾਲਾ ਵਿੱਚ ਜਾ ਡਿੱਗਦੀ ਹੈ।

(ਅ) ਵਿਕਲਪੀ ਯੋਜਕ ਦੁਆਰਾ

ਸਾਧਾਰਣ–ਕੈਦ ਤੋਂ ਬਚਣ ਲਈ ਜੁਰਮਾਨਾ ਭਰ ਦਿਓ।

ਸੰਯੁਕਤ–ਜੁਰਮਾਨਾ ਭਰ ਦਿਓ, ਨਹੀਂ ਤਾਂ ਕੈਦ ਹੋਣਾ ਪਵੇਗਾ।

(ੲ) ਵਿਰੋਧੀ ਯੋਜਕ ਦੁਆਰਾ

ਸਾਧਾਰਣ–ਉਹ ਗ਼ਰੀਬ ਹੁੰਦਾ ਹੋਇਆਂ ਵੀ ਕਿਸੇ ਤੋਂ ਕੁਝ ਮੰਗਦਾ ਨਹੀਂ।

ਸੰਯੁਕਤ–ਉਹ ਗ਼ਰੀਬ ਹੈ, ਫਿਰ ਵੀ ਕਿਸੇ ਤੋਂ ਕੁਝ ਮੰਗਦਾ ਨਹੀਂ।

(ਸ) ਸੰਕੇਤੀ ਯੋਜਕ ਦੁਆਰਾ

ਸਾਧਾਰਣ–ਸਰਦਾਰ ਹਰੀ ਸਿੰਘ, ਨਲੂਆ, ਇੱਕ ਬਹਾਦਰ ਜਰਨੈਲ ਹੋਣ ਕਰਕੇ ਬੜਾ ਮਸ਼ਹੂਰ ਹੈ।

ਸੰਯੁਕਤ–ਸਰਦਾਰ ਹਰੀ ਸਿੰਘ, ਨਲੂਆ, ਇੱਕ ਬਹਾਦਰ ਜਰਨੈਲ ਸੀ, ਇਸ ਲਈ ਬੜਾ ਮਸ਼ਹੂਰ ਹੈ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

ਹੇਠਾਂ ਲਿਖੇ ਸਾਧਾਰਨ ਵਾਕਾਂ ਨੂੰ ਸੰਯੁਕਤ ਵਾਕਾਂ ਵਿੱਚ ਬਦਲੋ:—

1. ਅਸੀਂ ਰੋਟੀ ਖਾ ਕੇ ਕਾਲਜ ਚਲੇ ਗਏ ।
2. ਬਿਮਾਰ ਦਵਾਈ ਪੀ ਕੇ ਸੌਂ ਗਿਆ ।
3. ਉਹ ਹੱਦ ਦਰਜੇ ਦੀ ਮਿਹਨਤ ਕਰਨ ਪੁਰ ਵੀ ਪਾਸ ਨਹੀਂ ਹੋਇਆ ।
4. ਮਹਿਮੂਦ ਗ਼ਜ਼ਨਵੀ ਫ਼ਰਦੋਸੀ ਨਾਲ ਅਸ਼ਰਫ਼ੀਆਂ ਵਾਲਾ ਇਕਰਾਰ ਪੂਰਾ ਨਾ ਕਰਨ ਕਰਕੇ ਬੜਾ ਬਦਨਾਮ ਹੈ ।
5. ਉਹ ਸਰੀਰੋਂ ਕਮਜ਼ੋਰ ਹੁੰਦਾ ਹੋਇਆ ਵੀ ਲੜਾਈ ਕਰਨ ਤੋਂ ਨਹੀਂ ਡਰਦਾ ।
6. ਦੁਸ਼ਮਣਾਂ ਦੇ ਸਿਰਤੋੜ ਯਤਨ ਕਰਨ ਪੁਰ ਵੀ ਅਸੀਂ ਇੱਕ ਦੂਜੇ ਨਾਲੋਂ ਨਹੀਂ ਨਿਖੜੇ ।
7. ਤੁਸੀਂ ਹੌਸਲਾ ਰੱਖੇ ਬਿਨਾਂ ਵੈਰੀਆਂ ਦਾ ਟਾਕਰਾ ਨਹੀਂ ਕਰ ਸਕੋਗੇ ।

# 8. ਸੰਯੁਕਤ ਵਾਕਾਂ ਨੂੰ ਸਾਧਾਰਨ ਵਾਕਾਂ ਵਿੱਚ ਬਦਲਣਾ

290. ਸੰਯੁਕਤ ਵਾਕ ਨੂੰ ਸਾਧਾਰਨ ਵਾਕ ਵਿੱਚ ਬਦਲਣ ਲਈ ਸੰਯੁਕਤ ਵਾਕ ਦੇ ਕਿਸੇ ਇੱਕ ਉਪਵਾਕ ਨੂੰ ਜਿਉਂ ਦਾ ਤਿਉਂ ਰੱਖ ਕੇ ਬਾਕੀ ਦੇ ਉਪਵਾਕਾਂ ਨੂੰ ਵਾਕੰਸ਼ਾਂ ਵਿੱਚ ਬਦਲ ਲਈਦਾ ਹੈ ਤੇ ਵਿੱਚੋਂ ਯੋਜਕਾਂ ਨੂੰ ਕੱਢ ਦੇਈਦਾ ਹੈ; ਨਾਲੇ ਯੋਜਕ ਨੂੰ ਵਿੱਚੋਂ ਕੱਢ ਕੇ ਕਿਸੇ ਉਪਵਾਕ ਦੀ ਕਿਰਿਆ ਨੂੰ 'ਪੂਰਬ ਪੂਰਣ ਕਾਰਦੰਤਕ' ਵਿੱਚ ਬਦਲਣ ਨਾਲ ਵੀ ਸੰਯੁਕਤ ਵਾਕ ਦਾ ਸਾਧਾਰਣ ਵਾਕ ਬਣ ਜਾਂਦਾ ਹੈ; ਜਿਵੇਂ—

ਸੰਯੁਕਤ—ਧੋਬੀ ਨੇ ਕੱਪੜੇ ਧੋਤੇ ਤੇ ਘਰ ਮੁੜ ਆਇਆ ।

ਸਾਧਾਰਣ-ਧੋਬੀ ਕੱਪੜੇ ਧੋ ਕੇ ਘਰ ਮੁੜ ਆਇਆ ।

ਸੰਯੁਕਤ—ਅਸਾਂ ਫ਼ਕੀਰ ਨੂੰ ਇੱਕ ਪੈਸਾ ਦਿੱਤਾ ਤੇ ਉਸ ਤੋਂ ਕਈ ਅਸੀਸਾਂ ਲਈਆਂ ।

ਸਾਧਾਰਣ—ਫ਼ਕੀਰ ਨੂੰ ਇੱਕ ਪੈਸਾ ਦੇਣ ਬਦਲੇ ਅਸਾਂ ਉਸ ਤੋਂ ਕਈ ਅਸੀਸਾਂ ਲਈਆਂ ।

ਸੰਯੁਕਤ—ਉਹ ਲਾਇਕ ਹੈ, ਪਰ ਮਿਹਨਤੀ ਨਹੀਂ ।

ਸਾਧਾਰਣ—ਉਹ ਲਾਇਕ ਹੋਣ ਦੇ ਬਾਵਜੂਦ ਮਿਹਨਤੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

ਸੰਯੁਕਤ–ਉਹ ਨੱਸ ਗਿਆ ਸੀ, ਨਹੀਂ ਤਾਂ ਗੋਲੀ ਦਾ ਨਿਸ਼ਾਨਾ ਬਣ ਜਾਂਦਾ ।

ਸਾਧਾਰਣ–ਉਹ ਨੱਸ ਜਾਣ ਕਰਕੇ ਗੋਲੀ ਦਾ ਨਿਸ਼ਾਨਾ ਬਣਨ ਤੋਂ ਬਚ ਗਿਆ ।

ਸੰਯੁਕਤ–ਉਹ ਧਨਾਢ ਹੀ ਨਹੀਂ, ਸਗੋਂ ਵਿੱਦਵਾਨ ਵੀ ਹੈ ।

ਸਾਧਾਰਣ–ਉਹ ਧਨਾਢ ਹੋਣ ਤੋਂ ਛੁੱਟ ਵਿੱਦਵਾਨ ਵੀ ਹੈ ।

ਸੰਯੁਕਤ–ਮੈਂ ਬਿਮਾਰ ਸਾਂ, ਇਸ ਲਈ ਆਪ ਦੀ ਸੇਵਾ ਵਿੱਚ ਹਾਜ਼ਰ ਨਹੀਂ ਹੋ ਸਕਿਆ ।

ਸਾਧਾਰਣ–ਮੈਂ ਬਿਮਾਰ ਹੋਣ ਦੇ ਕਾਰਣ ਆਪ ਦੀ ਸੇਵਾ ਵਿੱਚ ਹਾਜ਼ਰ ਨਹੀਂ ਹੋ ਸਕਿਆ ।

ਅਭਿਆਸ

ਹੇਠਾਂ ਲਿਖੇ ਸੰਯੁਕਤ ਵਾਕਾਂ ਨੂੰ ਸਾਧਾਰਣ ਵਾਕਾਂ ਵਿੱਚ ਬਦਲੋ:–

1. ਲੋਕ ਜਾਗ ਪਏ ਤੇ ਚੋਰ ਨੱਸ ਗਏ ।
2. ਜੇਬ 'ਚੋਂ ਪੈਸਾ ਕੱਢੋ ਤੇ ਮੰਗਤੇ ਨੂੰ ਦਿਓ ।
3. ਫ਼ਕੀਰ ਨਾਲੇ ਮੰਗਦਾ ਹੈ ਨਾਲੇ ਘੂਰਦਾ ਹੈ ।
4. ਉਹ ਬੜਾ ਗ਼ਰੀਬ ਹੈ, ਤਾਂ ਵੀ ਦਾਨ ਕਰਨੋਂ ਸੰਗਦਾ ਨਹੀਂ ।
5. ਸੂਰਜ ਡੁੱਬ ਗਿਆ ਤੇ ਅਸੀਂ ਘਰਾਂ ਨੂੰ ਮੁੜ ਪਏ ।
6. ਉਸ ਨੇ ਫ਼ਕੀਰ ਨੂੰ ਗ਼ਾਲ੍ਹਾਂ ਹੀ ਨਹੀਂ ਕੱਢੀਆਂ, ਮਾਰਿਆ ਵੀ ਹੈ ।
7. ਉਸ ਦਾ ਪੈਰ ਦੁਖਦਾ ਹੈ, ਇਸ ਲਈ ਉਹ ਦੌੜ ਨਹੀਂ ਸਕਦਾ ।
8. ਉਹ ਉਮਰੋਂ ਛੋਟਾ ਸੀ ਤੇ ਸਰੀਰੋਂ ਵੀ ਕੁਝ ਨਿਰਬਲ, ਤਾਂ ਵੀ ਆਪਣੇ ਸਾਥੀ ਤੋਂ ਹਾਰਿਆ ਨਹੀਂ ।
9. ਉਹ ਲਾਇਕ ਤਾਂ ਹੈ, ਪਰ ਖ਼ੁਸ਼ਾਮਦੀ ਨਹੀਂ; ਇਸ ਲਈ ਕਿਸੇ ਉੱਚ ਪਦਵੀ ਤੇ ਨਹੀਂ ਪਹੁੰਚ ਸਕਿਆ ।

# 9. ਸਾਧਾਰਣ ਵਾਕਾਂ ਨੂੰ ਮਿਸਰਿਤ ਵਾਕਾਂ ਵਿੱਚ ਬਦਲਣਾ

**291.** ਸਾਧਾਰਣ ਵਾਕ ਦੇ ਕਿਸੇ ਸ਼ਬਦ ਜਾਂ ਵਾਕੰਸ਼ ਨੂੰ 'ਅਧੀਨ ਉਪਵਾਕ' ਵਿੱਚ ਬਦਲ ਕੇ ਅਧੀਨ ਯੋਜਕਾਂ ਦੀ ਸਹਾਇਤਾ ਨਾਲ ਉਸ ਤੋਂ ਮਿਸਰਿਤ ਵਾਕ ਬਣ ਸਕਦਾ ਹੈ; ਜਿਵੇਂ–

Sri Satguru Jagjit Singh Ji Elibrary NamdhariElibrary@gmail.com

(ੳ) ਨਾਉਂ ਉਪਵਾਕ ਵਿੱਚ ਤਬਦੀਲ ਕਰ ਕੇ

ਸਾਧਾਰਣ–ਮੈਂ ਤੁਹਾਨੂੰ ਇੱਸੇ ਸਾਲ ਮਿਡਲ ਪਾਸ ਕਰਾ ਦੇਣ ਦਾ ਪੱਕਾ ਨਿਸਚਾ ਦੁਆਉਂਦਾ ਹਾਂ।

ਮਿਸਰਿਤ–ਮੈਂ ਤੁਹਾਨੂੰ ਨਿਸਚਾ ਦੁਆਉਂਦਾ ਹਾਂ ਕਿ ਤੁਹਾਨੂੰ ਇੱਸੇ ਸਾਲ ਮਿਡਲ ਪਾਸ ਕਰਾ ਦਿਆਂਗਾ।

(ਅ) ਵਿਸ਼ੇਸ਼ਣ ਉਪਵਾਕ ਵਿੱਚ ਤਬਦੀਲ ਕਰ ਕੇ

ਸਾਧਾਰਣ–ਉਸ ਨੇ ਆਪਣੇ ਪਿਉ ਦਾ ਸਾਰਾ ਕਰਜ਼ਾ ਲਾਹ ਦਿੱਤਾ ਹੈ।

ਮਿਸਰਿਤ–ਉਸ ਨੇ ਉਹ ਸਾਰਾ ਕਰਜ਼ਾ ਜੋ ਉਸ ਦੇ ਪਿਉ ਨੇ ਦੇਣਾ ਸੀ, ਲਾਹ ਦਿੱਤਾ ਹੈ।

(ੲ) ਕਿਰਿਆ-ਵਿਸ਼ੇਸ਼ਣ ਉਪਵਾਕ ਵਿੱਚ ਤਬਦੀਲ ਕਰ ਕੇ

ਸਾਧਾਰਣ–ਤੁਸੀਂ ਪੜ੍ਹ ਕੇ ਆਪਣੀ ਰੋਜ਼ੀ ਆਪ ਕਮਾ ਸਕੋਗੇ।

ਮਿਸਰਿਤ–ਜਦੋਂ ਤੁਸੀਂ ਪੜ੍ਹ ਜਾਉਗੇ, ਤਾਂ ਆਪਣੀ ਰੋਜ਼ੀ ਕਮਾ ਸਕੋਗੇ।

ਅਭਿਆਸ

(1) 'ਨਾਉਂ-ਉਪਵਾਕ' ਵਰਤ ਕੇ ਹੇਠਾਂ ਲਿਖੇ ਸਾਧਾਰਣ ਵਾਕਾਂ ਨੂੰ ਮਿਸਰਿਤ ਵਾਕਾਂ ਵਿੱਚ ਬਦਲੋ:–

1. ਵਪਾਰ ਵਿੱਚ ਤੁਹਾਡੀ ਇੰਨੀ ਸਫਲਤਾ ਵੇਖ ਕੇ ਮੈਂ ਬੜਾ ਪਰਸੰਨ ਹੋਇਆ ਹਾਂ।
2. ਕਾਕੇ ਦੇ ਪਾਸ ਹੋ ਜਾਣ ਦੀ ਮੈਨੂੰ ਪੱਕੀ ਉਮੇਦ ਹੈ।
3. ਅਸੀਂ ਉਸ ਚਿੱਠੀ ਦੇ ਲਿਖਣ ਵਾਲੇ ਦਾ ਨਾਉਂ-ਪਤਾ ਜਾਣਦੇ ਹਾਂ।
4. ਅਸਾਂ ਉਸ ਦੇ ਮਾਰੇ ਜਾਣ ਦੀ ਖ਼ਬਰ ਸੁਣ ਲਈ ਹੈ।

(2) 'ਵਿਸ਼ੇਸ਼ਣ ਉਪਵਾਕ' ਵਰਤ ਕੇ ਹੇਠਾਂ ਲਿਖੇ ਸਾਧਾਰਣ ਵਾਕਾਂ ਨੂੰ ਮਿਸਰਿਤ ਵਾਕਾਂ ਵਿੱਚ ਬਦਲੋ:–

1. ਬੇਈਮਾਨ ਆਦਮੀ ਕਦੇ ਕਾਮਯਾਬ ਨਹੀਂ ਹੁੰਦਾ।
2. ਸੱਭਿਅਤਾ ਦਾ ਪਰਚਾਰ ਕਰਨ ਵਾਲਾ ਸਭ ਤੋਂ ਪਹਿਲਾ ਦੇਸ਼ ਹਿੰਦੁਸਤਾਨ ਹੈ।
3. ਦਸਰਥ ਦੇ ਪੁੱਤਰ, ਰਾਮਚੰਦਰ, ਨੇ ਰਾਵਣ ਨੂੰ ਮਾਰਿਆ ਸੀ।
4. ਧਰਤੀ ਪੁਰ ਰਹਿਣ ਵਾਲੇ ਸਾਰੇ ਜੀਵਾਂ ਵਿੱਚੋਂ ਮਨੁੱਖ ਉੱਤਮ ਹੈ।
5. ਪੜ੍ਹੇ ਹੋਏ ਲੋਕ ਹਰ ਥਾਂ ਆਦਰ ਪਾਉਂਦੇ ਹਨ।

Sri Satguru Jagjit Singh Ji Elibrary NamdhariElibrary@gmail.com

(3) 'ਕਿਰਿਆ-ਵਿਸ਼ੇਸ਼ਣ ਉਪਵਾਕ' ਵਰਤ ਤੇ ਹੇਠਾਂ ਲਿਖੇ ਸਾਧਾਰਣ ਵਾਕਾਂ ਨੂੰ ਮਿਸਰਿਤ ਵਾਕਾਂ ਵਿੱਚ ਬਦਲੋ:-

1. ਚੂਹੇ ਬਿੱਲੀ ਤੋਂ ਡਰਦਿਆਂ ਨੱਸ ਗਏ ।
2. ਉੱਤਰ ਨਾ ਅਹੁੜਨ ਕਰਕੇ ਉਹ ਬੜਾ ਸ਼ਰਮਿੰਦਾ ਹੋਇਆ ।
3. ਬਹੁਤਾ ਧਨ ਜੋੜਨ ਲਈ ਉਸ ਨੇ ਸੌਦਾਗਰੀ ਸ਼ੁਰੂ ਕੀਤੀ ।
4. ਮੈਂ ਤੁਹਾਡੀ ਮੱਦਦ ਕਰ ਕੇ ਬੜਾ ਪਰਸੰਨ ਹੋਵਾਂਗਾ ।
5. ਜੰਗ ਮੁੱਕਣ ਪੁਰ ਕਈ ਸਿਪਾਹੀ ਘਰ ਚਲੇ ਆਉਣਗੇ ।
6. ਉਹ ਬਹੁਤੀ ਧੁੱਪ ਵਿੱਚ ਵੀ ਗਾਹ ਗਾਹੁੰਦੇ ਰਹੇ ।
7. ਇੰਨਾ ਧਨ ਹੁੰਦਿਆਂ ਹੋਇਆਂ ਵੀ ਹਾਲੀਂ ਉਹ ਰੱਜਿਆ ਨਹੀਂ ।
8. ਹਿਮਾਲਾ ਸਾਰਿਆਂ ਪਹਾੜਾਂ ਨਾਲੋਂ ਉੱਚਾ ਹੈ ।
9. ਸਮੁੰਦਰ ਦੀ ਡੂੰਘਿਆਈ ਪਹਾੜਾਂ ਦੀ ਉਚਿਆਈ ਜਿੰਨੀ ਨਹੀਂ ।
10. ਉਸ ਨੇ ਸਾਡੇ ਕਹੇ ਅਨੁਸਾਰ ਹੀ ਸਾਰਾ ਕੰਮ ਕੀਤਾ ਸੀ ।
11. ਹਿਸਾਬ ਕਰਨ ਵੇਲੇ ਕਾਹਲੀ ਨਹੀਂ ਕਰਨੀ ਚਾਹੀਦੀ ।

# 10. ਮਿਸਰਿਤ ਵਾਕਾਂ ਨੂੰ ਸਾਧਾਰਣ ਵਾਕਾਂ ਵਿੱਚ ਬਦਲਣਾ

293. ਮਿਸਰਿਤ ਵਾਕ ਨੂੰ ਸਾਧਾਰਣ ਵਾਕ ਵਿੱਚ ਬਦਲਣ ਲਈ ਉਹਦੇ ਅਧੀਨ ਉਪਵਾਕਾਂ ਨੂੰ ਉੱਸੇ ਭਾਵ ਦੇ ਸ਼ਬਦਾਂ ਜਾਂ ਵਾਕੰਸ਼ਾਂ ਵਿੱਚ ਬਦਲ ਕੇ ਵਿੱਚੋਂ ਯੋਜਕ ਕੱਢ ਦਿਓ; ਜਿਵੇਂ-

(ੳ) ਨਾਂਉ-ਉਪਵਾਕ ਨੂੰ ਤਬਦੀਲ ਕਰ ਕੇ

ਮਿਸਰਿਤ—ਸਾਨੂੰ ਪਤਾ ਹੈ ਕਿ ਉਸ ਨੇ ਨੌਕਰੀ ਕਿਉਂ ਛੱਡੀ ਹੈ ।
ਸਾਧਾਰਣ—ਸਾਨੂੰ 'ਉਸ ਦੇ ਨੌਕਰੀ ਛੱਡਣ ਦਾ ਕਾਰਣ' ਪਤਾ ਹੈ ।
ਮਿਸਰਿਤ—ਦੱਸੋ, ਅਕਬਰ ਕਦੋਂ ਤੇ ਕਿੱਥੇ ਪੈਦਾ ਹੋਇਆ ਸੀ ।
ਸਾਧਾਰਣ—'ਅਕਬਰ ਦੇ ਪੈਦਾ ਹੋਣ ਦਾ ਸਮਾਂ ਤੇ ਥਾਂ' ਦੱਸੋ ।

(ਅ) ਵਿਸ਼ੇਸ਼ਣ-ਉਪਵਾਕ ਨੂੰ ਤਬਦੀਲ ਕਰ ਕੇ

ਮਿਸਰਿਤ—ਜੋ ਧੋਖਾ ਕਰੇ, ਉਹ ਕਦੇ ਕਾਮਯਾਬ ਨਹੀਂ ਹੁੰਦਾ ।
ਸਾਧਾਰਣ—'ਧੋਖਾ ਕਰਨ ਵਾਲਾ' ਕਦੇ ਕਾਮਯਾਬ ਨਹੀਂ ਹੁੰਦਾ ।

Sri Satguru Jagjit Singh Ji Elibrary NamdhariElibrary@gmail.com

ਮਿਸਰਿਤ–ਜਿਹੜਾ ਕੰਮ ਤੁਸੀਂ ਕਰਦੇ ਹੋ, ਅਸੀਂ ਵੀ ਉਹੋ ਕਰਦੇ ਹਾਂ।

ਸਾਧਾਰਣ–ਅਸੀਂ ਵੀ 'ਤੁਹਾਡੇ ਵਾਲਾ ਹੀ ਕੰਮ' ਕਰਦੇ ਹਾਂ।

(ੲ) ਕਿਰਿਆ-ਵਿਸ਼ੇਸ਼ਣ ਉਪਵਾਕ ਨੂੰ ਤਬਦੀਲ ਕਰ ਕੇ

ਮਿਸਰਿਤ–ਭਾਵੇਂ ਉਹ ਗ਼ਰੀਬ ਹੈ, ਪਰ ਕਿਸੇ ਤੋਂ ਕੁਝ ਮੰਗਦਾ ਨਹੀਂ।

ਸਾਧਾਰਣ–ਉਹ 'ਗ਼ਰੀਬ ਹੋਣ ਦੇ ਬਾਵਜੂਦ' ਕਿਸੇ ਤੋਂ ਕੁਝ ਮੰਗਦਾ ਨਹੀਂ।

ਮਿਸਰਿਤ–ਜਦੋਂ ਜੰਗ ਮੁੱਕ ਜਾਏਗੀ, ਤਾਂ ਲੋਕ ਬੜੇ ਖ਼ੁਸ਼ ਹੋਣਗੇ।

ਸਾਧਾਰਣ–'ਜੰਗ ਮੁੱਕਣ ਪੁਰ' ਲੋਕ ਬੜੇ ਖ਼ੁਸ਼ ਹੋਣਗੇ।

ਮਿਸਰਿਤ–ਜੇ ਤੁਸੀਂ ਮਿਹਨਤ ਕਰਦੇ, ਤਾਂ ਪਾਸ ਹੋ ਜਾਂਦੇ।

ਸਾਧਾਰਨ–ਤੁਸੀਂ 'ਮਿਹਨਤ ਨਾ ਕਰਨ ਕਰਕੇ' ਪਾਸ ਨਹੀਂ ਹੋਏ।

ਅਭਿਆਸ

ਇਨ੍ਹਾਂ ਮਿਸਰਿਤ ਵਾਕਾਂ ਨੂੰ ਸਾਧਾਰਣ ਵਾਕਾਂ ਵਿੱਚ ਬਦਲੋ:–

1. ਅਸਾਂ ਸੁਣਿਆ ਹੈ ਕਿ ਜੰਗ ਛੇਤੀ ਮੁੱਕ ਜਾਏਗੀ।
2. ਸਾਨੂੰ ਨਿਸਚਾ ਹੈ ਕਿ ਗੁਰੂ ਬਿਨਾਂ ਗਤ ਨਹੀਂ ਹੁੰਦੀ।
3. ਦੱਸੋ, ਉਨ੍ਹਾਂ ਨੂੰ ਕਿਉਂ ਤੇ ਕਦੋਂ ਮਾਰ ਪਈ।
4. ਜੋ ਗ਼ੁਲਾਮ ਹੈ, ਉਹਦਾ ਕੋਈ ਧਰਮ ਨਹੀਂ।
5. ਓਹ ਲੋਕ ਜੋ ਕਸਰਤ ਨਹੀਂ ਕਰਦੇ, ਨਰੋਏ ਨਹੀਂ ਰਹਿੰਦੇ।
6. ਜਿਹੜੀ ਚਿੱਠੀ ਤੁਸਾਂ ਭੇਜੀ ਸੀ, ਉਹ ਸਾਨੂੰ ਪਹੁੰਚ ਗਈ ਹੈ।
7. ਥਾਣੇਦਾਰ ਨੇ ਚੋਰ ਨੂੰ ਇੱਨਾ ਕੁੱਟਿਆ ਕਿ ਉਹ ਮਰ ਹੀ ਗਿਆ।
8. ਜਦ ਤਕ ਤੂੰ ਆਉਂਦਾ ਨਹੀਂ, ਮੈਂ ਇੱਥੇ ਹੀ ਬੈਠਾਂਗਾ।
9. ਜੇ ਮੈਨੂੰ ਵਿਹਲ ਮਿਲੀ, ਤਾਂ ਤੈਨੂੰ ਮਿਲਣ ਲਈ ਜ਼ਰੂਰ ਆਵਾਂਗਾ।

# 11. ਸੰਯੁਕਤ ਵਾਕਾਂ ਨੂੰ ਮਿਸਰਿਤ ਵਾਕਾਂ ਵਿੱਚ ਬਦਲਣਾ

294. ਸੰਯੁਕਤ ਵਾਕ ਦੇ ਕਿਸੇ ਇੱਕ ਉਪਵਾਕ ਨੂੰ 'ਪਰਧਾਨ' ਤੇ ਬਾਕੀ ਦਿਆਂ ਨੂੰ 'ਅਧੀਨ ਉਪਵਾਕਾਂ' ਵਿੱਚ ਤਬਦੀਲ ਕਰ ਕੇ 'ਸਮਾਨ ਯੋਜਕਾਂ' ਦੀ ਥਾਂ 'ਅਧੀਨ ਯੋਜਕ' ਵਰਤਣ ਨਾਲ ਵਾਕ ਸੰਯੁਕਤ ਤੋਂ ਮਿਸਰਿਤ ਹੋ ਜਾਂਦਾ ਹੈ; ਜਿਵੇਂ–

ਸੰਯੁਕਤ–ਬਿੱਲੀ ਆਈ ਤੇ ਚੂਹੇ ਨੱਸ ਪਏ।

Sri Satguru Jagjit Singh Ji Elibrary NamdhariElibrary@gmail.com

ਮਿਸਰਿਤ–ਜਦੋਂ ਬਿੱਲੀ ਆਈ, ਤਾਂ ਚੂਹੇ ਨੱਸ ਪਏ ।
ਸੰਯੁਕਤ–ਫ਼ੀਸ ਦੇ ਦਿਓ, ਨਹੀਂ ਤਾਂ ਜੁਰਮਾਨਾ ਦੇਣਾ ਪਵੇਗਾ ।
ਮਿਸਰਿਤ–ਜੇ ਫ਼ੀਸ ਨਹੀਂ ਦਿਓਗੇ, ਤਾਂ ਜੁਰਮਾਨਾ ਦੇਣਾ ਪਵੇਗਾ ।
ਸੰਯੁਕਤ–ਰਾਮ ਦਾ ਪਿਉ ਘਰ ਨਹੀਂ; ਇਸ ਲਈ ਉਹ ਫ਼ੀਸ ਨਹੀਂ ਲਿਆਇਆ ।
ਮਿਸਰਿਤ–ਰਾਮ ਇਸ ਲਈ ਫ਼ੀਸ ਨਹੀਂ ਲਿਆਇਆ ਕਿ ਉਸ ਦਾ ਪਿਉ ਘਰ ਨਹੀਂ ਸੀ ।

**ਅਭਿਆਸ**

ਇਨ੍ਹਾਂ ਸੰਯੁਕਤ ਵਾਕਾਂ ਨੂੰ ਮਿਸਰਿਤ ਵਾਕਾਂ ਵਿਚ ਬਦਲੋ:–

1. ਉਹ ਰੋਟੀ ਚਿੱਥ ਕੇ ਖਾਂਦਾ ਹੈ ਤੇ ਸਦਾ ਨਰੋਆ ਰਹਿੰਦਾ ਹੈ ।
2. ਮਿਹਨਤ ਕਰੋ, ਨਹੀਂ ਤਾਂ ਫ਼ੇਲ੍ਹ ਹੋ ਜਾਓਗੇ ।
3. ਉਹ ਗ਼ਰੀਬ ਹੈ, ਪਰ ਚੋਰ ਨਹੀਂ ।
4. ਉਸ ਕਸਰਤ ਨਹੀਂ ਕਰਦਾ, ਇਸ ਲਈ ਬਿਮਾਰ ਰਹਿੰਦਾ ਹੈ ।
5. ਉਸ ਨੇ ਕਰਜ਼ਾ ਦੇਣਾ ਸੀ ਤੇ ਉਸ ਦਾ ਘਰ ਨੀਲਾਮ ਹੋ ਗਿਆ ।
6. ਮੇਰੇ ਰੁਪਈਏ ਦੇ ਦਿਓ, ਨਹੀਂ ਤਾਂ ਦਾਹਵਾ ਕਰ ਦਿਆਂਗਾ ।

# 12. ਮਿਸਰਿਤ ਵਾਕਾਂ ਨੂੰ ਸੰਯੁਕਤ ਵਾਕਾਂ ਵਿੱਚ ਬਦਲਣਾ

**295.** ਮਿਸਰਿਤ ਵਾਕ ਦੇ 'ਅਧੀਨ ਉਪਵਾਕਾਂ' ਨੂੰ 'ਸਮਾਨ ਉਪਵਾਕਾਂ' ਵਿੱਚ ਤਬਦੀਲ ਕਰ ਕੇ ਅਤੇ ਉਸ ਦੇ 'ਅਧੀਨ ਯੋਜਕਾਂ' ਦੀ ਥਾਂ 'ਸਮਾਨ ਯੋਜਕ' ਵਰਤਣ ਨਾਲ ਵਾਕ ਮਿਸਰਿਤ ਤੋਂ ਸੰਯੁਕਤ ਹੋ ਜਾਂਦਾ ਹੈ; ਜਿਵੇਂ:–

ਮਿਸਰਿਤ–ਤੁਸਾਂ ਇੱਕ ਗੱਲ ਦੱਸੀ, ਜੋ ਮੈਨੂੰ ਯਾਦ ਨਹੀਂ ਰਹੀ ।
ਸੰਯੁਕਤ–ਤੁਸਾਂ ਇੱਕ ਗੱਲ ਦੱਸੀ ਤੇ ਉਹ ਮੈਨੂੰ ਯਾਦ ਨਹੀਂ ਰਹੀ ।
ਮਿਸਰਿਤ–ਮੁੰਡਾ ਇਸ ਲਈ ਰੋਂਦਾ ਹੈ ਕਿ ਉਹਨੂੰ ਮਾਰ ਪਈ ਹੈ ।
ਸੰਯੁਕਤ–ਮੁੰਡੇ ਨੂੰ ਮਾਰ ਪਈ ਹੈ, ਇਸ ਲਈ ਉਹ ਰੋਂਦਾ ਹੈ ।
ਮਿਸਰਿਤ–ਭਾਵੇਂ ਉਹ ਲਾਇਕ ਹੈ, ਪਰ ਮਿਹਨਤੀ ਨਹੀਂ ।
ਸੰਯੁਕਤ–ਉਹ ਲਾਇਕ ਤਾਂ ਹੈ, ਪਰ ਮਿਹਨਤੀ ਨਹੀਂ ।
ਮਿਸਰਿਤ–ਜੇ ਤੁਸਾਂ ਸੰਥਾ ਯਾਦ ਨਾ ਕੀਤੀ, ਤਾਂ ਮਾਰ ਪਵੇਗੀ ।
ਸੰਯੁਕਤ–ਸੰਥਾ ਯਾਦ ਕਰੋ, ਨਹੀਂ ਤਾਂ ਮਾਰ ਪਵੇਗੀ ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

ਇਨ੍ਹਾਂ ਮਿਸ਼ਰਿਤ ਵਾਕਾਂ ਨੂੰ ਸੰਯੁਕਤ ਵਾਕਾਂ ਵਿੱਚ ਬਦਲੋ –

1. ਐਸ ਵੇਲੇ ਸਾਰੇ ਡਰਦੇ ਹਨ, ਕਿਉਂਕਿ ਜੰਗ ਜ਼ੋਰਾਂ ਤੇ ਹੈ।
2. ਭਾਵੇਂ ਜੰਗ ਜ਼ੋਰਾਂ ਤੇ ਹੈ, ਫਿਰ ਵੀ ਇੰਨਾ ਕਾਲ ਨਹੀਂ ਪਿਆ।
3. ਅਸਾਂ ਸੁਣਿਆ ਹੈ ਕਿ ਅਮਰੀਕਾ ਤੇ ਜਾਪਾਨ ਦੀ ਸੁਲ੍ਹਾ ਹੋ ਗਈ ਹੈ।
4. ਜੇ ਤੁਸਾਂ ਰੌਲਾ ਪਾਇਆ, ਤਾਂ ਸਜ਼ਾ ਮਿਲੇਗੀ।
5. ਭਾਵੇਂ ਉਹ ਥੱਕ ਗਏ ਹਨ, ਪਰ ਘਾਬਰੇ ਨਹੀਂ।
6. ਮੁੰਡਾ ਰੋਂਦਾ ਹੈ, ਕਿਉਂਕਿ ਉਸ ਦਾ ਹੱਥ ਸੜ ਗਿਆ ਹੈ।
7. ਜੇ ਤੁਸੀਂ ਪਾਣੀ ਦਿੰਦੇ ਰਹਿੰਦੇ, ਤਾਂ ਫ਼ਸਲ ਤਬਾਹ ਨਾ ਹੁੰਦੀ।

—o—

# ਪੰਜਵਾਂ ਅਧਿਆਇ

## ਵਾਕ-ਜੋੜ

296. ਅਰਥਾਂ ਵਿੱਚ ਫ਼ਰਕ ਪਾਏ ਬਿਨਾਂ ਪਰਸਪਰ ਮੇਲ ਰੱਖਣ ਵਾਲੇ ਵਾਕਾਂ ਨੂੰ ਜੋੜ ਕੇ ਉਨ੍ਹਾਂ ਤੋਂ ਇੱਕੋ ਵਾਕ ਬਣਾਉਣ ਨੂੰ ਵਾਕ-ਜੋੜ ਆਖਦੇ ਹਨ।

ਨੋਟ—ਚੇਤੇ ਰੱਖੋ ਕਿ ਵਾਕ-ਵਟਾਂਦਰੇ ਲਈ ਤਾਂ 'ਇੱਕੋ' ਵਾਕ ਦਿੱਤਾ ਜਾਂਦਾ ਹੈ; ਪਰ ਵਾਕ-ਜੋੜ ਵਿੱਚ 'ਦੋ' ਜਾਂ 'ਵਧੀਕ' ਵਾਕ ਦਿੱਤੇ ਹੁੰਦੇ ਹਨ ਤੇ ਉਹ ਵੀ ਕੇਵਲ 'ਸਾਧਾਰਨ' ਹੀ ਹੁੰਦੇ ਹਨ, ਸੰਯੁਕਤ ਜਾਂ ਮਿਸ਼ਰਿਤ ਨਹੀਂ।

297. ਵਾਕ-ਜੋੜ ਦੇ ਵੱਖੋ ਵੱਖਰੇ ਤਿੰਨ ਢੰਗ ਹਨ:–

## (I) ਸਾਧਾਰਣ ਵਾਕਾਂ ਨੂੰ ਜੋੜ ਕੇ ਸਾਧਾਰਣ ਵਾਕ ਬਣਾਉਣਾ

1. ਚੋਰ ਨੱਸ ਪਿਆ। ਉਸ ਨੇ ਇੱਕ ਕੁੱਤਾ ਵੇਖਿਆ।
   ਚੋਰ 'ਇੱਕ ਕੁੱਤੇ ਨੂੰ ਵੇਖ ਕੇ' ਨੱਸ ਪਿਆ।
2. 'ਸੂਰਜ ਚੜ੍ਹਿਆ'। ਉਸੇ ਵੇਲੇ ਉੱਲੂ ਛੁੱਪ ਗਏ। ਚਾਮਚੜਿੱਕਾਂ ਵੀ ਛੁੱਪ ਗਈਆਂ।
   'ਸੂਰਜ ਚੜ੍ਹਦਿਆਂ ਹੀ' ਉੱਲੂ ਤੇ ਚਾਮਚੜਿੱਕਾਂ ਛੁੱਪ ਗਈਆਂ।

Sri Satguru Jagjit Singh Ji Elibrary NamdhariElibrary@gmail.com

3. ਉਹ ਦੇ ਤਿੰਨ ਪੁੱਤਰ ਹਨ। ਉਹ ਦਾ ਇੱਕ ਪੱਤਰ ਲਾਇਕ ਹੈ। ਉਹ ਦੇ ਬਾਕੀ ਦੋਵੇਂ ਪੁੱਤਰ ਨਾਲਾਇਕ ਹਨ।
ਉਹਦੇ ਤਿੰਨਾਂ ਪੁੱਤਰਾਂ ਵਿੱਚੋਂ ਕੇਵਲ ਇੱਕੋ ਲਾਇਕ ਹੈ।
4. ਟੈਕਸਿਲਾ ਕਦੇ ਵਾਹਵਾ ਵੱਸਦਾ ਸੀ। ਹੁਣ ਉਹ ਉਜੜਿਆ ਪਿਆ ਹੈ। ਓਦੋਂ ਉਹ ਬੜੀ ਮਸ਼ਹੂਰ ਯੂਨੀਵਰਸਿਟੀ ਸੀ।
ਟੈਕਸਿਲਾ, ਕਦੇ ਵਾਹਵਾ ਵੱਸਦਾ ਤੇ ਓਦੋਂ ਦੀ ਬੜੀ ਮਸ਼ਹੂਰ ਯੂਨੀਵਰਸਟੀ, ਹੁਣ ਉਜੜਿਆ ਪਿਆ ਹੈ।
5. ਰਾਮ ਬਨ ਵਿੱਚ ਸੀ। ਹਨੂਮਾਨ ਨੇ ਸਲਾਹ ਦਿੱਤੀ। ਉਸ ਨੇ ਰਾਮ ਦੀ ਮੱਦਦ ਵੀ ਕੀਤੀ।
ਹਨੂਮਾਨ ਨੇ ਬਨ ਵਿੱਚ ਰਾਮ ਨੂੰ ਸਲਾਹ ਦੇਣ ਤੋਂ ਛੁੱਟ ਉਸ ਦੀ ਮੱਦਦ ਵੀ ਕੀਤੀ।

ਅਭਿਆਸ

ਹੇਠਾਂ ਲਿਖੀ ਹਰ ਇੱਕ ਟੋਲੀ ਦੇ ਵਾਕਾਂ ਨੂੰ ਜੋੜ ਕੇ ਉਨ੍ਹਾਂ ਤੋਂ ਇੱਕ-ਇੱਕ ਸਾਧਾਰਣ ਵਾਕ ਬਣਾਓ:—

1. ਕਾਂ ਨੂੰ ਮਾਸ ਦੀ ਬੋਟੀ ਲੱਭੀ। ਉਹ ਉਸੇ ਵੇਲੇ ਇੱਕ ਰੁੱਖ ਤੇ ਜਾ ਬੈਠਾ। ਉਹ ਉਹਨੂੰ ਅਰਾਮ ਨਾਲ ਖਾਣਾ ਚਾਹੁੰਦਾ ਸੀ।
2. ਰਾਮ ਨੇ ਇੱਕ ਚਿੱਠੀ ਲਿਖੀ। ਚਿੱਠੀ ਧੂਹ-ਘਸੀਟ ਕੇ ਲਿਖੀ ਹੋਈ ਸੀ। ਮੈਂ ਉਹਨੂੰ ਠੀਕ ਤਰ੍ਹਾਂ ਪੜ੍ਹ ਨਹੀਂ ਸਾਂ ਸਕਿਆ।
3. ਮੇਰੇ ਕੋਲ ਇੱਕ ਬੜਾ ਚੰਗਾ ਕੁੱਤਾ ਸੀ। ਉਹ ਮੇਰੇ ਘਰ ਦੀ ਰਾਖੀ ਕਰਦਾ ਸੀ।
4. ਇੱਕ ਸ਼ੇਰ ਜੰਗਲ ਵੱਲੋਂ ਆਉਂਦਾ ਪਿਆ ਸੀ। ਸਿਪਾਹੀ ਨੇ ਉਹਨੂੰ ਵੇਖ ਲਿਆ। ਉਸ ਨੇ ਉਸ ਨੂੰ ਗੋਲੀ ਮਾਰ ਕੇ ਥਾਂ ਰੱਖਿਆ।
5. ਅਸਾਂ ਨਗਰ-ਸਭਾ ਦੀ ਮੀਟਿੰਗ ਵਿੱਚ ਇੱਕ ਮਤਾ ਪੇਸ਼ ਕੀਤਾ। ਕਈਆਂ ਨੇ ਉਸ ਦੀ ਵਿਰੋਧਤਾ ਕੀਤੀ। ਬਹੁਤਿਆਂ ਨੇ ਸੰਮਤੀ ਪਰਗਟ ਕੀਤੀ। ਓੜਕ ਉਹ ਮਤਾ ਪਾਸ ਹੋ ਗਿਆ।

—o—

Sri Satguru Jagjit Singh Ji Elibrary NamdhariElibrary@gmail.com

# (2) ਸਾਧਾਰਨ ਵਾਕਾਂ ਨੂੰ ਜੋੜ ਕੇ ਸੰਯੁਕਤ ਵਾਕ ਬਣਾਉਣਾ

1. ਗਊ ਘਾਹ ਖਾਂਦੀ ਹੈ। ਉਹ ਮਿੱਠਾ-ਮਿੱਠਾ ਦੁੱਧ ਦਿੰਦੀ ਹੈ।
   ਗਊ ਘਾਹ ਖਾਂਦੀ ਹੈ ਤੇ ਮਿੱਠਾ-ਮਿੱਠਾ ਦੁੱਧ ਦਿੰਦੀ ਹੈ।
2. ਉਹ ਆਦਮੀ ਸਾਧ ਹੈ। ਉਹ ਠੱਗ ਵੀ ਹੋ ਸਕਦਾ ਹੈ। ਉਹ ਦੁਹਾਂ ਵਿੱਚੋਂ ਇੱਕ ਜ਼ਰੂਰ ਹੈ।
   ਉਹ ਆਦਮੀ ਸਾਧ ਹੈ ਜਾਂ ਠੱਗ।
3. ਉਹ ਗ਼ਰੀਬ ਹੈ। ਉਹ ਚੋਰ ਨਹੀਂ।
   ਉਹ ਗ਼ਰੀਬ ਹੈ, ਪਰ ਚੋਰ ਨਹੀਂ।
4. ਉਹ ਕੰਮ ਨਹੀਂ ਕਰਦਾ। ਉਹ ਗ਼ਰੀਬ ਹੋ ਗਿਆ ਹੈ।
   ਉਹ ਕੰਮ ਨਹੀਂ ਕਰਦਾ, ਇਸ ਲਈ ਗ਼ਰੀਬ ਹੋ ਗਿਆ ਹੈ।
5. ਉਹ ਅਮੀਰ ਹੈ। ਉਹ ਦਾਨੀ ਨਹੀਂ। ਉਹ ਹੰਕਾਰੀ ਵੀ ਹੈ। ਲੋਕੀਂ ਉਸ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਹਨ।
   ਉਹ ਅਮੀਰ ਹੈ, ਪਰ ਦਾਨੀ ਨਹੀਂ ਤੇ ਹੰਕਾਰੀ ਵੀ ਹੈ; ਇਸ ਲਈ ਲੋਕੀਂ ਉਹਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਹਨ।

### ਅਭਿਆਸ

ਹਰ ਇੱਕ ਟੋਲੀ ਦੇ ਵਾਕਾਂ ਨੂੰ ਜੋੜ ਕੇ ਸੰਯੁਕਤ ਵਾਕ ਬਣਾਓ:-

1. ਬਿੱਲੀ ਆਈ। ਚੂਹਾ ਡਰ ਗਿਆ। ਉਹ ਖੁੱਡ ਵਿੱਚ ਜਾ ਵੜਿਆ।
2. ਉਹ ਚੋਰ ਹੈ। ਉਹ ਬਹੁਤਾ ਦਲੇਰ ਨਹੀਂ। ਉਹ ਬੁੱਢਾ ਹੈ।
3. ਤੂੰ ਰੋਟੀ ਖਾ। ਤੂੰ ਸੇਬ ਖਾ। ਤੂੰ ਇੱਕੋ ਚੀਜ਼ ਖਾ ਸਕਦਾ ਹੈਂ, ਦੋਵੇਂ ਨਹੀਂ।
4. ਅੱਜ ਤੇਰਾ ਵਜ਼ੀਫ਼ਾ ਆ ਗਿਆ ਹੈ। ਹੁਣ ਤੂੰ ਫ਼ੀਸ ਦੇ ਆ।
5. ਮੁੰਡਾ ਜਾਗਿਆ। ਉਸ ਨੇ ਦੁੱਧ ਪੀਤਾ। ਉਸ ਨੂੰ ਦੁੱਧ ਨਾ ਪਚਿਆ। ਉਸ ਦੇ ਢਿੱਡ ਵਿੱਚ ਪੀੜ ਪੈ ਗਈ ਹੈ। ਉਹਦੇ ਲਈ ਡਾਕਟਰ ਨੂੰ ਸੱਦਣਾ ਪਿਆ।

Sri Satguru Jagjit Singh Ji Elibrary NamdhariElibrary@gmail.com

# (3) ਸਾਧਾਰਣ ਵਾਕਾਂ ਨੂੰ ਜੋੜ ਕੇ ਮਿਸਰਿਤ ਵਾਕ ਬਣਾਉਣਾ

### (ੳ) ਨਾਉਂ-ਉਪਵਾਕ ਵਰਤ ਕੇ

1. ਪੜ੍ਹਨਾ ਚੰਗਾ ਕੰਮ ਹੈ। ਇਹ ਗੱਲ ਸਭ ਜਾਣਦੇ ਹਨ।
   ਸਭ ਜਾਣਦੇ ਹਨ ਕਿ ਪੜ੍ਹਨਾ ਚੰਗਾ ਕੰਮ ਹੈ।

### (ਅ) ਵਿਸ਼ੇਸ਼ਣ-ਉਪਵਾਕ ਵਰਤ ਕੇ

2. ਉਹ ਆਦਮੀ ਕੈਦ ਹੋ ਗਿਆ ਹੈ। ਉਸ ਨੇ ਚੋਰੀ ਕੀਤੀ ਸੀ।
   ਉਹ ਆਦਮੀ ਜਿਸ ਨੇ ਚੋਰੀ ਕੀਤੀ ਸੀ, ਕੈਦ ਹੋ ਗਿਆ ਹੈ।

### (ੲ) ਕਿਰਿਆ-ਵਿਸ਼ੇਸ਼ਣ-ਉਪਵਾਕ ਵਰਤ ਕੇ

3. ਰਾਮ ਰੋਂਦਾ ਹੈ। ਉਹ ਫ਼ੇਲ੍ਹ ਹੋ ਗਿਆ ਹੈ।
   ਰਾਮ ਰੋਂਦਾ ਹੈ, ਕਿਉਂਕਿ ਉਹ ਫ਼ੇਲ੍ਹ ਹੋ ਗਿਆ ਹੈ।

### ਅਭਿਆਸ

ਹਰ ਇੱਕ ਟੋਲੀ ਦੇ ਵਾਕਾਂ ਨੂੰ ਜੋੜ ਕੇ ਮਿਸਰਿਤ ਵਾਕ ਬਣਾਓ:—

1. ਹਿਟਲਰ ਬੜਾ ਸਿਆਣਾ ਸੀ। ਇਹ ਗੱਲ ਸਭ ਮੰਨਦੇ ਹਨ।
2. ਤੂੰ ਪਾਸ ਹੋ ਗਿਆ ਹੈਂ। ਮੈਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਹੈ
3. ਜੰਗ ਛੇਤੀ ਮੁੱਕ ਜਾਵੇ। ਸਾਰੇ ਲੋਕ ਇਹੋ ਚਾਹੁੰਦੇ ਹਨ।
4. ਮੈਂ ਪਿੱਛਲੇ ਵਰ੍ਹੇ ਇੱਕ ਘੜੀ ਲਈ। ਉਹ ਬੜੀ ਕੀਮਤੀ ਸੀ।
5. ਅਸੀਂ ਇੱਕ ਪਿੰਡ ਵੇਖਿਆ। ਉੱਥੋਂ ਦੇ ਆਦਮੀ ਬੜੇ ਗ਼ਰੀਬ ਸਨ।
6. ਉਸ ਨੂੰ ਨੌਕਰੀ ਨਹੀਂ ਮਿਲੀ। ਉਸ ਨੇ ਵੱਢੀ ਨਹੀਂ ਦਿੱਤੀ।
7. ਹੈਦਰ ਨੂੰ ਨੌਕਰੀ ਮਿਲ ਗਈ ਹੈ। ਉਹ ਪੜ੍ਹਿਆ ਹੋਇਆ ਵੀ ਘੱਟ ਸੀ। ਉਹ ਮੁਸਲਮਾਨ ਸੀ।
8. ਤੁਸੀਂ ਮਿਹਨਤ ਕਰੋਗੇ। ਤੁਸੀਂ ਫ਼ੇਲ੍ਹ ਨਹੀਂ ਹੋਵੋਗੇ।

—੦—

Sri Satguru Jagjit Singh Ji Elibrary NamdhariElibrary@gmail.com

# ਛੇਵਾਂ ਅਧਿਆਇ

## ਵਾਕ-ਤੋੜ

298. ਅਰਥਾਂ ਵਿੱਚ ਫ਼ਰਕ ਪਾਏ ਬਿਨਾਂ ਕਿਸੇ ਵਾਕ ਨੂੰ ਤੋੜ ਕੇ ਦੋ ਜਾਂ ਵਧੀਕ ਸਾਧਾਰਣ ਵਾਕਾਂ ਵਿੱਚ ਵੰਡ ਦੇਣ ਨੂੰ **ਵਾਕ-ਤੋੜ** ਆਖਦੇ ਹਨ (ਵਾਕ-ਤੋੜ ਅਸਲ ਵਿੱਚ ਵਾਕ-ਜੋੜ ਦਾ ਉਲਟ ਹੈ); ਜਿਵੇਂ—

1. 'ਬਾਲਕ-ਸੰਸਾਰ' ਨਾਉਂ ਦਾ ਇੱਕ ਮਾਹਵਾਰੀ ਰਸਾਲਾ ਬਾਲਕਾਂ ਦੀ ਉੱਨਤੀ ਤੇ ਪੰਜਾਬੀ ਦੇ ਪਰਚਾਰ ਲਈ ਅਗਲੇ ਸਾਲ ਅੰਮ੍ਰਿਤਸਰੋਂ ਨਿਕਲਣ ਵਾਲਾ ਹੈ।

   'ਬਾਲਕ-ਸੰਸਾਰ' ਇੱਕ ਰਸਾਲੇ ਦਾ ਨਾਉਂ ਹੈ। ਇਹ ਮਾਹਵਾਰੀ ਹੋਵੇਗਾ। ਇਹ ਅਗਲੇ ਸਾਲ ਅੰਮ੍ਰਿਤਸਰੋਂ ਨਿਕਲਣ ਵਾਲਾ ਹੈ। ਇਹ ਬਾਲਕਾਂ ਦੀ ਉੱਨਤੀ ਤੇ ਪੰਜਾਬੀ ਦੇ ਪਰਚਾਰ ਲਈ ਕਢਿਆ ਜਾ ਰਿਹਾ ਹੈ।

(ਅ) ਸੰਯੁਕਤ ਵਾਕ ਨੂੰ ਤੋੜ ਕੇ

2. ਸੁਦਾਮਾ ਬੜਾ ਗਰੀਬ ਸੀ, ਪਰ ਉਹ ਕਿਸੇ ਤੋਂ ਕੁਝ ਮੰਗਦਾ ਨਹੀਂ ਸੀ, ਸਗੋਂ ਹੱਥੀਂ ਕਾਰ ਕਰ ਕੇ ਹੀ ਰੋਟੀ ਖਾਂਦਾ ਸੀ।

   ਸੁਦਾਮਾ ਬੜਾ ਗ਼ਰੀਬ ਸੀ। ਉਹ ਕਿਸੇ ਤੋਂ ਕੁਝ ਮੰਗਦਾ ਨਹੀਂ ਸੀ। ਉਹ ਹੱਥੀਂ ਕਾਰ ਕਰ ਕੇ ਹੀ ਰੋਟੀ ਖਾਂਦਾ ਸੀ।

(ੲ) ਮਿਸ਼ਰਿਤ ਵਾਕ ਤੋੜ ਕੇ

3. ਮੈਂ ਤੁਹਾਡੀ ਉਹ ਚਿੱਠੀ ਜੋ ਹੁਣੇ ਵਲਾਇਤੋਂ ਆਈ ਹੈ, ਸਾਂਭ ਕੇ ਬਕਸ ਵਿੱਚ ਰੱਖ ਛੱਡੀ ਹੈ।

   ਤੁਹਾਡੀ ਇੱਕ ਚਿੱਠੀ ਹੁਣੇ ਵਲਾਇਤੋਂ ਆਈ ਹੈ। ਉਹ ਮੈਂ ਸਾਂਭ ਕੇ ਬਕਸ ਵਿੱਚ ਰੱਖ ਛੱਡੀ ਹੈ।

4. ਜੇ ਉਹ ਮਿਹਨਤ ਕਰਦਾ, ਤਾਂ ਨਾ ਉਹ ਫੇਲ੍ਹ ਹੁੰਦਾ ਤੇ ਨਾ ਉਹਦੀ ਇੰਨੀ ਨਮੋਸ਼ੀ ਹੁੰਦੀ।

   ਉਸ ਮਿਹਨਤ ਨਹੀਂ ਕੀਤੀ। ਉਹ ਫ਼ੇਲ੍ਹ ਹੋ ਗਿਆ ਹੈ। ਉਸ ਦੀ ਬੜੀ ਨਮੋਸ਼ੀ ਹੋਈ ਹੈ।

Sri Satguru Jagjit Singh Ji Elibrary NamdhariElibrary@gmail.com

ਅਭਿਆਸ

ਹੇਠਾਂ ਲਿਖੇ ਹਰ ਇੱਕ ਵਾਕ ਨੂੰ ਤੋੜ ਕੇ ਦੋ ਜਾਂ ਵਧੀਕ ਸਾਧਾਰਣ ਵਾਕਾਂ ਵਿੱਚ ਉਲਟਾਓ:–

1. ਸੂਰਜ ਡੁੱਬਦੇ ਸਾਰ ਹੀ ਸੱਤ ਵਜੇ ਮੈਂ ਘਰ ਮੁੜ ਆਇਆ ।
2. ਕੰਮ ਮੁੱਕ ਜਾਣ ਪੁਰ ਮੈਂ ਉੱਥੇ ਵਿਹਲਾ ਬਹਿ ਕੇ ਆਪਣਾ ਨੁਕਸਾਨ ਨਹੀਂ ਸਾਂ ਕਰ ਸਕਦਾ ।
3. ਉਹ ਜੁਆਨੀ ਵਿੱਚ ਬੜਾ ਤਕੜਾ ਸੀ, ਪਰ ਕਸਰਤ ਨਹੀਂ ਸੀ ਕਰਦਾ; ਇਸ ਲਈ ਹੁਣ ਅਕਸਰ ਬਿਮਾਰ ਰਹਿੰਦਾ ਹੈ ।
4. ਗੱਲਾ ਇੰਨਾ ਭਾਰਾ ਸੀ ਕਿ ਸਾਥੋਂ ਚੁੱਕਿਆ ਨਹੀਂ ਸੀ ਜਾਂਦਾ ।
5. ਕੌਣ ਨਹੀਂ ਜਾਣਦਾ ਕਿ ਧੋਖੇ ਨਾਲ ਵਪਾਰ ਨਹੀਂ ਚਲਦਾ ।
6. ਤੁਸੀਂ ਵੱਡੇ ਕਮਰੇ ਵਿੱਚ ਬੈਠੋ, ਜਿੱਥੇ ਮੈਂ ਤੁਹਾਨੂੰ ਬਿਠਾ ਆਇਆ ਸਾਂ ।
7. ਜਦੋਂ ਸ਼ਿਕਾਰੀ ਸ਼ਿਸਤ ਲਾ ਕੇ ਬੰਦੂਕ ਦਾ ਘੋੜਾ ਦਬਾਉਣ ਲੱਗਾ, ਤਾਂ ਕੋਲੋਂ ਦੀ ਖੁੱਡ ਵਿੱਚੋਂ ਇੱਕ ਸੱਪ ਨਿਕਲ ਆਇਆ, ਜਿਸ ਨੇ ਸ਼ਿਕਾਰੀ ਦੇ ਪੈਰ ਤੇ ਅਜੇਹੇ ਜ਼ੋਰ ਨਾਲ ਡੰਗ ਮਾਰਿਆ ਕਿ ਉਹ ਗ਼ਸ਼ ਖਾ ਕੇ ਡਿੱਗ ਪਿਆ ਤੇ ਗੋਲੀ ਕਬੂਤਰਾਂ ਤੋਂ ਉੱਕ ਕੇ ਬਾਜ਼ ਨੂੰ ਜਾ ਲੱਗੀ ।

––o––

# ਸੱਤਵਾਂ ਅਧਿਆਇ

## ਵਾਕੰਸ਼, ਮੁਹਾਵਰੇ ਤੇ ਅਖਾਣ

299. ਜਿਹੜਾ ਸ਼ਬਦ-ਸਮੂਹ ਕਿਸੇ ਸਪਸ਼ਟ ਭਾਵ ਨੂੰ ਪਰਗਟ ਕਰੇ ਤੇ ਵਾਕ ਨਾ ਹੋਵੇ, ਉਹਨੂੰ **ਵਾਕੰਸ਼** ਆਖਦੇ ਹਨ; ਜਿਵੇਂ–ਰੋਟੀ ਖਾਣੀ, ਪਾਣੀ ਪੀਣਾ, ਕੰਨ ਖਾਣੇ, ਲਹੂ ਪੀਣਾ, ਆਦਿ ।

300. ਵਾਕੰਸ਼ ਦੋ ਪਰਕਾਰ ਦੇ ਹਨ–(ੳ) ਸਾਧਾਰਣ ਵਾਕੰਸ਼; ਤੇ (ਅ) ਖ਼ਾਸ ਵਾਕੰਸ਼ ਜਾਂ ਮੁਹਾਵਰਾ ।

ਜਿਹੜਾ ਵਾਕੰਸ਼ ਆਪਣੇ ਅੱਖਰੀ ਅਰਥਾਂ ਵਿੱਚ ਵਰਤਿਆ ਜਾਵੇ, ਉਹਨੂੰ **ਸਾਧਾਰਣ ਵਾਕੰਸ਼** ਆਖਦੇ ਹਨ; ਜਿਵੇਂ–ਰੋਟੀ ਖਾਣੀ, ਪਾਣੀ ਪੀਣਾ। ਅਤੇ–

Sri Satguru Jagjit Singh Ji Elibrary NamdhariElibrary@gmail.com

ਜਿਹੜਾ ਵਾਕੰਸ਼ ਆਪਣੇ ਅੱਖਰੀ ਅਰਥਾਂ ਤੋਂ ਬਿਨਾਂ ਕਿਸੇ ਖ਼ਾਸ ਅਰਥ ਵਿੱਚ ਵਰਤਿਆ ਜਾਵੇ, ਉਹ ਨੂੰ **ਖ਼ਾਸ ਵਾਕੰਸ਼** ਜਾਂ **ਮੁਹਾਵਰਾ** ਆਖਦੇ ਹਨ; ਜਿਵੇਂ–ਸਿਰ ਖਾਣਾ, ਕੰਨ ਖਾਣੇ, ਲਹੂ ਪੀਣਾ।

ਵੇਖੋ ! ਏਹਨਾਂ ਤਿੰਨਾਂ ਵਾਕੰਸ਼ਾਂ ਦੇ ਅਰਥ ਰੋਟੀ ਦੀ ਤਰ੍ਹਾਂ 'ਸਿਰ ਜਾਂ ਕੰਨ ਖਾਣ' ਅਤੇ ਪਾਣੀ ਦੀ ਤਰ੍ਹਾਂ 'ਲਹੂ ਪੀਣ' ਦੇ ਨਹੀਂ; ਸਗੋਂ 'ਖਪਾਉਣ' ਜਾਂ 'ਸਤਾਉਣ' ਦੇ ਹਨ; ਇਸ ਲਈ ਏਹ ਤਿੰਨੇ ਮੁਹਾਵਰੇ ਜਾਂ 'ਖ਼ਾਸ ਵਾਕੰਸ਼' ਹਨ, 'ਸਧਾਰਣ ਵਾਕੰਸ਼' ਨਹੀਂ।

301. ਲੋਕਾਂ ਦੇ ਮੂੰਹ ਚੜ੍ਹੀ ਹੋਈ ਗੱਲ ਜਾਂ ਵਾਕ ਨੂੰ ਜੋ ਕਿਸੇ ਪਰਤਾਈ ਹੋਈ ਸਚਿਆਈ ਨੂੰ ਪ੍ਰਗਟ ਕਰੇ, **ਅਖਾਣ** ਜਾਂ **ਅਖਾਉਤ** ਆਖਦੇ ਹਨ; ਜਿਵੇਂ– ਉੱਠਿਆ ਨਾ ਜਾਏ ਤੇ ਫਿੱਟੇ ਮੂੰਹ ਗੋਡਿਆਂ ਦਾ। ਦਾਖੇ ਹੱਥ ਨਾ ਅੱਪੜੇ, ਆਖੇ ਥੂਹ ਕੌੜੀ।

ਨੋਟ–ਚੇਤੇ ਰੱਖੋ ਕਿ ਵਾਕੰਸ਼ ਵਿੱਚ ਕਿਰਿਆ ਨਹੀਂ ਹੁੰਦੀ ਤੇ ਅਖਾਣ ਵਿੱਚ ਕਿਰਿਆ (ਲੁਪਤ ਜਾਂ ਪਰਗਟ) ਜ਼ਰੂਰ ਹੁੰਦੀ ਹੈ।

# ਬੋਲੀ ਦੀ ਠੁੱਕ

302. 'ਠੁੱਕ' ਤੋਂ ਭਾਵ ਕਿਸੇ ਵਾਕ ਜਾਂ ਵਾਕੰਸ਼ ਦੇ ਸ਼ਬਦਾਂ ਦੀ **ਠੀਕ ਗੋਂਦ** ਤੋਂ ਹੈ, ਅਤੇ 'ਠੀਕ ਗੋਂਦ' ਉਹੋ ਹੁੰਦੀ ਹੈ, ਜੋ ਲੇਖਕ ਜਾਂ ਵਕਤਾ ਦੇ ਭਾਵ ਨੂੰ ਠੀਕ-ਠੀਕ ਪਰਗਟ ਕਰੇ ਤੇ ਲੋਕਾਂ ਦੀ ਆਮ **ਬੋਲਚਾਲ ਦੇ ਅਨੁਸਾਰ** ਵੀ ਹੋਵੇ; ਜਿਵੇਂ–ਹੇਠਾਂ ਲਿਖੀਆਂ ਤਿੰਨੇ ਗੱਲਾਂ ਪੰਜਾਬੀ ਬੋਲੀ ਦੀ ਠੁੱਕ ਅਨੁਸਾਰ ਹਨ:–

(1) ਉਹ ਮਹੀਨੇ ਵਿੱਚ ਦਸ-ਬਾਰਾਂ ਰੁਪਈਏ ਕਮਾ ਲੈਂਦਾ ਹੈ।
(2) ਉਹ ਗੱਲਾਂ ਕਰ ਕਰ ਕੇ ਮੇਰੇ ਕੰਨ ਖਾ ਗਿਆ।
(3) ਇੱਕ ਇੱਕ ਤੇ ਦੋ ਯਾਰਾਂ।

ਪਰ ਜੇ ਏਹਨਾਂ ਨੂੰ ਇਉਂ ਕਿਹਾ ਜਾਏ ਕਿ:–

(1) ਉਹ ਮਹੀਨੇ ਵਿੱਚ ਦਸ-ਤੇਰਾਂ ਰੁਪਈਏ ਕਮਾ ਲੈਂਦਾ ਹੈ।
(2) ਉਹ ਗੱਲਾਂ ਕਰ ਕਰ ਕੇ ਕੰਨ ਹੜੱਪ ਕਰ ਗਿਆ।
(3) ਤਿੰਨ ਤਿੰਨ ਤੇ ਦੋ ਤੇਤੀ।

Sri Satguru Jagjit Singh Ji Elibrary NamdhariElibrary@gmail.com

ਤਾਂ ਏਹ ਤਿੰਨੇ ਗੱਲਾਂ ਬੇਠੁੱਕੀਆਂ ਹੋ ਜਾਣਗੀਆਂ; ਕਿਉਂਕਿ ਪੰਜਾਬੀ ਦੀ ਆਮ ਬੋਲਚਾਲ ਵਿੱਚ ਇਸ ਤਰ੍ਹਾਂ ਕੋਈ ਨਹੀਂ ਬੋਲਦਾ।

ਸੋ ਰਚਨਾ ਨੂੰ ਸੁੰਦਰ, ਜ਼ੋਰਦਾਰ ਤੇ ਰਸਦਾਇਕ ਬਣਾਉਣ ਲਈ ਬੋਲੀ ਦੀ ਠੁੱਕ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਜ਼ਰੂਰੀ ਹੈ; ਨਹੀਂ ਤਾਂ ਬੇਠੁੱਕਾ ਵਾਕੰਸ਼, ਮੁਹਾਵਰਾ ਜਾਂ ਅਖਾਣ ਵਰਤਣ ਨਾਲ ਰਚਨਾ ਬੜੀ ਬੇ-ਰਸ ਹੋ ਜਾਂਦੀ ਹੈ ਤੇ ਲੇਖਕ ਜਾਂ ਵਕਤਾ ਦਾ ਕੁਝ ਮੁੱਲ ਨਹੀਂ ਪੈਂਦਾ।

ਅਭਿਆਸ

(1) ਉਦਾਹਰਣ ਦੇ ਕੇ ਸਪਸ਼ਟ ਕਰੋ ਕਿ ਵਾਕ ਤੇ ਵਾਕੰਸ਼ ਵਿੱਚ ਕੀ ਫ਼ਰਕ ਹੈ।

(2) ਵਾਕੰਸ਼ ਕਿੰਨੇ ਤੇ ਕਿਸ ਕਿਸ ਪਰਕਾਰ ਦੇ ਹਨ? ਸਾਧਾਰਣ ਵਾਕੰਸ਼ ਕਿਹਨੂੰ ਆਖਦੇ ਹਨ, ਮੁਹਾਵਰਾ ਕਿਹਨੂੰ, ਤੇ ਅਖਾਣ ਕਿਹਨੂੰ? ਉਦਾਹਰਣ ਵੀ ਦਿਓ।

(3) ਬੋਲੀ ਦੀ ਠੁੱਕ ਤੋਂ ਕੀ ਭਾਵ ਹੈ? ਅਤੇ ਦੱਸੋ ਕਿ ਠੁੱਕ ਤੇ ਰਚਨਾ ਦਾ ਪਰਸਪਰ ਕੀ ਸੰਬੰਧ ਹੈ।

(4) ਹੇਠਾਂ ਲਿਖੀਆਂ ਗੱਲਾਂ ਨੂੰ ਠੁੱਕ ਸਿਰ ਕਰੋ:–

1. ਤੁਸੀਂ ਪੰਜ-ਅੱਠ ਦਿਨ ਇੱਥੇ ਰਹਿ ਜਾਓ।
2. ਉਹ ਭੇੜ ਵਿੱਚ ਜਾ ਕੇ ਐਵੇਂ ਹੀ ਹੱਡ ਮੋੱਢੇ ਭਨਾ ਬੈਠਾ।
3. ਉਹ ਪੈਰ ਤੇ ਪੈਰ ਧਰ ਕੇ ਬੈਠੇ ਰਹਿੰਦੇ ਹਨ ਤੇ ਕੰਮ ਨੂੰ ਉਂਗਲ ਨਹੀਂ ਲਾਉਂਦੇ।
4. ਤੁਸਾਂ ਠੀਕ ਸਮਝਿਆ ਹੈ ਕਿ ਨੌਂ ਨਕਦ ਨਾ ਪੰਦਰਾਂ ਉਧਾਰ।
5. ਉੱਠਿਆ ਜਾਏ ਨਾ ਤੇ ਫ਼ਿੱਟੇ ਮੂੰਹ ਲੱਤਾਂ ਦਾ।

# (ੳ) ਸਾਧਾਰਨ ਵਾਕੰਸ਼ਾਂ ਦੀ ਖ਼ਾਸ ਠੁੱਕ

303. ਸਾਧਰਾਣ ਵਾਕੰਸ਼ਾਂ ਦੀ ਇੱਕ ਖਾਸ ਠੁੱਕ ਹੁੰਦੀ ਹੈ, ਜਿਸ ਨੂੰ ਅਸਾਂ **ਕਿਰਿਆ-ਸੰਜੋਗ** ਦਾ ਨਾਉਂ ਦਿੱਤਾ ਹੈ ਤੇ ਜਿਸ ਦਾ ਭਾਵ ਇਹ ਹੈ ਕਿ ਖ਼ਾਸ-ਖ਼ਾਸ ਨਾਵਾਂ ਨਾਲ ਕਿਸੇ ਖ਼ਾਸ ਕਿਰਿਆ ਦਾ ਅਜੇਹਾ ਸੰਜੋਗ ਹੁੰਦਾ ਹੈ ਕਿ ਜੇ ਉਹਦੀ ਥਾਂ ਕੋਈ ਹੋਰ ਕਿਰਿਆ ਵਰਤੀ ਜਾਏ, ਤਾਂ ਉਸ ਦਾ ਉਹ ਰਸ ਨਹੀਂ ਰਹਿੰਦਾ ਤੇ ਕਈ ਵਾਰੀ ਗੱਲ ਵੀ ਬੇਠੁੱਕੀ ਹੋ ਜਾਂਦੀ ਹੈ; ਜਿਵੇਂ–'ਉਲਾਹਮਾ', 'ਗਿਲਾ' ਤੇ 'ਸ਼ਿਕਾਇਤ' ਤਿੰਨੇ ਸ਼ਬਦ ਭਾਵੇਂ ਇੱਕੋ ਅਰਥ ਦੇ ਵਾਚਕ ਹਨ,

Sri Satguru Jagjit Singh Ji Elibrary NamdhariElibrary@gmail.com

ਪਰ ਪੰਜਾਬੀ ਦੀ ਠੁੱਕ ਅਨੁਸਾਰ ਪਹਿਲੇ ਨਾਲ 'ਦੇਣਾ', ਦੂਜੇ ਨਾਲ 'ਕਰਨਾ' ਤੇ ਤੀਜੇ ਨਾਲ 'ਲਾਉਣਾ' ਦਾ ਖ਼ਾਸ ਸੰਜੋਗ ਹੈ; ਇੱਸੇ ਲਈ–

ਸ਼ੁੱਧ–ਉਸ ਨੇ ਉਲਾਹਮਾ ਦਿੱਤਾ, ਗਿਲਾ ਕੀਤਾ ਜਾਂ ਸ਼ਿਕਾਇਤ ਲਾਈ।

ਅਸ਼ੁੱਧ–ਉਸ ਨੇ ਉਲਾਹਮਾ ਕੀਤਾ, ਗਿਲਾ ਲਾਇਆ ਜਾਂ ਸ਼ਿਕਾਇਤ ਦਿੱਤੀ।

ਇੱਸੇ ਤਰ੍ਹਾਂ 'ਅੱਗ' ਨਾਲ 'ਬਾਲਣਾ', 'ਦੀਵੇ' ਨਾਲ 'ਜਗਾਉਣਾ' ਅਤੇ 'ਚਾਨਣ' ਨਾਲ 'ਕਰਨਾ' ਦਾ ਖ਼ਾਸ ਸੰਜੋਗ ਹੈ; ਜਿਵੇਂ–

ਸ਼ੁੱਧ–ਉਸ ਨੇ ਅੱਗ ਬਾਲੀ, ਦੀਵਾ ਜਗਾਇਆ ਜਾਂ ਚਾਨਣ ਕੀਤਾ।

ਅਸ਼ੁੱਧ–ਉਸ ਨੇ ਅੱਗ ਜਗਾਈ, ਦੀਵਾ ਕੀਤਾ ਜਾਂ ਚਾਨਣ ਬਾਲਿਆ।

304. ਖ਼ਾਸ-ਖ਼ਾਸ ਨਾਵਾਂ ਨਾਲ ਉਨ੍ਹਾਂ ਦੀ ਸੰਜੋਗੀ ਕਿਰਿਆ ਦੀ ਠੁੱਕ ਨੂੰ ਗਹੁ ਨਾਲ ਵੇਖੋ–

| | |
|---|---|
| ਉਸਤਤ ਕਰਨੀ | ਭੋਜਨ ਪਾਉਣਾ |
| ਊਜ ਲਾਉਣੀ | ਪਰਸ਼ਾਦ ਛਕਣਾ |
| ਸ਼ਾਮਤ ਆਉਣੀ | ਕਿੱਕ ਲਾਉਣੀ (ਫ਼ੁਟ ਬਾਲ ਨੂੰ) |
| ਬਿਪਤਾ ਪੈਣੀ | ਠੁੱਡਾ ਮਾਰਨਾ |
| ਸਵਾਰ ਹੋਣਾ | ਕਪਾਹ ਵੇਲਣੀ |
| ਸਵਾਰੀ ਕਰਨੀ | ਗੰਨਾ ਪੀੜਨਾ |
| ਮੇਲਾ ਲੱਗਣਾ | ਰਹੁ ਕੱਢਣੀ |
| ਜੋੜਮੇਲਾ ਹੋਣਾ | ਸਰਦਾਈ ਘੋਟਣੀ |
| ਮਿੰਨਤ ਕਰਨੀ | ਖੋਆ ਮਾਰਨਾ |
| ਤਰਲਾ ਲੈਣਾ | ਦਹੀਂ ਜਮਾਉਣਾ |
| ਵਾਸਤਾ ਪਾਉਣਾ | ਲੱਸੀ ਰਿੜਕਣੀ |
| ਮੇਜ਼ ਬਣਾਉਣੀ | ਮੱਖਣ ਕੱਢਣਾ |
| ਮੰਜਾ ਠੋਕਣਾ | ਡਰਾਇੰਗ ਕਰਨੀ |
| ਕਿੱਲਾ ਘੜਨਾ | ਨਕਸ਼ਾ ਖਿੱਚਣਾ ਜਾਂ ਵਾਹੁਣਾ |
| ਇੱਟਾਂ ਪੱਥਣੀਆਂ | ਪੱਗ ਬੰਨ੍ਹਣੀ |
| ਜਿਲਦ ਬੰਨ੍ਹਣੀ | ਦਸਤਾਰ ਸਜਾਉਣੀ |
| ਕੰਧ ਉਸਾਰਨੀ | ਚੱਕੀ ਪੀਹਣੀ |
| ਛੱਤ ਪਾਉਣੀ | ਮਸ਼ੀਨ ਚਲਾਉਣੀ |
| ਫ਼ਰਸ਼ ਲਾਉਣਾ | ਹਲ ਵਾਹੁਣਾ |

Sri Satguru Jagjit Singh Ji Elibrary NamdhariElibrary@gmail.com

| | |
|---|---|
| ਪਲਸਤਰ ਕਰਨਾ | ਗਰਮੀ ਲੱਗਣੀ |
| ਪੋਚਾ ਫੇਰਨਾ | ਮੁੜ੍ਹਕਾ ਆਉਣਾ |
| ਗਲ ਘੁੱਟਣਾ | ਸਜ਼ਾ ਦੇਣੀ, ਭੁਗਤਣੀ |
| ਫਾਹ ਦੇਣਾ | ਜੁਰਮਾਨਾ ਕਰਨਾ ਜਾਂ ਭਰਨਾ |
| ਫਾਂਸੀ ਲਾਉਣੀ | ਚੱਟੀ ਲਾਉਣੀ, ਭਰਨੀ |
| ਅਰਦਾਸ ਕਰਨੀ | ਅਰਜ਼ੀ ਪਾਉਣੀ |
| ਅਰਦਾਸਾ ਸੋਧਣਾ | ਦਾਵਾ ਕਰਨਾ |
| ਪਾਹੁਲ ਲੈਣੀ | ਨਾਲਸ਼ ਕਰਨੀ |
| ਅੰਮ੍ਰਿਤ ਛਕਣਾ | ਨੁਕਤਾ-ਚੀਨੀ ਕਰਨੀ |
| ਇਸ਼ਨਾਨ ਕਰਨਾ | ਐਬ ਕੱਢਣੇ |
| ਵੁਜ਼ੂ ਸਾਜਣਾ | ਨੁਕਸ ਛਾਂਟਣੇ |
| ਜੰਦਰਾ ਮਾਰਨਾ | ਤੁਹਮਤ ਲਾਉਣੀ |
| ਕੁੰਡਾ ਮਾਰਨਾ | ਮੱਥਾ ਟੇਕਣਾ |
| ਡੰਡ ਕੱਢਣਾ | ਸੀਸ ਨਿਵਾਉਣਾ |
| ਛਾਲ ਮਾਰਨੀ | ਨਿਸਚਾ ਕਰਨਾ |
| ਕਸਰਤ ਕਰਨੀ | ਸਬਕ ਪੜ੍ਹਨਾ |
| ਮੁੰਗਲੀ ਫੇਰਨੀ | ਸੰਥਾ ਲੈਣੀ |
| ਦੌੜ ਲਾਉਣੀ | ਲਿਖਾਈ ਕਰਨੀ |

### ਅਭਿਆਸ

1. ਦੱਸੋ ਹੇਠਾਂ ਲਿਖਿਆਂ ਨਾਵਾਂ ਨਾਲ ਕਿਸ ਕਿਸ ਕਿਰਿਆ ਦਾ ਖ਼ਾਸ ਸੰਜੋਗ ਹੈ:–

ਜਿਲਦ, ਇੱਟਾਂ, ਕਿੱਲੇ, ਕੰਧ, ਫ਼ਰਸ਼, ਛੱਤ।

2. ਹੇਠਾਂ ਲਿਖਿਆਂ ਨਾਵਾਂ ਨਾਲ ਸੰਜੋਗੀ ਕਿਰਿਆ ਵਰਤ ਕੇ ਵਾਕ ਬਣਾਓ:–

ਉਸਤਤ, ਊਜ, ਮਿੰਨਤ–ਤਰਲਾ–ਵਾਸਤਾ, ਗਿਲਾ–ਉਲਾਹਮਾ–ਸ਼ਿਕਾਇਤ, ਅਰਦਾਸ–ਅਰਦਾਸਾ, ਗੰਨਾ–ਕਪਾਹ

Sri Satguru Jagjit Singh Ji Elibrary NamdhariElibrary@gmail.com

# (ਅ) ਮੁਹਾਵਰੇ ਦੀ ਖ਼ਾਸ ਠੁੱਕ

305. ਮੁਹਾਵਰੇ ਦੀ ਖ਼ਾਸ ਠੁੱਕ ਇਹ ਹੈ ਕਿ ਉਹਦੀ ਕਿਰਿਆ ਬਦਲੀ ਨਹੀਂ ਜਾ ਸਕਦੀ; ਜਿਵੇਂ—'ਕੰਨ ਖਾਣਾ' ਦੀ ਥਾਂ 'ਕੰਨ ਹੜੱਪ ਕਰ ਜਾਣਾ' ਨਹੀਂ ਕਹਿ ਸਕਦੇ। ਪਰ ਜਦੋਂ ਮੁਹਾਵਰੇ ਨੂੰ ਵਾਕ ਵਿੱਚ ਵਰਤਿਆ ਜਾਏ, ਤਾਂ ਉਸ ਦੀ ਕਿਰਿਆ ਵਿੱਚ ਲਿੰਗ, ਵਚਨ, ਪੁਰਖ ਤੇ ਕਾਲ ਕਰਕੇ ਰੂਪਾਂਤਰ ਹੋ ਜਾਂਦਾ ਹੈ; ਜਿਵੇਂ—ਉਹ ਗੱਲਾਂ ਕਰ ਕਰ ਕੇ ਕੰਨ ਖਾ ਗਈ ਜਾਂ ਕੰਨ ਖਾ ਗਿਆ। ਤੁਸੀਂ ਤਾਂ ਗੱਲਾਂ ਕਰ ਕਰ ਕੇ ਕੰਨ ਖਾ ਜਾਂਦੇ ਹੋ।

# (ੲ) ਅਖਾਣ ਦੀ ਖ਼ਾਸ ਠੁੱਕ

306. ਅਖਾਣ ਦੀ ਖ਼ਾਸ ਠੁੱਕ ਇਹ ਹੈ ਕਿ ਉਸ ਵਿੱਚ ਸਾਰੇ ਸ਼ਬਦ ਜਿਉਂ ਦੇ ਤਿਉਂ ਰੱਖਣੇ ਪੈਂਦੇ ਹਨ, ਨਾ ਓਹਨਾਂ ਵਿੱਚ ਵਾਧਾ-ਘਾਟਾ ਹੋ ਸਕਦਾ ਹੈ ਤੇ ਨਾ ਓਹਨਾਂ ਦਾ (ਲਿੰਗ, ਵਚਨ ਤੇ ਕਾਰਕ ਆਦਿ ਦੇ ਕਾਰਣ) ਰੂਪਾਂਤਰ ਹੀ ਹੁੰਦਾ ਹੈ; ਜਿਵੇਂ—

ਚੌਧਰੀ ਸਾਹਿਬ ਦੀ ਕੀ ਗੱਲ ਏ, ਹਰ ਥਾਂ ਆਪੇ ਜਾ ਲੱਤ ਅੜਾਉਂਦੇ ਹਨ ਤੇ ਲੋਕੀਂ ਆਖਦੇ ਹਨ—"ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ।"

# (ਸ) ਚੋਣਵੇਂ ਮੁਹਾਵਰੇ ਤੇ ਉਨ੍ਹਾਂ ਦੇ ਅਰਥ

307. ਕੁਝਕੁ ਚੋਣਵੇਂ ਮੁਹਾਵਰੇ ਤੇ ਉਨ੍ਹਾਂ ਦੇ ਅਰਥ ਹੇਠਾਂ ਦਿੱਤੇ ਜਾਂਦੇ ਹਨ, ਏਹਨਾਂ ਨੂੰ ਕੰਠ ਕਰ ਲਓ ਤੇ ਪੁਸਤਕਾਂ ਵਿੱਚੋਂ ਏਹਨਾਂ ਦੀ ਸ਼ੁੱਧ ਵਰਤੋਂ ਦੀ ਭਾਲ ਕਰੋ:—

ਉਂਗਲ ਕਰਨੀ—ਦੋਸ਼ ਕੱਢਣੇ (ਉਹ ਐਨਾ ਚੰਗਾ ਆਦਮੀ ਹੈ ਜੁ ਕੋਈ ਉਸ ਵੱਲ ਉਂਗਲ ਨਹੀਂ ਕਰ ਸਕਦਾ)।

ਉਸਤਾਦੀ ਕਰਨੀ—ਚਲਾਕੀ ਕਰਨੀ।

ਉਜਾੜ ਮੱਲਣੀ—ਫ਼ਕੀਰ ਹੋ ਜਾਣਾ।

ਉਮਰ ਦੀਆਂ ਰੋਟੀਆਂ ਕਮਾਉਣੀਆਂ—ਬਹੁਤ ਸਾਰਾ ਧਨ ਖੱਟਣਾ।

ਉੱਨੀ ਇੱਕੀ ਦਾ ਫ਼ਰਕ<br>ਉੱਨੀ ਵੀਹ ਦਾ ਫ਼ਰਕ } —ਬਹੁਤ ਥੋੜਾ ਫ਼ਰਕ।

Sri Satguru Jagjit Singh Ji Elibrary NamdhariElibrary@gmail.com

ਉਲਟੀ ਗੰਗਾ ਵਹਾਉਣੀ–ਉਲਟਾ ਕੰਮ ਕਰਨਾ।

ਆਸਮਾਨ ਨਾਲ ਗੱਲਾਂ ਕਰਨੀਆਂ–ਬਹੁਤ ਉੱਚਾ ਹੋਣਾ।

ਅਕਲ ਦਾ ਅੰਨ੍ਹਾ–ਮੂਰਖ ਆਦਮੀ।

ਅੱਖ ਉੱਚੀ ਨਾ ਕਰ ਸਕਣੀ–ਸ਼ਰਮ ਦੇ ਮਾਰੇ ਕਿਸੇ ਵੱਲ ਵੇਖ ਨਾ ਸਕਣਾ।

ਅੱਖ ਖੁੱਲ੍ਹਣੀ–ਜਾਗ ਆ ਜਾਣੀ, ਹੋਸ਼ ਆ ਜਾਣੀ।

ਅੱਖ ਵਿਖਾਉਣੀ–ਡਰਾਉਣਾ, ਧਮਕਾਉਣਾ।

ਅੱਖਾਂ ਫੇਰ ਲੈਣੀਆਂ–ਮਿੱਤਰਤਾ ਛੱਡ ਕੇ ਵੈਰੀ ਹੋ ਜਾਣਾ।

ਅੱਖ ਬਚਾਉਣੀ–ਦੂਜੇ ਨੂੰ ਵੇਖਣ ਨਾ ਦੇਣਾ, ਚੋਰੀ ਖਿਸਕ ਜਾਣਾ।

ਅੱਖ ਲੱਗਣੀ–ਸੌਂ ਜਾਣਾ।

ਅੱਖ ਵਿੱਚ ਰੜਕਣਾ–ਕਿਸੇ ਮਨੁੱਖ ਦਾ ਬੁਰਾ ਲੱਗਣਾ ਜਾਂ ਉਸ ਨਾਲ ਈਰਖਾ ਹੋਣੀ।

ਅੱਖਾਂ ਮੀਟ ਜਾਣਾ–ਮਰ ਜਾਣਾ।

ਅੱਖਾਂ ਵਿੱਚ ਘਟਾ ਪਾਉਣਾ–ਧੋਖਾ ਦੇਣਾ।

ਅੱਖਾਂ ਵਿੱਚ ਰਾਤ ਕੱਟਣੀ–ਰਾਤ ਭਰ ਜਾਗਦਿਆਂ ਰਹਿਣਾ।

ਅੱਖੀਂ ਸੁਖ ਕਲਜੇ ਠੰਢ ਹੋਣੀ–ਬੜੀ ਖ਼ੁਸ਼ੀ ਹੋਣੀ।

ਅੱਗ ਪਾਣੀ ਦਾ ਵੈਰ ਹੋਣਾ–ਡਾਢਾ ਵੈਰ ਹੋਣਾ।

ਅੱਗ ਬਲਦੀ ਉੱਤੇ ਤੇਲ ਪਾਉਣਾ–ਫ਼ਸਾਦ ਨੂੰ ਚਮਕਾਉਣਾ।

ਅੱਗ ਲੈਣ ਨੂੰ ਆਉਣਾ–ਥੋੜ੍ਹੇ ਚਿਰ ਲਈ ਆਉਣਾ।

ਅੱਗ ਵਰ੍ਹਨੀ–ਬੜੀ ਗਰਮੀ ਪੈਣੀ।

ਅੱਗ ਲਗਾਉਣੀ (ਲਾਉਣੀ)–ਫ਼ਸਾਦ ਮਚਾਉਣਾ, ਗੁੱਸਾ ਚੜ੍ਹਾਉਣਾ।

ਅੰਗ ਪਾਲਣਾ–ਦੋਸਤੀ ਨਿਭਾਉਣੀ।

ਅਗਲੇ ਸੁਆਦੋਂ ਜਾਣਾ–ਪਹਿਲੀ ਹਾਲਤ ਵੀ ਨਾ ਰਹਿਣੀ।

ਅੱਜ ਕੱਲ ਕਰਨਾ–ਟਾਲ-ਮਟੋਲਾ ਕਰਨਾ।

ਅੰਨ੍ਹੀ ਪੈਣੀ–ਗੜਬੜ ਹੋ ਜਾਣੀ, ਕੰਮ ਵਿਗੜ ਜਾਣਾ।

ਅਲਖ ਮਿਟਾ, ਮੁਕਾ ਜਾਂ ਲਾਹ ਦੇਣੀ–ਬਿਲਕੁਲ ਤਬਾਹ ਕਰ ਦੇਣਾ।

ਅਲਫ਼ੋਂ ਬੇ ਨਾ ਕਹਿਣੀ–ਕੁਝ ਨਾ ਕਹਿਣਾ।

ਅਲੂਣੀ ਸਿੱਲ ਚੱਟਣੀ–ਬੇਸੁਆਦਾ ਅਤੇ ਕਠਨ ਕੰਮ ਕਰਨਾ।

ਅੜਿੱਕਾ ਡਾਹੁਣਾ–ਰੋਕ ਪਾ ਦੇਣੀ, ਵਿਘਨ ਪਾ ਦੇਣਾ।

ਆਈ ਚਲਾਈ ਕਰਨੀ–ਜਿੰਨਾ ਖੱਟਣਾ, ਉੱਨਾ ਹੀ ਖ਼ਰਚ ਕਰ ਦੇਣਾ।

Sri Satguru Jagjit Singh Ji Elibrary NamdhariElibrary@gmail.com

ਆਪਣਾ ਕੀਤਾ ਪਾਉਣਾ–ਕੀਤੀ ਦਾ ਫਲ ਪਾਉਣਾ ।

ਆਪੋ ਆਪਣੀ ਪੈ ਜਾਣੀ–ਹਰ ਕਿਸੇ ਨੂੰ ਆਪਣਾ ਫ਼ਿਕਰ ਪੈ ਜਾਣਾ ਤੇ ਦੂਏ ਦੀ ਪਰਵਾਹ ਨਾ ਹੋਣੀ ।

ਆਪਣੀ ਢਾਈ ਪਾ ਖਿੱਚੜੀ ਵੱਖਰੀ ਰਿੰਨ੍ਹਣੀ–ਦੂਜਿਆਂ ਨਾਲ ਮਿਲ ਕੇ ਕੰਮ ਨਾ ਕਰਨਾ ।

ਆਵਾ ਊਤ ਜਾਣਾ–ਸਾਰਾ ਟੱਬਰ ਜਾਂ ਸਾਰੀ ਮੰਡਲੀ ਹੀ ਭੈੜੀ ਹੋ ਜਾਣੀ ।

ਇੱਕ ਅੱਖ ਨਾਲ ਵੇਖਣਾ–ਇੱਕੋ ਜੇਹਾ ਸਮਝਣਾ ।

ਇੱਕ ਮੁੱਠ ਹੋਣਾ–ਮੇਲ ਜਾਂ ਏਕਾ ਹੋਣਾ ।

ਇੱਟ ਖੜਿੱਕਾ ਲਾਉਣਾ–ਝਗੜਾ-ਫ਼ਸਾਦ ਪਾਈ ਰੱਖਣਾ ।

ਇੱਟ ਚੁੱਕਦੇ ਨੂੰ ਪੱਥਰ ਚੁੱਕਣਾ–ਚੰਗੀ ਤਰ੍ਹਾਂ ਟਾਕਰਾ ਕਰਨ ਲਈ ਤਿਆਰ ਹੋਣਾ ।

ਇੱਟ ਨਾਲ ਇੱਟ ਖੜਕਾਉਣੀ–ਨਾਸ ਕਰਨਾ, ਤਬਾਹ ਕਰਨਾ ।

ਇੱਟ ਘੜੇ ਦਾ ਵੈਰ–ਸੁਭਾਵਿਕ ਤੇ ਡੂੰਘਾ ਵੈਰ ।

ਈਦ ਦਾ ਚੰਦ ਹੋਣਾ–ਕਦੇ ਕਦਾਈਂ ਨਜ਼ਰ ਆਉਣਾ, ਬਹੁਤ ਚਿਰ ਪਿੱਛੋਂ ਆਉਣਾ ।

ਸਰ ਕਰਨਾ ਜਾਂ ਹੋਣਾ–ਫ਼ਤਹ ਕਰਨਾ, ਜਿੱਤਿਆ ਜਾਣਾ ।

ਸਿਰ ਸਿਹਰਾ ਹੋਣਾ–ਜੱਸ ਮਿਲਣਾ, ਵਡਿਆਈ ਹੋਣੀ ।

ਸਿਰ ਖੱਪਣਾ–ਕਿਸੇ ਦੀਆਂ ਗੱਲਾਂ ਸੁਣ ਕੇ ਸਿਰ ਵਿੱਚ ਪੀੜ ਹੋਣ ਲੱਗ ਪੈਣੀ, ਮਗ਼ਜ਼ ਥੱਕਣਾ ।

ਸਿਰ ਖਾਣਾ–ਖਪਾਉਣਾ, ਸਤਾਉਣਾ ।

ਸਿਰ ਖ਼ਾਲੀ ਹੋਣਾ–ਬਹੁਤਾ ਬੋਲਣ ਜਾਂ ਪੜ੍ਹਨ-ਲਿਖਣ ਨਾਲ ਸਿਰ ਕਮਜ਼ੋਰ ਹੋ ਜਾਣਾ ।

ਸਿਰ ਚੜ੍ਹਨਾ–ਲਾਡ ਨਾਲ ਵਿਗੜ ਜਾਣਾ ।

ਸਿਰ ਚੜ੍ਹ ਕੇ ਮਰਨਾ–ਇਸ ਤਰ੍ਹਾਂ ਮਰਨਾ ਕਿ ਮਰਨ ਦਾ ਅਪਰਾਧ ਦੂਜੇ ਦੇ ਸਿਰ ਲੱਗੇ ।

ਸੱਤਰਾ ਬਹੱਤਰਾ ਹੋਣਾ–ਬਹੁਤ ਬੁੱਢਾ ਹੋਣਾ, ਬੁਢੇਪੇ ਕਰਕੇ ਅਕਲ ਠੀਕ ਨਾ ਰਹਿਣੀ ।

ਸਿਰ ਤੇ ਸਹਿਣਾ–ਧੀਰਜ ਨਾਲ ਦੁੱਖਾਂ ਨੂੰ ਝੱਲਣਾ ।

ਸਿਰ ਤੇ ਹੱਥ ਧਰਨਾ–ਸਹਾਰਾ ਦੇਣਾ, ਰੱਖਿਆ ਕਰਨੀ ।

ਸਿਰ ਤੇ ਚੁੱਕਣਾ–ਬੜੀ ਖ਼ਾਤਰ ਕਰਨੀ, ਆਗਤ-ਭਾਗਤ ਕਰਨੀ ।

Sri Satguru Jagjit Singh Ji Elibrary NamdhariElibrary@gmail.com

ਸਿਰ ਤੇ ਲੈਣਾ–ਆਪਣੇ ਜ਼ਿੰਮੇ ਲੈਣਾ ।

ਸਿਰ ਤੇ ਕੁੰਡਾ ਹੋਣਾ–ਕਿਸੇ ਨੂੰ ਵੱਸ ਵਿੱਚ ਰੱਖਣਾ, ਕਿਸੇ ਦੇ ਸਿਰ ਉੱਤੇ ਕੋਈ ਜ਼ੋਰ ਵਾਲਾ ਹੋਣਾ ।

ਸਿਰ ਦੇਣਾ–ਕਿਸੇ ਦੀ ਖ਼ਾਤਰ ਜਾਨ ਦੇਣੀ, ਕੁਰਬਾਨ ਹੋਣਾ ।

ਸਿਰ ਨਾ ਪੈਰ–ਜਿਸ ਦਾ ਕੁਝ ਪਤਾ ਨਾ ਲੱਗੇ ।

ਸਿਰ ਮਾਰਨਾ–ਨਾਂਹ ਕਰ ਦੇਣੀ ।

ਸਿਰ ਭੌਂ ਜਾਣਾ–ਪਾਗਲ ਹੋ ਜਾਣਾ ।

ਸਿਰ ਮੱਥੇ ਤੇ–ਖ਼ੁਸ਼ੀ ਨਾਲ ਪਰਵਾਨ ।

ਸਿਰ ਮੁਨਾ ਕੇ ਭੱਦਰਾਂ ਪੁੱਛਣੀਆਂ }<br>ਸਿਰ ਮੁਨਾ ਕੇ ਮਹੂਰਤ ਪੁੱਛਣੀ } ਕੋਈ ਗ਼ਲਤੀ ਕਰ ਕੇ ਪਿੱਛੋਂ ਸੋਚਣਾ ।

ਸਿਰ ਫਿਰ ਜਾਣਾ–ਮੱਤ ਮਾਰੀ ਜਾਣੀ ।

ਸਿਰੇ ਚੜ੍ਹਨਾ–ਕੋਈ ਕੰਮ ਪੂਰਾ ਹੋਣਾ ।

ਸਿਰੋਂ ਨੰਗੀ ਹੋਣਾ–ਪਤੀ ਗੁਜ਼ਰ ਜਾਣਾ, ਵਿਧਵਾ ਹੋ ਜਾਣਾ ।

ਸੁਆਸ ਦੇਣੇ–ਮਰ ਜਾਣਾ ।

ਸੁੱਤੀ ਕਲਾ ਜਗਾਉਣੀ–ਮੁੱਕੇ ਹੋਏ ਝਗੜੇ ਨੂੰ ਫੇਰ ਖੜਾ ਕਰਨਾ ।

ਸੋਹਲੇ ਗਾਉਣੇ–ਵਡਿਆਈ ਕਰਨੀ, ਸਲਾਹੁਣਾ ।

ਸੋਹਲੇ ਸੁਣਾਉਣੇ–ਬੁਰਾ-ਭਲਾ ਕਹਿਣਾ, ਗਾਲ੍ਹਾਂ ਕੱਢਣੀਆਂ ।

ਹੱਟੀ ਵਧਾਉਣੀ–ਹੱਟੀ ਬੰਦ ਕਰਨੀ ।

ਹੱਡੀਆਂ ਦੀ ਮੁੱਠ–ਬਹੁਤ ਲਿੱਸਾ ਤੇ ਕਮਜ਼ੋਰ ।

ਹੱਡੀਆਂ ਨਿਕਲ ਆਉਣੀਆਂ–ਬਹੁਤ ਲਿੱਸਾ ਹੋ ਜਾਣਾ ।

ਹੱਡ ਗੋਡੇ ਭੱਜਣੇ, ਭਨਾਉਣੇ ਜਾਂ ਭੰਨਣੇ–ਬਹੁਤ ਸੱਟਾਂ ਲੱਗਣੀਆਂ ਜਾਂ ਲਾਉਣੀਆਂ ।

ਹੱਡਾਂ ਪੈਰਾਂ ਦਾ ਖੁੱਲ੍ਹਾ–ਸੁਹਣਾ ਤੇ ਉੱਚਾ-ਲੰਮਾ) ਜੁਆਨ ।

ਹੱਡਾਂ ਦਾ ਸਾੜ–ਦੁੱਖ ਦੇਣ ਵਾਲਾ, ਫ਼ਿਕਰ ਲਾਉਣ ਵਾਲਾ ।

ਹੱਥ ਆਉਣਾ–ਕੋਈ ਚੀਜ਼ ਮਿਲ ਜਾਣੀ ।

ਹੱਥ ਹਲਾਉਣਾ–ਕੰਮ ਕਰਨਾ, ਕਮਾਉਣਾ ।

ਹੱਥ ਉਧਾਰ–ਲਿਖਤ ਕੀਤੇ ਬਿਨਾਂ ਥੋੜ੍ਹੇ ਚਿਰ ਵਾਸਤੇ ਲਿਆ ਹੋਇਆ ਉਧਾਰ ।

ਹੱਥ ਹੇਠਾਂ ਆਉਣਾ ਜਾਂ ਕਰਨਾ–ਕਾਬੂ ਆ ਜਾਣਾ ਜਾਂ ਕਾਬੂ ਕਰਨਾ ।

ਹੱਥ ਵੱਢ ਕੇ ਦੇਣੇ–ਕਿਸੇ ਨੂੰ ਕੋਈ ਲਿਖਤ ਦੇ ਦੇਣੀ ।

Sri Satguru Jagjit Singh Ji Elibrary NamdhariElibrary@gmail.com

ਹੱਥ-ਕੰਡਾ–ਚਲਾਕੀ ।

ਹੱਥ ਕਰਨਾ ਜਾਂ ਕਰ ਜਾਣੇ–ਧੋਖਾ ਦੇਣਾ ।

ਹੱਥ ਚੁੱਕਣਾ–ਮਾਰਨ ਨੂੰ ਤਿਆਰ ਹੋਣਾ ।

ਹੱਥ ਤੰਗ ਹੋਣਾ–ਪੱਲੇ ਧਨ ਨਾ ਹੋਣਾ ।

ਹੱਥ ਤੇ ਹੱਥ ਧਰ ਕੇ ਬੈਠਣਾ–ਵਿਹਲੇ ਰਹਿਣਾ, ਕੁਝ ਕੰਮ-ਕਾਰ ਨਾ ਕਰਨਾ ।

ਹੱਥ ਤੇ ਹੱਥ ਮਾਰਨਾ–ਧੋਖਾ ਦੇਣਾ ।

ਹੱਥ ਤੇ ਧਰਨਾ–ਕੁਝ ਦੇਣਾ ।

ਹੱਥਾਂ ਦਾ ਸੁੱਚਾ–ਇਮਾਨਦਾਰ, ਖਰਾ (ਆਦਮੀ) ।

ਹੱਥਾਂ ਦੀ ਮੈਲ–ਧਨ-ਦੌਲਤ ।

ਹੱਥ ਧੋ ਬਹਿਣਾ–ਨਿਰਾਸ਼ ਹੋ ਜਾਣਾ ।

ਹੱਥ ਧੋ ਕੇ ਪਿੱਛੇ ਪੈਣਾ–ਲਗਾਤਾਰ ਸਤਾਉਣਾ, ਖਹਿੜਾ ਨਾ ਛੱਡਣਾ ।

ਹੱਥ ਪੈਰ ਪੈ ਜਾਣੇ–ਕਾਹਲੀ ਕਰਕੇ ਘਾਬਰ ਜਾਣਾ ।

ਹੱਥ ਪੈਰ ਮਾਰਨੇ–ਯਤਨ ਕਰਨਾ ।

ਹੱਥ ਮਲਣਾ–ਪੱਛੋਤਾਉਣਾ ।

ਹੱਥ ਰੰਗਣਾ–ਬੇਈਮਾਨੀ ਨਾਲ ਬਹੁਤ ਕੁਝ ਲੈ ਲੈਣਾ ।

ਹੱਥੀਂ ਛਾਵਾਂ ਕਰਨੀਆਂ–ਸਤਕਾਰ ਕਰਨਾ, ਪਿਆਰ ਕਰਨਾ ।

ਹੱਥਾਂ ਉੱਤੇ ਸਰ੍ਹੋਂ ਜਮਾਉਣੀ–ਕਿਸੇ ਕੰਮ ਨੂੰ ਐਉਂ ਕਰਨਾ ਕਿ ਦੂਜੇ ਹੈਰਾਨ ਹੋ ਜਾਣ ।

ਹੱਥੀਂ ਪੈਣਾ–ਲੜਨਾ ।

ਹੱਥੋ ਹੱਥੀਂ–ਝੱਟਪਟ, ਛੇਤੀ ।

ਹੱਥੋ ਪਾਈ ਹੋ ਪੈਣਾ–ਲੜਨ ਲੱਗ ਪੈਣਾ ।

ਹੱਥ ਲਾਇਆਂ ਮੈਲਾ ਹੋਣਾ–ਬਹੁਤ ਸੁਹਣਾ ਤੇ ਕੋਮਲ ਹੋਣਾ ।

ਹੱਥਾਂ ਪੈਰਾਂ ਵਿੱਚ ਹੋਣਾ–ਅਜੇਹਾ ਢਿੱਲਾ ਹੋਣਾ ਕਿ ਜੀਉਣ ਦੀ ਕੋਈ ਆਸ ਨਾ ਰਹਿਣੀ ।

ਹਰਨ ਹੋ ਜਾਣਾ–ਭੱਜ ਜਾਣਾ, ਨੱਠ ਜਾਣਾ ।

ਹਰਫ਼ ਆਉਣਾ–ਦੋਸ਼ ਲੱਗਣਾ ।

ਹਰ ਮਸਾਲੇ ਪਿੱਪਲਾ ਮੂਲ–ਹਰ ਕੰਮ ਨੂੰ ਹੱਥ ਪਾਉਣ ਵਾਲਾ, ਹਰ ਮਾਮਲੇ ਵਿੱਚ ਅੱਗੇ ਹੋਣ ਵਾਲਾ ।

ਹਿੱਕ ਕੱਢ ਕੇ ਤੁਰਨਾ–ਆਕੜ ਕੇ ਤੁਰਨਾ ।

Sri Satguru Jagjit Singh Ji Elibrary NamdhariElibrary@gmail.com

ਹਿੱਕ ਦੇ ਜ਼ੋਰ (ਜਾਂ ਤਾਣ)–ਆਪਣੀ ਹਿੰਮਤ ਨਾਲ ।
ਹਿੱਕ ਸਾੜਨੀ–ਬੁਰੀਆਂ ਗੱਲਾਂ ਨਾਲ ਕਿਸੇ ਨੂੰ ਬਹੁਤ ਹੀ ਦੁਖੀ ਕਰਨਾ ।
ਹਿੱਕ ਠੰਢੀ ਕਰਨੀ–ਖ਼ੁਸ਼ੀ ਕਰਨੀ, ਸੁਖ ਦੇਣਾ ।
ਹੁਮ ਹੁਮਾ ਕੇ–ਬਹੁਤ ਸਾਰੇ ਇਕੱਠੇ ਹੋ ਕੇ ।
ਕਿਸੇ ਦਾ ਹੋ ਕੇ ਰਹਿਣਾ–ਕਿਸੇ ਦੇ ਅਧੀਨ ਰਹਿਣਾ ।
ਕਸਰ ਕੱਢਣੀ–ਪਹਿਲਾ ਘਾਟਾ ਪੂਰਾ ਕਰ ਲੈਣਾ ।
ਕਸਰ ਖਾਣੀ–ਨੁਕਸਾਨ ਉਠਾਉਣਾ ।
ਕੱਖ ਭੰਨ ਕੇ ਦੂਹਰਾ ਨਾ ਕਰਨਾ ਕੁਝ ਕੰਮ ਨਾ ਕਰਨਾ, ਵਿਹਲੇ ਰਹਿਣਾ ।
ਕੱਖੋਂ ਹੌਲੇ ਹੋਣਾ–ਬਹੁਤ ਨਿਰਾਦਰੀ ਹੋਣੀ ।
ਕਿਸੇ ਦਾ ਕੰਘਾ ਕਰਨਾ ਜਾਂ ਹੋਣਾ–ਦੂਜੇ ਦਾ ਬਹੁਤ ਨੁਕਸਾਨ ਕਰਨਾ ਜਾਂ ਹੋਣਾ ।
ਕੱਚੇ ਘੜੇ ਪਾਣੀ ਭਰਨਾ–ਔਖਾ ਕੰਮ ਕਰਨਾ ।
ਕੱਛਾਂ ਵਜਾਉਣੀਆਂ–ਬਹੁਤ ਖ਼ੁਸ਼ ਹੋਣਾ ।
ਕੰਨ ਖਾਣੇ–ਬਹੁਤੀਆਂ ਗੱਲਾਂ ਕਰ ਕੇ ਕਿਸੇ ਦਾ ਸਿਰ ਖਪਾਉਣਾ ।
ਕੰਨ ਹੋਣੇ–ਅਗਾਂਹ ਲਈ ਖ਼ਬਰਦਾਰ ਹੋ ਜਾਣਾ ।
ਕੰਨ ਖਿੱਚਣੇ–ਮੱਤ ਦੇਣੀ, ਸਮਝਾਉਣਾ, ਸਜ਼ਾ ਦੇਣੀ ।
ਕੰਨ ਭਰਨੇ–ਚੁਗਲੀਆਂ ਕਰਨੀਆਂ ।
ਕੰਨ ਦੇਣਾ (ਜਾਂ ਕਰਨਾ)–ਧਿਆਨ ਨਾਲ ਸੁਣਨਾ ।
ਕੰਨ ਨਾ ਹਿਲਾਉਣਾ–ਚੁਪ ਕਰ ਰਹਿਣਾ ।
ਇਸ ਕੰਨ ਸੁਣਨਾ ਉਸ ਕੰਨ ਕੱਢ ਦੇਣਾ–ਧਿਆਨ ਦੇ ਕੇ ਗੱਲ ਨਾ ਕਰਨੀ, ਪਰਵਾਹ ਨਾ ਕਰਨੀ ।
ਕੰਨਾਂ ਦਾ ਕੱਚਾ–ਲਾਈ-ਲੱਗ, ਦੂਜੇ ਦੀ ਗੱਲ ਨੂੰ ਐਵੇਂ ਮੰਨ ਜਾਣ ਵਾਲਾ ।
ਕੰਨਾਂ ਨੂੰ ਹੱਥ ਲਾਉਣਾ–ਤੋਬਾ ਕਰਨੀ ।
ਕੰਨੀ ਕਤਰਾਉਣਾ–ਪਰੇ ਹਟਣਾ, ਬਚਣਾ ।
ਕਬੂਤਰਖਾਨਾ–ਜਿੱਥੇ ਕਈ ਆਉਣ ਤੇ ਕਈ ਜਾਣ ।
ਕੰਮਚੋਰ–ਜਿਹੜਾ ਕੰਮ ਤੋਂ ਜੀਅ ਚੁਰਾਏ, ਸੁਸਤ, ਆਲਸੀ ।
ਕਿਸੇ ਦੇ ਕੰਮ ਆਉਣਾ–ਕਿਸੇ ਦੀ ਸੇਵਾ ਜਾਂ ਸਹਾਇਤਾ ਕਰਨੀ ।
ਕੰਮ ਵਿੱਚ ਲਿਆਉਣਾ–ਵਰਤਣਾ ।
ਕਲਮ ਦਾ ਧਨੀ–ਬੜਾ ਲਿਖਾਰੀ ।
ਕਾਠ ਦੀ ਹਾਂਡੀ–ਛੇਤੀ ਨਾਸ ਹੋ ਜਾਣ ਵਾਲੀ ਸ਼ੈ ।

Sri Satguru Jagjit Singh Ji Elibrary NamdhariElibrary@gmail.com

ਕਾਠ ਦੇ ਘੋੜੇ ਦੁੜਾਉਣੇ-ਧੋਖਾ ਦੇਣਾ, ਪਖੰਡ ਕਰਨਾ।
ਕਾਲਜੇ ਤੇ ਸੱਪ ਲੇਟਣਾ—ਵੇਖ ਕੇ ਸੜਨਾ।
ਕਾਲਾ ਆਦਮੀ—ਦੇਸੀ ਆਦਮੀ, ਹਿੰਦੁਸਤਾਨੀ।
ਕਾਲਾ ਪਾਣੀ—ਜਿੱਥੇ ਉਮਰ-ਕੈਦੀ ਭੇਜੇ ਜਾਂਦੇ ਹੋਣ, ਜਿਵੇਂ ਹਿੰਦ ਦਾ ਕਾਲਾ ਪਾਣੀ 'ਅੰਡੇਮਾਨ' ਸੀ।
ਦਾਲ ਵਿੱਚ ਕੁਝ ਕਾਲਾ ਹੋਣਾ—ਕਿਸੇ ਗੱਲ ਵਿੱਚ ਖੋਟ ਦਾ ਭਰਮ ਜਾਂ ਸ਼ੱਕ ਹੋਣਾ।
ਮੂਹ ਕਾਲਾ ਤੇ ਨੀਲੇ ਪੈਰ ਹੋਣੇ-ਖੱਜਲ ਖ਼ੁਆਰ ਹੋਣਾ।
ਕਿਸ ਮੂੰਹ ਨਾਲ—ਕਿਸ ਹੌਂਸਲੇ ਤੇ ! ਸ਼ਰਮ ਨਹੀਂ ਆਉਂਦੀ !

ਕਿਸਮਤ ਦਾ ਧਨੀ }
ਕਿਸਮਤ ਦਾ ਬਲੀ } ਭਾਗਾਂ ਵਾਲਾ, ਨਸੀਬਾਂ ਵਾਲਾ।

ਕਿਸਮਤ ਦੇ ਕੜਛੇ-ਭਾਗਾਂ ਨਾਲ ਜੋ ਬਹੁਤਾ ਪਦਾਰਥ ਕਿਸੇ ਨੂੰ ਮਿਲ ਜਾਏ।
ਕੀ ਹੋਇਆ—ਕੁਝ ਪਰਵਾਹ ਨਹੀਂ।
ਕੀ ਕਹਿਣਾ ਹੈ ਜਾਂ ਕੀ ਕਹੀਏ—ਬੜੇ ਅਸਚਰਜ, ਅਫਸੋਸ ਜਾਂ ਦਲੇਰੀ ਦੀ ਗੱਲ ਹੈ।
ਕੁਝ ਕਹਿ ਬੈਠਣਾ—ਕੋਈ ਬੁਰੀ ਗੱਲ ਕਹੀ ਜਾਣੀ।
ਕੁਝ ਧੂੜ ਦੇਣਾ—ਜਾਦੂ ਕਰਨਾ।
ਕੀ ਜਾਣੀਏ—ਸਾਨੂੰ ਪਤਾ ਨਹੀਂ।
ਕੀ ਮੂੰਹ ਰਿਹਾ—ਬੜਾ ਸ਼ਰਮਿੰਦਾ ਹੋਇਆ।
ਕੀਤਾ ਪਾਉਣਾ—ਆਪਣੇ ਕਰਮਾਂ ਦਾ ਫਲ ਪਾਉਣਾ।
ਕੁਛੜ ਬਹਿ ਕੇ ਦਾੜ੍ਹੀ ਖੋਹਣੀ (ਜਾਂ ਪੁੱਟਣੀ)—ਸੱਜਣ ਬਣ ਕੇ ਬੇਇੱਜ਼ਤੀ ਕਰਨੀ।
ਕੁਝ ਕਰ ਕੇ ਵਿਖਾਉਣਾ—ਕੋਈ ਵੱਡਾ ਕੰਮ ਕਰ ਕੇ ਦੱਸਣਾ।
ਕੁਝ ਦਾ ਕੁਝ ਹੋ ਜਾਣਾ—ਹਾਲਤ ਬਿਲਕੁਲ ਬਦਲ ਜਾਣੀ।
ਕੁਝ ਦਾ ਕੁਝ ਕਹਿਣਾ—ਝੂਠ-ਮੂਠ ਕਹਿਣਾ।
ਕੁਝ ਨਾ ਪੁੱਛੋ—ਕਹਿਣ ਦੀ ਗੱਲ ਨਹੀਂ।
ਕੁੱਤੇ ਦੀ ਮੌਤ ਮਰਨਾ—ਬੇਇੱਜ਼ਤੀ ਨਾਲ ਮਰਨਾ।
ਕੋਠੇ ਤੇ ਚੜ੍ਹ ਕੇ ਨੱਚਣਾ—ਸ਼ਰਮ ਹਯਾ ਨਾ ਹੋਣੀ।
ਖਚਰਾ—ਚਲਾਕ ਆਦਮੀ।
ਖੜੇ ਖੜੇ—ਛੇਤੀ, ਥੋੜੇ ਚਿਰ ਵਿੱਚ।

ਖੜੀ ਮਾਲੀ ਲੈਣਾ–ਕੋਈ ਕੰਮ ਕੀਤੇ ਬਿਨਾਂ ਹੀ ਉਸ ਦਾ ਇਨਾਮ ਜਾਂ ਲਾਹ ਲੈ ਲੈਣਾ।

ਖਾਧਾ ਪੀਤਾ ਲੱਗਣਾ–ਖ਼ੁਰਾਕ ਪਚ ਜਾਣੀ।

ਖ਼ਾਨਾ ਖ਼ਰਾਬ ਹੋਣਾ–ਘਰ-ਵਾਲੀ ਮਰ ਜਾਣੀ, ਘਰ ਉਜੜ ਜਾਣਾ।

ਖ਼ਾਨਾ ਆਬਾਦ ਹੋਣ–ਵਿਆਹ ਹੋਣਾ, ਘਰ ਵੱਸਣਾ।

ਖ਼ਾਨਿਓਂ ਜਾਣੀ–ਸੁਰਤ ਮਾਰੀ ਜਾਣੀ, ਕੁਝ ਨਾ ਸੁੱਝਣਾ।

ਖ਼ਾਰ ਖਾਣੀ–ਵੇਖ ਕੇ ਸੜਨਾ, ਵੈਰ ਕਰਨਾ।

ਖ਼ਿਆਲੀ ਪੁਲਾ ਪਕਾਉਣਾ–ਝੂਠੇ ਖ਼ਿਆਲ ਬੰਨ੍ਹਣੇ।

ਖ਼ੁਦਾ ਖ਼ੁਦਾ ਕਰਕੇ–ਬੜੀ ਔਖੀ ਤਰ੍ਹਾਂ।

ਸਾਉਣ ਦੀ ਖ਼ੁੰਬ ਵਾਂਗ ਉੱਗਣਾ–ਝੱਟਪਟ ਪੈਦਾ ਹੋਣਾ।

ਖੁੰਬ ਠੱਪਣੀ–ਭੁਗਤ ਸੁਆਰਨੀ, ਬੁਰਾ ਹਾਲ ਕਰਨਾ।

ਖੁਰੀ ਪਿੱਛੇ ਮੱਤ–ਤੀਵੀਂ ਦੀ ਉਲਟੀ ਮੱਤ।

ਜ਼ਬਾਨ ਖੁਲ੍ਹਣੀ–ਬਹੁਤ ਬੋਲਣਾ, ਬਕਣਾ।

ਖ਼ੂਨ ਦਾ ਪਿਆਸਾ–ਪੱਕਾ ਵੈਰੀ।

ਖ਼ੂਨ ਵਧ ਜਾਣਾ–ਬੜਾ ਖ਼ੁਸ਼ ਹੋਣਾ।

ਖੇਹ ਛਾਣਨੀ–ਦਰ-ਦਰ ਟੱਕਰਾਂ ਮਾਰਨੀਆਂ।

ਖੇਡਾਂ ਖੇਡਣੀਆਂ–ਨਿਕੰਮੇ ਕੰਮ ਕਰਨਾ।

ਗੰਗਾ ਨ੍ਹਾਉਣਾ–ਕਿਸੇ ਕੰਮ ਤੋਂ ਸੁਰਖ਼ਰੂ ਹੋਣਾ।

ਗੰਗਾਜਲੀ ਉਠਾਉਣੀ ਜਾਂ ਚੁੱਕਣੀ–ਗੰਗਾ ਦੀ ਸਹੁੰ ਖਾਣੀ।

ਕਿਸੇ ਨੂੰ ਗੰਢ ਲੈਣਾ–ਆਪਣੀ ਵੱਲ ਕਰ ਲੈਣਾ।

ਗਲ ਦਾ ਹਾਰ ਹੋਣਾ–ਮਗਰੋਂ ਨਾ ਲੱਥਣਾ।

ਗਲ ਪੱਲਾ ਮੂੰਹ ਵਿੱਚ ਘਾਹ ਲੈਣਾ–ਬੜੀ ਅਧੀਨਗੀ ਕਰਨੀ।

ਗਲ ਪੈਣਾ–ਲੜਨ ਨੂੰ ਤਿਆਰ ਹੋਣਾ।

ਗਲ ਪਿਆ ਢੋਲ ਵਜਾਉਣਾ–ਜ਼ਿੰਮੇ ਲੱਗਾ ਹੋਇਆ ਕੰਮ ਔਖੇ-ਸੌਖੇ ਹੋ ਕੇ ਕਰੀ ਜਾਣਾ।

ਗਿਣਤੀ ਦੇ–ਥੋੜੇ ਜਿੰਨੇ।

ਗਿੱਲਾ ਪੀਹਣ ਪਾਉਣਾ–ਉਹ ਕੰਮ ਕਰਨਾ ਜਿਹੜਾ ਮੁੱਕਣ ਵਿੱਚ ਨਾ ਆਵੇ।

ਗੁੱਡੀ ਚੜ੍ਹਨੀ–ਬਹੁਤ ਪਰਤਾਪ ਵਧਣਾ।

ਗੁਲਛੱਰੇ ਉਡਾਉਣੇ–ਮੌਜਾਂ ਕਰਨੀਆਂ।

Sri Satguru Jagjit Singh Ji Elibrary NamdhariElibrary@gmail.com

ਗੋਦੀ ਲੈਣਾ–ਦੂਜੇ ਦੇ ਬੱਚੇ ਨੂੰ ਆਪਣਾ ਬੱਚਾ ਬਣਾ ਲੈਣਾ ।

ਗੋਦੜੀ ਵਿੱਚ ਲਾਲ–ਗੁਣਵਾਨ ਆਦਮੀ ਜੋ ਉੱਤੋਂ ਗ਼ਰੀਬੜਾ ਜੇਹਾ ਹੋਵੇ ।

ਘਰ ਦਾ ਬੂਹਾ ਦੂਜੇ ਬੰਨੇ ਲਾਉਣਾ–ਘਰ ਉਜਾੜਨਾ ।

ਘਰ ਪੂਰਾ ਕਰਨਾ–ਕਿਸੇ ਦਾ ਹੱਕ ਉਸ ਨੂੰ ਦੇ ਕੇ ਉਸ ਦੀ ਤਸੱਲੀ ਕਰਨੀ ।

ਘੜੇ ਦੀ ਮੱਛੀ–ਜਿਹੜਾ ਬੰਦਾ ਹਰ ਵੇਲੇ ਹੱਥ ਹੇਠ ਹੋਵੇ ।

ਘੜੀ ਦਾ ਘੁੱਥਾ–ਜਿਸ ਨੇ ਕੰਮ ਵੇਲੇ ਸਿਰ ਨਹੀਂ ਕੀਤਾ ।

ਘਾਹ ਵੱਢਣਾ–ਛੇਤੀ-ਛੇਤੀ ਕੋਈ ਕੰਮ ਕਰ ਸੁੱਟਣਾ ।

ਘਾਣ ਲੱਥਣਾ–ਲੜਾਈ ਵਿੱਚ ਬਹੁਤੇ ਆਦਮੀ ਮਾਰੇ ਜਾਣੇ ।

ਲਹੂ ਦੇ ਘੁੱਟ ਭਰਨੇ–ਸਬਰ ਕਰਨਾ ।

ਘੋੜੇ ਦੁੜਾਉਣੇ–ਦੂਜੇ ਨੂੰ ਹਰਾਉਣ ਲਈ ਬਹੁਤ ਯਤਨ ਕਰਨਾ ।

ਘੋੜੇ ਕੰਨ ਬਰਾਬਰ ਹੋਣੇ–ਜੋ ਖੱਟਣਾ ਸੋ ਖਾ ਛੱਡਣਾ ।

ਚੰਨ ਚਾੜ੍ਹਨਾ–ਕੰਮ ਵਿਗਾੜ ਦੇਣਾ ।

ਚੱਪਣੀ ਵਿੱਚ ਨੱਕ ਡੋਬ ਕੇ ਮਰ ਜਾਣਾ–ਬਹੁਤ ਸ਼ਰਮਿੰਦਾ ਹੋਣਾ ।

ਚੰਮ ਜਾਂ ਚਮੜੀ ਉਧੇੜਨੀ–ਬਹੁਤ ਮਾਰਨਾ, ਕੁੱਟਣਾ ।

ਚਰਨ ਧੋ ਕੇ ਪੀਣਾ–ਬਹੁਤ ਆਦਰ-ਮਾਣ ਕਰਨਾ ।

ਚੜ੍ਹ ਮੱਚਣੀ–ਕਿਸੇ ਦੀ ਗੱਲ ਸੱਚੀ ਨਿਕਲ ਆਉਣ ਪੁਰ ਉਸ ਨੂੰ ਘੁਮੰਡ ਹੋਣਾ ।

ਆਸਮਾਨ ਤੇ ਚੜ੍ਹਾਉਣਾ–ਹੱਦੋਂ ਬਾਹਰ ਵਡਿਆਉਣਾ ।

ਚਾਂਦੀ ਦੀ ਜੁੱਤੀ ਮਾਰਨੀ–ਵੱਢੀ ਦੇਣੀ ।

ਚਾਰ ਦਿਨ–ਥੋੜਾ ਸਮਾਂ ।

ਚਿੱਤ ਹੋਣਾ (ਹੋ ਜਾਣਾ)–ਮਰ ਜਾਣਾ ।

ਚਿੜੀ ਨਾਂ ਫਟਕਣੀ–ਕੋਈ ਮਨੁੱਖ ਨਾ ਆ ਸਕਣਾ ।

ਨਗਾਰੇ ਦੀ ਚੋਟ ਨਾਲ–ਸਭ ਦੇ ਸਾਹਮਣੇ ।

ਜੰਗਲ ਵਿੱਚ ਮੰਗਲ ਹੋਣਾ–ਉਜਾੜ ਵਿੱਚ ਰੌਣਕ ਹੋ ਜਾਣੀ ।

ਜ਼ਬਾਨ ਕਰਨੀ ਜਾਂ ਦੇਣੀ–ਇਕਰਾਰ ਕਰਨਾ ।

ਜ਼ਬਾਨ ਗੰਦੀ ਕਰਨੀ–ਗੰਦੇ ਬਚਨ ਬੋਲਣੇ ।

ਜ਼ਬਾਨ ਬੰਦ ਕਰਨੀ–ਬੋਲਦੇ ਨੂੰ ਚੁੱਪ ਕਰਾ ਦੇਣਾ ।

ਜ਼ਬਾਨ ਤੇ ਚੜ੍ਹਨਾ–ਯਾਦ ਹੋ ਜਾਣਾ ।

ਜ਼ਬਾਨੀ ਜਮ੍ਹਾ ਖ਼ਰਚ ਕਰਨਾ–ਨਿਰੀਆਂ ਗੱਲਾਂ ਹੀ ਗੱਲਾਂ ਕਰਨੀਆਂ ਤੇ ਕਰਨਾ ਕੁਝ ਨਾ ।

Sri Satguru Jagjit Singh Ji Elibrary NamdhariElibrary@gmail.com

ਜਵਾਬ ਦੇਣਾ–ਨਾਂਹ ਕਰ ਦੇਣੀ, ਕੰਮ ਤੋਂ ਹਟਣਾ।

ਜਮ ਹੋ ਕੇ ਚੰਬੜਨਾ–ਪਿੱਛਾ ਨਾ ਛੱਡਣਾ, ਮਗਰੋਂ ਨਾ ਲੱਥਣਾ।

ਜੜ੍ਹ ਵੱਢਣਾ ਜਾਂ ਜੜ੍ਹੀਂ ਤੇਲ ਦੇਣਾ–ਤਬਾਹ ਕਰ ਦੇਣਾ।

ਜਾਨ ਸੁੱਕਣੀ–ਚਿੰਤਾ ਜਾਂ ਡਰ ਨਾਲ ਬਹੁਤੇ ਦੁਖੀ ਹੋਣਾ।

ਜਾਨ ਛੁਡਾਉਣੀ–ਪਿੱਛਾ ਛੁਡਾਉਣਾ।

ਜਾਨ ਦੇਣੀ–ਸਦਕੇ ਹੋਣਾ, ਕੁਰਬਾਨ ਹੋਣਾ।

ਜਾਨ ਮਾਰਨੀ–ਬਹੁਤ ਯਤਨ ਕਰਨਾ।

ਜਾਨ ਤਲੀ ਤੇ ਧਰਨੀ–ਜਾਨ ਨੂੰ ਖ਼ਤਰੇ ਵਿੱਚ ਪਾਉਣਾ।

ਜੀਅ ਕੱਚਾ ਹੋਣਾ–ਉਲਟੀ ਆਉਣ ਲੱਗਣੀ।

ਜੀਅ ਥੋੜਾ ਹੋਣਾ–ਹਿੰਮਤ ਨਾ ਰਹਿਣੀ।

ਜੀਅ ਦੀ ਜੀਅ ਵਿੱਚ ਰਹਿਣੀ–ਮੁਰਾਦ ਪੂਰੀ ਨਾ ਹੋਣੀ।

ਜੀਅ ਭਰ ਜਾਣਾ–ਰੱਜ ਜਾਣਾ, ਇੱਛਾ ਨਾ ਰਹਿਣੀ।

ਜੀਅ ਭਰ ਆਉਣਾ–ਤਰਸ ਆ ਜਾਣਾ, ਰੋਣ ਨੂੰ ਜੀਅ ਕਰਨਾ।

ਜੁੱਤੀਆਂ ਖਾਣੀਆਂ–ਨਿਰਾਦਰੀ ਕਰਾਉਣੀ।

ਜ਼ੋਰ ਕਰਨਾ–ਕਸਰਤ ਕਰਨੀ।

ਜ਼ੋਰ ਚੱਲਣਾ–ਇਖ਼ਤਿਆਰ ਹੋਣਾ।

ਝੱਗ ਛੱਡਣੀ–ਬਹੁਤ ਗ਼ੁੱਸਾ ਆਉਣਾ।

ਝਾੜੂ (ਜਾਂ ਹੂੰਝਾ) ਫੇਰਨਾ–ਬਰਬਾਦ ਕਰਨਾ, ਤਬਾਹ ਕਰਨਾ।

ਟੱਕਰ ਪਹਾੜ ਨਾਲ ਲਾਉਣੀ–ਡਾਢੇ ਨਾਲ ਮੱਥਾ ਲਾਉਣਾ।

ਟਕੇ ਵਰਗਾ ਜਵਾਬ ਦੇਣਾ–ਬਿਲਕੁਲ ਨਾਂਹ ਕਰ ਦੇਣੀ।

ਠੁੱਠ ਵਿਖਾਉਣਾ–ਤੁੱਛ ਸਮਝਣਾ, ਨਾਂਹ ਕਰ ਦੇਣੀ।

ਢਲਦਾ ਪਰਛਾਵਾਂ, ਢਲਦੀ ਛਾਂ–ਸੰਸਾਰ ਦਾ ਸੁਖ, ਜੋ ਸਦਾ ਨਹੀਂ ਰਹਿੰਦਾ।

ਢਾਈ ਟੋਟਰੂ–ਗਿਣਤੀ ਵਿੱਚ ਬਹੁਤ ਥੋੜੇ।

ਢਿੱਡ ਵਿੱਚ ਰੱਖਣਾ–ਭੇਤ ਨਾ ਦੱਸਣਾ।

ਢਿੱਡੀਂ ਪੀੜਾਂ ਪੈਣੀਆਂ–ਬਹੁਤ ਹੱਸਣਾ।

ਢੇਰੀ (ਢਿੱਗੀ) ਢਾਉਣੀ–ਹਿੰਮਤ ਹਾਰਨਾ, ਹੌਸਲਾ ਹਾਰ ਕੇ ਬਹਿ ਜਾਣਾ।

ਤੱਤੀ ਵਾਉ ਨਾ ਲੱਗਣੀ–ਕੋਈ ਦੁੱਖ-ਤਕਲੀਫ਼ ਨਾ ਹੋਣੀ।

ਤਾ ਥਾ ਦਾ ਫ਼ਰਕ–ਬਹੁਤ ਥੋੜਾ ਫ਼ਰਕ।

ਤਾਉੜੀ ਮਾਰਨੀ–ਕਿਸੇ ਦੇ ਪਿੱਛੇ ਤਾਉੜੀਆਂ ਮਾਰ ਕੇ ਉਹਦੀ ਬੇ-ਇੱਜ਼ਤੀ ਕਰਨੀ।

Sri Satguru Jagjit Singh Ji Elibrary NamdhariElibrary@gmail.com

ਤਾਰ ਬੱਝ ਜਾਣੀ–ਇੱਕੋ ਹਾਲਤ ਲਗਾਤਾਰ ਰਹਿਣੀ।
ਤੀਰ ਹੋ ਜਾਣਾ–ਝੱਟਪਟ ਨੱਸ ਜਾਣਾ।
ਤੀਰ ਲੱਗਣਾ–ਕਿੱਸੇ ਦੀ ਗੱਲ ਦਿਲ ਨੂੰ ਚੁੱਭਣੀ।
ਤੇਲ ਦੀ ਕੜਾਹੀ ਵਿੱਚ ਪੈਣਾ–ਬਹੁਤ ਦੁਖੀ ਹੋਣਾ।
ਥਈਆ ਥਈਆ ਕਰਨਾ–ਤਾਲ ਨਾਲ ਨੱਚਣਾ।
ਥੁੱਕ ਸਿੱਟਣਾ–ਤਿਆਗਣਾ।
ਥੁੱਕ ਕੇ ਚੱਟਣਾ–ਬਚਨ ਦੇ ਕੇ ਪੂਰਾ ਨਾ ਕਰਨਾ।
ਥੁੱਕੀਂ ਵੜੇ ਪਕਾਉਣੇ–ਨਿਰੀਆਂ ਗੱਲਾਂ ਨਾਲ ਕੰਮ ਪੂਰੇ ਕਰਨੇ।
ਦੰਦ ਕੱਢਣੇ–ਹੱਸਣਾ।
ਦੰਦ ਖੱਟੇ ਹੋਣੇ–ਦਿਲ ਟੁੱਟ ਜਾਣਾ, ਹਾਰ ਜਾਣਾ।
ਦੰਦ ਖੱਟੇ ਕਰਨੇ–ਦਿਲ ਤੋੜ ਦੇਣਾ, ਹਰਾਉਣਾ।
ਦੰਦ ਪੀਹਣੇ–ਬਹੁਤ ਗੁੱਸੇ ਵਿੱਚ ਆਉਣਾ।
ਦੰਦਾਂ ਵਿੱਚ ਉਂਗਲਾਂ ਲੈਣੀਆਂ–ਹੈਰਾਨ ਹੋਣਾ।
ਦਮ ਖ਼ੁਸ਼ਕ ਹੋਣਾ–ਡਰ ਜਾਣਾ।
ਦਮ ਲੈਣਾ–ਥੋੜਾ ਚਿਰ ਅਰਾਮ ਕਰਨਾ, ਅਟਕਣਾ।
ਕੋਈ ਦਮ ਦਾ ਪਰਾਹੁਣਾ–ਜਿਸ ਨੇ ਛੇਤੀ ਮਰ ਜਾਣਾ ਹੋਵੇ।
ਦਿਨ-ਕੱਟੀ ਕਰਨਾ, ਦਿਨ ਕੱਟਣਾ–ਦਿਨ ਪੂਰੇ ਕਰਨੇ, ਔਖੇ ਹੋ ਕੇ ਡੰਗ ਲੰਘਾਉਣਾ।
ਦਿਨ ਫਿਰਨੇ–ਬੁਰੇ ਦਿਨਾਂ ਮਗਰੋਂ ਚੰਗੇ ਦਿਨ ਆਉਣੇ।
ਦਿਲ ਖੋਲ੍ਹ ਕੇ–ਚੰਗੀ ਤਰ੍ਹਾਂ, ਰੱਜ ਕੇ।
ਦਿਲ ਖੱਟਾ ਹੋਣਾ–ਪਿਆਰ ਨਾ ਰਹਿਣਾ।
ਚਿੜੀਆਂ ਦਾ ਦੁੱਧ–ਜਿਹੜੀ ਚੀਜ਼ ਕਿਤੇ ਨਾ ਮਿਲਦੀ ਹੋਵੇ।
ਦੁੱਧ ਦਾ ਉਬਾਲ–ਥੋੜ੍ਹੇ ਚਿਰ ਦਾ ਜੋਸ਼।
ਦੁੱਧੋਂ ਪਾਣੀ ਵੱਖ ਕਰਨਾ–ਪੂਰਾ-ਪੂਰਾ ਇਨਸਾਫ਼ ਕਰਨਾ।
ਦੋ ਦਿਨ ਦਾ ਪਰਾਹੁਣਾ–ਜਿਸ ਦਾ ਅੰਤ ਛੇਤੀ ਹੋਣ ਵਾਲਾ ਹੋਵੇ।
ਦੋ ਪੁੜ ਮਿਲਦੇ–ਤ੍ਰਿਕਾਲਾਂ ਵੇਲੇ।
ਦੂਰੋਂ ਮੱਥਾ ਟੇਕਣਾ–ਕਿਸੇ ਨੂੰ ਭੈੜਾ ਜਾਣ ਕੇ ਉਸ ਤੋਂ ਦੂਰ ਰਹਿਣਾ।
ਧੱਕਾ ਲੱਗਣਾ–ਨੁਕਸਾਨ ਹੋਣਾ, ਬਿਪਤਾ ਪੈਣੀ।
ਧੱਕੇ ਖਾਣੇ (ਪੈਣੇ)-ਖ਼ੁਆਰ ਹੋਣਾ।
ਨੱਕ ਡੋਬ ਕੇ ਮਰ ਜਾਣਾ–ਸ਼ਰਮਿੰਦਾ ਹੋਣਾ।

Sri Satguru Jagjit Singh Ji Elibrary NamdhariElibrary@gmail.com

ਨੱਕ ਤੇ ਮੱਖੀ ਨਾ ਬੈਠਣ ਦੇਣੀ-ਆਪਣੀ ਸਾਖ ਨੂੰ ਦਾਗ਼ ਨਾ ਲੱਗਣ ਦੇਣਾ, ਅਣਖ ਵਿੱਚ ਰਹਿਣਾ।

ਨੱਕ ਦੀ ਸੇਧੇ ਤੁਰਨਾ-ਬਿਲਕੁਲ ਸਿੱਧੇ ਰਾਹ ਜਾਣਾ, ਕਾਰ-ਵਿਹਾਰ ਵਿੱਚ ਸੱਚਾ-ਸੁੱਚਾ ਹੋਣਾ।

ਨੱਕ ਨਾ ਰਹਿਣਾ–ਇੱਜ਼ਤ ਨਾ ਰਹਿਣੀ।

ਨੱਕ ਰੱਖ ਲੈਣਾ–ਇੱਜ਼ਤ ਬਚਾ ਲੈਣੀ।

ਨੱਕ ਵੱਢਿਆ ਜਾਣਾ–ਬੇ-ਇੱਜ਼ਤੀ ਹੋਣੀ।

ਨੱਕ ਵਿੱਚ ਦਮ ਆਉਣਾ (ਕਰਨਾ)–ਤੰਗ ਹੋਣਾ (ਕਰਨਾ)।

ਨੱਕ ਰਗੜਨਾ–ਤਰਲੇ ਕਰਨੇ।

ਨੱਕ ਚਾੜ੍ਹਨਾ (ਵੱਟਣਾ)–ਨਫ਼ਰਤ ਕਰਨੀ।

ਨਵੇਂ ਸਿਰੇ ਜਨਮ ਹੋਣਾ–ਬਹੁਤ ਬਿਮਾਰੀ ਪਾ ਕੇ ਫਿਰ ਤਕੜੇ ਹੋਣਾ।

ਨਮਦਾ ਬੁੱਧ–ਥੋੜੀ ਅਕਲ, ਥੋੜੀ ਅਕਲ ਵਾਲਾ।

ਨਾਂ ਕੱਢਣਾ–ਮਸ਼ਹੂਰ ਹੋਣਾ ਜਾਂ ਕਰਨਾ।

ਨਾਂ ਪਿੱਛੇ ਮਰਨਾ–ਸੋਭਾ ਖੱਟਣ ਦਾ ਯਤਨ ਕਰਨਾ।

ਨਾਂ ਲੱਗਣਾ–ਕਿਸੇ ਦੇ ਜ਼ਿੰਮੇ ਕੋਈ ਦੋਸ਼ ਲੱਗਣਾ।

ਨਾਦੂਸ਼ਾਹ ਜਾਂ ਨਾਢੂ ਸਰਾਫ਼–ਢਿੱਠਿਆ ਹੋਇਆ, ਮਿਜ਼ਾਜ ਕਰਨ ਵਾਲਾ।

ਨਾਨੀ ਸੁਪਨੇ ਆਉਣੀ ਜਾਂ ਚੇਤੇ ਆਉਣੀ–ਬਹੁਤ ਔਖੇ ਹੋਣਾ।

ਪੰਡ ਚੁੱਕਣੀ–ਜ਼ਿੰਮੇਵਾਰੀ ਉਠਾਉਣੀ।

ਪੱਕੇ ਪੈਰਾਂ ਉੱਤੇ ਖਲੋਣਾ–ਆਪਣੀ ਗੱਲ ਉੱਪਰ ਕਾਇਮ ਰਹਿਣਾ।

ਪੱਗ ਲਾਹੁਣੀ–ਪਤ ਉਤਾਰਨੀ, ਬੇਇੱਜ਼ਤੀ ਕਰਨੀ।

ਪੱਗ ਵਟਾਉਣੀ–ਧਰਮ ਦੇ ਭਰਾ ਬਣਨਾ।

ਪੱਛਾਂ ਉੱਤੇ ਲੂਣ ਛਿੜਕਣਾ–ਦੁਖੇ ਹੋਏ ਨੂੰ ਦੁਖਾਉਣਾ।

ਪੱਲੇ ਬੰਨ੍ਹਣਾ–ਚੇਤੇ ਰੱਖਣਾ।

ਪੱਲਾ ਪਾਉਣਾ–ਕਿਸੇ ਦੇ ਮਰਨ ਤੇ ਤੀਵੀਆਂ ਦਾ ਰਲ ਕੇ ਰੋਣਾ

ਪੜਦਾ ਪਾਉਣਾ–ਕਿਸੇ ਬੁਰੀ ਗੱਲ ਦੇ ਭੇਤ ਨੂੰ ਲੁਕਾਉਣਾ।

ਪਿੱਛੇ ਪੈਣਾ–ਖਹਿੜੇ ਪੈਣਾ, ਦੁਖ ਦੇਣਾ।

ਕੁਝ ਪਿੱਛੇ ਪਾਉਣਾ–ਬਚਾਉਣਾ।

ਪਿੱਠ ਦੇ ਜਾਣੀ–ਛੱਡ ਕੇ ਨੱਸ ਜਾਣਾ।

ਪਿੱਸੂ ਪੈਣੇ–ਫ਼ਿਕਰ ਲੱਗਣਾ, ਡਰ ਹੋਣਾ, ਘਾਬਰਨਾ।

Sri Satguru Jagjit Singh Ji Elibrary NamdhariElibrary@gmail.com

ਪਾਣੀ ਉਤਰਨਾ–(ਅੱਖਾਂ ਵਿੱਚ) ਮੋਤੀਆ-ਬਿੰਦ ਹੋ ਜਾਣਾ।
ਪਾਣੀ ਦਾ ਬੁਲਬੁਲਾ–ਛੇਤੀ ਨਾਸ ਹੋਣ ਵਾਲਾ।
ਪਾਣੀ ਪਾਣੀ ਹੋਣਾ–ਸ਼ਰਮ ਦੇ ਮਾਰੇ ਤ੍ਰੇਲੀ ਆ ਜਾਣੀ।
ਪਾਣੀ ਭਰਨਾ–ਸੇਵਾ ਕਰਨੀ, ਅਧੀਨ ਹੋਣਾ।
ਪਾਣੀ ਬਦਲਣਾ–ਸਰੀਰ ਦੀ ਅਰੋਗਤਾ ਲਈ ਇੱਕ ਥਾਂ ਤੋਂ ਦੂਜੀ ਥਾਂ ਜਾ ਰਹਿਣਾ।
ਪਾਣੀ ਵਿਖਾਉਣਾ–ਪਸ਼ੂ ਨੂੰ ਪਾਣੀ ਪਿਆਉਣ ਲਈ ਪਾਣੀ ਕੋਲ ਲੈ ਜਾਣਾ।
ਪਾਪੜ ਵੇਲਣੇ–ਛੋਟੇ-ਮੋਟੇ ਬਹੁਤ ਕੰਮ ਕਰਨੇ, ਦੁੱਖ ਭੋਗਣੇ।
ਪੂਰਾ ਉਤਰਨਾ–ਕੰਮ ਸਿਰੇ ਚਾੜ੍ਹ ਸਕਣਾ।
ਪੂਰਾ ਹੋਣਾ–ਮੁੱਕਣਾ, ਮਰ ਜਾਣਾ।
ਪੂਰਾ ਨਿਕਲਣਾ–ਕਾਫ਼ੀ ਹੋਣਾ, ਜਿਸ ਨਾਲ ਕੰਮ ਸਰ ਜਾਵੇ।
ਪੈਰ ਉਖੜਨਾ–ਟਿਕ ਨਾ ਸਕਣਾ, ਹਾਰ ਕੇ ਨੱਸ ਪੈਣਾ।
ਪੈਰ ਅੜਾਉਣਾ–ਦਖ਼ਲ ਦੇਣਾ।
ਪੈਰ ਕਬਰ ਵਿੱਚ ਧਰਨਾ–ਬੁੱਢੇ ਹੋ ਜਾਣਾ।
ਪੈਰ ਚੁੰਮਣੇ–ਬਹੁਤ ਆਦਰ-ਮਾਣ ਕਰਨਾ।
ਪੈਰ ਜ਼ਮੀਨ ਤੇ ਨਾ ਰੱਖਣੇ–ਆਪਣੇ ਆਪ ਨੂੰ ਵੱਡਾ ਜਤਾਉਣਾ।
ਦੱਬੇ ਪੈਰ–ਹੌਲੀ-ਹੌਲੀ ਪੈਰ ਰੱਖਣੇ, ਜਿਸ ਤੋਂ ਅਵਾਜ਼ ਨਾ ਆਵੇ।
ਪੈਰ ਧੋ ਕੇ ਪੀਣੇ–ਬਹੁਤ ਆਦਰ ਜਾਂ ਸੇਵਾ ਕਰਨੀ।
ਪੈਰ ਪਸਾਰਨੇ–ਬਹੁਤ ਚੀਜ਼ਾਂ ਲੈਣ ਦਾ ਯਤਨ ਕਰਨਾ, ਬਹੁਤੀ ਥਾਂ ਮਲਣੀ।
ਪੈਰ ਪੂਜਣੇ–ਬਹੁਤ ਆਦਰ-ਮਾਣ ਕਰਨਾ।
ਪੈਰ ਪਸਾਰ ਕੇ ਸੌਣਾ–ਨਿਚਿੰਤ ਅਤੇ ਸੁਖੀ ਹੋਣਾ।
ਪੈਰ ਵਿਚ ਚੱਕਰ ਹੋਣਾ–ਇੱਕ ਥਾਂ ਟਿਕ ਕੇ ਨਾ ਰਹਿਣਾ।
ਪੈਰਾਂ ਵਿੱਚ ਰਹਿਣਾ–ਸਦਾ ਅਧੀਨਗੀ ਕਰਨੀ।
ਪੈਰ ਕੱਢਣਾ–ਆਪਣਾ ਦਖ਼ਲ ਹਟਾ ਲੈਣਾ।
ਫ਼ਸਲੀ ਬਟੇਰਾ–ਖ਼ਾਸ ਮੌਕੇ ਤੇ ਆਉਣ ਵਾਲਾ।
ਫੱਕਾ ਨਾ ਛੱਡਣਾ–ਸਭ ਕੁਝ ਲੈ ਲੈਣਾ।
ਫੱਕਾ ਨਾ ਰਹਿਣਾ–ਸਭ ਕੁਝ ਨਸ਼ਟ ਹੋ ਜਾਣਾ।
ਫਟਕਾ ਨਾ ਖਾਣਾ–ਝੱਟਪਟ ਮਰ ਜਾਣਾ।
ਫਿਟਣੀਆਂ ਦਾ ਫੇੜ–ਫ਼ਸਾਦੀ ਆਦਮੀ।
ਫੁਟ ਫੁਟ ਕੇ ਰੋਣਾ–ਜੀਅ ਖੋਲ੍ਹ ਕੇ ਰੋਣਾ, ਬਹੁਤ ਰੋਣਾ।

Sri Satguru Jagjit Singh Ji Elibrary NamdhariElibrary@gmail.com

ਫੁੱਲ ਚੁਣਨੇ (ਚੁਗਣੇ)–ਸਾੜੇ ਹੋਏ ਮੁਰਦੇ ਦੀਆਂ ਹੱਡੀਆਂ ਚੁਗਣੀਆਂ ।
ਫੁੱਲ ਝੜਨੇ (ਮੂੰਹ ਵਿੱਚੋਂ)–ਬਹੁਤ ਚੰਗੀਆਂ ਤੇ ਮਨ-ਭਾਉਣੀਆਂ ਗੱਲਾਂ ਕਰਨੀਆਂ।
ਫੁੱਲ ਜਾਣਾ–ਖੁਸ਼ ਹੋਣਾ, ਅਭਿਮਾਨ ਹੋ ਜਾਣਾ ।
ਫੂਕ ਚਾੜ੍ਹਨੀ–ਕਿਸੇ ਨੂੰ ਲੜਾਈ ਵਾਸਤੇ ਉਕਸਾਉਣਾ ।
ਫੂੜ੍ਹੀ ਪਾਉਣੀ–ਕਿਸੇ ਸੰਬੰਧੀ ਦੇ ਮਰ ਜਾਣ ਤੇ ਸੋਗ ਦੀ ਸਫ਼ ਵਿਛਾਉਣੀ, ਕਿਸੇ ਕੰਮ ਦੀ ਖਾਤਰ ਧਰਨਾ ਮਾਰ ਕੇ ਬਹਿਣਾ ।
ਫੂਕ ਨਿਕਲਣੀ–ਮਰ ਜਾਣਾ ।
ਫੇਰ ਵਿੱਚ ਆਉਣਾ–ਔਖ ਵਿੱਚ ਫਸ ਜਾਣਾ ।
ਫੇਰੇ ਦੇਣੇ–ਲਾਵਾਂ ਦੇਣੀਆਂ, ਵਿਆਹ ਕਰਨਾ ।
ਫੇਰੇ ਪਾਉਣੇ–ਕਈ ਵਾਰੀ ਆਉਣਾ ।
ਫੇਰੀ ਪਾਉਣੀ–ਭਿੱਖ ਮੰਗਣ ਲਈ ਜਾਣਾ ।
ਫੇਰੀ ਫਿਰਨਾ–ਭਿੱਖ ਮੰਗਦੇ ਫਿਰਨਾ, ਮਾਲ ਵੇਚਦੇ ਫਿਰਨਾ ।
ਫ਼ੌਜਦਾਰੀ ਕਰਨੀ–ਦੰਗਾ-ਫ਼ਸਾਦ ਕਰਨਾ ।
ਵਿਗਾਰ ਟਾਲਣਾ–ਬੇ-ਪਰਵਾਹੀ ਨਾਲ ਕੰਮ ਕਰਨਾ ।
ਬਚਨ ਦੇਣਾ (ਲੈਣਾ)–ਇਕਰਾਰ ਕਰਨਾ (ਕਰਾਉਣਾ) ।
ਬਚਨ ਪਾਲਣਾ–ਇਕਰਾਰ ਪੂਰਾ ਕਰਨਾ ।
ਬਚਨ ਹਾਰਨਾ–ਬਚਨ ਦੇ ਕੇ ਪੂਰਾ ਨਾ ਕਰਨਾ ।
ਠੋਕ ਵਜਾ ਕੇ ਲੈਣਾ–ਪਰਖਣਾ, ਖੜਕਾ ਕੇ ਵੇਖਣਾ ।
ਬਣ ਬਣ ਪੈਣਾ–ਸੁਜਣਾ ਲੱਗਣਾ ।
ਬਰ ਮਿਚਣਾ, ਬਸਰ ਆਉਣਾ–ਬਰਾਬਰ ਦਾ ਹੋਣਾ, ਟਾਕਰਾ ਕਰ ਸਕਣਾ ।
ਬਲ ਬਲ ਜਾਣਾ–ਬਲਿਹਾਰ ਜਾਂ ਕੁਰਬਾਨ ਹੋਣਾ ।
ਬਾਂਹ ਭਜਣੀ (ਟੁੱਟਣੀ)–ਭਰਾ ਜਾਂ ਸੱਜਣ ਦਾ ਮਰ ਜਾਣਾ ।
ਬਾਂਹ ਫੜਨੀ–ਮੱਦਦ ਕਰਨੀ, ਸਹਾਰਾ ਦੇਣਾ ।
ਬਾਨ੍ਹਣੂ ਬੰਨ੍ਹਣਾ–ਪਕਾ ਬੰਦੋਬਸਤ ਕਰਨਾ ।
ਬਾਛੀਆਂ ਖੁਲ੍ਹ ਜਾਣੀਆਂ–ਬਹੁਤ ਹੱਸਣਾ, ਬਹੁਤਖ਼ੁਸ਼ ਹੋਣਾ ।
ਬਾੜ੍ਹ ਝਾੜਨੀ–ਬੰਦੂਕ ਨਾਲ ਇਕੱਠੀਆਂ ਗੋਲੀਆਂ ਚਲਾਉਣੀਆਂ ।
ਬਿੱਤਰ ਬਿੱਤਰ ਵੇਖਣਾ–ਹੈਰਾਨ ਹੋ ਕੇ ਕਿਸੇ ਵੱਲ ਵੇਖਣਾ ।
ਬੁੱਲ੍ਹੇ ਲੁੱਟਣਾ–ਮੌਜਾਂ ਕਰਨੀਆਂ ।
ਬੇੜਾ ਡੁੱਬਣਾ–ਕੱਖ ਨਾ ਰਹਿਣਾ, ਸਭ ਕੁਝ ਨਸ਼ਟ ਹੋ ਜਾਣਾ ।

Sri Satguru Jagjit Singh Ji Elibrary NamdhariElibrary@gmail.com

ਬੇੜਾ ਪਾਰ ਹੋਣਾ—ਦੁੱਖ ਦੂਰ ਹੋਣੇ, ਮੁਰਾਦ ਪੂਰੀ ਹੋਣੀ।

ਬੇੜਾ ਪਾਰ ਕਰਨਾ—ਸਹਾਇਤਾ ਦੇ ਕੇ ਦੁੱਖ ਦੂਰ ਕਰਨਾ ਜਾਂ ਕੰਮ ਸੁਆਰਨਾ।

ਦੋ ਬੇੜੀਆਂ ਵਿੱਚ ਲੱਤ ਹੋਣੀ—ਅਜੇਹੇ ਦੋ ਕੰਮਾਂ ਵਿੱਚ ਫਸੇ ਹੋਣਾ ਕਿ ਦੋਵੇਂ ਨਾ ਨਿੱਭ ਸਕਣ।

ਬੇੜੀਆਂ ਵਿੱਚ ਵੱਟੇ ਪੈਣੇ—ਬਰਬਾਦੀ ਦਾ ਮੁੱਢ ਬੱਝਣਾ।

ਬੋਲੀ ਮਾਰਨੀ (ਲਾਉਣੀ)—ਮਿਹਣਾ ਦੇਣਾ।

ਬੋਰੀ ਦਾ ਮੂੰਹ ਖੋਲ੍ਹ ਦੇਣਾ—ਖੁੱਲ੍ਹੇ ਦਿਲ ਨਾਲ ਖਰਚ ਕਰਨਾ।

ਭੰਡੀ ਪੈਣੀ, ਹੋਣੀ ਜਾਂ ਮੱਚਣੀ—ਲੋਕਾਂ ਵਿੱਚ ਨਿੰਦਿਆ ਜਾਂ ਬਦਨਾਮੀ ਹੋਣੀ।

ਭਾਰਾਂ ਤੇ ਪੈਣਾ—ਕਿਸੇ ਤੋਂ ਮਿੰਨਤਾਂ ਕਰਾਉਣ ਲਈ ਉਸ ਦਾ ਕੰਮ ਕਰਨੋਂ ਟਾਲ-ਮਟੋਲੇ ਕਰਨੇ।

ਭਾਰ ਚੜ੍ਹਨਾ—ਕਿਸੇ ਦਾ ਹਸਾਨ ਸਿਰ ਤੇ ਹੋਣਾ।

ਭਾਰ ਉਤਾਰਨਾ—ਆਪਣਾ ਫ਼ਰਜ਼ ਪੂਰਾ ਕਰਨਾ।

ਭੁਗਤ ਸੁਆਰਨੀ—ਦੁੱਖ ਦੇਣਾ।

ਭੂੰਡਾਂ ਦੀ ਖੱਖਰ ਨੂੰ ਛੇੜਨਾ—ਬੁਰੇ ਆਦਮੀ ਨਾਲ ਲੜਾਈ ਦਾ ਮੁੱਢ ਬੰਨ੍ਹਣਾ।

ਮੱਖੀਆਂ ਭਿਣਕਾਉਣਾ ਜਾਂ ਮਾਰਨਾ—ਨਿਕੰਮੇ ਰਹਿਣਾ, ਕੋਈ ਕੰਮ ਨਾ ਕਰਨਾ।

ਮੱਖੀ ਤੇ ਮੱਖੀ ਮਾਰਨੀ—ਬਿਨਾਂ ਸੋਚੇ-ਵਿਚਾਰੇ ਕਿਸੇ ਗੱਲ ਦੀ ਇਨ-ਬਿਨ ਨਕਲ ਕਰਨੀ।

ਮਗਰ ਪੈਣਾ—ਖਹਿੜੇ ਪੈਣਾ।

ਮਗਰੋਂ ਲਾਹੁਣਾ—ਪਿੱਛਾ ਛੁਡਾਉਣਾ।

ਮਾਰੋ ਮਾਰ ਕਰਨਾ—ਬੜੇ ਜੋਸ਼ ਨਾਲ ਕੰਮ ਕਰਨਾ।

ਮੱਥਾ ਡਾਹੁਣਾ—ਲੜਾਈ ਲਾ ਬਹਿਣਾ।

ਮੱਥਾ ਫੜ ਕੇ ਬਹਿ ਜਾਣਾ—ਕੋਈ ਆਸ ਨਾ ਰਹਿਣੀ।

ਮੱਥਾ ਰਗੜਨਾ—ਮਿੰਨਤਾਂ-ਤਰਲੇ ਕਰਨੇ।

ਮੱਥੇ ਲੱਗਣਾ—ਮੂੰਹ ਵੇਖਣਾ, ਮਿਲਣਾ, ਊਜ ਲੱਗਣੀ।

ਮੱਥੇ ਮਾਰਨਾ—ਚੀਜ਼ ਨਿਕੰਮੀ ਸਮਝ ਕੇ ਦੇਣ ਵਾਲੇ ਨੂੰ ਹੀ ਨਿਰਾਦਰੀ ਨਾਲ ਮੋੜ ਦੇਣੀ।

ਮੱਥੇ ਵੱਟ ਪਾਉਣਾ—ਨੱਕ ਵੱਟਣਾ, ਗੁੱਸੇ ਹੋਣਾ।

ਮੱਥੇ ਤੇ ਲਿਖਿਆ ਹੋਣਾ—ਕਿਸਮਤ ਵਿੱਚ ਹੋਣਾ।

ਮੱਥਾ ਡੰਮ੍ਹਣਾ—ਕਿਸੇ ਨੂੰ ਮਾੜੀ-ਮੋਟੀ ਚੀਜ਼ ਦੇ ਕੇ ਮਗਰੋਂ ਲਾਹੁਣਾ।

ਮਦਾਨ ਮਾਰਨਾ–ਲੜਾਈ ਜਿੱਤਣਾ।

ਮਦਾਨ ਵਿੱਚ ਆਉਣਾ–ਮੁਕਾਬਲੇ ਲਈ ਬਾਹਰ ਨਿਕਲਣਾ।

ਮਨ ਦੀਆਂ ਖੇਪਾਂ ਲੱਦਣੀਆਂ
ਮਨ ਦੇ ਲੱਡੂ ਭੋਰਨੇ } –ਝੂਠੇ ਖ਼ਿਆਲ ਬੰਨ੍ਹਣੇ।

ਮਨ ਦੀ ਮਨ ਵਿੱਚ ਰਹਿਣੀ–ਇੱਛਿਆ ਪੂਰੀ ਨਾ ਹੋਣੀ।

ਮਨ ਭਰ ਜਾਣਾ–ਤ੍ਰਿਸ਼ਨਾ ਨਾ ਰਹਿਣੀ, ਰੱਜ ਜਾਣਾ।

ਮਨ ਮਾਰਨਾ–ਧੀਰਜ ਜਾਂ ਸੰਤੋਖ ਕਰਨਾ।

ਮਨ ਮਿਲਣਾ–ਇੱਕੋ ਖ਼ਿਆਲ ਦੇ ਹੋ ਜਾਣਾ।

ਮਰਨ ਦੀ ਵਿਹਲ ਨਾ ਹੋਣੀ–ਬਹੁਤ ਹੀ ਰੁੱਝੇ ਹੋਣਾ।

ਕਦੀ ਮਾਸਾ ਕਦੀ ਤੋਲਾ ਹੋਣਾ–ਇੱਕ ਗੱਲ ਤੇ ਕਾਇਮ ਨਾ ਰਹਿਣਾ।

ਮਾਣ ਕਰਨਾ–ਹੰਕਾਰ ਕਰਨਾ, ਆਕੜਨਾ।

ਮਾਰ ਲੈਣਾ–ਕਿਸੇ ਦਾ ਹੱਕ ਆਪ ਰੱਖ ਲੈਣਾ।

ਮਾਰ ਵਗਣੀ–ਮੱਤ ਮਾਰੀ ਜਾਣੀ, ਸਰਾਪ ਲੱਗਣਾ।

ਮਿੱਟੀ ਦਾ ਮਾਧੋ–ਮੂਰਖ ਆਦਮੀ, ਬੁੱਧੂ।

ਮਿੱਟੀ ਦੇ ਮੁੱਲ–ਬਹੁਤ ਸਸਤਾ।

ਮਿੱਟੀ ਪਾਉਣੀ–ਗੱਲ ਨੂੰ ਛੁਪਾਉਣਾ।

ਮਿੱਟੀ ਵਿੱਚ ਮਿਲ ਜਾਣਾ–ਬਰਬਾਦ ਹੋ ਜਾਣਾ।

ਮਿਰਚਾਂ ਲੱਗਣੀਆਂ–ਗੱਲ ਬੁਰੀ ਲੱਗਣੀ।

ਮੂੰਹ ਅੱਗੇ ਫਿਰਨਾ–ਭੁੱਲੀ ਹੋਈ ਗੱਲ ਕੁਝ-ਕੁਝ ਚੇਤੇ ਆਉਣ ਲੱਗਣੀ।

ਮੂੰਹ ਸੁੱਚਾ ਰੱਖਣਾ–ਕੁਝ ਨਾ ਖਾਣਾ-ਪੀਣਾ।

ਮੂੰਹ ਸੁਜਾਉਣਾ–ਨਰਾਜ਼ ਹੋ ਜਾਣਾ, ਗੁੱਸੇ ਹੋਣਾ।

ਮੂੰਹ ਕਾਲਾ ਹੋਣਾ–ਬਦਨਾਮੀ ਜਾਂ ਨਿਰਾਦਰੀ ਹੋਣੀ।

ਮੂੰਹ ਖੁਲ੍ਹ ਜਾਣਾ–ਬਕਣ ਦੀ ਵਾਦੀ ਪੈ ਜਾਣੀ।

ਮੂੰਹ ਚੁੱਕ ਕੇ ਚਲਣਾ–ਬੇ-ਪਰਵਾਹੀ ਨਾਲ ਤੁਰਨਾ।

ਮੂੰਹ ਚੱਲਣਾ–ਕੁਝ ਖਾਣਾ (ਖ਼ੁਸ਼ੀ ਦੇ ਮੌਕੇ ਤੇ)।

ਮੂੰਹ ਜੂਠਾ ਕਰਨਾ–ਕੁਝ ਖਾ ਲੈਣਾ।

ਮੂੰਹ ਤੇ–ਸਾਹਮਣੇ, ਰੂ-ਬ-ਰੂ।

ਮੂੰਹ ਤੇ ਹਵਾਈਆਂ ਉੱਡਣੀਆਂ–ਘਾਬਰ ਜਾਣਾ।

Sri Satguru Jagjit Singh Ji Elibrary NamdhariElibrary@gmail.com

ਮੂੰਹ ਤੋਂ ਲੱਥੀ ਲਾਹਣੀ—ਨਿਲੱਜ ਹੋ ਜਾਣਾ।

ਮੂੰਹ ਦੇ ਭਾਰ ਡਿੱਗਣਾ—ਸਭ ਕੁਝ ਗੁਆ ਬੈਠਣਾ, ਬਹੁਤ ਨੁਕਸਾਨ ਹੋਣਾ, ਕੁਝ ਨਾ ਰਹਿਣਾ।

ਮੂੰਹ ਦਾ ਮਿੱਠਾ—ਮਿੱਠਾ ਬੋਲਣ ਵਾਲਾ।

ਮੂੰਹ ਦੀ ਖਾਣੀ—ਹਾਰ ਜਾਣਾ, ਝਾੜ ਪੈਣੀ, ਸਜ਼ਾ ਮਿਲਣੀ।

ਮੂੰਹ ਦੇਣਾ—ਨਿਡਰ ਹੋ ਕੇ ਅੱਗੇ ਆਉਣਾ।

ਮੂੰਹ ਧੋ ਛੱਡਣਾ—ਆਸ ਨਾ ਰੱਖਣੀ।

ਮੂੰਹ ਨਾਲ ਮੂੰਹ ਜੋੜਨਾ—ਹੌਲੀ ਜੇਹੀ ਗੱਲ ਕਰਨੀ।

ਮੂੰਹ ਨੂੰ ਲਹੂ ਲੱਗਣਾ—ਹਰਾਮ ਖਾਣ ਦਾ ਸੁਆਦ ਪੈ ਜਾਣਾ।

ਮੂੰਹ ਫਿਰਨਾ—ਕੋਈ ਚੀਜ਼ ਖਾ ਕੇ ਅਜੇਹਾ ਰੱਜਣਾ ਕਿ ਮੁੜ ਉਹਦੇ ਖਾਣ ਲਈ ਜੀਅ ਹੀ ਨਾ ਕਰਨਾ।

ਮੂੰਹ ਬੰਦ ਕਰਨਾ—ਬੋਲਣ ਨਾ ਦੇਣਾ।

ਮੂੰਹ ਫੇਰਨਾ—ਮਨ ਹਟਾ ਲੈਣਾ।

ਮੂੰਹ ਬੰਨ੍ਹ ਕੇ ਬੈਠਣਾ—ਕੁਝ ਨਾ ਬੋਲਣਾ, ਕੁਝ ਨਾ ਖਾਣਾ।

ਮੂੰਹ ਵਿੱਚ ਪਾਣੀ ਭਰ ਆਉਣਾ—ਚੰਗੀ ਚੀਜ਼ ਵੇਖ ਕੇ ਉਹਦੇ ਖਾਣ ਨੂੰ ਜੀਅ ਕਰ ਆਉਣਾ।

ਮੂੰਹ ਮਰੋੜਨਾ—ਗੁੱਸੇ ਹੋ ਜਾਣਾ, ਨਰਾਜ਼ ਹੋ ਜਾਣਾ।

ਮੂੰਹ ਮਿੱਠਾ ਕਰਨਾ—ਵੱਢੀ ਦੇਣੀ, ਖ਼ਾਤਰ ਕਰਨੀ।

ਮੂੰਹ ਲਾਲ ਹੋਣਾ—ਬਹੁਤ ਗੁੱਸਾ ਚੜ੍ਹਨਾ।

ਮੂੰਹ ਲਾਉਣਾ—ਲੜਾਈ ਕਰਨੀ।

ਮੂੰਹ ਵਿੱਚ ਗੁਣ-ਗੁਣ ਕਰਨਾ—ਬਹੁਤ ਹੀ ਹੌਲੀ-ਹੌਲੀ ਬੋਲਣਾ।

ਮੂੰਹ ਵੇਖਦੇ ਰਹਿ ਜਾਣਾ—ਕੰਮ ਨਾ ਸਰਨ ਕਰਕੇ ਹੈਰਾਨ ਹੋ ਜਾਣਾ।

ਮੂੰਹ ਵੇਖੇ ਦੀ ਪ੍ਰੀਤ—ਦਿਖਾਵੇ ਦਾ ਪ੍ਰੇਮ-ਪਿਆਰ।

ਮੂੰਹੋਂ ਫੁੱਟਣਾ—ਬੋਲਣਾ, ਆਖਣਾ।

ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ—ਚੰਗੀ ਕੁਲ ਦੀ ਕੁੜੀ ਦਾ ਸਾਕ ਨੀਵੀਂ ਜ਼ਾਤ ਵਾਲਿਆਂ ਨਾਲ ਕਰ ਦੇਣਾ।

ਰੰਗ ਉੱਡ ਜਾਣਾ—ਡਰ ਜਾਂ ਗ਼ਮ ਨਾਲ ਚਿਹਰਾ ਪੀਲਾ ਹੋ ਜਾਣਾ।

ਰੰਗ ਚੜ੍ਹਨਾ—ਖ਼ੁਸ਼ੀ ਜਾਂ ਪ੍ਰੇਮ ਵਿੱਚ ਰਤੇ ਜਾਣਾ।

ਰਹਿ ਆਉਣੀ—ਇੱਜ਼ਤ ਰਹਿਣੀ।

Sri Satguru Jagjit Singh Ji Elibrary NamdhariElibrary@gmail.com

ਰੰਗ ਲੱਗਣਾ–ਚੰਗੇ ਭਾਗ ਜਾਗਣੇ ।
ਰੰਗ ਨਿਕਲਣਾ–ਸੁਹਣੀ ਸ਼ਕਲ ਜਾਂ ਰੰਗ ਦਾ ਹੋ ਜਾਣਾ ।
ਰੰਗ ਵਿੱਚ ਭੰਗ ਪੈਣਾ–ਖ਼ੁਸ਼ੀ ਵਿੱਚ ਵਿਘਨ ਪੈਣਾ ।
ਰਾਹ ਵੇਖਣਾ–ਉਡੀਕਣਾ ।
ਰਫੂ ਚੱਕਰ ਹੋਣਾ–ਨੱਸ ਜਾਣਾ, ਪੱਤ੍ਰਾ ਵਾਚਣਾ ।
ਰਾਹ ਜਾਂਦੇ ਨਾਲ ਲੜਨਾ–ਐਵੇਂ ਕਿਸੇ ਨਾਲ ਲੜ ਪੈਣਾ ।
ਰਾਹ ਤੇ ਆਉਣਾ–ਸੁਧਰਨਾ, ਆਦਤਾਂ ਠੀਕ ਕਰ ਲੈਣੀਆਂ ।
ਰਾਮ-ਕਹਾਣੀ–ਲੰਮੀ ਕਹਾਣੀ ।
ਰੋਣੇ ਰੋਣਾ–ਆਪਣੇ ਦੁੱਖੜੇ ਖੋਲ੍ਹ ਕੇ ਸੁਣਾਉਣੇ ।
ਲਹਿਰ ਉੱਠਣੀ–ਜੋਸ਼ ਚੜ੍ਹਨਾ, ਅਨੰਦ ਵਿੱਚ ਮਗਨ ਹੋਣਾ ।
ਲਹਿਰ ਬਹਿਰ ਹੋਣੀ–ਸੁਖ ਤੇ ਦੌਲਤ ਦੀ ਬਹੁਤਾਇਤ ਹੋਣੀ ।
ਲਹੂ ਸੁੱਕਣਾ–ਬਹੁਤ ਡਰ ਜਾਣਾ ।
ਲਹੂ ਦਾ ਤਿਹਾਇਆ–ਪੱਕਾ ਵੈਰੀ ।
ਲਹੂ ਨਾਲ ਹੱਥ ਭਰਨਾ–ਖ਼ੂਨ ਕਰਨਾ ।
ਲਹੂ ਪੰਘਰਨਾ–ਸਰਬੰਧੀ ਵੇਖ ਕੇ ਮੋਹ ਜਾਗ ਪੈਣਾ ।
ਲਹੂ ਪਾਣੀ ਇੱਕ ਕਰ ਦੇਣਾ–ਬਹੁਤ ਕਰੜੀ ਮਿਹਨਤ ਕਰਨੀ ।
ਲਹੂ ਪੀਣਾ–ਦੁੱਖ ਦੇਣਾ, ਬਹੁਤਾ ਖਪਾਉਣਾ ।
ਲੱਕ ਸਿੱਧਾ ਕਰਨਾ–ਲੰਮੇ ਪੈ ਕੇ ਅਰਾਮ ਕਰਨਾ ।
ਲੱਕ ਟੁੱਟਣਾ–ਹੌਸਲਾ ਨਾ ਰਹਿਣਾ ।
ਲੱਕ ਫੜ ਕੇ ਬਹਿ ਜਾਣਾ–ਨਿਰਾਸ ਹੋ ਜਾਣਾ ।
ਲੱਕ ਬੰਨ੍ਹਣਾ (ਕੱਸਣਾ)–ਤਿਆਰ ਹੋ ਜਾਣਾ, ਹਿੰਮਤ ਜਾਂ ਹੌਸਲਾ ਕਰਨਾ ।
ਲੱਖ-ਬਾਹਾਂ ਸਿੰਘ–ਜਿਸ ਦੀ ਇੱਕੋ ਬਾਂਹ ਹੋਵੇ ਜਾਂਦੀ ਰਹੇ ।
ਲੀਕ ਲੱਗਣੀ–ਊਜ ਲੱਗਣੀ ।
ਲੱਗਦੇ ਹੱਥ–ਨਾਲ ਹੀ ।
ਲੱਛਮੀ ਘਰ ਵਿੱਚ ਆਉਣੀ–ਧਨ ਮਿਲਣਾ ।
ਲਪੋਟ-ਸੰਖੀਆਂ–ਗੱਪੀ, ਝੂਠੇ ਲਾਰੇ ਦੇਣ ਵਾਲਾ ।
ਲੰਮੀਆਂ ਲਾਉਣੀਆਂ–ਗੱਪਾਂ ਜਾਂ ਫੜਾਂ ਮਾਰਨੀਆਂ ।
ਲੜਾਈ ਮੁੱਲ ਲੈਣੀ–ਆਪਣੇ ਆਪ ਝਗੜੇ ਵਿੱਚ ਪੈਣਾ ।
ਲੜਾਈ ਦਾ ਘਰ–ਲੜਾਕਾ ਆਦਮੀ ।

Sri Satguru Jagjit Singh Ji Elibrary NamdhariElibrary@gmail.com

ਲਾਲੀ ਰਹਿਣੀ–ਸੁਰਖ਼ਰੂ ਹੋਣਾ, ਇੱਜ਼ਤ ਬਣੀ ਰਹਿਣੀ।
ਲਿਖਤ ਪੜ੍ਹਤ ਹੋਣੀ–ਇਕਰਾਰ ਲਿਖਿਆ ਜਾਣਾ।
ਲਿੱਦ ਕਰ ਦੇਣੀ–ਡਰਾਕਲਾਂ ਵਾਲਾ ਕੰਮ ਕਰਨਾ, ਹਿੰਮਤ ਹਾਰਨੀ।
ਲੂੰ ਕੰਡੇ ਹੋਣਾ–ਡਰ ਕਰਕੇ ਲੂੰ ਖੜੇ ਹੋ ਜਾਣੇ।
ਲੂਣ ਹਰਾਮ ਕਰਣਾ–ਕੀਤਾ ਨਾ ਜਾਣਨਾ।
ਲੂਣ ਤੋਲਣਾ–ਗੱਲ ਨੂੰ ਵਧਾ ਕੇ ਆਖਣਾ, ਝੂਠ ਬੋਲਣਾ।
ਲੂਣ ਦੀ ਮਾਰ ਵਗਣੀ (ਹੋਣੀ)–ਲੂਣ-ਹਰਾਮੀ ਹੋਣ ਦਾ ਬੁਰਾ ਫਲ ਮਿਲਣਾ।

ਲੇਖ ਫੁੱਟ ਜਾਣੇ<br>ਲੇਖ ਸੜ ਜਾਣੇ } –ਕਿਸਮਤ ਬੁਰੀ ਹੋਣੀ।

ਲੇਖ ਖੁੱਲ੍ਹਣੇ ਜਾਂ ਜਾਗਣੇ–ਕਿਸਮਤ ਚੰਗੀ ਹੋ ਜਾਣੀ।
ਲੇਡਾ ਫੁੱਲ ਜਾਣਾ–ਘਮੰਡ ਹੋ ਜਾਣਾ।
ਲੈ ਡੁੱਬਣਾ–ਆਪਣੇ ਨਾਲ ਦੂਜੇ ਨੂੰ ਵੀ ਬਰਬਾਦ ਕਰ ਦੇਣਾ।
ਲੋਈ ਲੱਥਣਾ ਜਾਂ ਲਾਹੁਣਾ–ਬੇਸ਼ਰਮ ਹੋ ਜਾਣਾ।
ਲੋਹਾ ਲਾਖਾ ਹੋਣਾ–ਗੁੱਸੇ ਹੋਣਾ।
ਵਲ ਖਾਣਾ–ਕੁੜ੍ਹਨਾ, ਅੰਦਰੋ ਅੰਦਰੀ ਖਿਝਣਾ।
ਵਲ ਛਲ ਕਰਨਾ–ਧੋਖਾ ਦੇਣਾ।
ਵਾ ਵਗ ਜਾਣੀ–ਸੁਦਾਈ ਹੋ ਜਾਣਾ।
ਵਖਤ ਪੈਣਾ–ਬਿਪਤਾ ਪੈਣੀ।
ਵੱਡਾ ਕਰਨਾ (ਦੀਵਾ)–ਬੁਝਾਉਣਾ।
ਵੱਢੂੰ ਖਾਊਂ ਕਰਨਾ–ਹਰ ਵੇਲੇ ਝਿੜਕਦੇ ਰਹਿਣਾ।
ਵਧਾਨ ਵਧ ਜਾਣਾ–ਬੋੜਾ ਝਗੜਾ ਜਾਂ ਰੋਗ ਬਹੁਤ ਹੋ ਜਾਣਾ।
ਵਾ ਨਾਲ ਲੜਨਾ–ਖ਼ਾਹ-ਮਖ਼ਾਹ ਝਗੜਾ ਪਾਉਣਾ।
ਵਾ ਮਾਰਿਆ ਹੋਇਆ–ਪਾਗਲ, ਕਮਲਾ।
ਵਾਹ ਲੱਗਦਿਆਂ–ਜਿੰਨਾ ਹੋ ਸਕੇ, ਜ਼ੋਰ ਲਾ ਕੇ।
ਵਾਸਤੇ ਪਾਉਣਾ–ਮਿੰਨਤਾਂ-ਤਰਲੇ ਕਰਨੇ।
ਵਿਤਕਰਾ ਰੱਖਣਾ–ਇੱਕੋ ਜੇਹਾ ਨਾ ਵਰਤਣਾ।
ਵਿਲ੍ਹੂੰ ਵਿਲ੍ਹੂੰ ਕਰਨਾ–ਰੋਣਾ, ਭਟਕਣਾ, ਤਰਲੇ ਕਰਨਾ।
ਵਾਰੇ ਆਉਣਾ–ਟਾਕਰਾ ਕਰ ਸਕਣਾ।

Sri Satguru Jagjit Singh Ji Elibrary NamdhariElibrary@gmail.com

# ਬਹੁ-ਅਰਥਕ ਸ਼ਬਦ

306. ਬਹੁ-ਅਰਥਕ ਸ਼ਬਦ ਉਹ ਹੁੰਦਾ ਹੈ, ਜਿਸ ਦੇ ਮੂਲ ਅਰਥ ਇੱਕ ਥੀ ਵਧੀਕ ਹੋਣ (ਨਾ ਕਿ ਮੁਹਾਵਰੇ ਵਿੱਚ ਆ ਕੇ ਕਈ ਕਈ ਅਰਥ ਦਿੰਦਾ ਹੋਵੇ); ਜਿਵੇਂ–

'ਘੜੀ' ਇੱਕ ਬਹੁ-ਅਰਥਕ ਸ਼ਬਦ ਹੈ; ਕਿਉਂਕਿ ਇਸ ਦੇ ਮੂਲ ਅਰਥ (ਛੋਟਾ ਘੜਾ, ਵੇਲਾ ਦੱਸਣ ਵਾਲਾ ਯੰਤ੍ਰ, ਤੇ ਸੱਠਾਂ ਪਲਾਂ ਦਾ ਸਮਾਂ, ਆਦਿ) ਕਈ ਹਨ। ਪਰ–

'ਘੜਾ', 'ਕੰਘਾ' ਤੇ 'ਕੰਘੀ' ਬਹੁ-ਅਰਥਕ ਸ਼ਬਦ ਨਹੀਂ, ਹਾਲਾਂ ਕਿ ਮੁਹਾਵਰੇ ਵਿੱਚ ਆ ਕੇ ਦੋਹਨਾਂ ਦੇ ਹੋਰ ਵੀ ਕਈ ਅਰਥ ਨਿਕਲ ਆਉਂਦੇ ਹਨ; ਜਿਵੇਂ–ਚਿੱਧਾ ਘੜਾ = ਢੀਠ ਆਦਮੀ; ਕੰਘਾ ਹੋਣਾ = ਬਹੁਤ ਨੁਕਸਾਨ ਹੋਣਾ; ਕੰਘੀ ਮਾਰਨੀ (ਮਨ ਵਿੱਚ) = ਸੋਚਣਾ, ਵਿਚਾਰ ਕਰਨਾ।

307. ਹੁਣ ਕੁਝਕੁ ਬਹੁ-ਅਰਥਕ ਸ਼ਬਦ ਵਾਕਾਂ ਵਿੱਚ ਵਰਤ ਕੇ ਦੱਸੇ ਜਾਂਦੇ ਹਨ–

ਉਤਰ–ਘੋੜੇ ਤੋਂ ਉਤਰ ਪਉ। ਬੱਚੇ ਦੀ ਜਰਾਬ ਉਤਰ ਗਈ ਹੈ। ਤੂੰ ਕੋਠੇ ਤੋਂ ਉਤਰ ਆ। ਮੇਜੂ ਦਾ ਮੋਢਾ ਉਤਰ ਗਿਆ ਹੈ। ਉਸ ਦੀ ਅੱਖ ਵਿੱਚ ਮੋਤੀਆ-ਬਿੰਦ ਉਤਰ ਆਇਆ ਹੈ। ਜੰਞ ਬਾਗ਼ ਵਿੱਚ ਉਤਰੀ ਹੋਈ ਹੈ। ਦਰਿਆ ਹੁਣ ਉਤਰ ਗਿਆ ਹੈ। ਰਿੱਛ ਪਹਾੜ ਤੋਂ ਉਤਰ ਰਿਹਾ ਹੈ। ਮਜ਼ੂਰ ਦਾ ਚਿਹਰਾ ਉਤਰਿਆ ਹੋਇਆ ਹੈ। ਬਾਪੂ ਦਾ ਬੁਖ਼ਾਰ ਉਤਰ ਗਿਆ ਹੈ। ਸਾਡੀ ਗੱਲ ਸੁਣ ਕੇ ਉਸ ਦਾ ਗੁੱਸਾ ਉਤਰ ਗਿਆ।

ਉੱਤਰ–ਉੱਤਰ ਵੱਲ ਮੂੰਹ ਕਰ। ਹੁਣ ਮੇਰੀ ਗੱਲ ਦਾ ਉੱਤਰ ਦੇ।

ਉੱਚਾ–ਪਹਾੜ ਉੱਚਾ ਹੈ। ਤੂੰ ਉੱਚਾ ਨਾ ਬੋਲ। ਨਾਈ ਤੋਂ ਉੱਚਾ (ਮੋਚਨਾ) ਲੈ ਆ। ਸੂਰਜ ਉੱਚਾ ਚੜ੍ਹ ਆਇਆ ਹੈ। ਉੱਚੀ ਜਾਤ ਵਾਲੇ ਅਭਿਮਾਨੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਜ਼ਾਤ ਦਾ ਉੱਚਾ ਗੁਣਾਂ ਕਰਕੇ ਵੀ ਉੱਚਾ ਹੋਵੇ।

ਉੱਠ–ਰਾਜੇ ਦੇ ਆਉਣ ਪੁਰ ਲੋਕੀਂ ਉੱਠ ਖਲੋਤੇ। ਨਿੱਤ ਅੰਮ੍ਰਿਤ ਵੇਲੇ ਉੱਠੋ (ਜਾਗੋ)। ਪਾਣੀ ਵਿੱਚ ਬੁਲਬੁਲੇ ਉੱਠਦੇ ਹਨ ਤੇ ਬੁਖ਼ਾਰਾਤ ਵੀ ਉੱਠਦੇ ਰਹਿੰਦੇ ਹਨ। ਕੌਮਾਂ ਏਕੇ ਨਾਲ ਹੀ ਉੱਠਦੀਆਂ ਹਨ। ਉਸ ਦਾ ਮੁੰਡਾ ਚੰਗਾ

Sri Satguru Jagjit Singh Ji Elibrary NamdhariElibrary@gmail.com

ਨਹੀਂ ਉੱਠਿਆ। ਉਹ ਮਦਰਸਿਓਂ ਉੱਠ ਆਇਆ ਹੈ।

ਉਲਟੀ–ਉਸ ਤਰ ਖਾਧੀ ਸੀ, ਉਹਨੂੰ ਉਲਟੀ ਆ ਗਈ। ਉਲਟੀ ਗੱਲ ਨਾ ਕਰ। ਜੱਟੀ ਉਲਟੀ ਉਹਨੂੰ ਮਾਰਨ ਪਈ।

ਅੰਬ–ਅੰਬ ਬੜਾ ਚੰਗਾ ਫਲ ਹੈ। ਕੋਇਲ ਅੰਬ ਤੇ ਬੈਠੀ ਹੈ। ਮੇਰੇ ਪੈਰ ਅੰਬ ਗਏ ਹਨ।

ਅੰਗ–ਸਰੀਰ ਦੇ ਸਾਰੇ ਅੰਗ ਸਾਫ ਰੱਖੋ। ਉਸ ਦੇ ਸਾਰੇ ਅੰਗ-ਸਾਕ ਬੜੇ ਚੰਗੇ ਹਨ। ਲਾਗੀਆਂ ਨੇ ਆਪੋ ਆਪਣੇ ਅੰਗ (=ਲਾਗ) ਲੈ ਲਏ ਹਨ। ਪੰਜ ਦਾ ਅੰਗ (ਜਾਂ ਪਾਂਜਾ) ਪੱਪੇ ਨਾਲ ਮਿਲਦਾ ਜੁਲਦਾ ਹੈ।

ਅੱਗੇ–ਜ਼ੋਰ ਨਾਲ ਦੋੜ ਕੇ ਸਾਰਿਆਂ ਤੋਂ ਅੱਗੇ ਲੰਘ ਜਾ। ਅੱਗੇ ਆ ਕੇ ਆਪਣਾ ਇਨਾਮ ਲੈ ਲੈ। ਵੱਡਿਆਂ ਦੇ ਅੱਗੇ ਨਾ ਬਹੁ। ਅੱਗੇ ਸੁਕਾਲ ਸੀ, ਹੁਣ ਬੜਾ ਕਾਲ ਪੈ ਗਿਆ ਹੈ, ਤੇ ਅੱਗੇ ਜੋ ਹੋਵੇਗਾ, ਸੋ ਵੇਖਿਆ ਜਾਵੇਗਾ।

ਆਨਾ–ਆਨਾ ਦੇ ਕੇ ਚਾਰ ਪੈਸੇ ਲੈ ਆ। ਵੈਰੀਆਂ ਨੇ ਉਹਦੇ ਆਨੇ ਕੱਢ ਕੇ ਉਹਨੂੰ ਅੰਨ੍ਹਾ ਕਰ ਦਿੱਤਾ।

ਸਰ–ਸਰਾਂ ਦਾ ਪਾਣੀ ਐਨਾ ਸਾਫ਼ ਨਹੀਂ ਹੁੰਦਾ। ਅਕਬਰ ਨੇ ਚਿਤੌੜ ਦਾ ਕਿਲਾ ਸਰ ਕਰ ਲਿਆ ਸੀ। ਤੈਨੂੰ ਕੋਈ ਸਰ ਤਾਂ ਆਉਂਦੀ ਨਹੀਂ, ਤਾਸ਼ ਕਿਉਂ ਖੇਡਦਾ ਹੈਂ? ਸਰਕੜੇ ਦੀ ਸਰ ਨੂੰ ਅੱਗ ਛੇਤੀ ਲੱਗਦੀ ਹੈ।

ਸਿਰ–ਉਸ ਦਾ ਸਿਰ ਬੜਾ ਵੱਡਾ ਹੈ। ਕੰਮ ਵੇਲੇ ਸਿਰ ਕਰੋ। ਉਸ ਦੇ ਸਿਰ ਕਰਜ਼ਾ ਬਹੁਤ ਹੈ। ਇਹ ਕੋਈ ਮੇਰੇ ਸਿਰ ਹਸਾਨ ਨਹੀਂ।

ਸਿੱਟਾ–ਬਾਜਰੇ ਦਾ ਸਿੱਟਾ ਮੋਟਾ ਹੁੰਦਾ ਹੈ। ਬੁਰੇ ਕੰਮਾਂ ਦਾ ਸਿੱਟਾ ਬੁਰਾ ਹੀ ਹੁੰਦਾ ਹੈ। ਉਸ ਨੂੰ ਸਿੱਟੇ ਦੇ ਵਪਾਰ ਵਿੱਚ ਬੜਾ ਘਾਟਾ ਪਿਆ।

ਸੂਈ–ਸੂਈ ਵਿੱਚ ਧਾਗਾ ਪਾ। ਸਾਡੀ ਗਾਂ ਅਜੇ ਨਹੀਂ ਸੂਈ। ਘੜੀ ਦੀ ਵੱਡੀ ਸੂਈ ਛੋਟੀ ਸੂਈ ਨਾਲੋਂ ਤੇਜ਼ ਚਲਦੀ ਹੈ।

ਸੂਆ–ਸੂਆ ਲੈ ਕੇ ਬੋਰੀਆਂ ਸੀਉਂ ਦੇ। ਨਹਿਰ ਦਾ ਸੂਆ ਸਾਡੇ ਪਿੰਡ ਦੇ ਕੋਲੋਂ ਦੀ ਲੰਘਦਾ ਹੈ। ਬੱਚਾ ਹੁਣ ਸੂਏ ਤੇ ਦਾੜ੍ਹਾਂ ਕੱਢ ਬੈਠਾ ਹੈ।

ਸੇਕ–ਅੱਗ ਸੇਕ। ਪੱਥਰੀ ਕੋਲੇ ਦਾ ਸੇਕ ਬਹੁਤ ਤੇਜ਼ ਹੁੰਦਾ ਹੈ। ਸੱਟ ਵਾਲੀ ਥਾਂ ਤੇ ਸੇਕ (ਟਕੋਰ) ਕਰੀਏ, ਤਾਂ ਅਰਾਮ ਆ ਜਾਂਦਾ ਹੈ। ਜੇ ਹੁਣ ਬੋਲਿਓਂ, ਤਾਂ ਪਾਸੇ ਸੇਕ ਦੂੰਗਾ। ਸੱਚ ਆਖੀਏ, ਤਾਂ ਤੈਨੂੰ ਸੇਕ ਕਿਉਂ ਲੱਗਦਾ ਹੈ!

ਹੱਸ–ਬਹੁਤਾ ਨਾ ਹੱਸ। ਉਸ ਦੇ ਗਲ ਵਿੱਚ ਚਾਂਦੀ ਦਾ ਹੱਸ ਹੈ। ਮੁੰਡਾ ਕੋਠੇ ਤੋਂ ਡਿੱਗਾ, ਤਾਂ ਉਸ ਦਾ ਹੱਸ (ਮੋਢੇ ਨੂੰ ਛਾਤੀ ਨਾਲ ਜੋੜਨ ਵਾਲੀ ਹੱਡੀ)

Sri Satguru Jagjit Singh Ji Elibrary NamdhariElibrary@gmail.com

ਟੁੱਟ ਗਿਆ।

ਹਾਰ–ਰਾਣੀ ਦੇ ਗਲ ਵਿੱਚ ਮੋਤੀਆਂ ਦਾ ਹਾਰ ਹੈ। ਓੜਕ ਨਿਪੋਲੀਅਨ ਹਾਰ ਹੀ ਗਿਆ। ਜੂਏ ਦੀ ਹਾਰ ਬੁਰੀ ਹੈ। ਮੁੰਡੇ ਨੇ ਸਾਰੇ ਪਹਾੜੇ ਤੋਤੇ ਹਾਰ (ਵਾਙੂ) ਰੱਟ ਲਏ ਹਨ। (ਮਰਨਹਾਰ, ਸਿਰਜਨਹਾਰ, ਆਦਿ)

ਹਾਲ–ਬਿਮਾਰ ਦਾ ਹੁਣ ਕੀ ਹਾਲ ਹੈ? ਅਕਬਰ ਦਾ ਹਾਲ ਜ਼ਬਾਨੀ ਸੁਣਾਓ। ਖ਼ਾਲਸਾ ਕਾਲਜ ਦਾ ਹਾਲ (ਵੱਡਾ ਕਮਰਾ) ਬੜਾ ਵੱਡਾ ਹੈ। ਫ਼ਕੀਰ ਹਾਲ ਖੇਡਣ ਲੱਗ ਗਿਆ। ਇਸ ਟਾਂਗੇ ਦਾ ਹਾਲ ਪੁਰਾਣਾ ਨਹੀਂ। ਤੂੰ ਹਾਲ-ਹਾਲ ਨਾ ਕਰ।

ਕਸੂਰ–ਤੂੰ ਬੜਾ ਭਾਰੀ ਕਸੂਰ ਕੀਤਾ ਹੈ, ਤੇਰਾ ਕਸੂਰ ਮਾਫ਼ ਨਹੀਂ ਹੋ ਸਕਦਾ। ਕਸੂਰ ਦੀ ਮੇਥੀ ਮਸ਼ਹੂਰ ਹੈ।

ਕੱਕਾ–ਕੱਕਾ ਲਿਖ। ਉਹਨੂੰ ਤਾਂ ਕੱਕਾ (=ਕੁਝ ਵੀ) ਨਹੀਂ ਆਉਂਦਾ। ਸਾਹਿਬ ਦਾ ਸਿਰ ਕੱਕਾ ਹੈ। ਅੰਮ੍ਰਿਤ ਛਕ ਕੇ ਪੰਜ ਕੱਕੇ (ਕੇਸ, ਕੜਾ ਤੇ ਕੰਘਾ, ਆਦਿ) ਰੱਖਣੇ ਪੈਂਦੇ ਹਨ।

ਕਾਟ–ਹੁਣ ਕਾਟ (=ਕਾਰਡ) ਦਾ ਮੁੱਲ ਛੇ ਪੈਸੇ ਹੈ। ਇਸ ਕੋਟ ਦੀ ਕਾਟ ਚੰਗੀ ਨਹੀਂ। ਤੇਰੀ ਗੱਲ ਨੇ ਕੋਈ ਕਾਟ (=ਅਸਰ) ਨਹੀਂ ਕੀਤੀ। ਉਸ ਦੀ ਤਨਖ਼ਾਹ ਵਿੱਚੋਂ ਹਰ ਮਹੀਨੇ ਰੁਪਈਏ ਪਿੱਛੇ ਦੋ ਆਨੇ ਕਾਟ ਹੁੰਦੀ ਹੈ।

ਕਾਲ–ਹੁਣ ਕਣਕ ਦਾ ਕਾਲ ਪੈ ਗਿਆ ਹੈ। ਕਾਲ (ਮੌਤ) ਤੋਂ ਕੋਈ ਬਚ ਨਹੀਂ ਸਕਦਾ। ਹਰ ਕਾਲ (ਸਮੇਂ) ਵਿੱਚ ਵਿੱਦਿਆ ਸਹਾਈ ਹੁੰਦੀ ਹੈ। 'ਕਿਰਿਆ' ਦੇ ਤਿੰਨ 'ਕਾਲ' ਹੁੰਦੇ ਹਨ–ਭੂਤ, ਵਰਤਮਾਨ ਤੇ ਭਵਿੱਖਤ।

ਕੋਟ–ਕੋਟ ਪਾ ਲੈ। ਆਪ ਦਾ ਕੋਟਾਨ ਕੋਟ ਧੰਨਵਾਦ ਹੈ। ਫ਼ੌਜ ਕੋਟ (ਕਿਲ੍ਹੇ) ਵਿੱਚੋਂ ਨਿਕਲ ਕੇ ਬਾਹਰ ਆ ਗਈ। ਤਾਸ਼ ਦੀ ਖੇਡ ਵਿੱਚ ਉਸ ਦੇ ਸਿਰ ਸੱਤ ਕੋਟ ਹੋਏ

ਖ਼ਾਤਰ–ਉਨ੍ਹਾਂ ਜੰਞ ਦੀ ਬੜੀ ਖ਼ਾਤਰ ਕੀਤੀ। ਅਸੀਂ ਤੁਹਾਡੀ ਖ਼ਾਤਰ (ਵਾਸਤੇ) ਘਰ ਬੈਠੇ ਰਹੇ।

ਖਾਰ–ਧੋਬੀ ਖਾਰ (ਸੱਜੀ) ਨਾਲ ਕੱਪੜੇ ਧੋਂਦੇ ਹਨ। ਉਹ ਸਾਡੇ ਨਾਲ ਖ਼ਾਹ-ਮਖ਼ਾਹ ਖਾਰ (ਦੁਸ਼ਮਣੀ, ਈਰਖਾ) ਰੱਖਦਾ ਹੈ।

ਗੋਲ–ਗੇਂਦ ਗੋਲ ਹੁੰਦੀ ਹੈ। ਫ਼ੁਟਬਾਲ ਗੋਲ ਵਿੱਚੋਂ ਲੰਘ ਗਿਆ ਤੇ ਸਾਡੇ ਸਿਰ ਗੋਲ ਹੋ ਗਿਆ। ਗੋਲ-ਮੋਲ ਗੱਲ ਨਾ ਕਰ।

Sri Satguru Jagjit Singh Ji Elibrary NamdhariElibrary@gmail.com

ਗੋਲਾ—ਲੋਹੇ ਦਾ ਗੋਲਾ ਬੜਾ ਭਾਰਾ ਹੁੰਦਾ ਹੈ। ਧਾਗੇ ਦਾ ਗੋਲਾ ਬਿਲਕੁਲ ਗੋਲ ਨਹੀਂ ਹੁੰਦਾ। ਤੂੰ ਬੀਬਾ ਬਣੇਂਗਾ ਜਾਂ ਗੋਲਾ? ਉਸ ਤੀਵੀਂ ਦੇ ਪੇਟ ਵਿੱਚ ਗੋਲਾ ਬਹੁਤ ਵੱਡਾ ਹੋ ਗਿਆ ਹੈ। ਉਸ ਬੋਰੀ ਵਿੱਚ ਆਤਸ਼ਬਾਜ਼ੀ ਦੇ ਤਿੰਨ ਸੋ ਗੋਲੇ ਹਨ। ਤੂੰ ਤਾਂ ਹਰ ਕਿਸੇ ਦਾ ਗੋਲਾ ਬਣਿਆ ਹੋਇਆ ਹੈਂ!

ਘੋੜਾ—ਘੋੜਾ ਇੱਕ ਸੁੰਮਦਾਰ ਜਾਨਵਰ ਹੈ। ਬੰਦੂਕ ਦਾ ਘੋੜਾ ਨਾ ਦਬਾ। ਸ਼ਤਰੰਜ ਵਿੱਚ ਘੋੜੇ ਦੀ ਚਾਲ ਬੜੀ ਪੇਚਦਾਰ ਹੁੰਦੀ ਹੈ।

ਚੱਕ—ਮੁੰਡੇ ਨੇ ਉਹਨੂੰ ਚੱਕ ਮਾਰਿਆ। ਨਹਿਰੀ ਇਲਾਕੇ ਵਿੱਚ ਕਈ ਚੱਕ ਵਸ ਗਏ ਹਨ। ਘੁਮਿਆਰ ਟਿੰਡਾਂ ਚੱਕ ਤੋਂ ਲਾਹ ਲਾਹ ਕੇ ਧੁੱਪੇ ਰੱਖੀ ਜਾਂਦਾ ਹੈ। ਖੂਹ ਦਾ ਚੱਕ ਵਹਾਉਣ ਵੇਲੇ ਗੁੜ ਵੰਡਦੇ ਹਨ। ਆ, ਮੁੰਡੇ ਨੂੰ ਚੱਕ (ਚੁੱਕ) ਲੈ। ਮੰਗਤਿਆਂ ਦੀ ਚਾਰੇ ਚੱਕ ਜਗੀਰ ਹੈ।

ਚੱਪਾ—ਇਹ ਫੱਟਾ ਸੱਤ ਚੱਪੇ ਚੌੜਾ ਹੈ। ਸਾਡਾ ਚੱਪਾ ਬਲਦ ਬੜਾ ਤਕੜਾ ਹੈ। ਬੇੜੀ ਚੱਪੇ ਬਿਨਾਂ ਪਾਰ ਨਹੀਂ ਲੱਗਦੀ। ਚੱਪਾ ਕੁ ਰੋਟੀ ਹੋਰ ਦੇ।

ਚੜ੍ਹ—ਘੋੜੇ ਤੇ ਚੜ੍ਹ। ਉਹ ਪਹਾੜ ਪੁਰ ਚੜ੍ਹ ਨਹੀਂ ਸਕਦਾ। ਸੂਰਜ ਚੜ੍ਹ ਆਇਆ ਹੈ। ਹੁਣ ਦਰਿਆ ਬਹੁਤ ਚੜ੍ਹ ਗਿਆ ਹੈ। ਬੇੜੀ ਵਿਚ ਚੜ੍ਹ ਬਹੁ। ਛੋਲਿਆਂ ਦਾ ਭਾ ਕੁਝ ਚੜ੍ਹ ਗਿਆ ਹੈ। ਪੋਥੀ ਤੇ ਜਿਲਦ ਚੜ੍ਹ ਗਈ ਹੈ। ਉਸ ਦਾ ਮੱਥਾ ਚੜ੍ਹ ਗਿਆ ਹੈ। ਜੰਵ ਚੜ੍ਹੀ, ਤਾਂ ਖ਼ੂਬ ਵਾਜੇ ਵਜਾਏ ਗਏ। ਬੋਰੀ ਭਾਰੀ ਹੈ, ਤੱਕੜੀ ਪੁਰ ਨਹੀਂ ਚੜ੍ਹ ਸਕਦੀ। ਅਫ਼ਗਾਨ ਲੁਟੇਰੇ ਕਈ ਵੇਰ ਸਾਡੇ ਦੇਸ਼ ਪੁਰ ਚੜ੍ਹ ਆਏ। ਨਾੜ ਚੜ੍ਹ ਜਾਏ, ਤਾਂ ਮਾਲਸ਼ ਕਰੋ।

ਚੌਕੀ—ਕੜਾਹ ਪਰਸ਼ਾਦ ਚੌਕੀ ਤੇ ਰੱਖ ਦਿਓ। ਪੁਲਸ ਦੀ ਚੌਕੀ ਤੇ ਰਪਟ ਲਿਖਵਾ ਆਓ। ਮਸੂਲ ਦੀ ਚੌਕੀ ਤੇ ਮਸੂਲ ਦੇਣਾ ਹੀ ਪੈਂਦਾ ਹੈ। ਰਾਗੀਆਂ ਦੀ ਚੌਂਕੀ ਬੜੇ ਪ੍ਰੇਮ ਨਾਲ ਕੀਰਤਨ ਕਰ ਰਹੀ ਹੈ। ਚੌਂਕੀ-ਪਹਿਰੇ ਤੋਂ ਬਿਨਾਂ ਰਾਖੀ ਨਹੀਂ ਹੋ ਸਕਦੀ; ਇਸ ਲਈ ਇੱਕ ਚੌਂਕੀਦਾਰ ਰੱਖ ਲਓ।

ਛੇੜ—ਕਿਸੇ ਨੂੰ ਐਵੇਂ ਨਾ ਛੇੜ। ਉਸ ਨੇ ਮਾਲ-ਡੰਗਰ ਸਵੇਰੇ ਹੀ ਛੇੜ ਦਿੱਤਾ। ਕੰਮ ਛੇੜ ਦਿਓ, ਪੂਰਾ ਪਰਮੇਸ਼ਰ ਕਰੇਗਾ। ਡਾਕਟਰ ਨੇ ਫੋੜੇ ਨੂੰ ਛੇੜਿਆ, ਤਾਂ ਵਿੱਚੋਂ ਪਾਕ ਨਿਕਲੀ। ਹਿਟਲਰ ਨੇ ਐਵੇਂ ਜੰਗ ਛੇੜ ਦਿੱਤਾ।

ਜਾਨ—ਜਾਨ ਸਭ ਨੂੰ ਪਿਆਰੀ ਹੈ। ਇਸ ਸਾਲ ਲੋਕਾਂ ਦਾ ਬੜਾ ਜਾਨ (ਨੁਕਸਾਨ) ਹੋਇਆ ਹੈ। ਤੂੰ ਤਾਂ ਮੇਰੀ ਜਾਨ (ਪਿਆਰਾ) ਹੈਂ। ਇਸ ਕੱਪੜੇ ਵਿੱਚ ਜਾਨ ਨਹੀਂ।

ਜੰਦਰਾ—ਬੂਹਾ ਬੰਦ ਕਰ ਕੇ ਜੰਦਰਾ ਲਾ ਦਿਓ। ਕਿਰਸਾਨ ਜੰਦਰੇ ਨਾਲ

Sri Satguru Jagjit Singh Ji Elibrary NamdhariElibrary@gmail.com

ਪੈਲੀ ਵਿੱਚ ਵੱਟਾਂ ਪਾ ਰਿਹਾ ਹੈ।

ਜਾਲਾ–ਦੀਵਾ ਜਾਲੇ ਵਿੱਚ ਰੱਖ। ਕੰਧਾਂ ਤੋਂ ਮਕੜੀ ਦਾ ਜਾਲਾ ਉਤਰਵਾ ਦੇ। ਛੱਪੜ ਦੇ ਪਾਣੀ ਉੱਤੇ ਜਾਲਾ ਬੱਝ ਗਿਆ ਹੈ। ਉਸ ਦੀ ਅੱਖ ਪੁਰ ਜਾਲਾ ਚੜ੍ਹ ਗਿਆ ਹੈ।

ਝੜ–ਅੱਜ ਝੜ ਹੈ। ਕੁਝ ਹੱਥੋਂ ਵੀ ਝੜ। ਰੁੱਖਾਂ ਦੇ ਪੱਤੇ ਝੜ ਗਏ ਹਨ।

ਝੁੱਲ–ਬਲਦ ਪੁਰ ਝੁੱਲ ਪਾ ਦੇ। ਝੱਖੜ ਝੁੱਲ ਪਿਆ ਹੈ।

ਟਿੱਕੀ–ਸਿਆਹੀ ਦੀ ਟਿੱਕੀ ਦਵਾਤ ਵਿੱਚ ਪਾ ਅਜੇ ਸੂਰਜ ਦੀ ਟਿੱਕੀ ਨਹੀਂ ਨਿਕਲੀ। ਫ਼ਕੀਰ ਨੂੰ ਦੋ ਟਿੱਕੀਆਂ ਮਿਲ ਜਾਣ, ਤਾਂ ਰੱਜ ਜਾਂਦਾ ਹੈ। ਟਿੱਕੀ (ਚੋੜਾ) ਆੜੂ ਗੋਲ ਆੜੂ ਨਾਲੋਂ ਚੰਗਾ ਹੁੰਦਾ ਹੈ।

ਠੰਢਾ–ਇਸ ਖੂਹ ਦਾ ਪਾਣੀ ਬੜਾ ਚੰਗਾ ਤੇ ਠੰਢਾ ਹੈ। ਉਹ ਮੁੰਡਾ ਕੰਮ ਕਰਨ ਵਿੱਚ ਬੜਾ ਠੰਢਾ (ਸੁਸਤ) ਹੈ। ਉਹ ਸੁਭਾਉ ਦਾ ਠੰਢਾ (ਨਰਮ) ਹੈ। ਠੰਢੇ-ਠੰਢੇ (ਸਵੇਰੇ) ਕੰਮ ਬਹੁਤ ਛੇਤੀ ਹੁੰਦਾ ਹੈ।

ਡੰਗ–ਉਸ ਨੇ ਇੱਕੋ ਡੰਗ ਰੋਟੀ ਖਾਧੀ ਸੀ। ਸੱਪ ਨੇ ਸਿਪਾਹੀ ਨੂੰ ਅਜੇਹਾ ਡੰਗ ਮਾਰਿਆ ਕਿ ਪਲਾਂ ਵਿੱਚ ਉਹਦੀ ਜਾਨ ਨਿਕਲ ਗਈ।

ਡੰਡੀ–ਇਸ ਤੱਕੜੀ ਦੀ ਡੰਡੀ ਵਿੱਚ ਕਾਣ ਹੈ। ਇਹ ਡੰਡੀ ਸਿੱਧੀ ਸਾਡੇ ਪਿੰਡ ਨੂੰ ਜਾਂਦੀ ਹੈ। ਵਾਕ ਮੁੱਕ ਜਾਏ, ਤਾਂ ਅੱਗੇ ਡੰਡੀ (।) ਲਿਖ ਦਿਓ। ਤੀਵੀਆਂ ਕੰਨਾਂ ਵਿੱਚ ਡੰਡੀਆਂ ਪਾਉਂਦੀਆਂ ਹਨ। ਇਸ ਫੁਲ ਦੀ ਡੰਡੀ ਬੜੀ ਕਰੜੀ ਹੈ।

ਡੰਡ–ਡੰਡ ਨਾ ਪਾ। ਡੰਡ ਕੱਢਿਆ ਕਰ। ਉਹਨੂੰ ਬਹਾਦਰੀ ਵੱਲੋਂ ਇਹ ਡੰਡ ਲੱਗਾ ਹੈ ਕਿ ਉਹ ਸੌ ਰੁਪਈਆ ਧਰਮਸਾਲੇ ਦੇਵੇ।

ਢਾਲ–ਸਿਪਾਹੀ ਦੇ ਇੱਕ ਹੱਥ ਵਿੱਚ ਢਾਲ ਤੇ ਦੂਜੇ ਵਿੱਚ ਤਲਵਾਰ ਹੈ। ਸਿੱਕਾ ਢਾਲ ਕੇ ਛੱਰਾ ਬਣਾਇਆ ਜਾਂਦਾ ਹੈ। ਪੰਜਾਬ ਦੇ ਦਰਿਆ ਦੱਸਦੇ ਹਨ ਕਿ ਇਸ ਦੇਸ ਦੀ ਢਾਲ ਦੱਖਣ-ਪੱਛਮ ਵੱਲ ਹੈ। ਪਟਵਾਰੀ ਨੇ ਮਾਮਲੇ ਦੀ ਢਾਲ-ਬਾਛ ਬਣਾ ਕੇ ਨੰਬਰਦਾਰ ਨੂੰ ਦੇ ਦਿੱਤੀ ਹੈ।

ਤਾਰ–ਬਿਜਲੀ ਦੀ ਤਾਰ ਨੂੰ ਹੱਥ ਨਾ ਲਾ। ਉਹਨੂੰ ਹੁਣੇ ਤਾਰ ਆਈ ਹੈ ਕਿ ਛੇਤੀ ਘਰ ਪਹੁੰਚ। ਗੁਰੂ ਨਾਨਕ ਸਾਹਿਬ ਨੇ ਸ਼ੁਭ ਉਪਦੇਸ਼ ਦੇ ਕੇ ਜਗਤ ਨੂੰ ਤਾਰ ਦਿੱਤਾ ਹੈ। ਤਾਰ ਤਾਰ ਸੂਤਰ ਜੁੜੇ ਥੀਵੇ ਥਾਨ ਤਿਆਰ।

ਥੁੱਕ–ਸਲੇਟ ਤੇ ਥੁੱਕ ਨਾ ਪਾ। ਫ਼ਰਸ਼ ਤੇ ਨਾ ਥੁੱਕ।

ਦਰ–ਦਰ ਬੰਦ ਕਰ ਦਿਓ। ਅੱਜ-ਕੱਲ ਵਿਆਜ ਦਾ ਦਰ ਕੁਝ ਚੜ੍ਹਿਆ ਹੋਇਆ ਹੈ।

Sri Satguru Jagjit Singh Ji Elibrary NamdhariElibrary@gmail.com

ਦੌਰਾ—ਅਫ਼ਸਰ ਮਾਲ ਸਾਹਿਬ ਅੱਜ-ਕੱਲ ਦੌਰੇ ਪੁਰ ਹਨ। ਕਲ੍ਹ ਉਨ੍ਹਾਂ ਦੇ ਚਪੜਾਸੀ ਨੂੰ ਮਿਰਗੀ ਦਾ ਦੌਰਾ ਪੈ ਗਿਆ ਸੀ।

ਦਾਰੂ- ਅੱਖ ਵਿੱਚ ਦਾਰੂ ਪਾ। ਦਾਰੂ (ਸ਼ਰਾਬ) ਪੀਣ ਵਾਲੇ ਸਦਾ ਖ਼ੁਆਰ ਹੁੰਦੇ ਹਨ। ਸਿਪਾਹੀ ਦਾਰੂ-ਸਿੱਕਾ ਲੈ ਕੇ ਰਣ-ਭੂਮੀ ਵੱਲ ਤੁਰ ਪਿਆ।

ਧੜਾ—ਉਹ ਆਪਣੇ ਭਰਾ ਦਾ ਧੜਾ ਕਰਦਾ ਹੈ। ਖੰਡ ਤੋਲਣ ਤੋਂ ਪਹਿਲਾਂ ਖ਼ਾਲੀ ਬੋਰੀ ਦਾ ਧੜਾ ਕਰ ਲੈ। ਤੁਹਾਡੇ ਧੜੇ (ਟੋਲੇ) ਦੇ ਬੰਦੇ ਬੜੇ ਕੱਟੜ ਹਨ।

ਧਾਰ—ਪਹਾੜ ਵਿੱਚੋਂ ਪਾਣੀ ਦੀ ਧਾਰ ਨਿਕਲ ਰਹੀ ਹੈ। ਤਲਵਾਰ ਦੀ ਧਾਰ ਬੜੀ ਤਿੱਖੀ ਹੁੰਦੀ ਹੈ। ਪਹਾੜ ਦੀ ਧਾਰ ਪੁਰ ਚੜ੍ਹ ਜਾ। ਜੇ ਮੁੱਕਤੀ ਚਾਹੁੰਦਾ ਹੈ, ਤਾਂ ਗੁਰੂ ਧਾਰ ਲੈ। ਮਾਹਿੰ ਦੀਆਂ ਧਾਰਾਂ ਲੈਣ ਵਾਲਾ ਬੜਾ ਤਕੜਾ ਹੁੰਦਾ ਹੈ।

ਧੋਤੀ—ਤੇੜ ਧੋਤੀ ਬੰਨ੍ਹ ਲੈ। ਧੋਬੀ ਨੇ ਮੇਰੀ ਚਾਦਰ ਚੰਗੀ ਨਹੀਂ ਧੋਤੀ। ਮਾਂਹ ਦੀ ਧੋਤੀ ਦਾਲ ਸੁਆਦੀ ਹੁੰਦੀ ਹੈ।

ਨਜ਼ਰ—ਬਾਜ਼ ਦੀ ਨਜ਼ਰ ਬੜੀ ਤੇਜ਼ ਹੁੰਦੀ ਹੈ। ਬੱਚੇ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ।

ਨਾਲ—ਤਿੰਨ ਫੁੱਟ ਲੋਹੇ ਦੀ ਨਾਲ ਲੈ ਆ। ਘੋੜੇ ਨੂੰ ਨਾਲ ਲੁਆ ਲੈ। ਕਾਕਾ ! ਤੂੰ ਮੇਰੇ ਨਾਲ ਚਲੇ, ਤਾਂ ਤੈਨੂੰ ਹੋਰ ਲੱਡੂ ਲੈ ਦਿਆਂ।

ਨਾਲੀ—ਭੰਗੀ ਨਾਲੀ ਸਾਫ਼ ਕਰ ਰਿਹਾ ਹੈ। ਕਣਕ ਬਹੁਤੀ ਥਾਈਂ ਨਾਲੀ ਨਾਲ ਹੀ ਬੀਜੀ ਜਾਂਦੀ ਹੈ। ਇਹ ਬੰਦੂਕ ਇੱਕ-ਨਾਲੀ ਨਹੀਂ, ਦੋ ਨਾਲੀ ਹੈ।

ਨੀਲ—ਦੋ ਪੈਸੇ ਦਾ ਨੀਲ ਲੈ ਆ। ਉਸ ਨੇ ਚਪੇੜ ਮਾਰੀ, ਤਾਂ ਬੱਚੇ ਨੂੰ ਨੀਲ ਪੈ ਗਿਆ।

ਪੱਕਾ—ਇਹ ਫਲ ਪੱਕਾ ਹੈ। ਸਾਡਾ ਕੋਠਾ ਪੱਕਾ ਹੈ। ਉਸ ਦਾ ਨਿਸਚਾ ਪੱਕਾ ਹੈ। ਇਸ ਕੱਪੜੇ ਦਾ ਰੰਗ ਪੱਕਾ ਹੈ। ਇਹ ਮੁੰਡਾ ਬੜਾ ਪੱਕਾ (ਹੁਸ਼ਿਆਰ) ਹੈ। ਡਾਕਟਰ ਪੱਕਾ ਫੋੜਾ ਚੀਰਦੇ ਹਨ, ਕੱਚਾ ਨਹੀਂ। ਇਹ ਧਾਗਾ ਪੱਕਾ ਹੈ। ਮੇਰਾ ਇਰਾਦਾ ਪੱਕਾ ਹੈ। ਪੱਕੀ ਸਲਾਹ ਕਰ। ਟਾਂਗਾ ਪੱਕੀ ਸੜਕ ਪੁਰ ਤੇਜ਼ ਚਲਦਾ ਹੈ। ਇਹ ਦੀ ਨੌਕਰੀ ਪੱਕੀ ਹੈ।

ਪਊਆ—ਸਾਧ ਦੇ ਪੈਰੀਂ ਪਊਏ ਹਨ। ਹਲਵਾਈ ਦਾ ਪਊਆ (ਪਾ ਭਰ ਦਾ ਮਾਪ) ਕੁਝ ਛੋਟਾ ਹੈ। ਪਊਆ ਭਰ ਦੁੱਧ ਰੋਜ਼ ਪੀਤਾ ਕਰ।

ਫੁੱਲ—ਗੁਲਾਬ ਦਾ ਫੁੱਲ ਬੜਾ ਸੁਹਣਾ ਹੁੰਦਾ ਹੈ। ਉਸ ਦਾ ਪੇਟ ਫੁੱਲ ਗਿਆ ਹੈ। ਉਸ ਤੀਵੀਂ ਦੇ ਸਿਰ ਪੁਰ ਸੋਨੇ ਦੇ ਫੁੱਲ ਹਨ। ਇਸ ਮਹਿੰ ਦੇ ਮੱਥੇ

Sri Satguru Jagjit Singh Ji Elibrary NamdhariElibrary@gmail.com

ਪੁਰ ਫੁੱਲ ਹੈ। ਹਿੰਦੂ ਲੋਕ ਮੁਰਦੇ ਦੇ ਫੁੱਲ ਗੰਗਾ ਵਿੱਚ ਪਾਉਂਦੇ ਹਨ। ਫਟਕੜੀ ਫੁੱਲ ਹੋ ਜਾਂਦੀ ਹੈ। ਉਸ ਦੇ ਮਸੂੜੇ ਫੁੱਲ ਗਏ ਹਨ।

ਬਿੱਲਾ-ਬਿੱਲਾ, ਬਿੱਲੀ ਨਾਲੋਂ ਵੱਡਾ ਹੁੰਦਾ ਹੈ। ਉਹ ਅੱਖਾਂ ਤੋਂ ਬਿੱਲਾ ਹੈ। ਮਾਨੀਟਰ ਦੀ ਬਾਂਹ ਪੁਰ ਬਿੱਲਾ ਲੱਗਾ ਹੋਇਆ ਹੈ।

ਭਰ-ਪਾਣੀ ਭਰ ਲਿਆ। ਜੁਰਮਾਨਾ ਭਰ ਦੇ। ਸੇਰ ਭਰ ਦੁੱਧ ਲਿਆ। ਉਸ ਦਾ ਜ਼ਖ਼ਮ ਹੁਣ ਭਰ ਗਿਆ ਹੈ।

ਮੁਰੱਬਾ-ਔਲਿਆਂ ਦਾ ਮੁਰੱਬਾ ਲੈ ਆ। ਐਤਕੀ ਅਸਾਂ ਇਸ ਮੁਰੱਬੇ ਵਿਚ ਕਪਾਹ ਬੀਜਣੀ ਹੈ। ਮੁਰੱਬਾ ਸ਼ਕਲ ਦੀਆਂ ਚਾਹੇ ਬਾਹੀਆਂ ਬਰਾਬਰ ਤੇ ਚਾਰੇ ਕੋਨੇ ਸਿੱਧੇ ਹੁੰਦੇ ਹਨ।

ਯੱਕਾ-ਯੱਕਾ (ਟਾਂਗਾ) ਲੈ ਆ। ਪਾਨ ਦਾ ਯੱਕਾ ਸੁੱਟ, ਦੁੱਕੀ ਨਾ ਸੁੱਟ।

ਰਾਸ-ਤੂੰ ਵਪਾਰ ਵਿੱਚ ਕਿੰਨੀ ਕੁ ਰਾਸ ਲਾਈ ਹੈ। ਤੇਰੀ ਮੇਰੀ ਰਾਸ ਮਿਲਦੀ ਹੈ। ਅੱਜ ਰਾਤ ਨੂੰ ਰਾਸ-ਧਾਰੀਏ ਰਾਸ ਪਾਉਣਗੇ।

ਲਈ-ਮੁੰਡੇ ਲਈ ਦੁੱਧ ਲਿਆ। ਤੂੰ ਐਤਕੀਂ ਤੂੜੀ ਕਿੰਨੀ ਕੁ ਲਈ ਹੈ ? ਉਸ ਨੇ ਸਾਰੀ ਪੋਥੀ ਪੜ੍ਹ ਲਈ ਹੈ।

ਵੱਟ-ਵੱਟ ਮਾਰ ਕੇ ਪਾਣੀ ਰੋਕ ਦੇ। ਰੱਸੀ ਵੱਟ। ਰੱਸੀ ਨੂੰ ਬਹੁਤ ਵੱਟ ਨਾ ਚਾੜ੍ਹ। ਸੌਦਾ ਵੇਚ ਕੇ ਕੁਝ ਵੱਟ ਲੈ।

ਵਲ-ਮੇਰੀ ਵੱਲ ਆ। ਉਹ ਹੁਣ ਵੱਲ ਹੈ। ਚੰਗਾ ਬਣਨ ਦਾ ਇਹੋ ਵੱਲ ਹੈ ਕਿ ਮਾਤਾ-ਪਿਤਾ ਦੀ ਸੇਵਾ ਕਰੋ।

--o--

# ਚੋਣਵੇਂ ਅਖਾਣ

**310.** ਪਿੱਛੇ ਦੱਸ ਆਏ ਹਾਂ ਕਿ ਅਖਾਣ ਦੀ ਖ਼ਾਸ ਠੁੱਕ ਇਹ ਹੈ ਕਿ ਉਹਨੂੰ ਵਰਤਣ ਵੇਲੇ ਨਾ ਉਹਦੇ ਸ਼ਬਦਾਂ ਵਿਚ ਤਬਦੀਲੀ ਹੁੰਦੀ ਹੈ ਤੇ ਨਾਂ ਸ਼ਬਦਾਂ ਦੇ ਰੂਪਾਂ ਵਿੱਚ। (ਵੇਖੋ ਅੰਕ ੩੦੪)।

**311.** ਹੁਣ ਕੁਝਕੁ ਚੋਣਵੇਂ ਅਖਾਣ ਤੇ ਨਾਲ-ਨਾਲ ਉਨ੍ਹਾਂ ਦਾ ਅਰਥ-ਭਾਵ ਜਾਂ ਵਰਤਣ ਦਾ ਮੌਕਾ ਵੀ ਦੱਸਿਆ ਜਾਂਦਾ ਹੈ:-

(1) ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ।

Sri Satguru Jagjit Singh Ji Elibrary NamdhariElibrary@gmail.com

ਇਹ ਅਖਾਣ ਉਸ ਆਦਮੀ ਲਈ ਬੋਲਦੇ ਹਨ, ਜੋ ਹਰ ਥਾਂ ਪੈਂਚ ਜਾ ਬਣੇ।

(2) ਉੱਖਲੀ ਵਿੱਚ ਸਿਰ ਦਿੱਤਾ, ਤਾਂ ਮੁਹਲਿਆਂ ਦਾ ਕੀ ਡਰ।
ਭਾਵ ਔਖਾ ਕੰਮ ਅਰੰਭ ਦਿੱਤਾ, ਤਾਂ ਫੇਰ ਉਸ ਦੀਆਂ ਔਕੜਾਂ ਤੋਂ ਕੀ ਡਰਨਾ ਤੇ ਉਸ ਤੋਂ ਪਿੱਛਾਂਹ ਕੀ ਹਟਣਾ।

(3) ਉੱਚਾ ਲੰਮਾ ਗੱਭਰੂ, ਪੱਲੇ ਠੀਕਰੀਆਂ।
ਜਿਹੜਾ ਦਿੱਸਣ ਨੂੰ ਚੰਗਾ ਤੇ ਗੁਣਾਂ ਕਰਕੇ ਮਾੜਾ ਹੋਵੇ, ਉਹਦੀ ਬਾਬਤ ਬੋਲਦੇ ਹਨ।

(4) ਉੱਚੀ ਦੁਕਾਨ ਫਿੱਕਾ ਪਕਵਾਨ।
ਜਿਸ ਦਾ ਨਾਉਂ ਜਾਂ ਮਸ਼ਹੂਰੀ ਤਾਂ ਬਹੁਤ ਹੋਵੇ, ਪਰ ਗੁਣਾਂ ਦਾ ਅਭਾਵ ਹੋਵੇ, ਉਸ ਦੀ ਬਾਬਤ ਬੋਲਦੇ ਹਨ।

(5) ਉੱਠਿਆ ਜਾਏ ਨਾ ਤੇ ਫਿੱਟੇ ਮੂੰਹ ਗੋਡਿਆਂ ਦਾ।
ਜਿਹੜਾ ਆਦਮੀ ਕੰਮ ਨੂੰ ਆਪ ਕਰ ਨਾ ਸਕੇ ਤੇ ਦੋਸ਼ ਦੂਜਿਆਂ ਦੇ ਸਿਰ ਮੜ੍ਹ ਕੇ ਸੱਚਾ ਹੋਣਾ ਚਾਹੇ, ਉਸ ਦੀ ਬਾਬਤ ਬੋਲਦੇ ਹਨ। (ਨੱਚ ਨਾ ਜਾਣੇ ਵਿਹੜਾ ਵਿੰਗਾ)

(6) ਉਲਟੇ ਬਾਂਸ ਬਰੇਲੀ ਜਾਂ ਉਲਟੀ ਗੰਗਾ ਪਹਾੜਾਂ ਨੂੰ।
ਇਹ ਅਖਾਣ ਓਦੋਂ ਬੋਲਦੇ ਹਨ, ਜਦੋਂ ਕੋਈ ਚੀਜ਼ ਉੱਥੇ ਭੇਜੀ ਜਾਏ, ਜਿੱਥੇ ਅੱਗੇ ਹੀ ਬਹੁਤ ਹੁੰਦੀ ਹੋਵੇ।

(7) ਉਲਟੀ ਵਾੜ ਖੇਤ ਨੂੰ ਖਾਏ।
ਜਿੱਥੇ ਰਾਖਾ ਜਾਂ ਮਾਲਕ ਹੀ ਨੁਕਸਾਨ ਕਰਨ ਲੱਗ ਪਵੇ, ਉੱਥੇ ਬੋਲਦੇ ਹਨ।

(8) ਊਠ ਚਾਲੀ ਬੋਤਾ ਬਤਾਲੀ।
ਜਦੋਂ ਪਿਉ ਨਾਲੋਂ ਪੁੱਤ ਜਾਂ ਵੱਡੇ ਨਾਲੋਂ ਛੋਟਾ ਵਧੇਰੀ ਚਤੁਰਾਈ ਦੱਸੇ, ਓਦੋਂ ਬੋਲਦੇ ਹਨ।

(9) ਊਠ ਦੇ ਗਲ ਟੱਲੀ।
ਜਦੋਂ ਵੱਡੀ ਉਮਰ ਦੇ ਆਦਮੀ ਨਾਲ ਛੋਟੀ ਉਮਰ ਦੀ ਕੁੜੀ ਵਿਆਹੀ ਜਾਵੇ, ਓਦੋਂ ਬੋਲਦੇ ਹਨ।

(10) ਅਕਲ ਦਾ ਅੰਨ੍ਹਾ ਗੰਢ ਦਾ ਪੂਰਾ।
ਜਦੋਂ ਕੋਈ ਧਨੀ ਆਦਮੀ ਬਹੁਤਾ ਮੂਰਖ ਹੋਵੇ, ਤਾਂ ਉਸ ਦੀ

Sri Satguru Jagjit Singh Ji Elibrary NamdhariElibrary@gmail.com

ਬਾਬਤ ਬੋਲਦੇ ਹਨ।

(11) ਅੰਨ੍ਹਾ ਕੁੱਤਾ ਵਾ ਨੂੰ ਭੌਂਕੇ।
ਜਿਸ ਆਦਮੀ ਨੂੰ ਅਸਲੀ ਗੱਲ ਦਾ ਪਤਾ ਨਾ ਹੋਵੇ ਤੇ ਐਵੇਂ ਬੋਲਣ ਲੱਗ ਪਵੇ, ਉਹਦੀ ਬਾਬਤ ਬੋਲਦੇ ਹਨ।

(12) ਅੰਨ੍ਹਾ ਵੰਡੇ ਰੇਉੜੀਆਂ ਮੁੜ-ਮੁੜ ਘਰ-ਦਿਆਂ ਨੂੰ ਦੇਵੇ।
ਜਦੋਂ ਕੋਈ ਆਦਮੀ ਹਰ ਤਰ੍ਹਾਂ ਦਾ ਫ਼ਾਇਦਾ ਆਪਣੇ ਸੰਬੰਧੀਆਂ ਜਾਂ ਮਿੱਤਰਾਂ ਨੂੰ ਹੀ ਪੁਚਾਈ ਜਾਵੇ, ਓਦੋਂ ਬੋਲਦੇ ਹਨ।

(13) ਆਪ ਕਾਜ ਮਹਾ-ਕਾਜ।
ਜਦੋਂ ਇਹ ਕਹਿਣਾ ਹੋਵੇ ਕਿ ਕੰਮ ਆਪਣੇ ਕੀਤੀਆਂ ਹੀ ਚੰਗਾ ਹੁੰਦਾ ਹੈ, ਅਥਵਾ, ਆਪਣਾ ਕੰਮ ਜੇਹੋ ਜੇਹਾ ਆਪ ਕਰੀਦਾ ਹੈ, ਉਹ ਜੇਹਾ ਦੂਜਾ ਨਹੀਂ ਕਰਦਾ, ਓਦੋਂ ਬੋਲਦੇ ਹਨ।

(14) ਆਪ ਭਲਾ ਜੱਗ ਭਲਾ।
ਭਾਵ—ਆਪ ਨੇਕ ਹੋਣ ਨਾਲ ਸੰਸਾਰ ਦੇ ਸਭ ਮਨੁੱਖ ਚੰਗੇ ਭਾਸਦੇ ਹਨ ਤੇ ਕਿਸੇ ਨਾਲ ਵੈਰ-ਵਿਰੋਧ ਨਹੀਂ ਜਾਪਦਾ।

(15) ਆਪ ਮਰੇ ਜੱਗ ਪਰਲੋ।
ਆਪਣੇ ਮਰਨ ਨਾਲ ਮਾਨੋ ਸਾਰਾ ਸੰਸਾਰ ਨਸ਼ਟ ਹੋ ਜਾਂਦਾ ਹੈ, ਅਰਥਾਤ, ਸਭ ਕੁਝ ਆਪਣੇ ਜੀਉਣ ਨਾਲ ਹੀ ਹੈ।

(16) ਇੱਕ ਇੱਕ ਤੇ ਦੋ ਯਾਰਾਂ।
ਏਕੇ ਜਾਂ ਮੇਲ ਵਿੱਚ ਬੜੀ ਤਾਕਤ ਯਾਂ ਬਰਕਤ ਹੈ।

(17) ਇੱਕ ਇਕੱਲਾ, ਦੂਜਾ ਭਲਾ, ਤੀਜਾ ਰਲਿਆ, ਭੁੱਗਾ ਗਲਿਆ।
ਕਿਸੇ ਭੇਤ ਨੂੰ ਤੀਜੇ ਆਦਮੀ ਦੇ ਕੰਨਾਂ ਤਕ ਜਾਣ ਤੋਂ ਰੋਕਣ ਲਈ ਕਹਿੰਦੇ ਹਨ।

(18) ਇੱਕ ਸੱਪ ਦੂਜਾ ਉੱਡਣਾ।
ਜਦ ਕਿਸੇ ਆਦਮੀ ਵਿੱਚ ਦੋ ਔਗੁਣ ਇੱਕ ਦੂਜੇ ਤੋਂ ਵੱਧ ਚੜ੍ਹਕੇ ਇਕੱਠੇ ਹੋਣ, ਓਦੋਂ ਬੋਲਦੇ ਹਨ।

(19) ਇੱਕ ਕਰੇਲਾ ਦੂਜਾ ਨਿੰਮ-ਚੜ੍ਹਿਆ।
ਜਦ ਕੋਈ ਆਦਮੀ ਅਸਲੋਂ ਹੀ ਬੁਰਾ ਹੋਵੇ ਤੇ ਨਾਲ ਬੁਰਿਆਂ ਦੀ ਜੁੰਡੀ ਵਿੱਚ ਵੀ ਰਲ ਜਾਵੇ, ਤਾਂ ਉਸ ਦੀ ਬਾਬਤ ਬੋਲਦੇ ਹਨ।

(20) ਇੱਕ ਮੱਛੀ ਸਾਰਾ ਜਲ ਗੰਦਾ ਕਰ ਦਿੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਇਹ ਓਦੋਂ ਬੋਲਦੇ ਹਨ, ਜਦੋਂ ਕਿਸੇ ਬਰਾਦਰੀ ਦੇ ਇੱਕ ਆਦਮੀ ਦੀ ਭੈੜੀ ਕਰਤੂਤ ਕਰਕੇ ਉਸ ਬਰਾਦਰੀ ਹੀ ਬਦਨਾਮ ਹੋ ਜਾਵੇ।

(21) ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ।
ਜਦੋਂ ਇਹ ਦੱਸਣਾ ਹੋਵੇ ਕਿ ਇੱਕੋ ਥਾਂ ਦੇ ਦੋ ਪੈਂਚ ਜਾਂ ਇੱਕੋ ਚੀਜ਼ ਦੇ ਦੋ ਦਾਵੇਦਾਰ ਆਪਸ ਵਿੱਚ ਮਿਲ ਕੇ ਨਹੀਂ ਰਹਿ ਸਕਦੇ, ਓਦੋਂ ਬੋਲਦੇ ਹਨ।

(22) ਇੱਕ ਨੂੰ ਕੀ ਰੋਨੀ ਏਂ ਊਤ ਗਿਆ ਈ ਆਵਾ।
ਜਦ ਕਿਸੇ ਘਰਾਣੇ ਜਾਂ ਜਾਤ ਦੇ ਇੱਕ ਬੰਦੇ ਦਾ ਸੁਧਾਰ ਕਰਦਿਆਂ-ਕਰਦਿਆਂ ਇਹ ਪਤਾ ਲੱਗੇ ਕਿ ਉੱਥੇ ਤਾਂ ਸਾਰੇ ਹੀ ਵਿਗੜੇ ਹੋਏ ਹਨ, ਤਦ ਬੋਲਦੇ ਹਨ।

(23) ਇੱਕ ਪੰਥ ਦੋ ਕਾਜ।
ਜਦ ਇੱਕ ਕੰਮ ਕਰਨ ਨਾਲ ਇੱਕ ਹੋਰ ਲਾਭ ਵੀ ਪਰਾਪਤ ਹੋ ਜਾਵੇ, ਤਦ ਬੋਲਦੇ ਹਨ। (ਨਾਲੇ ਪੁੰਨ ਨਾਲੇ ਫਲੀਆਂ। ਨਾਲੇ ਖਾ ਖੁਮਾਣੀਆਂ ਨਾਲੇ ਖਾ ਬਦਾਮ। ਨਾਲੇ ਦੇਵੀ ਦਾ ਦਰਸ਼ਨ ਨਾਲੇ ਮੁੰਞ ਬਗੜ ਦਾ ਸੌਦਾ। ਨਾਲੇ ਖਾਈਏ ਅੰਬ ਨਾਲੇ ਲਈਏ ਗਿਟਕਾਂ ਦਾ ਮੁੱਲ)।

(24) ਸਸਤਾ ਰੋਵੇ ਵਾਰ ਵਾਰ, ਮਹਿੰਗਾ ਰੋਵੇ ਇੱਕੋ ਵਾਰ।
ਜਦੋਂ ਕੋਈ ਸਸਤੀ ਚੀਜ਼ ਖ਼ਰਾਬ ਨਿਕਲ ਪਵੇ ਜਾਂ ਚੰਗੀ ਚੀਜ਼ ਮਹਿੰਗੇ ਮੁੱਲ ਤੋਂ ਲੈਣ ਦਾ ਉਪਦੇਸ਼ ਦੇਣਾ ਹੋਵੇ, ਤਦ ਬੋਲਦੇ ਹਨ।

(25) ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ।
ਜਿਹੜਾ ਆਦਮੀ ਬਿਨ-ਬੁਲਾਏ ਹੀ ਕਿਤੇ ਚੌਧਰੀ ਬਣ ਬਹੇ, ਉਹਦੇ ਲਈ ਬੋਲਦੇ ਹਨ। (ਖੜਪੈਂਚ)

(26) ਸੱਪ ਦਾ ਡੰਗਿਆ ਰੱਸੀ ਤੋਂ ਡਰਦਾ ਹੈ।
ਜਦੋਂ ਕੋਈ ਆਦਮੀ ਕਿਸੇ ਵੱਡੇ ਨੁਕਸਾਨ ਤੋਂ ਪਿੱਛੋਂ ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਵੀ ਡਰ ਡਰ ਕੇ ਪੈਰ ਰੱਖੇ, ਤਾਂ ਬੋਲਦੇ ਹਨ। (ਅੱਗ ਦਾ ਸੜਿਆ ਲੱਸੀ ਨੂੰ ਫੂਕਾਂ ਮਾਰ ਮਾਰ ਕੇ ਪੀਂਦਾ ਹੈ। ਅੱਗ ਦਾ ਦੱਧਾ ਟਟਹਿਣਿਓਂ ਵੀ ਡਰਦਾ ਹੈ)।

(27) ਸੱਪ ਨੂੰ ਸੱਪ ਲੜੇ ਤੇ ਵਿਹੁ ਕਿਹਨੂੰ ਚੜ੍ਹੇ।
ਜਦ ਦੋ ਤਕੜੇ ਆਦਮੀ ਇੱਕ ਦੂਜੇ ਦੇ ਵੈਰੀ ਹੋ ਜਾਣ, ਪਰ ਕੋਈ ਕਿਸੇ ਦਾ ਨੁਕਸਾਨ ਦਾ ਕਰ ਸਕੇ, ਓਦੋਂ ਬੋਲਦੇ ਹਨ।

(28) ਸੁਨਿਆਰ ਦੀ ਇੱਕ ਲੁਹਾਰ ਦੀ ।
ਜਦ ਇੱਕ ਆਦਮੀ ਦੂਜੇ ਨੂੰ ਕਈ ਵਾਰੀ ਥੋੜਾ ਥੋੜਾ ਨੁਕਸਾਨ ਪੁਚਾਏ ਤੇ ਦੂਜਾ ਇੱਕੋ ਵਾਰੀ ਉਸ ਦਾ ਬਹੁਤ ਸਾਰਾ ਨੁਕਸਾਨ ਕਰ ਦੇਵੇ, ਤਦ ਬੋਲਦੇ ਹਨ। ਭਾਵ ਇਹ ਕਿ ਮਾੜੇ ਦੀਆਂ ਸੌ ਸੱਟਾਂ ਵੀ ਤਕੜੇ ਦੀ ਇੱਕ ਸੱਟ ਦਾ ਮੁਕਾਬਲਾ ਨਹੀਂ ਕਰ ਸਕਦੀਆਂ ।

(29) ਸੌ (ਜਾਂ ਨੌਂ ਸੌ) ਚੂਹਾ ਖਾ ਕੇ ਬਿੱਲੀ ਹੱਜ ਨੂੰ ਚਲੀ ।
ਜਦੋਂ ਕੋਈ ਅਤਿ ਭੈੜਾ ਆਦਮੀ ਕਿਸੇ ਵੇਲੇ ਦਿਖਾਵੇ ਲਈ ਕੋਈ ਚੰਗਾ ਕੰਮ ਕਰੇ, ਤਾਂ ਬੋਲਦੇ ਹਨ।

(30) ਸਹਿਜ ਪੱਕੇ ਸੋ ਮੀਠਾ ਹੋਇ ।
ਜਦੋਂ ਇਹ ਸਮਝਾਉਣਾ ਹੋਵੇ ਕਿ ਜਿਹੜਾ ਕੰਮ ਸਹਿਜੇ-ਸਹਿਜੇ ਕਰੀਏ, ਉਹ ਚੰਗਾ ਹੁੰਦਾ ਹੈ, ਤਦ ਬੋਲਦੇ ਹਨ ।

(31) ਸਿਰੋਂ ਗੰਜੀ ਤੇ ਕੰਘੀਆਂ ਦਾ ਜੋੜਾ ।
ਜਦ ਕੋਈ ਆਦਮੀ ਬੇਵਕੂਫ਼ੀ ਨਾਲ ਬੇਲੋੜੀਆ ਤੇ ਬੇਢੁੱਕੀਆਂ ਚੀਜ਼ਾਂ ਇਕੱਠੀਆਂ ਕਰੇ, ਤਦ ਬੋਲਦੇ ਹਨ ।

(32) ਸ਼ਕਲ ਮੋਮਨਾਂ ਕਰਤੂਤ ਕਾਫ਼ਰਾਂ ।
ਜਦ ਕੋਈ ਆਦਮੀ ਸ਼ਕਲ-ਸੂਰਤ ਤੇ ਬੋਲਚਾਲ ਵਿੱਚ ਤਾਂ ਭਲਾਮਾਣਸ ਜਾਪੇ, ਪਰ ਕੰਮ ਨੀਚਾਂ ਵਾਲੇ ਕਰੇ, ਤਾਂ ਬੋਲਦੇ ਹਨ ।

(33, ਹੱਥ ਕੰਙਣ ਨੂੰ ਆਰਸੀ ਕੀ ।
ਸਾਫ਼ ਤੇ ਸਪਸ਼ਟ ਗੱਲ ਨੂੰ ਸਬੂਤਾਂ ਦੀ ਕੀ ਲੋੜ ।

(34) ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਣ ਦੇ ਹੋਰ ।
ਜਿਹੜਾ ਆਦਮੀ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਵੇ, ਅਥਵਾ, ਕਹੇ ਕੁਝ ਤੇ ਕਰੇ ਕੁਝ, ਉਹਦੀ ਬਾਬਤ ਬੋਲਦੇ ਹਨ ।

(35) ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ ਨੇਂ ।
ਜਿਹੜਾ ਆਦਮੀ ਕੰਮ ਕਰ ਕੇ ਕਾਮਯਾਬ ਨਾ ਹੋਵੇ ਤੇ ਉਸੇ ਹਾਲਤ ਵਿੱਚ ਵਾਪਸ ਆ ਜਾਵੇ, ਉਹਦੀ ਬਾਬਤ ਬੋਲਦੇ ਹਨ ।

(36) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨ ਹੋਇ ।
ਵੈਰੀ ਨਾਲ ਤਕੜਿਆਂ ਹੋ ਕੇ ਹੀ ਟਾਕਰਾ ਕਰੀਏ, ਤਾਂ ਉਹ ਸਿੱਧਾ ਹੁੰਦਾ ਹੈ ।

(37) ਹੀਲੇ ਰਿਜ਼ਕ, ਬਹਾਨੇ ਮੌਤ ।

Sri Satguru Jagjit Singh Ji Elibrary NamdhariElibrary@gmail.com

ਮੌਤ ਬਹਾਨੇ ਨਾਲ ਆਉਂਦੀ ਹੈ ਤੇ ਰਿਜ਼ਕ ਉੱਦਮ ਨਾਲ ਮਿਲਦਾ ਹੈ।

(38) ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ (ਜਾਂ) ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ।
ਜਦੋਂ ਕੋਈ ਬੱਚਾ ਛੋਟੀ ਉਮਰ ਤੋਂ ਹੀ ਆਪਣੇ ਚੰਗੇ ਗੁਣ ਦੱਸਣ ਲੱਗ ਪਵੇ, ਤਾਂ ਉਸ ਦੀ ਬਾਬਤ ਬੋਲਦੇ ਹਨ।

(39) ਕਰ ਮਜੂਰੀ, ਖਾਹ ਚੂਰੀ।
ਖਾਣ-ਪੀਣ ਦੀਆਂ ਮੌਜਾਂ, ਮਿਹਨਤ ਨਾਲ ਹੀ ਮਿਲਦੀਆਂ ਹਨ, ਵਿਹਲੇ ਬੈਠਣ ਨਾਲ ਨਹੀਂ।

(40) ਕੱਖਾਂ ਦੀ ਕੁੱਲੀ ਤੇ ਹੰਦਖੰਡ ਦਾ ਪਰਨਾਲਾ।
ਜਦ ਕਿਸੇ ਕੋਝੀ ਜਾਂ ਘਟੀਆ ਚੀਜ਼ ਨੂੰ ਸਜਾਉਣ ਲਈ ਕੋਈ ਸੁਹਣੀ ਜਾਂ ਵਧੀਆ ਚੀਜ਼ ਵਰਤੀ ਜਾਵੇ, ਤਾਂ ਬੋਲਦੇ ਹਨ।

(41) ਕਾਲੇ ਕਦੇ ਨਾ ਹੋਵਣ ਬੱਗੇ, ਭਾਵੇਂ ਸੌ ਮਣ ਸਾਬਣ ਲੱਗੇ।
ਕਿਸੇ ਦਾ ਕੁਦਰਤੀ ਸੁਭਾਉ ਬਦਲਣਾ ਬੜਾ ਔਖਾ ਹੁੰਦਾ ਹੈ।

(42) ਕੁੱਛੜ ਕੁੜੀ ਤੇ ਸ਼ਹਿਰ ਢੰਢੋਰਾ।
ਜਦ ਕੋਈ ਚੀਜ਼ ਹੋਵੇ ਤਾਂ ਕੋਲ ਹੀ, ਪਰ ਮਾਲਕ ਭੁਲੇਖੇ ਨਾਲ ਢੂੰਡਦਾ ਫਿਰੇ, ਥਾਉਂ ਥਾਈਂ ਤਾਂ ਬੋਲਦੇ ਹਨ।

(43) ਕੂੜ ਨਿਖੁੱਟੇ ਨਾਨਕਾ, ਓੜਕ ਸੱਚ ਰਹੀ।
ਝੂਠ ਦੇ ਟਾਕਰੇ ਪੁਰ ਸੱਚ ਦੀ ਜਿੱਤ ਦੱਸਣ ਲਈ ਬੋਲਦੇ ਹਨ।

(44) ਕੂੜ ਨ ਪੁਜੇ ਸੱਚ ਨੂੰ ਸੌ ਘਾੜਤ ਘੜੀਏ।
ਕੂੜ ਕਿਸੇ ਤਰ੍ਹਾਂ ਵੀ ਸਚਾਈ ਦਾ ਮੁਕਾਬਲਾ ਨਹੀਂ ਕਰ ਸਕਦਾ।

(45) ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।
ਦੁਨੀਆ ਦੇ ਸੁਖਾਂ–ਦੁੱਖਾਂ ਵੱਲੋਂ ਬੇਪਰਵਾਹ ਆਦਮੀ ਲਈ ਬੋਲਦੇ ਹਨ।

(46) ਕੋਠਾ ਉਸਰਿਆ, ਤਰਖਾਣ ਵਿਸਰਿਆ।
ਕੰਮ ਨਿਕਲ ਜਾਏ, ਤਾਂ ਮੱਦਦ ਕਰਨ ਵਾਲਿਆਂ ਦੀ ਕੋਈ ਪਰਵਾਹ ਨਹੀਂ ਰਹਿੰਦੀ।

(47) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ।
ਭੈੜੇ ਕੰਮ ਤੋਂ ਬਦਨਾਮੀ ਹੀ ਹੁੰਦੀ ਹੈ।

(48) ਖ਼ੁਾਜੇ ਦਾ ਗਵਾਹ ਡੱਡੂ।
ਝੂਠੇ ਆਦਮੀਆਂ ਦੇ ਹਿਮਾਇਤੀ ਵੀ ਏਹੋ ਜੇਹੇ ਹੀ ਹੁੰਦੇ ਹਨ।

Sri Satguru Jagjit Singh Ji Elibrary NamdhariElibrary@gmail.com

(49) ਖੂਹ ਪੁੱਟਦੇ ਨੂੰ ਖਾਤਾ ਤਿਆਰ।
ਜਦ ਕੋਈ ਆਦਮੀ ਕਿਸੇ ਨਾਲ ਬੁਰਾ ਕਰੇ ਤੇ ਅੱਗੋਂ ਉਸ ਨਾਲ ਓਦੂੰ ਵੀ ਵਧੀਕ ਬੁਰਾ ਹੋਵੇ, ਤਾਂ ਬੋਲਦੇ ਹਨ।

(50) ਖੂਹ ਦੀ ਮਿੱਟੀ ਖੂਹ ਲੱਗ ਜਾਂਦੀ ਹੈ।
ਜਦ ਕਿਸੇ ਕੰਮ ਲਈ ਕੀਤੀ ਮਿਹਨਤ ਦਾ ਹਾਨ-ਲਾਭ ਬਰਾਬਰ ਹੋਵੇ, ਤਾਂ ਬੋਲਦੇ ਹਨ।

(51) ਖੇਤੀ ਖਸਮਾਂ ਸੇਤੀ।
ਕੰਮ ਆਪਣੇ ਕੀਤਿਆਂ ਹੀ ਲਾਭਦਾਇਕ ਹੁੰਦਾ ਹੈ, ਦੂਜਿਆਂ ਦੇ ਆਸਰੇ ਰਹਿਣ ਨਾਲ ਨੁਕਸਾਨ ਹੀ ਹੁੰਦਾ ਹੈ। (ਪਰਹੱਥੀਂ ਵਣਜ ਸੁਨੇਹੀਂ ਖੇਤੀ, ਕਦੇ ਨ ਹੁੰਦੇ ਬੱਤੀਆਂ ਦੇ ਤੇਤੀ)।

(52) ਗੋਲੀ ਅੰਦਰ ਤੇ ਦਮ ਬਾਹਰ।
ਅਨਾੜੀ ਹਕੀਮ ਲਈ ਵਰਤਦੇ ਹਨ ਤੇ ਕਦੇ ਕਦੇ ਮਖੌਲ ਨਾਲ ਸਿਆਣਿਆ ਨੂੰ ਵੀ ਕਹਿ ਦਿੰਦੇ ਹਨ ਕਿ ਹਕੀਮ ਸਾਹਿਬ ਦੀ ਦਵਾਈ ਅਜੇਹੀ ਚੰਗੀ ਹੈ ਕਿ ਲੈਂਦਿਆਂ ਹੀ ਦਮ ਬਾਹਰ ਹੋ ਜਾਏਗਾ।

(53) ਗਲ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ।
ਜਿਹੜਾ ਕੰਮ ਜ਼ਿੰਮੇ ਲੱਗ ਜਾਵੇ, ਉਹਦੇ ਕਰਨ ਲਈ ਦਿਲ ਮੰਨੇ ਜਾਂ ਨਾ ਮੰਨੇ, ਉਹ ਕਰਨਾ ਹੀ ਪੈਂਦਾ ਹੈ।

(54) ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।
ਕਿਸੇ ਪੀਰ-ਫ਼ਕੀਰ ਜਾਂ ਸਿਆਣੇ ਆਦਮੀ ਦੀ ਕਦਰ ਉਹਦੇ ਆਪਣਿਆਂ ਵਿੱਚ ਘੱਟ ਹੁੰਦੀ ਹੈ।

(55) ਘਰ ਦੀ ਕੁੱਕੜੀ ਦਾਲ ਬਰਾਬਰ।
ਘਰ ਦੀ ਕੀਮਤੀ ਚੀਜ਼ ਵੀ ਸਸਤੀ ਜਾਪਦੀ ਹੈ।

(56) ਘਰ ਭੁੱਟਾ ਰਾਵਣ ਸਾਰਿਆ।
ਭੇਤੀ ਆਦਮੀ ਦਾ ਵੈਰ ਸਖ਼ਤ ਹਾਨੀਕਾਰਕ ਹੁੰਦਾ ਹੈ (ਜਾਂ) ਘਰ ਦੀ ਫੁੱਟ ਚੰਗਿਆਂ-ਚੰਗਿਆਂ ਦਾ ਵੀ ਨੁਾਉਣ ਕਰ ਦਿੰਦੀ ਹੈ।

(57) ਚੜ੍ਹਿਆ ਸੌ ਤੇ ਲੱਥਾ ਭਉ।
ਕਰਜ਼ਾ ਬਹੁਤ ਹੋ ਜਾਵੇ, ਤਾਂ ਦੇਣਦਾਰ ਸਗੋਂ ਨਿਡਰ ਹੋ ਜਾਂਦਾ ਹੈ।

(58) ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ਼।
ਮੁਫ਼ਤ ਆਈ ਚੀਜ਼ ਸਸਤੇ ਭਾ ਹੀ ਵਿਕਦੀ ਹੈ।

Sri Satguru Jagjit Singh Ji Elibrary NamdhariElibrary@gmail.com

(59) ਚੰਦ ਤੇ ਥੁੱਕਿਆਂ ਮੂੰਹ ਤੇ ਪੈਂਦਾ ਹੈ।
ਜਦ ਕਿਸੇ ਚੰਗੇ ਆਦਮੀ ਦੀ ਕੋਈ ਨਿੰਦਿਆ ਕਰੇ ਤੇ ਲੋਕੀਂ ਉਸ ਨਿੰਦਕ ਨੂੰ ਹੀ ਬੁਰਾ ਆਖਣ ਲੱਗ ਪੈਣ, ਤਾਂ ਬੋਲਦੇ ਹਨ।

(60) ਚੰਦ ਚੜ੍ਹੇ ਗੁੱਝੇ ਨਹੀਂ ਰਹਿੰਦੇ।
ਕੋਈ ਵੀ ਵੱਡੀ ਗੱਲ ਲੁਕੀ ਨਹੀਂ ਰਹਿ ਸਕਦੀ।

(61) ਛਿੱਕਾ ਟੁੱਟਾ ਬਿੱਲੀ ਦੇ ਭਾਗੀਂ।
ਜਦ ਇੱਕ ਆਦਮੀ ਗਲਤੀ ਕਰੇ ਤੇ ਦੂਜੇ ਦਾ ਕੰਮ ਬਣ ਜਾਏ, ਤਦ ਬੋਲਦੇ ਹਨ।

(62) ਛੋਟੀ ਨਾ ਦੇਖ ਪਤਾਲ ਕਰੇ ਛੇਕ।
ਕੋਈ ਆਦਮੀ ਉੱਪਰੋਂ ਤਾਂ ਸਿੱਧਾ-ਸਾਦਾ ਦਿੱਸੇ, ਪਰ ਅੰਦਰੋਂ ਬੜਾ ਪੇਚਦਾਰ ਤੇ ਖੋਟਾ ਹੋਵੇ, ਉਸ ਲਈ ਵਰਤਦੇ ਹਨ।

(63) ਜੱਸ ਜੀਊਣਾ ਤੇ ਅਪਜਸ ਮਰਨਾ।
ਜਦ ਕਿਸੇ ਨੂੰ ਬੁਰੇ ਕੰਮਾਂ ਤੋਂ ਹਟਾ ਕੇ ਚੰਗੇ ਕੰਮ ਕਰਨ ਲਈ ਪ੍ਰੇਰਨਾ ਹੋਵੇ, ਤਾਂ ਬੋਲਦੇ ਹਨ।

(64) ਜਥਾ (ਯਥਾ) ਰਾਜਾ ਤਥਾ ਪਰਜਾ।
ਰਾਜੇ ਦੇ ਗੁਣਾਂ-ਔਗੁਣਾਂ ਦਾ ਪਰਭਾਵ ਪਰਜਾ ਤੇ ਜ਼ਰੂਰ ਪੈਂਦਾ ਹੈ।

(65) ਜੇਹੀ ਰੂਹ ਤੇਹੇ ਫ਼ਰਿਸ਼ਤੇ।
ਚੰਗਾ ਆਦਮੀ ਚੰਗਿਆਈ ਵੱਲ ਤੇ ਬੁਰਾ ਬੁਰਿਆਈ ਵੱਲ ਝੁਕਦਾ ਹੈ।

(66) ਜਾਗਦੇ ਦਾ ਲੱਖ ਤੇ ਸੁੱਤੇ ਦਾ ਕੱਖ।
ਹੁਸ਼ਿਆਰ ਤੇ ਹਿੰਮਤੀ ਬੰਦੇ ਅਨਗਹਿਲਾਂ ਤੇ ਸੁਸਤਾਂ ਨਾਲੋਂ ਫ਼ਾਇਦੇ ਵਿੱਚ ਰਹਿੰਦੇ ਹਨ।

(67) ਜ਼ਾਤ ਦੀ ਕੋੜ੍ਹ ਕਿਰਲੀ ਸ਼ਤੀਰਾਂ ਨਾਲ ਜੱਫੇ।
ਜਦ ਕਿਸੇ ਮਾੜੇ ਆਦਮੀ ਨੂੰ ਵੱਡੇ ਕੰਮਾਂ ਵਿੱਚ ਹੱਥ ਪਾਉਂਦਾ ਵੇਖੀਏ, ਤਦ ਬੋਲੀਦਾ ਹੈ।

(68) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।
ਜਾਂਦੀ ਹੋਈ ਚੀਜ਼ ਜਾਂ ਡੁੱਬਦੀ ਰਕਮ ਦਾ ਜਿੰਨਾ ਹਿੱਸਾ ਮਿਲ ਜਾਏ. ਓਨਾ ਹੀ ਚੰਗਾ ਹੈ।

(69) ਜੇਹਾ ਮੂੰਹ ਤੇਹੀ ਚਪੇੜ।
ਜਦ ਕਿਸੇ ਭੈੜੇ ਆਦਮੀ ਨੂੰ ਓਹੋ ਜੇਹੀ ਭੈੜੀ ਚੀਜ਼ ਦਿਤੀ ਜਾਵੇ, ਤਦ

Sri Satguru Jagjit Singh Ji Elibrary NamdhariElibrary@gmail.com

ਬੋਲਦੇ ਹਨ।

(70) ਜਿਸ ਦੀ ਕੋਠੀ ਦਾਣੇ ਉਸ ਦੇ ਕਮਲੇ ਵੀ ਸਿਆਣੇ।
ਪੈਸੇ ਵਾਲੇ ਮੂਰਖ ਵੀ ਵਡਿਆਏ ਜਾਂਦੇ ਹਨ।

(71) ਜਿੱਧਰ ਗਈਆਂ ਬੇੜੀਆਂ, ਉੱਧਰ ਗਏ ਮਲਾਹ।
ਜਦ ਕਿਸੇ ਆਦਮੀ ਦੇ ਗੁਜ਼ਰ ਜਾਣ ਨਾਲ ਉਹਦੀ ਬਰਕਤ ਵੀ ਚਲੀ ਜਾਏ ਜਾਂ ਕਿਸੇ ਵੱਡੀ ਚੀਜ਼ ਦੇ ਨਸ਼ਟ ਹੋਣ ਨਾਲ ਉਸ ਨਾਲ ਲੱਗਦੀਆਂ ਹੋਰ ਚੀਜ਼ਾਂ ਵੀ ਨਸ਼ਟ ਹੋ ਜਾਣ, ਤਦ ਬੋਲਦੇ ਹਨ।

(72) ਜਿੱਨੇ ਮੂੰਹ ਉੱਨੀਆਂ ਹੀ ਗੱਲਾਂ।
ਜਦ ਇੱਕੋ ਕੰਮ ਦੀ ਬਾਬਤ ਕੋਈ ਕੁਝ ਆਖੇ, ਕੋਈ ਕੁਝ, ਤਦ ਬੋਲਦੇ ਹਨ।

(73) ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ।
ਜਦ ਕੋਈ ਡਾਢਾ ਆਦਮੀ ਕਿਸੇ ਮਾੜੇ ਤੋਂ ਆਪਣੀ ਮਨ-ਮਰਜ਼ੀ ਦਾ ਕੰਮ ਕਰਾਉਣਾ ਚਾਹੇ, ਤਾਂ ਬੋਲਦੇ ਹਨ।

(74) ਟਿੱਡ ਵਿੱਚ ਦਾਣੇ ਤੇ ਘਰਾਟੀਂ ਸਾਈਆਂ।
ਘਰ ਖਾਣ ਨੂੰ ਨਾ ਹੋਵੇ ਤੇ ਲੋਕਾਂ ਨੂੰ ਸਾਈਆਂ ਲਾਉਂਦਾ ਫਿਰੇ, ਤਦ ਬੋਲਦੇ ਹਨ।

(75) ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ।
ਜਦ ਕੋਈ ਕੰਮ ਅਜੇਹਾ ਖ਼ਰਾਬ ਹੋਵੇ ਕਿ ਥੋੜੀ ਜੇਹੀ ਮਿਹਨਤ ਨਾਲ ਠੀਕ ਹੋ ਸਕਦਾ ਹੋਵੇ, ਤਦ ਬੋਲਦੇ ਹਨ।

(76) ਢੱਕੀ ਰਿੱਝੇ, ਕੋਈ ਨਾ ਬੁੱਝੇ।
ਜਦ ਕਿਸੇ ਗੱਲ ਨੂੰ ਗੁਪਤ ਰੱਖਣਾ ਹੀ ਚੰਗਾ ਹੋਵੇ, ਤਦ ਬੋਲਦੇ ਹਨ।

(77) ਤਾਲੋਂ ਘੁੱਥੀ ਡੂੰਮਣੀ, ਕਰਦੀ ਤਾਲ ਬਿਤਾਲ।
ਕਿਸੇ ਕੰਮ ਦਾ ਅਸਲੀ ਮੌਕਾ ਖੁੰਝ ਜਾਵੇ, ਤਾਂ ਫੇਰ ਸੌ ਯਤਨ ਕੀਤਿਆਂ ਵੀ ਕੁਝ ਨਹੀ ਬਣਦਾ।

(78) ਤੰਦ ਨਾ ਵਿਗੜੀ, ਤਾਣੀ ਵਿਗੜੀ।
ਜਦ ਕਿਸੇ ਟੱਬਰ ਦੇ ਸਾਰੇ ਹੀ ਆਦਮੀ ਵਿਗੜੇ ਹੋਏ ਹੋਣ, ਓਦੋਂ ਬੋਲਦੇ ਹਨ।

(79) ਥੁੱਕਾਂ ਨਾਲ ਵੜੇ ਤਲਦਾ ਏ।
ਜਦ ਕੋਈ ਆਦਮੀ ਖੇਚਲ ਤੋਂ ਬਿਨਾਂ ਹੀ ਕੰਮ ਰਾਸ ਕਰਨਾ ਚਾਹੇ,

Sri Satguru Jagjit Singh Ji Elibrary NamdhariElibrary@gmail.com

ਤਦ ਬੋਲਦੇ ਹਨ।

(80) ਦਾੜ੍ਹੀ ਨਾਲੋਂ ਮੁੱਛਾਂ ਵਧ ਗਈਆਂ।

ਜਦ ਮੂਲ ਨਾਲੋਂ ਵਿਆਜ ਵਧ ਜਾਏ, ਤਾਂ ਬੋਲਦੇ ਹਨ।

(81) ਦੀਵੇ ਥੱਲੇ ਅਨ੍ਹੇਰਾ।

ਜਿਹੜਾ ਆਦਮੀ ਲੋਕਾਂ ਨੂੰ ਗਿਆਨ ਦੇਵੇ ਤੇ ਆਪ ਕੁਰਾਹੇ ਜਾਏ, ਉਹਦੀ ਬਾਬਤ ਬੋਲਦੇ ਹਨ।

(82) ਦੇਸੀ ਟੱਟੂ, ਖੁਰਾਸਾਨੀ ਦੁਲੱਤੇ।

ਜਿਸ ਆਦਮੀ ਦੀ ਲਿਆਕਤ ਘੱਟ ਤੇ ਨਖ਼ਰਾ ਵਧੇਰਾ ਹੋਵੇ, ਉਹਦੀ ਬਾਬਤ ਬੋਲਦੇ ਹਨ।

(83) ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ।

ਜਿਹੜਾ ਆਦਮੀ ਸਭਨੀਂ ਪਾਸੀਂ ਹੱਥ ਮਾਰੇ ਤੇ ਕਿਸੇ ਪਾਸੇ ਜੋਗਾ ਵੀ ਨਾ ਰਹੇ, ਉਹਦੀ ਬਾਬਤ ਬੋਲਦੇ ਹਨ।

(84) ਨਹੁੰਆਂ ਨਾਲੋਂ ਮਾਸ ਵੱਖ ਨਹੀਂ ਹੁੰਦਾ।

ਆਪਣੇ ਕਦੇ ਵੀ ਬਿਗਾਨੇ ਨਹੀਂ ਬਣ ਸਕਦੇ, ਭਾਵੇਂ ਆਪਸ ਵਿੱਚ ਲੱਖਾਂ ਵਾਰੀ ਲੜਨ ਭਿੜਨ।

(85) ਨੱਚਣ ਲੱਗੀ ਤਾਂ ਘੁੰਡ ਕਾਹਦਾ।

ਜਦੋਂ ਕੋਈ ਹੋਲਾ ਕੰਮ ਸ਼ੁਰੂ ਕਰ ਦੇਈਏ, ਤਾਂ ਫਿਰ ਸੰਗਣਾ ਕੀ?

(86) ਨੌਂ ਨਕਦ, ਨਾਂ ਤੇਰਾਂ ਉਧਾਰ।

ਉਧਾਰ ਵੇਚਣ ਨਾਲੋਂ ਨਕਦਾਂ ਤੇ ਵੇਚਣਾ ਚੰਗਾ ਹੈ।

(87) ਪੁੱਤੀਂ ਗੰਢ ਪਵੇ ਸੰਸਾਰ।

ਪੁੱਤ ਹੋਣ ਨਾਲ ਹੀ ਦਿਲ ਨੂੰ ਤਸੱਲੀ ਹੁੰਦੀ ਹੈ ਤੇ ਵੰਸ ਚਲਦੀ ਹੈ।

(88) ਪਰਾਏ ਸਿਰ ਮੋਹਲਾ, ਕਪਾਹ ਨਾਲੋਂ ਕੂਲਾ।

ਜਦ ਕੋਈ ਆਦਮੀ ਕਿਸੇ ਦੂਸਰੇ ਦੀ ਮੁਸੀਬਤ ਨੂੰ ਮਾਮੂਲੀ ਆਖੇ, ਤਦ ਬੋਲਦੇ ਹਨ।

(89) ਫੂਹੀ ਫੂਹੀ ਤਲਾ ਭਰ ਜਾਂਦਾ ਹੈ।

ਜਦ ਇਹ ਸਮਝਾਉਣਾ ਹੋਵੇ ਕਿ ਥੋੜਾ-ਥੋੜਾ ਜੋੜਿਆਂ ਵੀ ਬਹੁਤ ਵੱਡੀ ਰਕਮ ਬਣ ਜਾਂਦੀ ਹੈ, ਤਾਂ ਬੋਲਦੇ ਹਨ।

(90) ਬਗ਼ਲ ਵਿੱਚ ਛੁਰੀ ਤੇ ਮੂੰਹ ਵਿੱਚ ਰਾਮ ਰਾਮ।

ਦੰਭੀਆਂ ਲਈ ਬੋਲਦੇ ਹਨ, ਜੋ ਉੱਤੋਂ ਤਾਂ ਚੰਗੇ ਦਿੱਸਣ, ਪਰ ਅੰਦਰੋਂ

ਨੀਚ ਹੋਣ।

(91) ਬੱਧਾ ਚੱਟੀ ਜੋ ਭਰੇ, ਨਾ ਗੁਣ ਨਾ ਉਪਕਾਰ।
ਮਜਬੂਰ ਹੋ ਕੇ ਜਾਂ ਬਿਨਾਂ ਸ਼ੌਕ ਦੇ ਜਿਹੜਾ ਕੰਮ ਕੀਤਾ ਜਾਵੇ, ਉਸ ਦਾ ਕੋਈ ਗੁਣ ਉਪਕਾਰ ਨਹੀਂ ਹੁੰਦਾ।

(92) ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਪਾੜੇ।
ਜਦ ਕਿਸੇ ਚੰਗੀ ਚੀਜ਼ ਤੋਂ ਕੋਈ ਕਲੇਸ਼ ਹੁੰਦਾ ਵੇਖੀਏ, ਤਦ ਕਹੀਦਾ ਹੈ।

(93) ਮਨ ਹਰਾਮੀ ਹੁੱਜਤਾਂ ਢੇਰ।
ਜਦ ਕੋਈ ਆਦਮੀ ਕੰਮ ਨਾ ਕਰਨ ਲਈ ਐਵੇਂ ਬਹਾਨੇ ਬਣਾਉਂਦਾ ਹੋਵੇ, ਤਾਂ ਬੋਲਦੇ ਹਨ।

(94) ਮੁਦਈ ਸੁਸਤ ਗਵਾਹ ਚੁਸਤ।
ਜਿਸ ਦਾ ਕੰਮ ਹੋਵੇ, ਉਹ ਪਰਵਾਹ ਹੀ ਨਾ ਕਰੇ, ਤੇ ਦੂਸਰਾ ਪਿਆ ਜ਼ੋਰ ਲਾਵੇ, ਤਾਂ ਕਹਿੰਦੇ ਹਨ।

(95) ਰੀਸੀਂ ਪੁੱਤ ਨਾ ਜੰਮਦੇ, ਹੋਰ ਸੱਭੇ ਗੱਲਾਂ।
ਜਦ ਕੋਈ ਕਿਸੇ ਦੀ ਰੀਸ ਨਾਲ ਕੰਮ ਸ਼ੁਰੂ ਕਰੇ, ਪਰ ਕਰ ਨਾ ਸਕੇ, ਤਦ ਬੋਲਦੇ ਹਨ।

(96) ਲਾਲ ਗੋਦੜੀਆਂ ਵਿੱਚੋਂ ਹੀ ਨਿਕਲ ਪੈਂਦੇ ਨੇਂ।
ਜਦ ਕੋਈ ਸਾਦਾ ਜਾਂ ਗਰੀਬੜਾ ਜੇਹਾ ਬੰਦਾ ਬੜਾ ਗੁਣਵਾਨ ਨਿਕਲੇ, ਤਾਂ ਕਹਿੰਦੇ ਹਨ।

(97) ਲੁਹਾਰ ਦੀ ਸੰਨ੍ਹੀਂ, ਕਦੇ ਪਾਣੀ ਵਿੱਚ ਕਦੇ ਅੱਗ ਵਿੱਚ।
ਜਿਹੜਾ ਆਦਮੀ ਕਦੇ ਕਿਸੇ ਪਾਸੇ ਹੋਵੇ ਤੇ ਕਦੇ ਕਿਸੇ ਪਾਸੇ, ਉਸ ਲਈ ਬੋਲਦੇ ਹਨ।

(98) ਲੜਾਈ ਤੇ ਕੁੜਮਾਈ ਦੇ ਢਾਈ ਫੱਟ ਹੁੰਦੇ ਹਨ।
ਕੋਈ ਜ਼ਰੂਰੀ ਕੰਮ ਝੱਟਪਟ ਕਰਨ ਲਈ ਪ੍ਰੇਰਨਾ ਹੋਵੇ, ਤਦ ਬੋਲਦੇ ਹਨ।

(99) ਲੈਣੀ ਇੱਕ ਨਾ ਦੇਣੀ ਦੋ।
ਜਦ ਕਿਸੇ ਗੱਲ ਨਾਲ ਉੱਕਾ ਵਾਸਤਾ ਜਾਂ ਸੰਬੰਧ ਨਾ ਹੋਵੇ, ਤਾਂ ਕਹਿੰਦੇ ਹਨ।

(100) ਲੂਣ ਪਾਣੀ ਖਾ ਤੇ ਨੱਕ ਦੀ ਸੇਧੇ ਜਾ।
ਜਦ ਇਹ ਦਸਣਾ ਹੋਵੇ ਕਿ ਸਾਦਾ ਜੀਵਨ ਸੁਖਦਾਈ ਹੁੰਦਾ ਹੈ, ਤਾਂ

Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਹਨ।

(101) ਵਾਹੀ ਉਸ ਦੀ ਜਿਸ ਦੇ ਘਰ ਢੱਗੇ।
ਆਪਣੀ ਹੀ ਰਕਮ ਜਾਂ ਰਾਸ ਨਾਲ ਕੰਮ ਕਰੀਏ, ਤਾਂ ਲਾਭ ਹੁੰਦਾ ਹੈ।

(102) ਵੱਡੀਆਂ ਮੱਛੀਆਂ ਛੋਟੀਆਂ ਨੂੰ ਖਾ ਜਾਂਦੀਆਂ ਨੇਂ।
ਵੱਡੇ-ਵੱਡੇ ਤੇ ਸਰਮਾਇਆਦਾਰ ਗ਼ਰੀਬਾਂ ਨੂੰ ਹੀ ਲੁੱਟਦੇ ਹਨ।

(103) ਵੇਲੇ ਦੀ ਨਿਮਾਜ਼, ਕੁਵੇਲੇ ਦੀਆਂ ਟੱਕਰਾਂ।
ਕੰਮ ਵੇਲੇ ਸਿਰ ਹੀ ਕੀਤਾ ਜਾਏ, ਤਾਂ ਚੰਗਾ ਹੁੰਦਾ ਹੈ।

(104) ਵੇਲੇ ਵੇਲੇ ਦਾ ਮੰਗਲ ਹੁੰਦਾ ਹੈ।
ਕਿਸੇ ਗੱਲ ਦੀ ਸਫਲਤਾ ਲਈ ਖ਼ਾਸ ਸਮਾਂ ਹੀ ਸਹਾਈ ਹੁੰਦਾ ਹੈ।

(105) ਵਿਹਲੀ ਜੱਟੀ ਉੱਨ ਵੇਲੇ।
ਜਿਹੜਾ ਆਦਮੀ ਅਸਲੀ ਕੰਮ ਤਾਂ ਕਰੇ ਨਾ ਤੇ ਐਵੇਂ ਫ਼ਜ਼ੂਲ ਜੇਹੇ ਕੰਮਾਂ ਵਿੱਚ ਲੱਗ ਜਾਵੇ, ਉਹਦੀ ਬਾਬਤ ਬੋਲਦੇ ਹਨ।

(106) ਵਾਹ ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ।
ਜਦੋਂ ਕੋਈ ਫ਼ਾਇਦੇ ਵਾਲਾ ਕੰਮ ਕਰੀਏ ਤੇ ਉਲਟਾ ਨੁਕਸਾਨ ਹੋ ਜਾਏ, ਤਾਂ ਕਹਿੰਦੇ ਹਨ।

(107) ਵਾਹ ਪਿਆਂ ਜਾਣੀਏ ਜਾਂ ਰਾਹ ਪਿਆਂ ਜਾਣੀਏ।
ਜਦੋਂ ਇਹ ਦੱਸਣਾ ਹੋਵੇ ਕਿ ਹਰ ਆਦਮੀ ਦਾ ਚੰਗਾ-ਮੰਦਾ ਸੁਭਾ ਉਸ ਨਾਲ ਵਰਤਿਆਂ ਹੀ ਪਤਾ ਲੱਗ ਸਕਦਾ ਹੈ, ਓਂ ਨਹੀਂ, ਤਾਂ ਕਹਿੰਦੇ ਹਨ।

(108) ਵੱਡਿਆਂ ਸਿਰਾਂ ਦੀਆਂ ਵੱਡੀਆਂ ਸਿਰ-ਪੀੜਾਂ।
ਵੱਡਿਆਂ ਮਨੁੱਖਾਂ ਦੇ ਵੱਡੇ ਹੀ ਅਡੰਬਰ ਹੁੰਦੇ ਹਨ।

(109) ਵੱਡਿਆਂ ਘਰਾਂ ਦੀਆਂ ਘਰੋੜੀਆਂ ਨਹੀਂ ਮਾਣ।
ਅਮੀਰਾਂ ਨੂੰ ਗਰੀਬੀ ਆ ਜਾਏ, ਤਾਂ ਵੀ ਉਨ੍ਹਾਂ ਕੋਲ ਕਾਫ਼ੀ ਕੁਝ ਹੁੰਦਾ ਹੈ।

(110) ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇਂ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।
ਯਤਨ ਕਰਨ ਪੁਰ ਵੀ ਕਿਸੇ ਦਾ ਸੁਭਾਉ ਨਾ ਬਦਲੇ, ਤਾਂ ਕਹਿੰਦੇ ਹਨ।

—o—

# ਅੱਠਵਾਂ ਅਧਿਆਇ

## ਜੋੜ-ਭੇਦਾਵਲੀ

310, ਕਈ ਲੋਕ ਵਰਗਾਂ ਦੇ 'ਚੌਥੇ' ਅੱਖਰ ਦੀ ਥਾਂ 'ਤੀਜਾ' ਅੱਖਰ ਵਰਤ ਕੇ ਅਰਥ ਦਾ ਅਨਰਥ ਕਰ ਦਿੰਦੇ ਹਨ; ਇਸ ਲਈ ਹੇਠਾਂ ਲਿਖੀ ਭੇਦਾਵਲੀ ਵਿੱਚ ਅਜੇਹੇ ਸ਼ਬਦ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਵਰਗਾਂ ਦਾ ਤੀਜਾ ਅੱਖਰ (ਗ ਜ, ਡ, ਦ, ਬ) ਵਰਤੀਏ ਤਾਂ ਅਰਥ ਹੋਰ ਹੁੰਦੇ ਹਨ; ਤੇ ਜੇ ਚੌਥਾ ਅੱਖਰ (ਘ, ਝ, ਢ, ਧ, ਭ) ਵਰਤੀਏ ਤਾਂ ਹੋਰ; ਜਿਵੇਂ:-

### (ੳ) 'ਗ' ਤੇ 'ਘ' ਭੇਦ ਕਰਕੇ

ਉੱਗ-ਜਿਵੇਂ, ਬੂਟੇ ਉੱਗ (=ਜੰਮ) ਪਏ ਹਨ।

ਉੱਘ-ਜਿਵੇਂ, ਫਲਾਣੀ ਗੱਲ ਦੀ ਕੋਈ ਉੱਘ-ਸੁੱਘ (=ਖ਼ਬਰ) ਹੀ ਨਹੀਂ ਨਿਕਲੀ।

ਸੰਗ-ਨਾਲ, ਸਾਥ; ਸ਼ਰਮ, ਲੱਜਿਆ; ਯਾਤ੍ਰੀਆਂ ਜਾਂ ਰਾਹੀਆਂ ਦੀ ਟੋਲੀ; ਪੱਥਰ (ਜਿਵੇਂ, ਸੰਗ-ਮਰਮਰ)।

ਸੰਘ-ਗਲ, ਕੰਠ।

ਸੰਗਣਾ-ਸ਼ਰਮਾਉਣਾ (ਜਿਵੇਂ, ਉਨ੍ਹਾਂ ਨੂੰ ਵੇਖ ਕੇ ਮੈਨੂੰ ਸੰਗ ਆ ਗਈ)।

ਸੰਘਣਾ-ਜਿਵੇਂ, ਮਾਝਾ ਦੁੱਧ ਸੰਘਣਾ (=ਗਾੜ੍ਹਾ) ਹੁੰਦਾ ਹੈ। ਉਹ ਜੰਗਲ ਬੜਾ ਸੰਘਣਾ ਹੈ।

ਸ਼ਿੰਗਾਰ-ਜਿਵੇਂ, ਰਾਣੀ ਨੇ ਸ਼ਿੰਗਾਰ ਲਾਹ ਦਿੱਤਾ। ਮਹਾਵਤ ਨੇ, ਹਾਥੀ ਨੂੰ ਸ਼ਿੰਗਾਰ ਦਿੱਤਾ।

ਸੰਘਾਰ-ਜਿਵੇਂ, ਰਾਮ ਨੇ ਰਾਵਣ ਦਾ ਸੰਘਾਰ ਕਰ ਕੇ ਲੰਕਾ ਦਾ ਰਾਜ ਉਹਦੇ ਭਰਾ ਨੂੰ ਦੇ ਦਿੱਤਾ।

ਸਿੰਘਾਸਣ-ਸ਼ੁੱਧ ਹੈ }
ਸਿੰਗਾਸਣ-ਅਸ਼ੁੱਧ ਹੈ } ਤਖ਼ਤ, ਰਾਜ-ਗਦੀ।

ਸੰਗੀ-ਸਾਥੀ।

Sri Satguru Jagjit Singh Ji Elibrary NamdhariElibrary@gmail.com

ਸੰਘੀ–ਛੋਟਾ ਸੰਘ, ਗਲ, ਕੰਠ ।

ਸਿੰਗ-ਜਿਵੇਂ, ਗਊ ਤੇ ਮਹਿੰ ਦੇ ਦੋ ਦੋ ਸਿੰਗ ਹੁੰਦੇ ਹਨ, ਪਰ ਗੈਂਡੇ ਦਾ ਇੱਕੋ ।

ਸਿੰਘ–ਸ਼ੇਰ; ਜਿਵੇਂ, ਸਿੰਘ (ਸ਼ੇਰ) ਬੁਕੇ, ਮਿਰਗਾਵਲੀ, (ਹਰਨਾਂ ਦੀ ਟੋਲੀ) ਭੰਨੀ (ਭਜ ਗਈ); ਅੰਮ੍ਰਿਤਧਾਰੀ ਸਿੱਖਾਂ ਤੇ ਰਾਜਪੂਤਾਂ ਦੇ ਨਾਵਾਂ ਨਾਲ ਲੱਗਣ ਵਾਲਾ ਸ਼ਬਦ; ਜਿਵੇਂ, ਰਾਮ ਸਿੰਘ, ਉਦੇ ਸਿੰਘ।

ਸੰਗੀ–ਸੰਗ ਕਰਨ ਵਾਲਾ ।

ਸੰਘੀ–ਸਿਆਣੀ, ਸਮਝਦਾਰ, ਸਾਂਭੀ ਹੋਈ (ਚੀਜ਼) ।

ਚੁੰਗ-ਜਿਵੇਂ, ਅੱਜ ਹੱਟੀ ਉੱਤੇ ਕੋਈ ਚੁੰਗ ਨਹੀਂ ਆਈ ।

ਚੁੰਘ-ਜਿਵੇਂ, ਬਾਲ ਦੁੱਧ ਚੁੰਘ ਰਿਹਾ ਹੈ ।

ਚੁਗਣਾ–ਚੁੰਝ ਨਾਲ ਦਾਣਾ ਚੁੱਕਣਾ ।

ਚੁੰਘਣਾ–ਬੁਲ੍ਹਾਂ ਨਾਲ ਪੀਣਾ, ਚੂਸਣਾ ।

ਚੋਗਾ–ਪੰਖੇਰੂਆਂ ਦੀ ਖ਼ੁਰਾਕ।

ਚੋਘਾ–ਗਰਮ ਰੋਟੀ ਵਿੱਚ ਉਂਗਲਾਂ ਨਾਲ ਘਿਉ ਪਾਉਣ ਲਈ ਜੋ ਟੋਏ ਪਾਏ ਜਾਂਦੇ ਹਨ; ਜਿਵੇਂ, ਮਾਈ ਨੇ ਅੱਜ ਰੋਟੀਆਂ ਵਿੱਚ ਚੋਘੇ ਨਹੀਂ ਕੱਢੇ ।

ਜੰਗ–ਲੜਾਈ ।

ਜੰਘ–ਲੱਤ, ਟੰਗ ।

ਡੂੰਗਾ (ਜਾਂ ਡੋਂਗਾ)–ਛੋਟੀ ਬੇੜੀ ।

ਡੂੰਘਾ–ਜਿਵੇਂ, ਸਮੁੰਦਰ ਬੜਾ ਡੂੰਘਾ ਹੈ ।

ਬੱਗੀ–ਚਿੱਟੀ; ਜਿਵੇਂ, ਕਪਾਹ ਬੱਗੀ ਹੁੰਦੀ ਹੈ ।

ਬੱਘੀ–ਘੋੜਿਆਂ ਵਾਲੀ ਗੱਡੀ ।

ਬਾਗ–ਜਿਵੇਂ, ਬਾਗਾਂ ਦੀ ਸੈਰ ਨਾਲ ਦਿਲ ਖ਼ੁਸ਼ ਹੁੰਦਾ ਹੈ;
ਲਾਵਾਂ ਵੇਲੇ ਵਹੁਟੀ ਨੇ ਸਿਰ ਪੁਰ ਬਾਗ ਲਿਆ ਹੋਇਆ ਸੀ, ਫੁਲਕਾਰੀ ਨਹੀਂ ।

ਬਾਘ–ਚਿਤਰਾ, ਇੱਕ ਤਰ੍ਹਾਂ ਦਾ ਸ਼ੇਰ ।

ਮੱਗ–ਰਾਹ, ਪੰਥ ।

ਮਘ–ਘਰ ਦੀ ਛੱਤ ਵਿਚਲੀ ਤਾਕੀ ਜਾਂ ਮੋਰੀ ।

Sri Satguru Jagjit Singh Ji Elibrary NamdhariElibrary@gmail.com

ਮਘ–ਇੱਕ ਫਲ, ਮਸ਼ਹੂਰ ਗਰਮ ਦਵਾ ।

ਮਗਰ–ਪਿੱਠ; ਮੋਢੇ ਦਾ ਪਿਛਲਾ ਹਿੱਸਾ; ਪਿੱਛੇ ਪਿੱਛੇ ।

ਮੱਘਰ–(ਜਾਂ ਮੰਘਰ)–ਇੱਕ ਦੇਸੀ ਮਹੀਨੇ ਦਾ ਨਾਉਂ, ਜੋ ਪੋਹ ਤੋਂ ਪਹਿਲਾਂ ਆਉਂਦਾ ਹੈ ।

ਮੋਗਾ–ਜ਼ਿਲਾ ਫ਼ੀਰੋਜ਼ਪੁਰ ਦਾ ਇੱਕ ਮਸ਼ਹੂਰ ਕਸਬਾ ।

ਮੋਘਾ–ਕੰਧ ਜਾਂ ਛੱਤ ਵਿੱਚ ਦੀ ਮੋਰੀ, ਛੇਕ, ਨਹਿਰ ਵਿੱਚੋਂ ਪਾਣੀ ਨਿਕਲਣ ਦਾ ਛੇਕ ।

ਲੰਗ–ਲੰਙਾ ਹੋਣਾ; ਤੈਮੂਰ ਨੂੰ 'ਤੈਮੂਰ ਲੰਗ' ਵੀ ਇੱਸੇ ਲਈ ਕਹਿੰਦੇ ਹਨ, ਕਿਉਂਕਿ ਉਹ ਲੰਙਾ ਸੀ ।

ਲੰਘ–ਜਿਵੇਂ, ਫਾਟਕ ਵਿੱਚੋਂ ਲੰਘ ਜਾ ।

## (ਅ) 'ਜ' ਤੇ 'ਝ' ਦੇ ਭੇਦ ਕਰਕੇ

ਅੰਜ–ਐਉਂ, ਇਸ ਤਰ੍ਹਾਂ, ਐਕੁਰ ।

ਅੰਝ (ਜਾਂ ਅੰਝੂ)–ਅੱਥਰੂ ।

ਸੰਜ–ਸੰਜੋਅ, ਲੜਾਈ ਵਿੱਚ ਸਰੀਰ ਨੂੰ ਬਚਾਉਣ ਲਈ ਲੋਹੇ ਦੀ ਜਾਲੀ ਆਦਿਕ ਦੀ ਪੁਸ਼ਾਕ ।

ਸੰਝ–ਸੰਧਿਆ, ਤ੍ਰਿਕਾਲਾਂ ।

ਸਾਜ–ਘੋੜੇ ਦੀ ਕਾਠੀ ਤੇ ਹੋਰ ਸਮਿਆਨ ।

ਸਾਂਝ–ਭਿਆਲੀ ।

ਸਿੱਜਣਾ–ਭਿੱਜਣਾ, ਗਿੱਲਾ ਹੋਣਾ ।

ਸਿੰਜਣਾ–ਪੈਲੀ ਨੂੰ ਪਾਣੀ ਦੇਣਾ ।

ਸਿੱਝਣਾ–ਬਦਲਾ ਲੈਣਾ, ਝਗੜਾ ਨਿਬੇੜਨਾ, ਸਮਝਣਾ ।

ਸੁੱਜਣਾ–ਫੁੱਲਣਾ, ਉਭਰਨਾ, ਗੁੱਸਾ ਚੜ੍ਹ ਜਾਣਾ ।

ਸੁੱਝਣਾ–ਦਿੱਸਣਾ, ਮਲੂਮ ਹੋਣਾ, ਦਿਲ ਹੀ ਦਿਲ ਵਿੱਚ ਖ਼ਿਆਲ ਆਉਣਾ ।

ਸੋਜਾ ਜਾਂ ਸੋਜ–ਸਰੀਰ ਦੇ ਕਿਸੇ ਹਿੱਸੇ ਦਾ ਫੁਲਾਉ ਜਾਂ ਉਭਾਰ ।

ਸੋਝਾ (ਜਾਂ ਸੋਝੀ)–ਚੋਕਸੀ, ਖ਼ਬਰਦਾਰੀ ।

ਹੂੰਝਾ–ਸ਼ੁੱਧ<br>ਹੂਜਾ–ਅਸ਼ੁੱਧ } ਸਫ਼ਾਈ, ਸੱਤਿਆਨਾਸ, ਬਰਬਾਦੀ । (ਜਿਵੇਂ, ਹੂੰਝਾ ਫਿਰਨਾ ਜਾਂ ਫੇਰਨਾ ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਕੁਝ-ਸ਼ੁੱਧ<br>ਕੁਜ-ਅਸ਼ੁੱਧ | ਥੋੜਾ, ਜ਼ਰਾ, ਰਤਾ, ਕੋਈ ਚੀਜ਼ । (ਜਿਵੇਂ, ਮੇਰੀ ਅੱਖ ਵਿੱਚ ਕੁਝ ਪੈ ਗਿਆ ਹੈ) |
| ਖਿਝਣਾ-ਸ਼ੁੱਧ<br>ਖਿਜਣਾ-ਅਸ਼ੁੱਧ | ਦਿੱਕ ਹੋਣਾ, ਦੁਖੀ ਹੋਣਾ, ਚਿੜਨਾ । |
| ਖੁੰਝਣਾ-ਸ਼ੁੱਧ<br>ਖੁੰਜਣਾ-ਅਸ਼ੁੱਧ | ਭੁੱਲਣਾ, ਘੁੱਸ ਜਾਣਾ । |
| ਖੂੰਜਾ-ਸ਼ੁੱਧ<br>ਖੂੰਝਾ-ਅਸ਼ੁੱਧ | ਨੁੱਕਰ, ਕੋਨਾ, ਗੋਸ਼ਾ । |
| ਗਿੱਝਣਾ-ਸ਼ੁੱਧ<br>ਗਿੱਜਣਾ-ਅਸ਼ੁੱਧ | ਹਿੱਲ ਜਾਣਾ, ਵਾਦੀ ਪੈ ਜਾਣੀ । |
| ਗੁੱਝਾ-ਸ਼ੁੱਧ<br>ਗੁੱਜਾ-ਅਸ਼ੁੱਧ | ਭੇਦ ਦੀ ਗੱਲ, ਜਿਸ ਦਾ ਪਤਾ ਨਹੀਂ । |
| ਗੁੱਝਣਾ-ਸ਼ੁੱਧ<br>ਗੁੱਜਣਾ-ਅਸ਼ੁੱਧ | ਗੁੰਨ੍ਹਿਆ ਜਾਣਾ । (ਜਿਵੇਂ, ਆਟਾ ਗੁੱਝ ਗਿਆ ਹੈ ।) |

ਫਿੱਜ ਜਾਣਾ-ਪਾਟਣਾ; ਟੁੱਟਣਾ, ਨਾਸ ਹੋਣਾ ।

ਫਿਝ ਪੈਣੀ-ਕੁਸ਼ਤੀ ਹੋਣੀ, ਘੋਲ ਹੋਣਾ ।

ਪੂਜਣਾ-ਸੇਵਾ ਜਾਂ ਭਗਤੀ ਕਰਨੀ ।

ਪੂੰਝਣਾ-ਕੱਪੜਾ ਫੇਰ ਕੇ ਸਾਫ ਕਰਨਾ; ਲਿਖੇ ਹੋਏ ਨੂੰ ਬੁਝਾਉਣਾ, ਮੇਟਣਾ ।

ਪੂਜਾ-ਸੇਵਾ, ਭੇਟਾ, ਭਗਤੀ ।

ਪੂੰਝਾ-ਚਿੜੀ ਜਾਂ ਕਾਂ ਆਦਿਕ ਦੀ ਪੂਛ ।

ਪੂੰਜੀ-ਮਾਲ ਪਦਾਰਥ, ਵਪਾਰ ਵਿੱਚ ਲਾਇਆ ਹੋਇਆ ਧਨ ।

ਪੂੰਝੀ-ਜਿਵੇਂ, ਉਸ ਨੇ ਥਾਲੀ ਚੰਗੀ ਤਰ੍ਹਾਂ ਨਹੀਂ ਪੂੰਝੀ ।

ਬੱਜ-ਅੰਗ-ਹੀਣ ਹੋਣ ਕਰਕੇ ਜੋ ਕਲੰਕ ਲੱਗੇ, ਦੋਸ਼ ।

ਬੱਝ-ਬੱਝਣਾ (= ਕੈਦ ਹੋਣਾ) ਦਾ ਧਾਤੂ ।

ਬਜਣਾ-ਅਵਾਜ਼ ਨਿਕਲਣੀ (ਵਾਜੇ ਆਦਿ ਦੀ) ।

ਬੱਝਣਾ-ਕੈਦ ਹੋਣਾ, ਫੱਸਣਾ ।

ਬਾਜ-ਇੱਕ ਸ਼ਿਕਾਰੀ ਪੰਖੇਰੂ । (ਬਾਜ਼)

ਬਾਝ (ਜਾਂ ਬਾਝੋਂ)-ਬਿਨਾਂ, ਬਗ਼ੈਰ, ਛੁੱਟ ।

ਬੁਜ-ਪੁਰਾਣੀਆਂ ਲੀਰਾਂ ਦਬਾ ਦੇਂ ।

ਬੁੱਝ-ਜਿਵੇਂ, ਮੇਰੀ ਬੁਝਾਰਤ ਬੁੱਝ; ਅੱਗ ਬੁੱਝ ਗਈ ।

ਬੂੰਜੀ-ਛੋਟਾ ਬੂੰਜਾ ।

Sri Satguru Jagjit Singh Ji Elibrary NamdhariElibrary@gmail.com

ਬੁੱਝੀ–ਜਿਵੇਂ, ਲੈਂਪ ਬੁੱਝੀ, ਤਾਂ ਅਨ੍ਹੇਰਾ ਹੋ ਗਿਆ।
ਸਾਥੋਂ ਉਹਦੀ ਬੁਝਾਰਤ ਨਹੀਂ ਬੁੱਝੀ ਗਈ।

ਬੋਝਾ–ਸ਼ੁੱਧ } ਜੇਬ; ਭਾਰ।
ਬੋਜਾ–ਅਸ਼ੁੱਧ

## (ੲ) 'ਡ' ਤੇ 'ਢ' ਦੇ ਭੇਦ ਕਰਕੇ

ਓੜ- ਜਿਸ ਮਨੁੱਖ ਦਾ ਘਰ-ਘਾਟ ਕੋਈ ਨਾ ਹੋਵੇ ਤੇ ਥਾਂ-ਥਾਂ ਫਿਰਦਾ ਰਹੇ।

ਓਢ–'ਓਢਣਾ' (=ਕੱਪੜਾ ਪਾਉਣਾ) ਦਾ ਧਾਤੂ।

ਓਡਾ–ਉਸ ਜਿੱਡਾ।

ਓਢਾ–ਘੋੜੇ ਦੀ ਪੇਟੀ ਦੇ ਸਿਰੇ ਤੇ ਲੱਗਾ ਹੋਇਆ ਚੰਮ ਦਾ ਟੋਟਾ।

ਓਢਣੀ–ਤ੍ਰੀਮਤਾਂ ਦੀ (ਸਿਰ ਤੇ ਲੈਣ ਵਾਲੀ) ਛੋਟੀ ਜੇਹੀ ਚੁੰਨੀ।

ਆਂਢ-ਗੁਆਂਢ–ਸ਼ੁੱਧ } ਪੜੋਸ, ਆਸ-ਪਾਸ ਦੀ ਥਾਂ;
ਆਂਡ-ਗੁਆਂਡ–ਅਸ਼ੁੱਧ } ਹਮਸਾਏ।

ਸੰਢਾ–ਸ਼ੁੱਧ } ਝੋਟਾ; ਹੱਟਾ-ਕੱਟਾ ਆਦਮੀ; ਗਿਲ੍ਹਟੀ।
ਸੰਡਾ–ਅਸ਼ੁੱਧ

ਸਾਡੇ–'ਸਾਡਾ' ਦਾ ਬਹੁਵਚਨ, ਅਸਾਡੇ।

ਸਾਢੇ–ਅੱਧਾ ਵਧੀਕ; ਜਿਵੇਂ, ਸਾਢੇ ਤਿੰਨ, ਸਾਢੇ ਚਾਰ।

ਸਾਂਢੂ–ਸ਼ੁੱਧ } ਵਹੁਟੀ ਦੀ ਭੈਣ ਦਾ ਗਭਰੂ।
ਸਾਂਡੂ–ਅਸ਼ੁੱਧ

ਸੁੰਡ–ਹਾਥੀ ਦਾ ਲੰਮਾ ਨੱਕ।

ਸੁੰਢ–ਸੁੱਕਾ ਹੋਇਆ ਅਦਰਕ।

ਸੁੰਡੀ–ਸ਼ੁੱਧ } ਇੱਕ ਹਰੇ ਰੰਗ ਦਾ ਕੀੜਾ।
ਸੁੰਢੀ–ਅਸ਼ੁੱਧ

ਸੋਢੀ–ਸ਼ੁੱਧ } ਖੱਤਰੀਆਂ ਦੀ ਇੱਕ ਜ਼ਾਤ, ਜਿਸ ਜ਼ਾਤ ਦੇ ਗੁਰੂ
ਸੋਡੀ–ਅਸ਼ੁੱਧ } ਗੋਬਿੰਦ ਸਿੰਘ ਜੀ ਸਨ।

ਕੰਡ–ਪਿੱਠ।

ਕੱਢ–ਜਿਵੇਂ, ਰੁਪਈਆ ਕੱਢ; ਕੰਡਾ ਕੱਢ।

ਕੰਡਾ–ਸੂਲ; ਛੋਟੀ ਤਕੜੀ; ਮੱਛੀ ਦੀ ਹੱਡੀ।

ਕੰਢਾ–ਕਿਨਾਰਾ।

Sri Satguru Jagjit Singh Ji Elibrary NamdhariElibrary@gmail.com

ਕੰਡੀ–ਸੋਨੇ-ਚਾਂਦੀ ਦੀਆਂ ਚੀਜ਼ਾਂ ਤੋਲਣ ਵਾਲਾ ਨਿੱਕਾ ਕੰਡਾ।
ਕੰਢੀ–ਪਹਾੜ ਜਾਂ ਦਰਿਆ ਦੇ ਨਾਲ ਲੱਗਦੀ ਧਰਤੀ।
ਕਾਂਡ–ਪੁਸਤਕ ਦਾ ਹਿੱਸਾ।
ਕਾਢ–ਨਵੀਂ ਚੀਜ਼ ਜੋ ਪਹਿਲੇ ਪਹਿਲ ਬਣੇ। (ਕਾਢ ਕੱਢਣੀ)
ਕੁੰਡ–ਸਰੋਵਰ, ਤਲਾ; ਹਵਨ ਕਰਨ ਦਾ ਭਾਂਡਾ ਜਾਂ ਟੋਆ।
ਕੁੰਢ–ਮੂਰਖ, ਬੇਸਮਝ, ਅਣਜਾਣ।
ਖੰਡਰ–ਡਿੱਗੇ-ਢੱਠੇ ਘਰ; ਖੋਲੇ।
ਖੰਦਰ–ਪਥਰੀਲੀ ਧਰਤੀ।
ਖੂੰਡਾ–ਲੋਹੇ ਦੇ ਫੁੱਲਿਆਂ ਵਾਲੀ ਲਾਠੀ।
ਖੂੰਢਾ–ਜੋ ਤਿੱਖਾ ਨਹੀਂ।
ਗੰਡ–ਚੱਕੀ ਦਾ ਘੇਰਾ; ਗੁੜ ਠੰਢਾ ਕਰਨ ਵਾਲਾ ਗੋਲ ਭਾਂਡਾ।
ਗੰਢ–ਗੱਠ; ਜੋੜ; ਗਿਲ੍ਹਟੀ; ਬੁਚਕਾ।
ਗੱਡਣਾ–ਠੋਕਣਾ, ਦੱਬਣਾ।
ਗੰਢਣਾ–ਜੋੜਨਾ, ਟਾਕੀ ਲਾਉਣੀ; ਆਪਣੇ ਪਾਸੇ ਕਰਨਾ।
ਗੱਡਾ–ਭਾਰ ਢੋਣ ਵਾਲੀ ਗੱਡੀ, ਜੋ ਕੁਝ ਵਡੇਰੀ ਹੋਵੇ।
ਗੰਢਾ–ਪਿਆਜ਼।
ਗੱਡੀ–ਬੱਘੀ, ਟਮਟਮ, ਰੇਲ, ਇੱਕ ਡੱਬਾ।
ਗੰਢੀ–ਜਿਵੇਂ, ਕੌਮ ਦੀ ਗੰਢੀ।

| | |
|---|---|
| ਗੁਆਂਢ, ਗੁਆਂਢੀ, ਗੁਆਂਢਣ–ਸ਼ੁੱਧ<br>ਗੁਆਂਡ, ਗੁਆਂਡੀ, ਗੁਆਂਡਣ–ਅਸ਼ੁੱਧ | } ਪੜੋਸ;<br>ਪੜੋਸੀ। |

ਚੂੰਡਣਾ–ਹੱਡੀ ਤੋਂ ਦੰਦਾਂ ਜਾਂ ਚੁੰਝ ਨਾਲ ਮਾਸ ਲਾਹੁਣਾ।
ਚੂੰਡਾ–ਸਿਰ ਉੱਤਲੇ ਵਾਲਾਂ ਦਾ ਜੂੜਾ।
ਚੂੰਡੀ–ਬਾਲ ਦੇ ਸਿਰ ਉੱਤੇ ਵਾਲਾਂ ਦਾ ਨਿੱਕਾ ਜਿਹਾ ਜੂੜਾ।
ਚੂੰਢੀ–ਅੰਗੂਠੇ ਅਤੇ ਨਾਲ ਦੀ ਉਂਗਲ ਵਿੱਚ ਪਿੰਡੇ ਦਾ ਮਾਸ ਜਾਂ ਕੋਈ ਹੋਰ ਚੀਜ਼ ਫੜਨਾ; ਕਾਗਜ਼ ਅੜਾਉਣ ਵਾਲਾ ਲੋਹੇ ਦਾ ਯੰਤ੍ਰ।

| | |
|---|---|
| ਠੰਢ, ਠੰਢਾ, ਠੰਢਕ, ਠੰਢਿਆਈ<br>ਠੰਡ, ਠੰਡਾ, ਠੰਡਕ, ਠੰਡਿਆਈ | } ਦੋਵੇਂ ਰੂਪ ਵਰਤਮਾਨ ਤੇ ਸ਼ੁੱਧ ਹਨ। |

ਡਾਡ–ਚੀਕ, ਕੂਕ। (ਡਾਡ ਨਿਕਲ ਜਾਣੀ)

Sri Satguru Jagjit Singh Ji Elibrary NamdhariElibrary@gmail.com

ਡਾਢ–ਦਿਲ ਦੀ ਧਕਿਆਈ।

| | |
|---|---|
| ਡਾਢਾ–ਸੁੱਧ<br>ਡਾਡਾ–ਅਸੁੱਧ | ਜ਼ੋਰਾਵਰ, ਬਹੁਤ। (ਜਿਵੇਂ, ਮੰਦਰ ਡਾਢਾ ਸੁਹਣਾ ਹੈ।) |
| ਡੂਢ, ਡੇਢ–ਸੁੱਧ<br>ਡੂਡ, ਡੇਹਡ–ਅਸੁੱਧ | ਇੱਕ ਉੱਤੇ ਅਧਾ। |

ਢੱਢ (ਜਾਂ ਢੱਡ)–ਇੱਕ ਤਰ੍ਹਾਂ ਦੀ ਡਫ।

| | |
|---|---|
| ਢੱਢਾ<br>ਢੱਡਾ | ਅੱਖਰ 'ਢ'। |
| ਢਾਢੀ, ਢਾਢਣ<br>ਢਾਡੀ, ਢਾਡਣ | ਦੋਵੇਂ ਰੂਪ ਵਰਤਮਾਨ ਤੇ ਸੁੱਧ ਹਨ। |
| ਢਿੱਢ<br>ਢਿੱਡ | ਦੋਵੇਂ ਰੂਪ ਵਰਤਮਾਨ ਤੇ ਸੁੱਧ ਹਨ। |
| ਢੁੱਢ<br>ਢੁੱਡ | ਸਿਰ ਨਾਲ ਸੱਟ ਲਾਉਣੀ। (ਢੁੱਢ ਮਾਰਨੀ) |
| ਢੂੰਢਣਾ<br>ਢੂੰਡਣਾ | ਖੋਜਣਾ, ਭਾਲਣਾ, ਲੱਭਣਾ। |
| ਢੋਢਾ, ਢੋਢੀ<br>ਢੋਡਾ, ਢੋਡੀ | ਜੁਆਰ ਜਾਂ ਬਾਜਰੇ ਦੀ ਰੋਟੀ। |
| ਨੱਢਾ, ਨੱਢੀ–ਸੁੱਧ<br>ਨੱਡਾ, ਨੱਡੀ–ਅਸੁੱਧ | ਜੁਆਨ ਮੁੰਡਾ, ਮੁਟਿਆਰ ਕੁੜੀ। |
| ਨਾਢੂਸ਼ਾਹ–ਸੁੱਧ<br>ਨਾਡੂਸ਼ਾਹ–ਅਸੁੱਧ | ਮਜ਼ਾਕ ਕਰਨ ਵਾਲਾ, ਫਿਟਿਆ ਹੋਇਆ। |
| ਨਿਢਾਲ–ਸੁੱਧ<br>ਨਿਡਾਲ–ਅਸੁੱਧ | ਕਮਜ਼ੋਰ, ਥੱਕਿਆ ਹੋਇਆ। |

ਬਾਢੀ–ਤਰਖਾਣ।

ਬਾਡੀ–ਜਿਵੇਂ, ਇਸ ਲਾਰੀ ਦੀ ਬਾਡੀ ਚੰਗੀ ਹੈ; ਲਾਟ ਸਾਹਿਬ ਨੇ ਬਾਡੀ-ਗਾਰਡ ਦੇ ਜਲਸੇ ਵਿਚ ਪਹੁੰਚ ਗਏ।

| | |
|---|---|
| ਬੁੱਢਾ, ਬੁੱਢੜੀ–ਸੁੱਧ<br>ਬੁੱਡਾ, ਬੁੱਡੜੀ–ਅਸੁੱਧ | ਬਹੁਤ ਵੱਡੀ ਉਮਰ ਦਾ (ਦੀ)। |

ਮੁੰਡ–ਸਿਰ।

Sri Satguru Jagjit Singh Ji Elibrary NamdhariElibrary@gmail.com

ਮੁੰਢ ਜਾਂ ਮੁੱਢ–ਆਦ, ਜੜ੍ਹ; ਮੂਲ, ਅਸਲ; ਨੇੜੇ ।

ਮੁੰਡਾ–ਲੜਕਾ ।

ਮੁੱਢਾ–ਚਰਖਾ ਕੱਤ ਕੇ ਉਸ ਦੇ ਤੱਕਲੇ ਉੱਤੇ ਲਪੇਟਿਆ ਹੋਇਆ ਸੂਤਰ ਦਾ ਗੁੱਛਾ ।

ਮੁੰਡੀ–ਸਿਰ ਅਤੇ ਗਿੱਚੀ; ਇੱਕ ਬੂਟੀ ।

ਮੁੱਢੀ–ਜਿਸ ਲੱਕੜੀ ਉੱਤੇ ਰੱਖ ਕੇ ਪੱਠੇ ਕੁਤਰਦੇ ਹਨ ।

ਮੇਢੀ ਜਾਂ ਮੀਢੀ–ਸ਼ੁੱਧ<br>ਮੇਡੀ ਜਾਂ ਮੀਡੀ–ਅਸ਼ੁੱਧ } ਸਿਰ ਦੇ ਵਾਲਾਂ ਦੀ ਗੁੰਦੀ ਹੋਈ ਲਿਟ ।

ਵੱਡਾ–ਜਿਸ ਦਾ ਕੱਦ, ਤੋਲ, ਉਮਰ, ਦਰਜਾ, ਧਨ ਆਦਿਕ ਵਧ ਕੇ ਹੋਵੇ ।

ਵੱਢਾ–ਵੱਢਣ ਦਾ ਨਿਸ਼ਾਨ, ਚੀਰ, ਡੰਨ ।

ਵੱਡੀ–ਵੱਡਾ ਦਾ ਇਸਤ੍ਰੀ ਲਿੰਗ ।

ਵੱਢੀ–ਜੋ ਰੁਪਈਆ ਜਾਂ ਪਦਾਰਥ ਕਿਸੇ ਨੂੰ ਆਪਣਾ ਕੰਮ ਕੱਢਣ ਲਈ ਨਾਹੱਕ ਦਿੱਤਾ ਜਾਵੇ ।

## (ਸ) 'ਦ' ਤੇ 'ਧ' ਦੇ ਭੇਦ ਕਰਕੇ

ਉਦਰ–ਢਿੱਡ, ਪੇਟ ।

ਉੱਧਰ–ਉਸ ਪਾਸੇ ।

ਉਦਾਰ–ਖੁੱਲ੍ਹੇ ਦਿਲ ਵਾਲਾ, ਦਾਨੀ ।

ਉਧਾਰ–ਕਰਜ਼ ।

ਉੱਧਾਰ–ਪਾਰ-ਉਤਾਰਾ, ਨਿਸਤਾਰਾ, ਬਚਾਉ ।

ਊਦਾ–ਜਾਮਨੂੰ ਰੰਗ ।

ਊਂਧਾ–ਮੂਧਾ, ਪੁੱਠਾ; ਬੇਸਮਝ, ਗਾਫ਼ਲ ।

ਓਦਰ ਜਾਣਾ–ਉਦਾਸ ਹੋਣਾ, ਦਿਲ ਢਹਿ ਜਾਣਾ ।

ਓਧਰ ਜਾਣਾ–ਉਸ ਪਾਸੇ ਜਾਣਾ ।

ਅਦਰਕ–ਸ਼ੁੱਧ<br>ਅਧਰਕ–ਅਸ਼ੁੱਧ } ਇੱਕ ਤਰ੍ਹਾਂ ਦੀ ਗੰਢੀ ।

ਅਧਮੂਲ–ਸ਼ੁੱਧ<br>ਅਦਮੂਲ–ਅਸ਼ੁੱਧ } ਰੌਲਾ-ਗੌਲਾ, ਸ਼ੋਰ-ਸ਼ਰਾਬਾ ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਅਧਿਰਾਜ-ਸੁੱਧ<br>ਅਦਿਰਾਜ-ਅਸੁੱਧ | ਵੱਡਾ ਰਾਜਾ । |
| ਅੱਧਾ ਧੁੰਧ-ਸੁੱਧ-<br>ਅੰਧਾ ਧੁੰਦ-ਅਸੁੱਧ | ਅਨ੍ਹੇਰਾ, ਅਨ੍ਹੇਰੀ, ਅੱਤ, ਤੇਜ਼ੀ; ਹਲਚਲ, ਫ਼ਸਾਦ । |
| ਅਧਿਆਨੀ-ਸੁੱਧ<br>ਅਦਿਹਾਨੀ-ਅਸੁੱਧ | ਇੱਕ ਸਿੱਕਾ ਜਿਸ ਦਾ ਮੁੱਲ ਦੋ ਪੈਸੇ ਹੁੰਦਾ ਹੈ, ਅੱਧਾ ਆਨਾ । |
| ਅੱਧੋ ਸੁਧ-ਸੁੱਧ<br>ਅੱਦੋ ਸੁਧ-ਅਸੁੱਧ | ਅੱਧੇ ਦੇ ਲਗਭਗ; ਬਹੁਤ ਸਾਰਾ ਹਿੱਸਾ । (ਜਿਵੇਂ, ਦੁੱਧ ਵਿਚ ਅੱਧੋ ਸੁਧ ਪਾਣੀ ਹੈ ।) |
| ਅੱਧੋ-ਰਾਣਾ-ਸੁੱਧ<br>ਅੱਦੋ-ਰਾਣਾ-ਅਸੁੱਧ | ਕੁਝ ਕੁਝ ਹੰਢਿਆ ਹੋਇਆ । (ਕੱਪੜਾ ਆਦਿਕ) |

ਸਦਰ-ਛਾਉਣੀ ਦਾ ਬਜ਼ਾਰ ।

ਸੱਧਰ-ਚਾਉ, ਉਮੰਗ, ਸ਼ੌਕ, ਲਾਲਸਾ ।

ਸ਼ਾਦ-ਖ਼ੁਸ਼, ਪਰਸੰਨ; ਅਨੰਦ ।

ਸਾਧ-ਸੰਤ, ਮਹਾਤਮਾ, ਫ਼ਕੀਰ, ਭਗਤ ।

| | |
|---|---|
| ਸਿੱਧਾ-ਸੁੱਧ<br>ਸਿੱਦਾ-ਅਸੁੱਧ | ਸਰਲ, ਖਰਾ, ਸੱਚਾ, ਠੀਕ; ਭੋਲਾ, ਮੂਰਖ । |
| ਸਿੱਧਾ ਸਾਦਾ-ਸੁੱਧ<br>ਸਿੱਦਾ ਸਾਦਾ-ਅਸੁੱਧ | ਭੋਲਾ ਭਾਲਾ । |

ਸੁਗੰਦ-ਸਹੁੰ, ਕਸਮ ।

ਸੁਗੰਧ-ਖ਼ੁਸ਼ਬੋ, ਵਾਸ਼ਨਾ ।

ਸੁਦੌਂ-ਪਾਗਲ ਪੁਣਾ, ਝੱਲ ।

ਸੁੱਦਾ-ਸੁੱਕਾ ਹੋਇਆ ਕਰੜਾ ਮੈਲਾ, ਜੋ ਆਂਦਰਾਂ ਵਿਚ ਫਸ ਜਾਏ ।

ਸੁੱਧਾ-ਚੰਗਾ, ਸਿੱਧਾ, ਭਲਾ, ਸੁੱਚਾ ।

ਸੂਦ-ਲਾਹ, ਵਿਆਜ, ਹਿੰਦੂਆਂ ਦੀ ਇੱਕ ਜ਼ਾਤ ।

ਸੂਧ-ਸੋਧ, ਸਚਿਆਈ; ਸਿੱਧਾ, ਸੱਚਾ ।

| | |
|---|---|
| ਸੇਧ-ਸੁੱਧ<br>ਸੇਦ-ਅਸੁੱਧ | ਅੱਗੇ, ਸਾਹਮਣੇ । |
| ਸੋਧਣਾ-ਸੁੱਧ<br>ਸੋਦਣਾ-ਅਸੁੱਧ | ਠੀਕ ਕਰਨਾ, ਸਹੀ ਕਰਨਾ, ਪੜਤਾਲ ਕਰਨੀ, ਲੇਖਾ ਕਰਨਾ । |

ਕੰਦ-ਜਿਵੇਂ, ਕੰਦ-ਮੂਲ, ਗੁਲਕੰਦ, ਸ਼ਕਰਕੰਦੀ ।

Sri Satguru Jagjit Singh Ji Elibrary NamdhariElibrary@gmail.com

ਕੰਧ–ਦਿਵਾਰ ।

ਕਿੱਧਰ–ਸ਼ੁੱਧ<br>ਕਿੱਦਰ–ਅਸ਼ੁੱਧ } ਕਿਸ ਪਾਸੇ, ਕਿਤ ਵੱਲ ।

ਖਾਧ ਖ਼ੁਰਾਕ–ਸ਼ੁੱਧ<br>ਖਾਦ ਖ਼ੁਰਾਕ–ਅਸ਼ੁੱਧ } ਖ਼ੁਰਾਕ, ਖਾਣ-ਪੀਣ ਦੀਆਂ ਚੀਜ਼ਾਂ ।

ਖਿੰਧੋਲਾ–ਸ਼ੁੱਧ<br>ਖਿੰਦੋਲਾ–ਅਸ਼ੁੱਧ } ਗੋਦੜੀ ।

ਖੁੰਧਰ–ਸ਼ੁੱਧ<br>ਖੁਦਰ–ਅਸ਼ੁੱਧ } ਉੱਚਾ-ਨੀਵਾਂ ਰਾਹ ।

ਖੁੱਧਿਆ–ਸ਼ੁੱਧ<br>ਖੁੱਦਿਆ–ਅਸ਼ੁੱਧ } ਭੁੱਖ ।

ਗੰਦ–ਮੈਲ, ਕੂੜਾ, ਬੇਸ਼ਰਮੀ ਦੀ ਗੱਲ ।

ਗੰਧ–ਖੁਸ਼ਬੋ ।

ਗਦੌਂ–ਫ਼ਕੀਰ, ਮੰਗਤਾ । (ਜਿਵੇਂ, ਬੱਚੇ ਲਈ ਸ਼ਾਹ-ਗਦਾ ਇਕ-ਸਮਾਨ ਹਨ)

ਗਧਾ–ਖੋਤਾ; ਮੂਰਖ ।

ਗੰਦੀ–ਮੈਲੀ ।

ਗੰਧੀ–ਅਤਰ ਫੁਲੇਲ ਵੇਚਣ ਵਾਲਾ ।

ਗੰਧਕ–ਸ਼ੁੱਧ<br>ਗੰਦਕ–ਅਸ਼ੁੱਧ } ਇੱਕ ਪੀਲੀ ਜੇਹੀ ਦਵਾ ।

ਗਿੱਦ–ਅੱਖ ਦੀ ਚਿੱਟੀ ਜੇਹੀ ਮੈਲ, ਗਿੱਡ ।

ਗਿੱਧ–ਮੁਰਦੇ ਖਾਣ ਵਾਲਾ ਇੱਕ ਪੰਖੇਰੂ ।

ਗਿੱਧਾ–ਸ਼ੁੱਧ<br>ਗਿੱਦਾ–ਅਸ਼ੁੱਧ } ਤੌੜੀਆਂ ਮਾਰ ਕੇ ਨੱਚਣਾ ।

ਚੌਧਰੀ–ਸ਼ੁੱਧ<br>ਚੌਦਰੀ–ਅਸ਼ੁੱਧ } ਮੁਖੀਆ ।

ਫੰਧਕ–ਸ਼ੁੱਧ<br>ਫੰਦਕ–ਅਸ਼ੁੱਧ } ਜਾਲ, ਫਾਹੀ ।

ਬਦੀ–ਬੁਰਾਈ ।

ਬੱਧੀ–ਜਿਵੇਂ, ਉਸ ਨੇ ਪੱਗ ਬੱਧੀ ।

ਬਿਦ–ਬਿਦਣਾ (=ਜ਼ਿਦ ਕਰਨੀ, ਸ਼ਰਤ ਲਾਉਣੀ) ਦਾ ਧਾਤੂ ।

Sri Satguru Jagjit Singh Ji Elibrary NamdhariElibrary@gmail.com

ਬਿਰ–ਤ੍ਰੀਕਾ, ਢੰਗ ।

ਬਿਦਣਾ–ਜ਼ਿਦ ਕਰਨੀ, ਸ਼ਰਤ ਲਾਉਣੀ ।

ਬਿਧਨਾ–ਬ੍ਰਹਮਾ, ਪਰਮੇਸ਼ਰ ।

ਬੋਧੀ–ਬੁੱਧ ਮਤ ਨੂੰ ਮੰਨਣ ਵਾਲਾ ।

ਬੋਦੀ–ਪ੍ਰਾਂਦੀ ।

ਮਦ–ਸ਼ਰਾਬ, ਨਸ਼ਾ, ਮਸਤੀ ।

ਮੱਧ–ਵਿਚਕਾਰ, ਗੱਭੇ ।

ਮਦਰਾ–ਸ਼ਰਾਬ ।

ਮਧਰਾ–ਛੋਟੇ ਕੱਦ ਦਾ ।

ਮਦਾਨੀ–ਮਦਾਨ ਦਾ ।

ਮਧਾਣੀ–ਜਿਸ ਚੀਜ਼ ਨਾਲ ਦੁਧ-ਦਹੀਂ ਰਿੜਕਦੇ ਹਨ ।

ਮਧਸੂਦਨ–ਸ਼ੁੱਧ<br>ਮਦਸੂਦਨ–ਅਸ਼ੁੱਧ } ਮਧੂ ਰਾਕਸ਼ ਦੇ ਮਾਰਨ ਵਾਲੇ, ਸ੍ਰੀ ਕ੍ਰਿਸ਼ਨ ।

ਮੁੱਦ–ਬੰਦ ਕਰ ।

ਮੁੱਧ–ਮੁਟਿਆਰ, ਜੁਆਨ ਤੀਵੀਂ ।

ਮਿਹਦਾ–ਸ਼ੁੱਧ<br>ਮੇਹਦਾ–ਅਸ਼ੁੱਧ } ਢਿੱਡ ਦੇ ਜਿਸ ਹਿੱਸੇ ਵਿੱਚ ਖਾਧਾ-ਪੀਤਾ ਪੈਂਦਾ ਹੈ ।

ਮੂਧਾ–ਸ਼ੁੱਧ<br>ਮੂਦਾ–ਅਸ਼ੁੱਧ } ਪੁੱਠਾ, ਉਲਟਾ ।

ਰਿਦਾ–ਹਿਰਦਾ, ਮਨ, ਦਿਲ ।

ਰਿੱਧਾ–ਰਿੰਨ੍ਹਿਆ ।

ਰੁੱਦਰ–ਮਹਾਂਦੇਵ ਜਾਂ ਸ਼ਿਵ ਜੀ ਦਾ ਨਾਉਂ ।

ਰੁਧਰ–ਲਹੂ, ਰੱਤ ।

ਲੱਦਣਾ–ਪਸ਼ੂ ਉੱਤੇ ਭਾਰ ਰਖਣਾ ।

ਲੱਧਣਾ–ਹੱਥ ਆਉਣਾ, ਮਿਲਣਾ ।

ਲੋਧੀ–ਸ਼ੁੱਧ<br>ਲੋਦੀ–ਅਸ਼ੁੱਧ } ਪਠਾਣਾਂ ਦੀ ਇੱਕ ਜ਼ਾਤ ।

ਵਾਦ–ਝਗੜਾ; ਬਹਿਸ ।

ਵਾਧ–ਵਾਧਾ (ਵਾਧ-ਘਾਟ) ।

Sri Satguru Jagjit Singh Ji Elibrary NamdhariElibrary@gmail.com

ਵਿਰੁੱਧ–ਸ਼ੁੱਧ
ਵਿਰੁੱਦ–ਅਸ਼ੁੱਧ } ਉਲਟ ।

ਵਿਰੋਧ–ਸ਼ੁੱਧ
ਵਿਰੋਦ–ਅਸ਼ੁੱਧ } ਵੈਰ, ਦੁਸ਼ਮਣੀ ।

## (ਹ) 'ਬ' ਤੇ 'ਭ' ਦੇ ਭੇਦ ਕਰਕੇ

ਉਭਰਨਾ–ਸ਼ੁੱਧ
ਉਬਰਨਾ–ਅਸ਼ੁੱਧ } ਉੱਠਣਾ, ਉੱਤੇ ਹੋਣਾ, ਫੁੱਲਣਾ ।

ਉਬਾਰ–ਤਾਰ, ਪਾਰ-ਉਤਾਰਾ ਜਾਂ ਨਿਸਤਾਰਾ ਕਰ ।

ਉਭਾਰ–ਉਠਾਉ, ਸੋਜ, ਫੁਲਾਉ ।

ਅਬਿਗਤ–ਸ਼ੁੱਧ
ਅਭਿਗਤ–ਅਸ਼ੁੱਧ } ਦੁਰਦਸ਼ਾ, ਸੱਤਿਆਨਾਸ, ਭੈੜਾ ਹਾਲ ।

ਅਬਰਕ–ਸ਼ੁੱਧ
ਅਭਰਕ–ਅਸ਼ੁੱਧ } ਧਰਤੀ ਵਿੱਚੋਂ ਨਿਕਲਣ ਵਾਲੀ ਇੱਕ ਚਮਕਦਾਰ ਚੀਜ਼, ਜਿਸ ਦੀ ਬਣਾਉਟ ਪੱਤ੍ਰਾਂ ਵਰਗੀ ਹੁੰਦੀ ਹੈ, ਜੋ ਪਤਲੇ ਤੇ ਲਚਕਦਾਰ ਹੁੰਦੇ ਹਨ ।

ਅਭਿਲਾਖਾ–ਸ਼ੁੱਧ
ਅਬਿਲਾਖਾ–ਅਸ਼ੁੱਧ } ਚਾਹ, ਇੱਛਿਆ, ਲਾਲਸਾ ।

ਅਭਿਆਗਤ–ਸ਼ੁੱਧ
ਅਬਿਆਗਤ–ਅਸ਼ੁੱਧ } ਰਮਤਾ, ਫ਼ਕੀਰ; ਪਰਾਹੁਣਾ ।

ਅੱਭੜਵਾਹੇ–ਸ਼ੁੱਧ
ਅਬੜਵਾਹੇ–ਅਸ਼ੁੱਧ } ਅੱਚਣਚੇਤ, ਘਾਬਰ ਕੇ ।

ਅਭਿਆਸ–ਸ਼ੁੱਧ
ਅਬਿਹਾਸ–ਅਸ਼ੁੱਧ } ਕਿਸੇ ਕੰਮ ਦਾ ਬਾਰ ਬਾਰ ਕਰਨਾ, ਮਸ਼ਕ ।

ਸਬ–ਨੀਵੇਂ ਦਰਜੇ ਦਾ, ਮਾਤਹਿਤ; ਜਿਵੇਂ–ਸਬ-ਇਨਸਪੈੱਕਟਰ, ਸਬ-ਕਮੇਟੀ ।

ਸਭ–ਸਾਰੇ, ਸਾਰਾ, ਪੂਰਾ ।

ਸੂਬ–ਭਰੀ ਬੰਨ੍ਹਣ ਵਾਲਾ ਮੁੰਜ ਦਾ ਰੱਸਾ ।

ਸ਼ੁਭ–ਚੰਗਾ, ਭਾਗਾਂ ਵਾਲਾ ।

Sri Satguru Jagjit Singh Ji Elibrary NamdhariElibrary@gmail.com

ਸੋਭਾ–ਸ਼ੁੱਧ
ਸ਼ੋਬਾ–ਅਸ਼ੁੱਧ } ਮਹਿਮਾ, ਵਡਿਆਈ, ਇੱਜ਼ਤ ।

ਖੱਬੀ–ਸੱਜੇ ਤੋਂ ਉਲਟੇ ਪਾਸੇ ਦੀ ।

ਖੱਡੀ–ਘੋੜੇ ਦੇ ਮੂੰਹ ਵਿੱਚ ਲਗਾਮ ਦੀ ਥਾਂ ਦੇਣ ਵਾਲੀ ਰੱਸੀ ।

ਗੱਬ–ਹੰਕਾਰ ।

ਗੱਭ–ਜੋ ਬੱਚਾ ਪੇਟ ਵਿੱਚ ਹੋਵੇ ।

ਗੱਬਰੂ–ਮਾਲਦਾਰ, ਰੱਜਿਆ ਹੋਇਆ ।

ਗਭਰੂ–ਜੁਆਨ ਆਦਮੀ, ਖੌਂਦ ।

ਗੱਭਲਾ–ਸ਼ੁੱਧ
ਗੱਬਲਾ–ਅਸ਼ੁੱਧ } ਵਿੱਚਲਾ; ਤਿੰਨਾਂ ਵਿੱਚੋਂ ਦੂਜਾ ।

ਗਰਬ–ਹੰਕਾਰ ।

ਗਰਭ–ਪੇਟ; ਜੋ ਬੱਚਾ ਪੇਟ ਵਿੱਚ ਹੋਵੇ ।

ਗੋਭੀ–ਇੱਕ ਮਸ਼ਹੂਰ ਭਾਜੀ ।

ਗੋਬੀ–ਇੱਕ ਮਾਰੂਥਲ ਦਾ ਨਾਉਂ, ਜੋ ਚੀਨ ਦੇ ਉੱਤਰ ਵੱਲ 'ਮੰਗੋਲੀਆ' ਵਿੱਚ ਹੈ ।

ਘਬਰਾਉਣਾ–ਸ਼ੁੱਧ
ਘਭਰਾਉਣਾ–ਅਸ਼ੁੱਧ } ਬਿਆਕੁਲ ਕਰਨਾ ।

ਚਬੱਚਾ–ਸ਼ੁੱਧ
ਚਭੱਚਾ–ਅਸ਼ੁੱਧ } ਖੂਹ ਦੇ ਪਾਸ ਦਾ ਪੱਕਾ ਟੋਇਆ, ਜਿਸ ਵਿੱ ਨਿਸਾਰ ਚੋਂ ਪਾਣੀ ਪੈਂਦਾ ਰਹਿੰਦਾ ਹੈ ।

ਚੋਬ–ਤੰਬੂ ਦੀ ਥੰਮ੍ਹੀ ।

ਚੋਭ–ਚੋਭ ਕੇ ਕੱਢਿਆ ਹੋਇਆ ਛੇਕ; ਅੱਖ ਦੀ ਸੋਜ ਜਾਂ ਲਾਲੀ ।

ਚੋਬਾ–ਬਹੁਤ ਖਾਣ ਵਾਲਾ, ਮਥਰਾ ਤੇ ਬਿੰਦਰਾਬਨ ਦਾ ਪਾਂਡਾ ।

ਚੋਭਾ–ਚੋਭਣ ਦਾ ਕੰਮ, ਛੇਕ ।

ਜੀਭ–ਸ਼ੁੱਧ
ਜੀਬ–ਅਸ਼ੁੱਧ } ਜ਼ਬਾਨ, ਜਿਹਬਾ, ਸਰੀਰ ਦੇ ਜਿਸ ਅੰਗ ਨਾਲ ਖਾਣ ਪੀਣ ਦਾ ਸੁਆਦ ਆਉਂਦਾ ਹੈ ।

ਜ਼ੇਬ–ਸ਼ੁੱਧ
ਜੇਭ–ਅਸ਼ੁੱਧ } ਖੀਸਾ ।

ਟਿੱਬਾ–ਸ਼ੁੱਧ
ਟਿੱਭਾ–ਅਸ਼ੁੱਧ } ਉੱਚੀ ਥਾਂ, ਰੇਤ-ਮਿੱਟੀ ਦੀ ਉੱਚੀ ਢੇਰੀ ।

Sri Satguru Jagjit Singh Ji Elibrary NamdhariElibrary@gmail.com

ਟੁੱਬੀ–ਸੁੱਧ
ਟੁੱਭੀ–ਅਸੁੱਧ } ਦੋਵੇਂ ਰੂਪ ਵਰਤਮਾਨ ਤੇ ਸੁੱਧ ਹਨ। ਪਾਣੀ ਵਿੱਚ ਡੁੱਬਣ ਦਾ ਕੰਮ, ਗੋਤਾ।

ਟੋਬਾ–ਸੁੱਧ
ਟੋਭਾ–ਅਸੁੱਧ } ਦੋਵੇ ਰੂਪ ਵਰਤਮਾਨ ਤੇ ਸੁੱਧ ਹਨ। ਛੋਟਾ ਛੱਪੜ; ਟੁੱਭੀ ਮਾਰਨ ਵਾਲਾ।

ਦੱਬ–ਦਬਾਉ, ਭਾਰ; 'ਦੱਬਣਾ' ਦਾ ਧਾਤੂ।

ਦੱਭ–ਇੱਕ ਤਰ੍ਹਾਂ ਦਾ ਘਾਹ, ਕੁਸ਼ਾ।

ਦੁਬਿਧਾ–ਸੁੱਧ
ਦੁਭਦਾ–ਅਸੁੱਧ } ਦੁਚਿੱਤੀ, ਬੇਚੈਨੀ; ਫ਼ਿਕਰ, ਸੰਸਾ।

ਨਿੱਬ–ਜਿਵੇਂ, ਹੋਲਡਰ ਦੀ ਨਿੱਬ ਘੱਸ ਗਈ ਹੈ, ਇਹਨੂੰ ਬਦਲ ਦਿਓ।

ਨਿੱਭ–'ਨਿੱਭਣਾ' (=ਪੂਰਾ ਉਤਰਨਾ) ਦਾ ਧਾਤੂ

ਨਿੱਭਾਉਣਾ–
ਨਿਬਾਹੁਣਾ– } ਦੋਵੇਂ ਰੂਪ ਵਰਤਮਾਨ ਤੇ ਸੁੱਧ ਹਨ। ਕੰਮ ਪੂਰਾ ਕਰਨਾ, ਧਿਆਨ ਰੱਖਣਾ।

ਨਿੱਭੇਗਾ–ਸੁੱਧ
ਨਿੱਬੇਗਾ–ਅਸੁੱਧ } ਹੋ ਜਾਏਗਾ, ਪੂਰਾ ਹੋਵੇਗਾ।

ਫੰਭ–
ਫੰਬ– } ਮੁਲਾਇਮ ਊੱਨ, ਪਸ਼ਮ ਦੇ ਵਾਲ।

ਫੰਭਾ–
ਫੰਬਾ– } ਪਿੰਜੀ ਹੋਈ, ਰੂੰ ਦਾ ਗੋੜ੍ਹਾ।

ਬਿਭਚਾਰ–ਸੁੱਧ
ਬਿਬਚਾਰ–ਅਸੁੱਧ } ਕੁਕਰਮ।

ਬਿਭਚਾਰੀ–ਸੁੱਧ
ਬਿਬਚਾਰੀ–ਅਸੁੱਧ } ਕੁਕਰਮੀ, ਜੋ ਬਿਭਚਾਰ ਕਰੇ।

ਬਿਭੂਤ–ਸੁੱਧ
ਭਬੂਤ–ਅਸੁੱਧ } ਸਾਧਾਂ ਦੀ ਧੂਣੀ ਦੀ ਸੁਆਹ, ਗੋਹੇ ਦੀ ਸੁਆਹ ਜੋ ਸਾਧ ਲੋਕ ਪਿੰਡੇ ਉੱਤੇ ਮਲਦੇ ਹਨ।

ਭੰਬੋੜਨਾ–ਸੁੱਧ
ਭੰਭੋਨੜਾ–ਅਸੁੱਧ } ਪਰੇ ਸਿੱਟਣਾ, ਢਾਹੁਣਾ, ਦਿੱਕ ਕਰਨਾ।

ਭੰਬਟ–ਸੁੱਧ
ਭੰਭਟ–ਅਸੁੱਧ } ਉੱਡਣ ਵਾਲਾ ਕੀੜਾ, ਜੋ ਦੀਵੇ ਦੀ ਲਾਟ ਉੱਤੇ ਸੜ ਮਰਦਾ ਹੈ।

ਭੰਬਲਭੂਸੇ–ਸੁੱਧ
ਭੰਭਲਭੂਸੇ–ਅਸੁੱਧ } ਭਟਕਾਉ, ਕੁਝ ਜਾਣ ਨਾ ਸਕਣਾ ਕੁ ਕੀ ਕਰੀਏ।

Sri Satguru Jagjit Singh Ji Elibrary NamdhariElibrary@gmail.com

| | |
|---|---|
| ਭਾਂਬੜ–ਸੁੱਧ<br>ਭਾਂਭੜ–ਅਸੁਧ | ਲਾਟ, ਬਹੁਤ ਭੜਕੀ ਹੋਈ ਅੱਗ, ਹਲਚਲ (ਮੱਚਣਾ)। |
| ਭੁੰਬੜਾ ਭੂੰ–ਸੁੱਧ<br>ਭੁੰਭੜਾ ਭੂੰ–ਅਸੁੱਧ | ਨਾਸ ਹੋਇਆ ਹੋਇਆ, ਜਿਸ ਦਾ ਖੁਰਾ-ਖੋਜ ਨਾ ਰਹੇ। |
| ਭੰਬੀਰੀ–ਸੁੱਧ<br>ਭੰਭੀਰੀ–ਅਸੁੱਧ | ਇੱਕ ਘੁੰਮਣ ਵਾਲਾ ਖਡੌਣਾ; ਪਰਾਂ ਵਾਲਾ ਇੱਕ ਕੀੜਾ। |
| ਭਾਬੀ, ਭਾਬੋ–ਸੁੱਧ<br>ਭਾਭੀ, ਭਾਭੋ–ਅਸੁੱਧ | ਭਰਜਾਈ; ਮਾਂ; ਸੱਸ। |
| ਭਾਬੜਾ–ਸੁੱਧ<br>ਭਾਭੜਾ–ਅਸੁੱਧ | ਜੈਨ ਮਤ ਦਾ ਆਦਮੀ। (ਭਾਬੜੇ ਬਹੁਤ ਬੜੇ ਵਪਾਰੀ ਹਨ)। |
| ਭੁੱਬਲ–ਸੁੱਧ<br>ਭੁੱਭਲ–ਅਸੁੱਧ | ਤੱਤੀ ਸੁਆਹ। |
| ਭੁੱਬ–ਸੁੱਧ<br>ਭੁੱਭ–ਅਸੁੱਧ | ਰੋਣ ਦੀ ਚੀਕ, ਸ਼ੇਰ ਦੀ ਗਰਜ। |

## ‘ਪ੍ਰ’ ਤੇ ‘ਪਰ’ ਦੇ ਭੇਦ ਕਰਕੇ

311. ਵੇਖੋ! ‘ਪ੍ਰ’ ਵਿੱਚ ‘ਪ’ ਲਗ ਰਹਿਤ (ਪ੍) ਹੈ ਤੇ ਦੋਵੇਂ ਅਖਰ (ਪ ਤੇ ਰ) ਰਲ ਕੇ ਬੋਲਦੇ ਹਨ; ਜਿਵੇਂ–‘ਪ੍ਰਭੂ’ ਵਿੱਚ; ਪਰ ਜੇ ਇਹਦੇ ਦੋਵੇਂ ਅੱਖਰ ਨਿਖੇੜ ਕੇ ਲਿਖੀਏ; ਜਿਵੇਂ, ‘ਪਰਦੇਸ’ ਵਿੱਚ; ਤਾਂ ‘ਪੱਪਾ’ ਲਗ-ਸਹਿਤ ਹੋ ਕੇ ਬੋਲਦਾ ਹੈ ਤੇ ‘ਰਾਰਾ’ ਲਗ-ਰਹਿਤ (ਰ੍) ਹੋ ਜਾਂਦਾ ਹੈ; ਇੱਸੇ ਕਰਕੇ ਰੋਮਨ ਵਿੱਚ ‘ਪ੍ਰ’ ਦੀ ਥਾਂ ‘Pr’ ਲਿਖਦੇ ਹਨ ਤੇ ‘ਪਰ’ ਦੀ ਥਾਂ ‘Par’

ਸੋ ਇਸ ਭੇਦ ਨੂੰ ਗੁਰਮੁਖੀ ਵਿੱਚ ਲਿਖ ਕੇ ਦੱਸਣਾ ਹੋਵੇ, ਤਾਂ ‘ਮੁਕਤਾ ਲਗ’ ਤੇ ਹਲ-ਨਿਸ਼ਾਨ ( ੍ ) ਵਰਤ ਕੇ ਇਉਂ ਦੱਸ ਸਕਦੇ ਹਾਂ:–

ਹਿੰਦੀ–ਪ੍ਰਤਾਪ = ਪ੍ਰ੍ਤਾਪ = Pratap.

ਪੰਜਾਬੀ–ਪਰਤਾਪ = ਪਰ੍ਤਾਪ = Partap.

ਹਿੰਦੀ–ਪ੍ਰਧਾਨ = ਪ੍ਰ੍ਧਾਨ = Pradhan.

ਪੰਜਾਬੀ–ਪਰਧਾਨ = ਪਰ੍ਧਾਨ = Pardhan.

ਹਿੰਦੀ–ਪ੍ਰਜਾ = ਪ੍ਰ੍ਜਾ = Praja.

ਪੰਜਾਬੀ–ਪਰਜਾ = ਪਰ੍ਜਾ = Parja.

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਵਿੱਚ ਸ਼ਬਦ-ਜੋੜਾਂ ਦਾ ਮੁਖ ਨੇਮ "ਜੇਹਾ ਬੋਲੋ ਤੇਹਾ ਲਿਖੋ" ਹੋਣ ਕਰਕੇ ਸੰਸਕ੍ਰਿਤ ਤੇ ਹਿੰਦੀ ਦੇ ਬਹੁਤ ਸਾਰੇ ਸ਼ਬਦਾਂ ਦਾ 'ਪ੍ਰ' ਪੰਜਾਬੀ ਵਿੱਚ 'ਪਰ' ਦੇ ਰੂਪ ਵਿੱਚ ਲਿਖਿਆ ਜਾਂਦਾ ਹੈ ਤੇ ਹਰ ਤਰ੍ਹਾਂ ਸ਼ੁੱਧ ਸਮਝਿਆ ਜਾਂਦਾ ਹੈ; ਇਸ ਲਈ ਹੇਠਾਂ ਬਹੁਤ ਸਾਰੇ ਸ਼ਬਦਾਂ ਦੇ ਹਿੰਦੀ ਰੂਪ ('ਪ੍ਰ' ਵਾਲੇ) ਤੇ ਪੰਜਾਬੀ ਰੂਪ ('ਪਰ' ਵਾਲੇ) ਦਿੱਤੇ ਗਏ ਹਨ :—

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਪ੍ਰਕਟ | ਪਰਗਟ | ਪ੍ਰਤਿਦਿਨ | ਪ੍ਰਤੀ ਦਿਨ |
| ਪ੍ਰਗਟ | ਪਰਗਟ | ਪ੍ਰਤਿਨਿਧ | ਪ੍ਰਤੀਨਿਧ |
| ਪ੍ਰਕਰਣ | ਪਰਕਰਣ | ਪ੍ਰਤੀਤ | ਪਰਤੀਤ |
| ਪ੍ਰਕਾਰ | ਪਰਕਾਰ | ਪ੍ਰਤਯਕ੍ਸ਼ਯ | ਪਰਤੱਖ |
| ਪ੍ਰਕਾਸ਼ | ਪਰਕਾਸ਼, ਪਰਗਾਸ | ਪ੍ਰਤਯਯ | ਪ੍ਰਤਿਆ (ਪਿਛੇਤਰ) |
| ਪ੍ਰਕਾਸ਼ਕ | ਪ੍ਰਕਾਸ਼ਕ ਪਰਕਾਸ਼ਕ | ਪ੍ਰਥਮ | ਪ੍ਰਥਮ |
| | | ਪ੍ਰਿਥਮੀ | ਪ੍ਰਿਥਵੀ, ਪਿਰਥਮੀ |
| ਪ੍ਰਕ੍ਰਿਤਿ | ਪਰਕਿਰਤੀ | | |
| ਪ੍ਰਚੰਡ | ਪਰਚੰਡ | ਪ੍ਰਦਰਸ਼ਨ | ਪਰਦਰਸ਼ਨ |
| ਪ੍ਰਚਲਿਤ | ਪਰਚਲਤ | ਪ੍ਰਦਰਸ਼ਨੀ | ਪਰਦਰਸ਼ਨੀ |
| ਪ੍ਰਚਾਰ | ਪਰਚਾਰ | ਪ੍ਰਦਾਨ | ਪਰਦਾਨ |
| ਪ੍ਰਚਾਰਕ | ਪਰਚਾਰਕ | ਪ੍ਰਦੇਸ਼‡ | ਪ੍ਰਦੇਸ਼, ਪਰਦੇਸ਼ |
| ਪ੍ਰਜਾ | ਪਰਜਾ | ਪ੍ਰਧਾਨ | ਪਰਧਾਨ |
| ਪ੍ਰਜਾਪਤਿ, | ਪਰਜਾ-ਪਤੀ | ਪ੍ਰਨਾਮ | ਪਰਨਾਮ (ਨਮਸਕਾਰ) |
| ਪ੍ਰਣ, ਪ੍ਰਾਣ | ਪ੍ਰਣ, ਪ੍ਰਾਣ | | |
| ਪ੍ਰਾਣੀ | ਪ੍ਰਾਣੀ | ਪ੍ਰਪੰਚ | ਪਰਪੰਚ |
| ਪ੍ਰਣਾਮ | ਪਰਣਾਮ | ਪ੍ਰਫੁੱਲਤਾ | ਪਰਫੁਲਤਾ |
| ਪ੍ਰਤਾਪ | ਪਰਤਾਪ | ਪ੍ਰਫੁੱਲਿਤ | ਪਰਫੁੱਲਤ |
| ਪ੍ਰਤਾਪ ਸਿੰਹ | ਪਰਤਾਪ ਸਿੰਘ | ਪ੍ਰਬੰਧ | ਪਰਬੰਧ |
| ਪ੍ਰਤਾਪੀ | ਪਰਤਾਪੀ | ਪ੍ਰਬੰਧਕ | ਪਰਬੰਧਕ |
| ਪ੍ਰਤਿ | ਪ੍ਰਤੀ | ਪ੍ਰਬਲ | ਪਰਬਲ |
| ਪ੍ਰਤਿ ਦਿਨ | ਪ੍ਰਤੀ ਦਿਨ | ਪ੍ਰਬੋਧ | ਪਰਬੋਧ |
| ਪ੍ਰਤਿਗਜਾ | ਪਰਤੱਗਿਆ | ਪ੍ਰਭੂ | ਪ੍ਰਭੂ |

‡ਪਰਦੇਸ = ਪਰਾਇਆ ਦੇਸ    ਪਰਦੇਸ਼ = ਸੂਬਾ, ਪ੍ਰਾਂਤ ।

Sri Satguru Jagjit Singh Ji Elibrary NamdhariElibrary@gmail.com

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਪ੍ਰਭਾ | ਪ੍ਰਭਾ | ਪ੍ਰਲਯ | ਪਰਲੋ, ਪਰਲੈ |
| ਪ੍ਰਭਾਕਰ | ਪਰਭਾਕਰ | ਪ੍ਰਵਾਹ | ਪਰਵਾਹ |
| ਪ੍ਰਭਾਤ | ਪਰਭਾਤ | ਪ੍ਰਵ੍ਰਿੱਤਿ | ਪਰਵਿਰਤੀ |
| ਪ੍ਰਭਾਵ | ਪਰਭਾਵ | ਪ੍ਰਵ੍ਰਿੱਤ | ਪਰਵਿਰਤ |
| ਪ੍ਰਮਾਣ | ਪਰਮਾਣ | ਪ੍ਰਵੇਸ਼ | ਪਰਵੇਸ਼ |
| ਪ੍ਰਮਾਣਿਕ | ਪਰਮਾਣੀਕ | ਪ੍ਰਸ਼ੰਸਾ | ਪਰਸ਼ੰਸਾ |
| ਪ੍ਰਮੁਖ | ਪਰਮੁਖ | ਪ੍ਰਸ਼ਨ | ਪ੍ਰਸ਼ਨ, ਪਰਸ਼ਨ |
| ਰਾਜ-ਪ੍ਰਮੁਖ | ਰਾਜ-ਪਰਮੁਖ | ਪ੍ਰਸੰਗ | ਪਰਸੰਗ |
| ਪ੍ਰਮੇਹ | ਪਰਮੇਹ (ਇੱਕ ਰੋਗ ਹੈ) | ਪ੍ਰਸੰਨ | ਪਰਸੰਨ |
| | | ਪ੍ਰਸਾਦ | ਪਰਸਾਦ |
| ਪ੍ਰਯਤਨ | ਪਰਯਤਨ | ਪ੍ਰਸਿੱਧ | ਪਰਸਿੱਧ |
| ਪ੍ਰਯਾਗ | ਪਰਯਾਗ | ਪ੍ਰਸੂਤਾ | ਪਰਸੂਤਾ |
| ਪ੍ਰਯੋਗ | ਪਰਯੋਗ | ਪ੍ਰਹਾਰ | ਪਰਹਾਰ |

# ਦੁੱਤ ਤੇ ਨਿਖੇੜਵੇਂ ਅੱਖਰਾਂ ਦੇ ਭੇਦ ਕਰਕੇ

**313.** ਪੰਜਾਬੀ ਵਿੱਚ ਬਹੁਤ ਸਾਰੇ ਸ਼ਬਦ ਏਹੋ ਜੇਹੇ ਵੀ ਵਰਤੇ ਜਾਂਦੇ ਹਨ, ਜਿਨ੍ਹਾਂ ਦੇ ਹਿੰਦੀ ਰੂਪਾਂ ਵਿੱਚ ਤਾਂ ਦੁੱਤ ਅੱਖਰ ਜ਼ਰੂਰ ਹੁੰਦੇ ਹਨ; ਪਰ ਪੰਜਾਬੀ ਲਿਖਤ ਵਿੱਚ ਥੋੜੇ ਜੇਹੇ ਸ਼ਬਦਾਂ ਨੂੰ ਛੱਡ ਕੇ ਬਾਕੀ ਦੇ ਸਭ 'ਜੇਹੋ ਬੋਲੋ ਤੇਹਾ ਲਿਖੋ' ਦੇ ਨੇਮ ਅਨੁਸਾਰ ਦੁੱਤਾਂ ਤੋਂ ਬਿਨਾਂ (ਨਿਖੇੜਵੇਂ ਅੱਖਰਾਂ ਵਿੱਚ) ਹੀ ਲਿਖੇ ਜਾਂਦੇ ਤੇ ਠੀਕ ਸਮਝੇ ਜਾਂਦੇ ਹਨ; ਜਿਹਾ ਕਿ :–

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਕ੍ਯੋਂ | ਕਿਉਂ | ਕ੍ਰਿਪਾਣ | ਕਿਰਪਾਨ |
| ਕ੍ਯਾ | ਕਿਆ | ਕ੍ਰਿਪਾਲੁ | ਕਿਰਪਾਲੂ |
| ਕ੍ਰਿਯਾ | ਕਿਰਿਆ | ਕ੍ਰਿਸ਼ਕ | ਕਿਰਸਾਣ |
| ਕ੍ਰਿਤਿ | ਕਿਰਤ (ਕੰਮ) | ਕ੍ਸ਼ਿਣ | ਖਿਣ, ਛਿਨ |
| ਕ੍ਰਿਦੰਤ | ਕਾਰਦੰਤਕ | ਕ੍ਸ਼ਤ੍ਰੀ | ਖਤ੍ਰੀ, ਛਤ੍ਰੀ |
| ਕ੍ਰਿਪਣ | ਕਿਰਪਣ | ਅਕ੍ਸ਼ਰ | ਅੱਖਰ |
| ਕ੍ਰਿਪਾ | ਕਿਰਪਾ | ਕ੍ਰਿਤਾਰਥ | ਕਿਰਤਾਰਥ |

Sri Satguru Jagjit Singh Ji Elibrary NamdhariElibrary@gmail.com

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਗ੍ਰਾਮ | ਗ੍ਰਾਮ, ਗਰਾਮ | ਬਯਾਨ | ਬਿਆਨ |
| ਗ੍ਰਾਹਕ | ਗਾਹਕ | ਬਯਾਨਾ | ਬਿਆਨਾ |
| ਗ੍ਵਾਰ | ਗੁਆਰ | ਬਯਾਹ | ਬਿਆਹ |
| ਗ੍ਵਾਲਾ | ਗੁਆਲਾ | | ਵਿਆਹ |
| ਗ੍ਰਹ | ਗਰਹਿ | ਬਯੋਪਾਰ | ਬਿਉਪਾਰ |
| ਗ੍ਰਹਣ | ਗਰਹਿਣ | | ਵਪਾਰ |
| ਘ੍ਰਿਣਾ | ਘ੍ਰਿਣਾ, ਘਿਰਣਾ | ਭ੍ਰਾਤਾ } | ਭਰਾਤਾ |
| ਜ੍ਵਾਨ | ਜੁਆਨ | ਭ੍ਰਾਤ੍ਰੀ } | ਭਰਾ |
| ਜ੍ਵਾਰ | ਜੁਆਰ | ਮ੍ਰਿਗ | ਮਿਰਗ |
| ਜ੍ਵਾਰਭਾਟਾ | ਜੁਆਰਭਾਟਾ | ਮ੍ਰਿਗੀ | ਮਿਰਗੀ (ਰੋਗ) |
| ਜ੍ਵਾਰੀ | ਜੁਆਰੀ | ਮ੍ਰਿਤਕ | ਮਿਰਤਕ |
| ਜ੍ਵਾਲਾ | ਜੁਆਲਾ | ਮ੍ਰਿਦੰਗ | ਮਰਦੰਗ (ਢੋਲੀ) |
| ਜ੍ਵਾਲਾਮੁਖੀ | ਜੁਆਲਾਮੁਖੀ | ਸ਼੍ਰੇਣੀ | ਸ਼੍ਰੇਣੀ, ਸਰੇਣੀ |
| ਜਯੋਂ | ਜਿਉਂ | ਸ਼੍ਰਿੰਗਾਰ | ਸਿੰਗਾਰ |
| ਜਯੋਂ ਤਯੋਂ | ਜਿਉਂ ਤਿਉਂ | ਸ਼੍ਰਾਧ | ਸਰਾਧ |
| ਜਯੋਤਿਸ਼ | ਜੋਤਸ਼ | ਸ਼੍ਰੀਮਾਨ | ਸਿਰੀਮਾਨ |
| ਤ੍ਰਿਸੂਲ | ਤ੍ਰੈਸੂਲ | ਸ਼੍ਰਧਾ | ਸ਼ਰਧਾ, ਸਰਧਾ |
| ਤ੍ਰਿਕੋਣ | ਤਿਕੋਨ | ਸ਼੍ਰਾਵਣ | ਸਾਵਣ |
| ਤ੍ਰਿਲੋਕੀ | ਤ੍ਰੈਲੋਕੀ | ਸਨਾਨ | ਇਸ਼ਨਾਨ |
| ਤ੍ਰਿਮਾਸਿਕ | ਤ੍ਰੈਮਾਸਕ | ਸ੍ਨੇਹ | ਸਨੇਹ, ਨੇਹ |
| ਤ੍ਵਚਾ | ਤੁਚਾ (ਚਮੜੀ | ਸ੍ਮਰਣ | ਸਿਮਰਣ |
| ਦ੍ਵੰਦ | ਦ੍ਵੈਂਦ | ਸਯਾਨਾ | ਸਿਆਣਾ |
| ਦ੍ਰੌਪਦੀ | ਦਰੋਪਦੀ | ਸ੍ਵਜਨ | ਸੱਜਨ, ਸੱਜਣ |
| ਦ੍ਰੋਹ | ਧ੍ਰੋਹ | ਪ੍ਰਸ਼ੰਸਾ | ਪਰਸੰਸਾ |
| ਦ੍ਵਾਪਰ | ਦੁਆਪਰ | ਸ਼ੀਘ੍ਰ | ਸ਼ੀਘਰ |
| ਦ੍ਵਾਰਾ | ਦੁਆਰਾ | ਸ਼ੂਦ੍ਰ | ਸ਼ੂਦਰ |
| ਦ੍ਵੀਪ | ਦੀਪ | ਸ੍ਤੁਤਿ | ਉਸਤਤ |
| ਧ੍ਵਜਾ | ਧੁਜਾ | ਸ਼ਯਾਮ | ਸ਼ਾਮ (ਕ੍ਰਿਸ਼ਨ) |
| ਧ੍ਵਨਿ | ਧੁਨੀ | ਸ੍ਥਿਰ | ਅਸਥਿਰ, ਥਿਰ |
| ਨ੍ਰਿਤਯ | ਨਿਰਤ (ਨਾਚ) | ਸ੍ਵੱਛ | ਸੁਅੱਛ |
| ਨਯਾਯ | ਨਿਆਇ | ਸ੍ਵਦੇਸ਼ | ਸ੍ਵਦੇਸ਼ |
| ਨਯੋਲਾ | ਨਿਉਲਾ | ਸ੍ਵਭਾਵ | ਸੁਭਾਉ, ਸੁਭਾ |

Sri Satguru Jagjit Singh Ji Elibrary NamdhariElibrary@gmail.com

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਸ੍ਵਰਾਜ | ਸ੍ਵਰਾਜ, ਸਵਰਾਜ | ਸ੍ਵਤੰਤ੍ਰ | ਸੁਤੰਤਰ |
| ਸ੍ਵਰ | ਸ੍ਵਰ, ਸੁਰ | ਸ੍ਵਦੇਸ਼ੀਯ | ਸੁਦੇਸ਼ੀ |
| ਪੂਜ੍ਯ | ਪੂਜ, ਪੂਜਨੀਕ | ਸ੍ਵਪ੍ਨ | ਸੁਪਨਾ |
| ਰਾਜ੍ਯ | ਰਾਜ | ਸ੍ਵਰਗ | ਸੁਅਰਗ,ਸੁਰਗ |
| ਮਧ੍ਯ | ਮੱਧ | ਸ੍ਵਜਾਤੀਯ | ਸਜਾਤੀ |
| ਮਿਸ਼੍ਰਿਤ | ਮਿਸਰਿਤ | ਹ੍ਰਿਦਯ | ਹਿਰਦਾ |
| ਅਸ੍ਤ੍ਰ | ਅਸਤਰ | ਵਾਕ੍ਯ | ਵਾਕ |
| ਯੰਤ੍ਰ | ਯੰਤਰ | ਭਾਗ੍ਯ | ਭਾਗ |
| ਮੰਤ੍ਰ | ਮੰਤਰ | ਵਿਨਯ | ਬਿਨੈ |
| ਚੰਦ੍ਰ | ਚੰਦਰ | ਵਸ੍ਤ੍ਰ | ਬਸਤਰ |
| ਪਤ੍ਰ | ਪੱਤ , ਪੱਤਰ | ਯੰਤ੍ਰ | ਜੰਤਰ |
| ਸੁਪੁਤ੍ਰ | ਸਪੁੱਤ੍ਰ,ਸਪੁੱਤਰ | ਸ਼ਸ੍ਤ੍ਰ | ਸ਼ਸਤਰ |
| ਸ਼ੁਕ੍ਰ | ਸ਼ੁਕਰ (ਵਾਰ) | ਤੰਤ੍ਰ | ਤੰਤਰ |
| ਸ਼ੂਨ੍ਯ | ਸੁੰਨ, ਸੁੰਨ | ਇੰਦ੍ਰ | ਇੰਦਰ |
| ਸ੍ਤ੍ਰੀ | ਇਸਤ੍ਰੀ | ਪੁਤ੍ਰ | ਪੁੱਤ੍ਰ, ਪੁੱਤਰ |
| ਸ੍ਥਾਨ | ਅਸਥਾਨ | ਮਿਤ੍ਰ | ਮਿੱਤ੍ਰ, ਮਿੱਤਰ |
| ਸ੍ਥੂਲ | ਅਸਥੂਲ,ਸਥੂਲ | ਵ੍ਰਿੱਧ | ਬ੍ਰਿੱਧ, ਬਿਰਧ |

## ਸਿਹਾਰੀ ( ਿ ) ਦੇ ਲੋਪ ਕਰਕੇ

**314.** ਅਰਬੀ, ਫ਼ਾਰਸੀ, ਸੰਸਕ੍ਰਿਤ, ਹਿੰਦੀ ਤੇ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦਾਂ ਵਿੱਚ 'ਸਿਹਾਰੀ' ਬੋਲਦੀ ਹੈ ਤੇ ਲਿਖੀ ਵੀ ਜਾਂਦੀ ਹੈ; ਪਰ ਪੰਜਾਬੀ ਲੋਕ ਓਹਨਾਂ ਦੇ ਉੱਚਾਰਣ ਵਿੱਚ 'ਸਿਹਾਰੀ' ਨਹੀਂ ਬੋਲਦੇ; ਇਸ ਲਈ ਓਹਨਾਂ ਦੇ ਪੰਜਾਬੀ ਰੂਪ 'ਜੇਹਾ ਬੋਲੋ ਤੇਹਾ ਲਿਖੋ' ਦੇ ਨੇਮ ਅਨੁਸਾਰ ਸਿਹਾਰੀ ਤੋਂ ਬਿਨਾਂ ਹੀ ਹੁੰਦੇ ਹਨ ਤੇ ਸ਼ੁੱਧ ਸਮਝੇ ਜਾਂਦੇ ਹਨ; ਜਿਹਾ ਕਿ:—

| ਮੂਲ ਰੂਪ | ਪੰਜਾਬੀ ਰੂਪ | ਮੂਲ ਰੂਪ | ਪੰਜਾਬੀ ਰੂਪ |
|---|---|---|---|
| ਆਲਿਮ | ਆਲਮ | ਖ਼ਾਲਿਸ | ਖ਼ਾਲਸ |
| ਸਾਲਿਸ | ਸਾਲਸ | ਖ਼ਾਲਿਕ | ਖ਼ਾਲਕ |
| ਹਾਕਿਮ | ਹਾਕਮ | ਜ਼ਾਲਿਮ | ਜ਼ਾਲਮ |
| ਕਾਫ਼ਿਰ | ਕਾਫ਼ਰ | ਬਾਲਿਗ਼ | ਬਾਲਗ਼ |

Sri Satguru Jagjit Singh Ji Elibrary NamdhariElibrary@gmail.com

| ਮੂਲ ਰੂਪ | ਪੰਜਾਬੀ ਰੂਪ | ਮੂਲ ਰੂਪ | ਪੰਜਾਬੀ ਰੂਪ |
|---|---|---|---|
| ਵਾਲਿਦ | ਵਾਲਦ (ਪਿਤਾ) | ਬਾਰਿਸ਼ | ਬਾਰਸ਼ |
| ਜ਼ਾਮਿਨ | ਜ਼ਾਮਨ | ਮੰਦਿਰ | ਮੰਦਰ |
| ਮੁਨਾਸਿਬ | ਮੁਨਾਸਬ | ਪ੍ਰਚਲਿਤ | ਪਰਚਲਤ |
| ਸਾਹਿਬ | ਸਾਹਬ† | ਵਾਰਸ਼ਿਕ | ਵਾਰਸਕ |
| ਕੋਸ਼ਿਸ਼ | ਕੋਸ਼ਸ਼ | ਧਾਰਮਿਕ | ਧਾਰਮਕ |
| ਖ਼ਾਰਿਸ਼ | ਖ਼ਾਰਸ਼ | ਕਾਲਿਕਾ | ਕਾਲਕਾ (ਦੇਵੀ) |
| ਨਾਲਿਸ਼ | ਨਾਲਸ਼ (ਦਾਵਾ) | ਉਪਜੀਵਿਕਾ | ਉਪਜੀਵਕਾ |
| ਆਸ਼ਿਕ | ਆਸ਼ਕ | ਪਦਮਿਨੀ | ਪਦਮਨੀ |
| ਸ਼ਾਮਿਲ | ਸ਼ਾਮਲ | ਨਾਗਿਨ | ਨਾਗਣ |
| ਹਾਜ਼ਿਰ | ਹਾਜ਼ਰ | ਪੋਲਿਸ਼ (Polish) | ਪਾਲਸ਼ |
| ਕਾਮਿਲ | ਕਾਮਲ | ਕਠਿਨ | ਕਠਨ |
| ਖ਼ਾਲਿਸਾ | ਖ਼ਾਲਸਾ | ਸੰਬੰਧਿਤ | ਸੰਬੰਧਤ |
| ਖ਼ਾਤਿਰ | ਖ਼ਾਤਰ | ਮਾਸਿਕ | ਮਾਸਕ |
| ਦਾਖ਼ਿਲ | ਦਾਖ਼ਲ | ਬਧਿਕ | ਬਧਕ (ਸ਼ਿਕਾਰੀ) |
| ਮਾਲਿਕ | ਮਾਲਕ | ਕਲਿਯੁਗ | ਕਲਜੁਗ |
| ਵਾਲਿਦਹ | ਵਾਲਦਾ (ਮਾਤਾ) | ਦੁਬਿਧਾ | ਦੁਬਧਾ |
| ਮੁਜਰਿਮ | ਮੁਜਰਮ | ਪਤਿਤ | ਪਤਤ |
| ਮੁਸਾਫ਼ਿਰ | ਮੁਸਾਫ਼ਰ | ਰਾਗਿਣੀ | ਰਾਗਣੀ |
| ਖ਼ਾਰਿਜ | ਖ਼ਾਰਜ | ਪਰਿਮਾਣ | ਪਰਮਾਣ |
| ਖ਼ਾਹਿਸ਼ | ਖ਼ਾਹਸ਼ | ਪਰਿਚਾਰਕ | ਪਰਚਾਰਕ |
| ਮਾਲਿਸ਼ | ਮਾਲਸ਼ | ਵਾਰਨਿਸ਼ (Varnish) | ਵਾਰਨਸ਼ |

--o--

# ਫੁਟਕਲ ਭੇਦਾਵਲੀ

**315.** ਸੰਸਕ੍ਰਿਤ ਤੇ ਹਿੰਦੀ ਦੇ ਕਈਆਂ ਸ਼ਬਦਾਂ ਦੇ ਅੰਤ ਵਿੱਚ ਔਂਕੜ (ੁ) ਹੁੰਦਾ ਹੈ, ਜੋ ਪੰਜਾਬੀ ਉੱਚਾਰਣ ਅਨੁਸਾਰ ਉੱਡ ਜਾਂਦਾ ਹੈ ਜਾਂ ਦੁਲੈਂਕੜਿਆਂ ਨਾਲ ਬਦਲ ਜਾਂਦਾ ਹੈ; ਜਿਵੇਂ:-

---

†ਉਲੰਘਣ-ਲਾਇਕ, ਸ਼ਾਇਰ, ਸਾਹਿਬ (ਜਿਵੇਂ-ਗੁਰੂ ਸਾਹਿਬ)।

Sri Satguru Jagjit Singh Ji Elibrary NamdhariElibrary@gmail.com

| ਮੂਲ ਰੂਪ | ਪੰਜਾਬੀ ਰੂਪ | ਮੂਲ ਰੂਪ | ਪੰਜਾਬੀ ਰੂਪ |
|---|---|---|---|
| ਗੁਰੁ | ਗੁਰ, ਗੁਰੂ | ਗੁਰੁਮੁਖੀ | ਗੁਰਮੁਖੀ |
| ਧੇਨੁ | ਧੇਨ (ਗਊ) | ਰਾਹੁ; ਕੇਤੁ | ਰਾਹੂ; ਕੇਤੂ |
| ਕਿੰਤੁ | ਕਿੰਤੂ | ਹਿਤੁ | ਹਿਤੂ (ਮਿੱਤਰ) |
| ਪਰੰਤੁ | ਪਰੰਤੂ | ਹੇਤੁ | ਹੇਤੂ (ਕਾਰਨ) |
| ਤਨੁ | ਤਨ, ਸਰੀਰ | ਤੰਤੁ | ਤੰਤ, ਤੰਦ |

316. ਹਿੰਦੀ ਦੇ ਬਹੁਤ ਸਾਰੇ ਸ਼ਬਦਾਂ ਵਿੱਚ 'ਿ' ਤੇ 'ਯ' ਦੀ ਵਰਤੋਂ ਹੁੰਦੀ ਹੈ; ਪਰ ਪੰਜਾਬੀ ਵਿੱਚ ਉਨ੍ਹਾਂ ਦੀ ਥਾਂ 'ੀ' ਤੇ 'ਅ' ਵਰਤਣਾ ਸ਼ੁੱਧ ਸਮਝਿਆ ਜਾਂਦਾ ਹੈ; ਜਿਹਾ ਕਿ:-

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਚਿੜਿਯਾਂ | ਚਿੜੀਆਂ | ਲੜਕਿਯਾਂ | ਲੜਕੀਆਂ |
| ਕਲਿਯਾਂ | ਕਲੀਆਂ | ਬਿੱਲਿਯਾਂ | ਬਿੱਲੀਆਂ |
| ਬਕਰਯਾਂ | ਬਕਰੀਆਂ | ਘੋੜਿਯਾਂ | ਘੋੜੀਆਂ |
| ਸ਼ੀਸ਼ਿਯਾਂ | ਸ਼ੀਸ਼ੀਆਂ | ਸੀਟਿਯਾਂ | ਸੀਟੀਆਂ |
| ਦੁਨਿਯਾ | ਦੁਨੀਆ | ਬਨਿਯਾ | ਬਨੀਆ |
| ਕੁਟਿਯਾ | ਕੁਟੀਆ | – | ਬਾਣੀਆ |
| ਕੁੰਡਲਿਯਾ | ਕੁੰਡਲੀਆ (ਛੰਦ) | ਦਲਿਯਾ | ਦਲੀਆ |

317. ਹਿੰਦੀ ਦੇ ਕਈਆਂ ਸ਼ਬਦਾਂ ਦੇ ਵਿਚਕਾਰ ਜਾਂ ਅੰਤ ਵਿੱਚ 'ਯ' ਵਰਤਿਆਂ ਹੁੰਦਾ ਹੈ, ਜਿਸ ਦੀ ਥਾਂ ਪੰਜਾਬੀ ਵਿੱਚ 'ੈ' ਜਾਂ 'ਇ' ਆਦਿ ਦੀ ਵਰਤੋਂ ਸ਼ੁੱਧ ਸਮਝੀ ਜਾਂਦੀ ਹੈ; ਜਿਹਾ ਕਿ:-

| ਹਿੰਦੀ ਰੂਪ | ਪੰਜਾਬੀ ਰੂਪ | ਹਿੰਦੀ ਰੂਪ | ਪੰਜਾਬੀ ਰੂਪ |
|---|---|---|---|
| ਜਯ | ਜੈ | ਭਯ, ਲਯ | ਭੈ, ਲੈ |
| ਜਯਦੇਵ | ਜੈਦੇਵ | ਜਯਚੰਦ | ਜੈਚੰਦ |
| ਜਯਮਾਲਾ | ਜੈਮਾਲਾ | ਜਯਪੁਰ | ਜੈਪੁਰ (ਸ਼ਹਿਰ) |
| ਕੋਯਲ | ਕੋਇਲ | ਰਾਮਾਯਨ | ਰਾਮਾਇਣ |
| ਰਾਯ | ਰਾਇ | ਮਾਯਿਕ | ਮਾਇਕ |
| ਉਪਾਯ | ਉਪਾਇ, ਉਪਾਉ | ਸਮਯ | ਸਮਾਂ |
| ਹਿਮਾਲਯ | ਹਿਮਾਲਾ | ਗਾਯਕ | ਗਾਇਕ |

Sri Satguru Jagjit Singh Ji Elibrary NamdhariElibrary@gmail.com

318. ਪੰਜਾਬੀ ਦਾ ਅਸਲੀ ਜਾਂ ਸ਼ੁੱਧ ਅਗੇਤਰ 'ਅਣ' ਹੈ, 'ਅਨ' ਨਹੀਂ; ਇਸ ਲਈ–

| ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ |
|---|---|---|---|
| ਅਣਸਿੱਖ | ਅਨਸਿੱਖ | ਅਣਬੋਲ | ਅਨਬੋਲ |
| ਅਣਹੁੰਦਾ | ਅਨਹੁੰਦਾ | ਅਣਕੱਟਿਆ | ਅਨਕੱਟਿਆ |
| ਅਣਹੋਣੀ | ਅਨਹੋਣੀ | ਅਣਘੜਿਆ | ਅਨਘੜਿਆ |
| ਅਣਗਿਣਤ | ਅਨਗਿਣਤ | ਅਣਜੋਤ | ਅਨਜੋਤ |
| ਅਣਜਾਣ | ਅਨਜਾਣ | ਅਣਥੱਕ | ਅਨਥੱਕ |
| ਅਣਡਿੱਠ | ਅਨਡਿੱਠ | ਅਣਧੋਤਾ | ਅਨਧੋਤਾ |
| ਅਣਵੇਖਿਆ | ਅਨਵੇਖਿਆ | ਅਣਪੜ੍ਹਿਆ | ਅਨਪੜ੍ਹਿਆ |
| ਅਣਪੜ੍ਹ | ਅਨਪੜ੍ਹ† | ਅਣਗਹਿਲੀ | ਅਨਗਹਿਲੀ |
| ਅਣਪਚ | ਅਨਪਚ | ਅਣਮੁੱਲ | ਅਨਮੁੱਲ |
| ਅਣਬਣ | ਅਨਬਣ | ਅਣਲੱਭ | ਅਨਲੱਭ |

319. ਪੰਜਾਬੀ ਦੀ ਬੋਲਚਾਲ ਵਿੱਚ ਕਿਤੇ ਕਿਤੇ 'ਛ' ਦੀ ਥਾਂ 'ਸ਼' ਜ਼ਰੂਰ ਵਰਤਿਆ ਜਾਂਦਾ ਹੈ; ਪਰ ਕਿਤਾਬੀ ਪੰਜਾਬੀ ਵਿੱਚ ਇਹ ਖੁੱਲ੍ਹ ਨਹੀਂ, ਇਸ ਲਈ–

| ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ |
|---|---|---|---|
| ਛਕਣਾ | ਸ਼ਕਣਾ | ਛਕਾਉਣਾ | ਸ਼ਕਾਉਣਾ |
| ਛੱਜ | ਸ਼ੱਜ | ਛੱਟ | ਸ਼ੱਟ |
| ਛੱਡਣਾ | ਸ਼ੱਡਣਾ | ਛਾਣਨਾ | ਸ਼ਾਣਨਾ |
| ਛੱਤ | ਸ਼ੱਤ | ਛੱਪਰ | ਸ਼ੱਪਰ |
| ਕੱਛਹਿਰਾ | ਕੱਸ਼ਹਿਰਾ | ਗੁੱਛਾ | ਗੁੱਸ਼ਾ |
| ਨਿੱਛ | ਨਿੱਸ਼ | ਪੂਛ | ਪੂਸ਼ |
| ਛੋਕ | ਸ਼ੋਕ | ਛਾਉਣੀ | ਸ਼ਾਉਣੀ |
| ਛੋਲੇ | ਸ਼ੋਲੇ | ਛਾਪਣਾ | ਸ਼ਾਪਣਾ |

†ਪਰ ਆਮ ਵਰਤੋਂ ਦੇ ਜ਼ੋਰ ਨਾਲ ਹੁਣ 'ਅਨਪੜ੍ਹ' 'ਅਨਪੜ੍ਹਿਆ' ਤੇ 'ਅਨਪੜ੍ਹਤਾ' ਵੀ ਸ਼ੁੱਧ ਸਮਝੇ ਜਾਂਦੇ ਹਨ।

Sri Satguru Jagjit Singh Ji Elibrary NamdhariElibrary@gmail.com

320. ਪਿਆਰੇ ਪਾਠਕੋ ! ਸਦਾ ਚੇਤੇ ਰੱਖੋ ਕਿ ਹਿੰਦੀ ਵਿੱਚ ਸੰਸ
ਸ਼ਬਦਾਂ ਨੂੰ ਅਤੇ ਉਰਦੂ ਵਿੱਚ ਅਰਬੀ-ਫ਼ਾਰਸੀ ਦੇ ਸ਼ਬਦਾਂ ਨੂੰ ਜਿਉਂ ਦਾ ਤ
ਵਰਤਣਾ ਜ਼ਰੂਰੀ ਸਮਝਿਆ ਜਾਂਦਾ ਹੈ; ਪਰ ਪੰਜਾਬੀ ਲਿਖਣ-ਪੜ੍ਹਨ-ਵ
ਅਜੇਹਾ ਨਹੀਂ ਕਰਦੇ, ਸਗੋਂ ਹਰ ਓਪਰੇ ਜਾਂ ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਆ
ਕੁਦਰਤੀ ਉੱਚਾਰਣ ਤੇ ਬੱਝਵੇਂ ਨੇਮਾਂ ਅਨੁਸਾਰ ਹੀ ਢਾਲ ਕੇ ਵਰਤਦੇ ਹ
ਇਹੋ ਕਾਰਨ ਹੈ ਕਿ ਇਸ ਪੁਸਤਕ ਵਿੱਚ ਦਿੱਤੇ ਹੋਏ ਸ਼ਬਦ-ਜੋੜ ਤੇ ਉਨ੍ਹਾਂ ਸੰਬ
ਨੇਮ ਕਿਸੇ ਹੋਰ ਬੋਲੀ (ਸੰਸਕ੍ਰਿਤ ਜਾਂ ਅਰਬੀ-ਫ਼ਾਰਸੀ) ਦੇ ਦਬੇਲ ਨਹੀਂ, ਸ
ਨਿਰੇ ਪੰਜਾਬੀ ਰੰਗ-ਢੰਗ ਦੇ ਅਤੇ ਹਰ ਤਰ੍ਹਾਂ ਸੁਤੰਤਰ ਤੇ ਸੁੱਧ ਹਨ ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਸਾਡੀਆਂ ਨਵੀਨ ਪੁਸਤਕਾਂ ਪੜ੍ਹ

# ਰੀਂਗਾਵਾਲਾ ਪੜ੍ਹੋ ਤੇ ਧੋਖੇ ਤੋਂ ਬਚੋ

ਜਿਨ੍ਹਾਂ ਪੁਸਤਕਾਂ ਦੁਆਰਾ ਪੰਜਾਬੀ, ਹਿੰਦੀ, ਉਰਦੂ ਤੇ ਅੰਗਰੇਜ਼ੀ ਪੜ੍ਹਨਾ-ਲਿਖਣਾ ਬਹੁਤ ਛੇਤੀ ਆ ਜਾਂਦਾ ਹੈ ਅਤੇ ਬੱਚਿਆਂ ਦੇ ਦਿਲ-ਦਿਮਾਗ਼ ਉੱਤੇ ਭਾਰ ਵੀ ਨਹੀਂ ਪੈਂਦਾ ।

ਨਵੀਨ ਪੰਜਾਬੀ ਬਾਲਬੋਧ ਛੋਟਾ
ਨਵੀਨ ਪੰਜਾਬੀ ਬਾਲਬੋਧ ਵੱਡਾ
ਨਵੀਨ ਹਿੰਦੀ ਅਕਸ਼ਰਬੋਧ ਛੋਟਾ
ਨਵੀਨ ਹਿੰਦੀ ਅਕਸ਼ਰਬੋਧ ਵੱਡਾ
ਉਰਦੂ ਕਾ ਆਸਾਨ ਕਾਇਦਾ
ਰੀਂਗਾਵਾਲਾ ਇੰਗਲਿਸ਼ ਪ੍ਰਾਇਮਰ
ਨਵੀਨ ਹਿਸਾਬ ਭਾਗ ਪਹਿਲਾ (ਮੂਰਤਾਂ ਵਾਲਾ)
ਨਵੀਨ ਪੰਜਾਬੀ ਦੀ ਪਹਿਲੀ ਤੋਂ ਪੰਜਵੀਂ ਪੋਥੀ ਤਕ
ਨਵੀਨ ਪੰਜਾਬੀ ਮਿਡਲ ਕੋਰਸ ਭਾਗ 1, 2, 3
ਨਵੀਨ ਪੰਜਾਬੀ ਵਿਆਕਰਣ ਭਾਗ 1, 2, 3
ਨਵੀਨ ਪੰਜਾਬੀ ਚਿੱਠੀ-ਪੱਤ੍ਰ ਛੋਟਾ ਤੇ ਵੱਡਾ
ਗੁਰਮੁਖੀ ਲਿਖਾਈ ਦੀਆਂ ਕਾਪੀਆਂ ਨੰ: 1, 2, 3, 4
ਹਿੰਦੀ ਕੀ ਨਵੀਨ ਪਹਿਲੀ, ਦੂਸਰੀ, ਤੀਸਰੀ ਪੁਸਤਕ
ਨਵੀਨ ਹਿੰਦੀ ਵਿਆਕਰਣ ਭਾਗ ਪਹਿਲਾ
ਨਵੀਨ ਧਰਮ ਸਿੱਖਿਆ ਨੰ: 1, 2, 3, 4, 5

ਪਤਾ-ਮਾਸਟਰ ਕਰਮ ਸਿੰਘ ਰੀਂਗਾਵਾਲਾ
ਰੀਂਗਾਵਾਲਾ ਬਿਲਡਿੰਗ, ਖ਼ਾਲਸਾ ਕਾਲਜ, ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com